*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group


# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 14, ਅੰਕ-6, ਜੂਨ 2024 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਦਿੱਲੀ ਦੇ ਤਖਤ ਨੂੰ ਕਮਜ਼ੋਰ ਕਰਨ 'ਚ ਪੰਜਾਬੀਆਂ ਸਮੇਤ ਹੋਰ ਲੋਕਾਂ ਦਾ ਯੋਗਦਾਨ ਤੇ ਚੁਣੌਤੀਆਂ

ਦੇਸ਼ ਇਕ ਗੰਭੀਰ ਤਣਾਅ ਅਤੇ ਸੰਕਟ ਵਿਚੋਂ ਗੁਜਰ ਰਿਹਾ ਸੀ। ਜਿਸ ਕਿਸਮ ਦਾ ਪ੍ਰਵਚਨ ਮੋਦੀ-ਸ਼ਾਹ ਦੀ ਜੋੜੀ ਵਲੋਂ ਸਥਾਪਤ ਕਰ ਦਿੱਤਾ ਗਿਆ ਸੀ। ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਜਾਂ ਤਾਂ ਡਰ ਦਾ ਮਾਹੌਲ ਸੀ ਜਾਂ ਅਨਿਸਚਿਤ ਭਵਿੱਖ ਦਿਖਾਈ ਦੇ ਰਿਹਾ ਸੀ। ਪਰ ਜਿਸ ਕਿਸਮ ਨਾਲ ਦਿੱਲੀ ਦੇ ਤਖਤ ਨੂੰ ਅਜੋਕੀਆਂ ਚੋਣਾਂ ਵਿਚ ਚੁਣੌਤੀ ਦਿੱਤੀ ਗਈ। ਵੱਖ ਵੱਖ ਖਿੱਤਿਆਂ ਦੇ ਪੀੜਤ ਜਮਹੂਰੀਅਤ ਹਲਕੇ ਅਤੇ ਪਾਰਟੀਆਂ ਨੂੰ ਇਹ ਸੱਤਾ ਕਮਜ਼ੋਰ ਕਰਨ ਵਿਚ ਇਕ ਪ੍ਰਾਪਤੀ ਜਾਪਦੀ ਸੀ। ਵੱਖ-ਵੱਖ ਧਰਮਾਂ, ਸਭਿਆਚਾਰਾਂ ਅਤੇ ਭਾਸ਼ਾਵਾਂ ਦੇ ਪੀੜਤ ਲੋਕ ਇਕ ਬਦਲ ਦੀ ਤਲਾਸ਼ ਵਿਚ ਸਨ। ਭਲਾ ਹੀ ਉਹ ਬਦਲ ਨਹੀਂ ਉਸਾਰ ਸਕੇ ਪਰ ਦਿੱਲੀ ਦੇ ਤਖਤ ਦੇ ਖਿਲਾਫ਼ ਆਪਣਾ ਗੁੱਸਾ ਜ਼ਰੂਰ ਕੱਢਿਆ ਹੈ। ਜਿਸ ਕਰਕੇ 400 ਦਾ ਸੁਫ਼ਨਾ ਪਾਲਣ ਵਾਲੀ ਪਾਰਟੀ 245 ਤੋਂ ਵੀ ਹੇਠਾਂ ਰੁਕ ਗਈ ਹੈ। ਉਸ ਦੇ ਭਾਈਵਾਲ ਨਿਤੀਸ਼ ਅਤੇ ਚੰਦਰਬਾਬੂ ਨਾਇਡੂ ਦੋਚਿਤੀ ਵਿਚ ਫਸੇ ਹੋਏ ਹਨ। ਭਲਾ ਹੀ ਉਹ ਆਰਜ਼ੀ ਰੂਪ ਵਿਚ ਐਨ.ਡੀ.ਏ. ਦਾ ਹਿਸਾ ਹਨ। ਭਵਿੱਖ ਵਿਚ ਉਹ ਮੋਦੀ ਲਈ ਸਦਾ ਸਿਰਦਰਦੀ ਬਣੇ ਰਹਿਣਗੇ। ਕਿਉਂਕਿ ਉਨ੍ਹਾਂ ਕੋਲ ਵੱਖ-ਵੱਖ ਖੇਤਰੀ ਪਾਰਟੀਆਂ ਦਾ ਬਦਲ ਵੀ ਦਿਖਾਈ ਦੇ ਰਿਹਾ ਹੈ। ਦੂਸਰੇ ਪਾਸੇ ਜਿਸ ਕਿਸਮ ਨਾਲ ਸਮੁੱਚੇ ਨਾਰਥ ਭਾਰਤ ਵਿਚੋਂ ਬੀਜੇਪੀ ਦਾ ਗ੍ਰਾਫ ਡਿੱਗਿਆ ਹੈ ਇਸ ਵਿਚ ਸਭ ਤੋਂ ਵੱਡੀ ਦੇਣ ਕਿਸਾਨ ਅੰਦੋਲਨ ਦੀ ਹੈ। ਜਿਹੜਾ ਲਗਭਗ ਪੰਜਾਬੀਆਂ ਦੀ ਅਗਵਾਈ ਨਾਲ ਹੀ ਲੜਿਆ ਗਿਆ। ਜਿਸ ਕਿਸਮ ਦੀ ਲਗਾਤਾਰਤਾ ਕਿਸਾਨ ਅੰਦੋਲਨ ਦੀ ਲੀਡਰਸ਼ਿਪ ਨੇ ਦਿਖਾਈ ਅਤੇ ਲਗਾਤਾਰ ਮੋਦੀ-ਸ਼ਾਹ ਜੋੜੀ ਨਾਲ ਟਕਰਾਉਂਦੇ ਰਹੇ। ਪੰਜਾਬ ਤਾਂ ਇਕ ਕਿਸਮ ਨਾਲ ਚੋਣਾਂ ਵੀ ਕਿਸਾਨ ਸੰਘਰਸ਼ ਦਾ ਅਖਾੜਾ ਬਣੀਆਂ ਰਹੀਆਂ। ਜਿਸ ਕਰਕੇ ਬੀਜੇਪੀ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੀ। ਹਾਲਾਂਕਿ ਭਵਿੱਖ ਵਿਚ ਵੱਡਾ ਖਦਸ਼ਾ ਹੈ ਕਿ ਜਿਸ ਕਿਸਮ ਨਾਲ ਇਸ ਨੇ ਪੰਜਾਬ ਦੇ ਪਿੰਡਾਂ ਵਿਚ ਪੈਰ ਪਸਾਰ ਕੇ ਆਪਣੀ ਵੋਟ ਪ੍ਰਤੀਸ਼ਤਤਾ ਵਿਚ ਵਾਧਾ ਕੀਤਾ ਹੈ, ਇਹ ਭਵਿੱਖ ਲਈ ਚਿੰਤਾ ਦਾ ਮਸਲਾ ਹੋਵੇਗਾ। ਦੂਸਰਾ ਇਕ ਕਿਸਮ ਨਾਲ ਦਿੱਲੀ ਦੇ ਕੇਜਰੀਵਾਲ ਤਖਤ ਦੇ ਕਦਮ ਵਿਚ ਕਦਮ ਮਿਲਾ ਕੇ ਚੱਲਣ ਵਾਲੀ ਆਮ ਆਦਮੀ ਪਾਰਟੀ ਵੀ ਆਪਣਾ ਗ੍ਰਾਫ ਹੇਠਾਂ ਸੁੱਟ ਚੁੱਕੀ ਹੈ। ਇਕ ਨਵਾਂ ਵਰਤਾਰਾ ਜਿਹੜਾ ਦਹਾਕਿਆਂ ਤੋਂ ਦਿੱਲੀ ਦੀ ਸੱਤਾ ਦੇ ਖਿਲਾਫ਼ ਪਿਆ ਹੈ ਉਹ ਖਡੂਰ ਸਾਹਿਬ ਅਤੇ ਫਰੀਦਕੋਟ ਵਿਚ ਆਪਣਾ ਰੰਗ ਦਿਖਾ ਗਿਆ। 20ਵੀਂ ਸਦੀ 'ਚ ਆਪਣਾ ਨਾਂ ਸਥਾਪਤ ਕਰਨ ਵਾਲੀ ਅਕਾਲੀ ਧਿਰ ਸੁੰਘੜਕੇ ਬਠਿੰਡਾ ਤੱਕ ਸੀਮਤ ਹੋ ਗਈ।



ਲੋਕਾਂ ਦੀ ਲੜਾਈ ਲੜਨ ਵਾਲੀ ਖੱਬੇਪੱਖੀ ਰਾਜਨੀਤੀ ਇਸ ਵਰਤਾਰੇ ਵਿਚੋਂ ਭਲਾਂ ਕੁਝ ਵੀ ਹਾਸਲ ਨਹੀਂ ਕਰ ਸਕੀ ਪਰ ਹਿੰਦੂਤਵ ਦੇ ਖਿਲਾਫ਼ ਸਮਾਜ ਨੂੰ ਜਾਗਰੂਕ ਕਰਨ ਵਿਚ ਯੋਗਦਾਨ ਪਾ ਸਕੀ ਹੈ।

ਜਿਸ ਕਿਸਮ ਨਾਲ ਵੱਖ ਵੱਖ ਰਾਜਾਂ ਅਤੇ ਖੇਤਰਾਂ ਵਿਚੋਂ ਮੋਦੀ-ਸ਼ਾਹ ਦੇ ਹਿੰਦੂਤਵ ਦੇ ਪ੍ਰੋਜੈਕਟ ਦੀਆਂ ਜੜ੍ਹਾਂ ਇਕ ਵਾਰੀ ਕੁਝ ਕਮਜ਼ੋਰ ਹੋਈਆਂ ਹਨ। ਪਰ ਜਿਸ ਕਿਸਮ ਨਾਲ ਆਰਐੱਸਐੱਸ ਨੇ ਪੈਰ ਅਜਮਾਏ ਹੋਏ ਹਨ ਉਹ ਭਵਿੱਖ ਵਿਚ ਜਮਹੂਰੀਅਤ ਸਮਾਜ ਲਈ ਚੁਣੌਤੀ ਬਣੀ ਰਹੇਗੀ।

ਜਿਥੇ ਸੰਘਰਸ਼ ਲੜਦੇ ਲੋਕਾਂ ਦੀ ਤਾਕਤ ਦਾ ਅਹਿਸਾਸ ਸਭ ਰਾਜਨੀਤਕ ਪਾਰਟੀਆਂ ਨੂੰ ਹੋਇਆ ਹੈ, ਉਥੇ ਨਵਾਂ ਸਵਾਲ ਉਨ੍ਹਾਂ ਲਈ ਵੀ ਖੜ੍ਹਾ ਹੋ ਗਿਆ ਹੈ ਕਿ ਰਾਜਨੀਤਕ ਖੇਤਰ ਵਿਚ ਪਹਿਲਕਦਮੀ ਤੋਂ ਬਿਨਾਂ ਦੇਸ਼ ਨੂੰ ਮੋੜਾ ਨਹੀਂ ਦਿੱਤਾ ਜਾ ਸਕਦਾ। ਕਿਉਂਕਿ ਦੇਸ਼ ਦੀ ਸੱਤਾ ਅਤੇ ਰਾਜਨੀਤੀ ਉਸ ਨੂੰ ਚਲਾਉਣ ਵਾਲੀ ਪਾਰਟੀ ਹੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਕਾਰਪੋਰੇਟ ਘਰਾਣਿਆਂ ਦੀ ਗਠਪੁਤਲੀ ਹੁੰਦੀ ਹੈ। ਜਿਸ ਕਿਸਮ ਨਾਲ ਗੁੰਝਲਦਾਰ ਭਾਰਤ ਹੈ। ਇਸ ਕਰਕੇ ਵੱਖ-ਵੱਖ ਖੇਤਰਾਂ ਵਿਚਲੇ ਲੜਨ ਵਾਲੇ ਲੋਕਾਂ ਨੂੰ ਆਪਣੇ ਰਾਜਨੀਤਕ ਏਜੰਡੇ ਬਣਾ ਕੇ ਪਹਿਲਕਦਮੀਆਂ ਕਰਨਗੀਆਂ ਹੋਣਗੀਆਂ। ਪੰਜਾਬ ਦੇ ਏਜੰਡੇ ਪੱਛਮੀ ਬੰਗਾਲ ਅਤੇ ਬਿਹਾਰ ਤੋਂ ਵੱਖਰੇ ਕਰਨਾਟਕਾ ਅਤੇ ਤਾਮਿਲਨਾਡੂ ਤੋਂ ਅਲੱਗ ਬਣਨਗੇ। ਪੰਜਾਬ ਦੇ ਆਰਥਿਕ, ਸਮਾਜਿਕ, ਰਾਜਨੀਤਕ, ਸਭਿਆਚਾਰਕ ਅਤੇ ਸਿੱਖਿਆ ਖੇਤਰ ਦੇ ਮਾਹਿਰਾਂ ਅਤੇ ਆਗੂਆਂ ਨੂੰ ਇਕ ਬਦਲਵੀਂ ਰਾਜਨੀਤੀ ਲਈ ਇਕਜੁਟ ਹੋ ਕੇ ਸੋਚਣ ਅਤੇ ਭਵਿੱਖ ਦੇ ਸੰਘਰਸ਼ਾਂ ਲਈ ਰਾਜਨੀਤਕ ਖੇਤਰ ਵਾਸਤੇ ਤਿਆਰ ਹੋਣਾ ਪਵੇਗਾ। ਜਿਸ ਕਿਸਮ ਨਾਲ ਮੋਦੀ-ਸ਼ਾਹ ਦੇ ਕਦਮ ਪੰਜਾਬ ਵਿਚ ਡੋਲਦੇ ਰਹੇ ਹਨ ਉਹ ਭਵਿੱਖ ਵਿਚ ਦਿੱਲੀ ਦੇ ਨਵੇਂ ਹਾਕਮਾਂ ਦੇ ਡੋਲਦੇ ਰੱਖਣ ਵਾਸਤੇ ਇਕਜੁਟ ਹੋ ਕੇ ਕਾਰਜ ਕਰਨ ਦੀ ਅਣਸਰਦੀ ਇਤਿਹਾਸਕ ਲੋੜ ਹੈ।

**- ਸੰਪਾਦਕੀ ਬੋਰਡ**

CALL NOW
FOR HOUSE BUYING & SELLING NEEDS.
RE/MAX
BALJINDER SANGHA REALTOR®
(Certified Condominium Specialist)
403.680.3212
BSANGHA.REALTOR@GMAIL.COM
RE/MAX REAL ESTATE (CENTRAL)
EACH OFFICE INDEPENDENTLY OWNED AND OPERATED

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
• Business Insurance
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
• ਬਿਜ਼ਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

AMANDEEP S. RANIA
Immigration Consultant
RCIC Regulated Canadian Immigration Consultant
+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com

Insta Realty BUY SELL INSTANTLY
Residential | Commercial | Rural
Property Management
Harcharan Parhar
BROKER
403-681-8689
info@instarlt.com | www.instarlt.com
400, 3115-12th St NE Calgary AB T2E 7J2

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010

NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸੁਣਨ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'

ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ

Payment Plans Available



www.careinc.ca

1st : 124-4774 Westwinds Dirive

2nd : 210-4250-109 Ave, Jackson Port

NE Calgary Alberts, Canada

Phone : 403-605-6300 Fax : 403-536-4057 Email : calgary@careinc.ca

14 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
|---|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | ਵਿਨੀਪੈੱਗ | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |



urban Real Estate Services Ltd.

Hardeep Dhaliwal

REALTOR

DIRECT : 403-629-6257

403-827-6257

Call Romi Sidhu For Insurance & Financial Needs




StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent

P02720CN

Harpreet Parmar CPA, CGA

Chartered Professional Accountant

• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business

Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax • Incorporation • Payroll • Business Advisory • New Business Startups • Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫ਼ੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)

Ph: (403) 271-5100, Fax: (403) 271-5171

Email: hparmar@hppcorp.ca
Website: www.hppcorp.ca



Harpinder Sidhu INSURANCE EXPERT

Punjab Insurance Inc

SUPER VISA INSURANCE

* LIFE INSURANCE * RESPs

# 5106-4310 104 Ave,
NE Calgary AB T3N 1W5



CALL FOR BEST RATES

HARPINDER SIDHU
LOVEPREET SIDHU

403 404 3500

**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr
(Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


















# ਭਾਜਪਾ ਦੇ ਸੱਤਾ ਵੱਲ ਵਧਦੇ ਕਦਮ, ਚੁਣੌਤੀਆਂ ਤੇ ਇਸ ਦੇ ਅਰਥ

**ਭਾਰਤ ਇਕ ਗੁੰਝਲਦਾਰ ਮੁਲਕ ਹੈ ਪਰ ਜਿਸ ਕਿਸਮ ਨਾਲ ਹਿੰਦੂਤਵ ਦੀਆਂ ਤਾਕਤਾਂ ਨੇ ਵੱਖ ਵੱਖ ਖੇਤਰਾਂ ਵਿਚ ਆਪਣੀਆਂ ਪੱਕੀਆਂ ਜੜ੍ਹਾਂ ਅਜਮਾ ਲਈਆਂ ਹਨ ਉਸ ਦੀਆਂ ਕਈ ਵੰਨਗੀਆਂ ਵਿਰੋਧੀ ਪਾਰਟੀਆਂ ਵਿਚ ਵੀ ਕਾਰਜਸ਼ੀਲ ਹਨ। ਇਕ ਸਿਆਸੀ ਬਦਲ ਦਾ ਸਵਾਲ ਲੋਕਾਂ ਦੇ ਸਨਮੁੱਖ ਖੜ੍ਹਾ ਹੈ। ਪਰ ਜਿਸ ਕਿਸਮ ਨਾਲ ਲੋਕ ਹਿੰਦੂਤਵ-ਫਾਸੀਵਾਦ ਦਾ ਵਿਰੋਧ ਕਰਦੇ ਹੋਏ ਅਗਾਂਹ ਵਧਣ ਦੀ ਚਾਹਨਾ ਰੱਖਦੇ ਹਨ ਉਨ੍ਹਾਂ ਲਈ ਰਾਜਨੀਤਕ ਬਦਲ ਉਸਾਰਨਾ ਸਮੇਂ ਦੀ ਅਣਸਰਦੀ ਲੋੜ ਹੈ। - ਸੰਪਾਦਕ**



ਬੂਟਾ ਸਿੰਘ
ਮਹਿਮੂਦਪੁਰ
94634-74342



18ਵੀਂ ਲੋਕ ਸਭਾ ਦੇ ਨਤੀਜਿਆਂ ’ਚ ਭਾਜਪਾ ਦੀ ਅਗਵਾਈ ਵਾਲਾ ਗੱਠਜੋੜ (ਐੱਨਡੀਏ) ਬੇਸ਼ੱਕ ਤਕਰਬੀਨ 300 ਸੀਟਾਂ ਜਿੱਤਣ ’ਚ ਸਫ਼ਲ ਰਿਹਾ ਹੈ ਅਤੇ ਮੋਦੀ-ਸ਼ਾਹ ਜੋੜੀ ਮਹਾਂ-ਮੌਕਾਪ੍ਰਸਤ ਚੰਦਰਬਾਬੂ ਨਾਇਡੂ ਅਤੇ ਨਿਤੀਸ਼ ਕੁਮਾਰ ਨਾਲ ਜੋੜ-ਤੋੜ ਕਰਕੇ ਸਰਕਾਰ ਬਣਾ ਸਕਦੀ ਹੈ, ਪਰ ਭਗਵਾ ਬਰਗੇਡ ਦੇ ਤੀਜੀ ਵਾਰ ਇਕੱਲੇ ਤੌਰ ’ਤੇ ਬਹੁਮਤ ਨਾਲ ਜਿੱਤਣ ਦੇ ਦਾਅਵੇ ਦੀ ਫੂਕ ਜ਼ਰੂਰ ਨਿੱਕਲ ਗਈ ਹੈ। ਇਕ ਤਰ੍ਹਾਂ ਨਾਲ ਭਾਰਤ ਦੇ ਅਵਾਮ ਨੇ ਇਸ ਫਾਸ਼ੀਵਾਦੀ ਤਾਕਤ ਨੂੰ ਨਕਾਰ ਦਿੱਤਾ ਹੈ, ਪਰ ਮੋਦੀ ਫੇਰ ਵੀ ਬੇਸ਼ਰਮੀਂ ਨਾਲ ਕਹਿ ਰਿਹਾ ਹੈ ਕਿ ‘ਲੋਕਾਂ ਨੇ ਤੀਜੀ ਵਾਰ ਐੱਨਡੀਏ ’ਚ ਭਰੋਸਾ ਪ੍ਰਗਟਾਇਆ ਹੈ।’

ਇਹ ਸਾਧਾਰਣ ਚੋਣਾਂ ਨਹੀਂ ਸਨ। ਇਹ ਦੋ ਧਿਰਾਂ, ਆਰਐੱਸਐੱਸ-ਭਾਜਪਾ ਅਤੇ ਇੰਡੀਆ ਗੱਠਜੋੜ, ਦਰਮਿਆਨ ਫਸਵੀਂ ਚੋਣ ਟੱਕਰ ਸੀ। ਭਗਵਾ ਬਰਗੇਡ ਮੁਲਕ ਦੀ ਮਿਲੀਜੁਲੀ ਨਸਲੀ-ਸੱਭਿਆਚਾਰਕ ਬਣਤਰ ਨੂੰ ਖ਼ਤਮ ਕਰਕੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦਾ ਹੈ ਅਤੇ ‘ਇੰਡੀਆ ਗੱਠਜੋੜ’ ਸੰਵਿਧਾਨ ’ਚ ਦਰਜ ‘ਭਾਰਤ ਦੇ ਵਿਚਾਰ’ ਯਾਨੀ 1947 ਦੀ ਸੱਤਾ ਬਦਲੀ ਤੋਂ ਬਾਅਦ ਨਹਿਰੂ ਦੀ ਅਗਵਾਈ ਹੇਠ ਅਪਣਾਏ ‘ਸੰਵਿਧਾਨ ਨੂੰ ਬਚਾਉਣ’ ਲਈ ਲੜ ਰਿਹਾ ਸੀ। ਬੁਨਿਆਦੀ ਤਬਦੀਲੀ ਦੀਆਂ ਝੰਡਾਬਰਦਾਰ ਇਨਕਲਾਬੀ ਤਾਕਤਾਂ ਐਨੀਆਂ ਕਮਜ਼ੋਰ ਹਨ ਕਿ ਅਗਵਾਨੂ ਤਾਕਤ ਦੇ ਰੂਪ ’ਚ ਪਹਿਲਕਦਮੀਂ ਲੈ ਕੇ ਫਾਸ਼ੀਵਾਦੀ ਤਾਕਤ ਨੂੰ ਸੱਤਾ ’ਚ ਆਉਣ ਤੋਂ ਰੋਕਣ ਲਈ ਜਨਤਕ ਲਹਿਰ ਦੇ ਰੂਪ ’ਚ ਟੱਕਰ ਦੇਣ ਦੀ ਹਾਲਤ ’ਚ ਨਹੀਂ ਹਨ। ਆਮ ਲੋਕ ਅਜੇ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਚੋਣਾਂ ਰਾਹੀਂ ਸਰਕਾਰਾਂ ਬਦਲਣ ’ਚ ਯਕੀਨ ਰੱਖਦੇ ਹਨ। ਇਸ ਕਰਕੇ, ਉਨ੍ਹਾਂ ਦੀ ਹਾਸਲ ਰਾਜਨੀਤਕ ਸਮਝ ਅਨੁਸਾਰ ਅਜੇ ਚੋਣਾਂ ਹੀ ਸਮੇਂ ਦੀ ਹੁਕਮਰਾਨ ਧਿਰ ਨੂੰ ਸੱਤਾ ਤੋਂ ਲਾਹੁਣ ਅਤੇ ਤਬਦੀਲੀ ਲਿਆਉਣ ਦਾ ਇੱਕੋਇਕ ਜ਼ਰੀਆ ਹਨ। ਇਸੇ ਕਰਕੇ ਇਹ ਚੋਣਾਂ ਰਾਜਨੀਤਕ ਤੌਰ ’ਤੇ ਐਨਾ ਮਹੱਤਵ ਅਖ਼ਤਿਆਰ ਕਰ ਗਈਆਂ ਅਤੇ ਇਨ੍ਹਾਂ ਨੇ ਨਿਰੰਕੁਸ਼ ਮੋਦੀ ਗੈਂਗ ਦੇ ਹੰਕਾਰ ਨੂੰ ਤੋੜਨ ’ਚ ਵੱਡੀ ਭੂਮਿਕਾ ਨਿਭਾਈ।

ਲਿਹਾਜ਼ਾ, ਮੁਲਕ ਦੇ ਭਵਿੱਖ ਦੀ ਦਿਸ਼ਾ ਫ਼ਿਲਹਾਲ ਚੋਣ ਨਤੀਜਿਆਂ ’ਤੇ ਨਿਰਭਰ ਹੋਣ ਕਾਰਨ ਹਰ ਵਿਅਕਤੀ ਇਹ ਜਾਨਣ ਲਈ ਉਤਸੁਕ ਸੀ ਕਿ ਕੀ ਭਾਜਪਾ ਦਾ ‘ਅਬ ਕੀ ਵਾਰ, 400 ਪਾਰ’ ਦਾ ਦਾਅਵਾ ਝੂਠਾ ਸਾਬਤ ਹੋਵੇਗਾ ਜਾਂ ਇਹ ਮੁੜ ਪਹਿਲਾਂ ਵਾਂਗ ਭਾਰੀ ਬਹੁਮੱਤ ਲੈ ਜਾਵੇਗੀ? ਕੀ ‘ਇੰਡੀਆ ਗੱਠਜੋੜ’ ਵੋਟਰਾਂ ਦੇ ਸੱਤਾ ਵਿਰੋਧੀ ਰੁਝਾਨ ਨੂੰ ਵੋਟਾਂ ’ਚ ਢਾਲ ਕੇ ਆਰਐੱਸਐੱਸ-ਭਾਜਪਾ ਨੂੰ ਮਾਤ ਦੇ ਸਕੇਗਾ? ਅਜਿਹੇ ਬਹੁਤ ਸਾਰੇ ਸਵਾਲ ਹਰ ਕਿਸੇ ਦੇ ਜ਼ਿਹਨ ’ਚ ਰਹੇ ਹਨ।

ਫਾਸ਼ੀਵਾਦੀਆਂ ਨੂੰ ਪਾਰਲੀਮੈਂਟਰੀ ਵਿਰੋਧੀ-ਧਿਰ ਦੀ ਹੋਂਦ ਵੀ ਮਨਜ਼ੂਰ ਨਹੀਂ ਹੈ। ਉਨ੍ਹਾਂ ਨੇ ਈਡੀ-ਸੀਬੀਆਈ ਵਰਗੀਆਂ ਕੇਂਦਰੀ ਏਜੰਸੀਆਂ ਜ਼ਰੀਏ ਵਿਰੋਧੀ-ਧਿਰ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰਨ/ਛਾਪੇ ਮਾਰਨ ਸਮੇਤ ਹਰ ਹਰਬਾ ਵਰਤਕੇ ਵਿਰੋਧੀ-ਧਿਰ ਨੂੰ ਚੋਣ ਮੁਹਿੰਮ ’ਚੋਂ ਬਾਹਰ ਕਰਨ ਦੀ ਸਿਰਤੋੜ ਕੋਸ਼ਿਸ਼ ਕੀਤੀ ਤਾਂ ਜੋ ਚੋਣਾਂ ਨਿਰਵਿਰੋਧ ਜਿੱਤੀਆਂ ਜਾ ਸਕਣ। ਚੋਣਾਂ ਤੋਂ ਐਨ ਪਹਿਲਾਂ ਚੋਣ ਕਮਿਸ਼ਨ ’ਚ ਦੋ ਨਵੇਂ ਕਮਿਸ਼ਨਰਾਂ ਦੀ ਨਿਯੁਕਤੀ ਕੀਤੀ ਗਈ ਤਾਂ ਜੋ ਕਮਿਸ਼ਨ ਪੂਰੀ ਤਰ੍ਹਾਂ ਮੋਦੀ-ਅਮਿਤ ਸ਼ਾਹ ਦੇ ਹੁਕਮਾਂ ਅਨੁਸਾਰ ਚੱਲੇ। ਕਮਿਸ਼ਨ ਵੱਲੋਂ ਹੁਕਮਰਾਨ ਧਿਰ ਦੀ ਸਹੂਲਤ ਅਨੁਸਾਰ ਚੋਣ ਅਮਲ ਨੂੰ ਸੱਤ ਗੇੜਾਂ ’ਚ 82 ਦਿਨ ਤੱਕ ਲਮਕਾਇਆ ਗਿਆ। ਇਹ ਪੋਲਿੰਗ ਅੰਕੜਿਆਂ ਦੇ ਨਾਂਹਪੱਖੀ ਅਸਰ ਨੂੰ ਮੈਨੇਜ ਕਰਨ ਦੀ ਚਾਲ ਸੀ। ਚੋਣਾਂ ਦੀ ਨਜ਼ਰਸਾਨੀ ਕਰਨ ਵਾਲੀ ਇਹ ਸੰਸਥਾ ਇਸ ਕਦਰ ਸੱਤਾਧਾਰੀ ਧਿਰ ਦੀ ਕਠਪੁਤਲੀ ਬਣਾ ਲਈ ਗਈ ਕਿ ਇਸ ਨੇ ਮੋਦੀ ਸਮੇਤ ਮੁੱਖ ਭਾਜਪਾ ਆਗੂਆਂ ਦੇ ਚੋਣ ਜ਼ਾਬਤੇ ਦੀਆਂ ਧੱਜੀਆਂ ਉਡਾਉਣ ਵਾਲੇ ਅਤਿ ਜ਼ਹਿਰੀਲੇ ਭਾਸ਼ਣਾਂ ਵਿਰੁੱਧ ਸੈਂਕੜੇ ਸ਼ਿਕਾਇਤਾਂ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ। ਹੋਰ ਤਾਂ ਹੋਰ, ਇਸ ਨੇ ਪੋਲਿੰਗ ਦੇ ਹਰ ਪੜਾਅ ਤੋਂ ਬਾਅਦ ਪੋਲਿੰਗ ਦੀ ਜਾਣਕਾਰੀ ਜਨਤਕ ਕਰਨ ਲਈ ਪ੍ਰੈੱਸ ਕਾਨਫਰੰਸ ਕਰਨ ਦਾ ਦਸਤੂਰ ਹੀ ਤਿਆਗ ਦਿੱਤਾ। ਪੋਲਿੰਗ ਡੇਟਾ ਜਨਤਕ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਜੋ ਪੋਲਿੰਗ ਦੇ ਅੰਕੜੇ ਮੋਦੀ ਦੇ ਘਟ ਰਹੇ ਰਸੂਖ਼ ਦਾ ਸੰਕੇਤ ਨਾ ਦੇ ਦੇਣ। ਸੁਪਰੀਮ ਕੋਰਟ ਨੇ ਵੀ ਇਸ ਵਿਰੁੱਧ ਪਟੀਸ਼ਨ ਦੀ ਸੁਣਵਾਈ ਨਾ ਕਰਕੇ ਜੁਲਾਈ ’ਚ ਰੈਗੂਲਰ ਬੈਂਚ ਅੱਗੇ ਪਟੀਸ਼ਨ ਪੇਸ਼ ਕਰਨ ਦਾ ਆਦੇਸ਼ ਦੇ ਦਿੱਤਾ ਤਾਂ ਜੋ ਹਕੂਮਤੀ ਧਿਰ ਦੀਆਂ ਮਨਮਾਨੀਆਂ ’ਚ ਕੋਈ ਵਿਘਨ ਨਾ ਪਵੇ। ਸੁਪਰੀਮ ਕੋਰਟ ਅਤੇ ਚੋਣ ਕਮਿਸ਼ਨ ਨੇ ਈਵੀਐੱਮ ਦੀ ਭੂਮਿਕਾ ਬਾਰੇ ਸਵਾਲਾਂ ਤੋਂ ਵੀ ਟਾਲ਼ਾ ਵੱਟ ਲਿਆ। ਇਸ ਤਰ੍ਹਾਂ, ਈਵੀਐੱਮ, ਚੋਣ ਕਮਿਸ਼ਨ, ਸੁਪਰੀਮ ਕੋਰਟ ਵਗੈਰਾ ਸਭ ਦੀ ਭੂਮਿਕਾ ਸਵਾਲਾਂ ਦੇ ਘੇਰੇ ’ਚ ਹੈ।

ਸ਼ੁਰੂ ਤੋਂ ਹੀ ਸਪਸ਼ਟ ਸੀ ਕਿ ਇਨ੍ਹਾਂ ਚੋਣਾਂ ’ਚ 2019 ਵਾਲੀ ‘ਮੋਦੀ ਲਹਿਰ’ ਨਹੀਂ ਹੈ ਜਿਸ ਵਿਚ ਗੋਦੀ ਮੀਡੀਆ ਦੀ ਮੱਦਦ ਨਾਲ ਪੁਲਵਾਮਾ ਹਮਲੇ ਤੋਂ ਬਾਅਦ ਭੜਕਾਏ ਰਾਸ਼ਟਰਵਾਦ ਨੇ ਵੱਡੀ ਭੂਮਿਕਾ ਨਿਭਾਈ ਸੀ। ਅਵਾਮ ਨੇ ਸਮਝ ਲਿਆ ਕਿ ‘ਕਿਸਾਨਾਂ ਦੀ ਆਮਦਨ ਦੁੱਗਣੀ ਕਰਨ’, ‘ਐੱਮਐੱਸਪੀ ਦੇਣ’, ‘ਬੇਟੀ ਪੜ੍ਹਾਓ, ਬੇਟੀ ਬਚਾਓ’, ‘ਸਭ ਕਾ ਸਾਥ, ਸਭ ਕਾ ਵਿਕਾਸ’ ਵਰਗੇ ਵਾਅਦੇ ਮਹਿਜ਼ ਚੋਣ ਜੁਮਲੇ ਹਨ ਜੋ ਵੱਖ-ਵੱਖ ਹਿੱਸਿਆਂ ਨੂੰ ਗੁੰਮਰਾਹ ਕਰਕੇ ਵੋਟਾਂ ਬਟੋਰਨ ਲਈ ਘੜੇ ਜਾਂਦੇ ਹਨ। ਪਿਛਲੇ ਦਸ ਸਾਲਾਂ ’ਚ ਲੋਕਾਂ ਨੇ ਵੱਖ-ਵੱਖ ਰੂਪਾਂ ’ਚ ਆਰਥਕ ਹਮਲਿਆਂ ਤੋਂ ਲੈ ਕੇ ਤਰ੍ਹਾਂ-ਤਰ੍ਹਾਂ ਦੇ ਕਾਲੇ ਕਾਨੂੰਨਾਂ, ਮੁਸਲਮਾਨਾਂ-ਔਰਤਾਂ-ਦਲਿਤਾਂ-ਆਦਿਵਾਸੀਆਂ ਤੇ ਹੋਰ ਹਿੱਸਿਆਂ ਉੱਪਰ ਬੇਕਿਰਕ ਹਮਲਿਆਂ ਅਤੇ ਮਨੀਪੁਰ ਦੀ ਘਿਣਾਉਣੀ ਜਿਨਸੀ ਹਿੰਸਾ ਤੱਕ ਇਸ ਤਾਨਾਸ਼ਾਹ ਰਾਜ ਦਾ ਖ਼ੂੰਖ਼ਾਰ ਚਿਹਰਾ ਵਾਰ-ਵਾਰ ਦੇਖਿਆ ਅਤੇ ਇਸ ਦਾ ਕਰੂਰ ਜਬਰ ਆਪਣੇ ਪਿੰਡਿਆਂ ’ਤੇ ਝੱਲਿਆ। ਉਨ੍ਹਾਂ ਦੇ ਅੰਦਰ ਇਸ ਹਕੂਮਤ ਤੋਂ ਅਸੰਤੁਸ਼ਟੀ ਸੁਲਗ ਰਹੀ ਸੀ। ਸੱਤਾ ਵਿਰੁੱਧ ਇਸ ਲੋਕ-ਬੇਚੈਨੀ ਤੇ ਅਸੰਤੁਸ਼ਟੀ ਨੂੰ ਭਾਂਪ ਕੇ ਭਗਵਾ ਲੀਡਰਸ਼ਿਪ ਵੱਲੋਂ ਹਿੰਦੂ ਧਰਮ ਦੇ ਸਿਖ਼ਰਲੇ ਆਗੂਆਂ ਦੇ ਤਿੱਖੇ ਵਿਰੋਧ ਦੇ ਬਾਵਜੂਦ, ਅਧੂਰੇ ਰਾਮ ਮੰਦਰ ਦੀ ‘ਪ੍ਰਾਣ ਪ੍ਰਤਿਸ਼ਠਾ’ ਦਾ ‘ਮਾਸਟਰ ਸਟ੍ਰੋਕ’ ਕੀਤਾ ਗਿਆ ਤਾਂ ਜੋ ਰਾਮ ਮੰਦਰ ਬਣਾਉਣ ਦੀ ‘ਪ੍ਰਾਪਤੀ’ ਨੂੰ ਸੱਤਾ ਦੀ ਪੌੜੀ ਬਣਾ ਕੇ ਵਰਤਿਆ ਜਾ ਸਕੇ ਅਤੇ ਧਾਰਮਿਕ ਭਾਵਨਾਵਾਂ ਦੇ ਵਹਿਣ ’ਚ ਵਹਿ ਕੇ ਹਿੰਦੂ ਬਹੁਗਿਣਤੀ ਮੋਦੀ ਨੂੰ ਹਿੰਦੂ ਧਰਮ ਦਾ ਰਖਵਾਲਾ ਮੰਨ ਲਵੇ।

ਇਸ ਦੇ ਬਾਵਜੂਦ, ਚੋਣਾਂ ਤੋਂ ਪਹਿਲੇ ਸਰਵੇਖਣ ਨੇ ਇਹ ਸੰਕੇਤ ਦੇ ਦਿੱਤੇ ਸਨ ਕਿ ਤਕਰੀਬਨ 60ਫ਼ੀ ਸਦੀ ਵੋਟਰਾਂ ਦੀ ਨਜ਼ਰ ’ਚ ਮਹਿੰਗਾਈ ਅਤੇ ਬੇਰੋਜ਼ਗਾਰੀ ਇਸ ਸਮੇਂ ਦੇ ਸਭ ਤੋਂ ਵੱਡੇ ਮਸਲੇ ਹਨ। ਇਸੇ ਦੇ ਮੱਦੇਨਜ਼ਰ, ਭਾਜਪਾ ਵੱਲੋਂ ਇਹ ਪ੍ਰਭਾਵ ਸਿਰਜਣ ਲਈ ਪੂਰੀ ਪ੍ਰਚਾਰ ਮਸ਼ੀਨਰੀ ਝੋਕ ਦਿੱਤੀ ਗਈ ਕਿ ਮੋਦੀ ਦਾ ਤੀਜੀ ਵਾਰ ਪ੍ਰਧਾਨ ਮੰਤਰੀ ਬਣਨਾ ਤੈਅ ਹੈ। ਮੋਦੀ ਨੂੰ ਅਜਿੱਤ ਬਣਾ ਕੇ ਪੇਸ਼ ਕਰਨ ਲਈ ‘ਅਬ ਕੀ ਵਾਰ, ਚਾਰ ਸੌ ਪਾਰ’ ਦਾ ਨਾਅਰਾ ਘੜਿਆ ਗਿਆ। ਚੋਣ ਵਾਅਦਿਆਂ ਨੂੰ ‘ਮੋਦੀ ਕੀ ਗਾਰੰਟੀ’ ਦੇ ਰੂਪ ’ਚ ਪੇਸ਼ ਕੀਤਾ ਗਿਆ। ਇਹ 2013 ਤੋਂ ਹੀ ਮੋਦੀ ਦਾ ਮਜ਼ਬੂਤ ਆਗੂ ਦਾ ਅਕਸ ਸਥਾਪਤ ਕਰਨ ਦੀ ਕਵਾਇਦ ਦੀ ਲਗਾਤਾਰਤਾ ਹੈ। ਨਾਇਕ-ਪੂਜਾ ਦਾ ਇਹ ਗਿਣਿਆ-ਮਿਥਿਆ ਮਾਹੌਲ ਆਰਐੱਸਐੱਸ-ਭਾਜਪਾ ਦੀ ‘ਇਕ ਦੇਸ਼, ਇਕ ਕਾਨੂੰਨ, ਇਕ ਭਾਸ਼ਾ, ਇਕ ਧਰਮ, ਇਕ ਸੱਭਿਆਚਾਰ, ਇਕ ਆਗੂ’ ਦੀ ਫਾਸ਼ੀਵਾਦੀ ਧਾਰਨਾ ਦਾ ਵਿਹਾਰਕ ਰੂਪ ਹੈ। ਮੋਦੀ ਪਹਿਲਾਂ ਵਾਲੇ ਸਵੈਵਿਸ਼ਵਾਸ ਨਾਲ ਹੀ ਪੇਸ਼ ਆ ਰਿਹਾ ਸੀ ਕਿ ਉਹ ਜਿਹੜਾ ਵੀ ਝੂਠ ਬੋਲੇਗਾ, ਉਸ ਨੂੰ ਲੋਕ ਸੱਚ ਮੰਨ ਲੈਣਗੇ। ਮੋਦੀ-ਸ਼ਾਹ ਇੰਞ ਵਿਹਾਰ ਕਰ ਰਹੇ ਸਨ ਜਿਵੇਂ ਉਹੀ ਅਗਲੇ ਪ੍ਰਧਾਨ/ਗ੍ਰਹਿ ਮੰਤਰੀ ਹੋਣ। ਮੋਦੀ ਨੇ ਬਿਲਕੁਲ ਹਿਟਲਰ ਦੀ ਤਰਜ਼ ’ਤੇ ਆਪਣੇ ਬਾਰੇ ਇਹ ਪ੍ਰਭਾਵ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਕਿ ‘ਉਸ ਨੂੰ ਤਾਂ ਈਸ਼ਵਰ ਨੇ ਮੁਲਕ ਦੀ ਸੇਵਾ ਕਰਨ ਲਈ ਭੇਜਿਆ ਹੈ।’ ਯਾਨੀ ਉਸ ਕੋਲ ਰਾਜ ਕਰਨ ਦਾ ਦੈਵੀ ਅਧਿਕਾਰ ਹੈ ਅਤੇ ਉਹ ਬਿਨਾਂ ਚੁਣੇ ਹੀ ਪ੍ਰਧਾਨ ਮੰਤਰੀ ਹੈ।

ਜਦੋਂ ਚੋਣਾਂ ਦੇ ਪਹਿਲੇ ਪੜਾਅ ’ਚ ਹੀ ਇਹ ਸੰਕੇਤ ਮਿਲਣ ਲੱਗੇ ਕਿ ਕਥਿਤ ਵਿਕਾਸ ਅਤੇ ‘ਹਿੰਦੂ ਗੌਰਵ’ ਦੀ ਬਜਾਏ ਅਵਾਮ ਜ਼ਿੰਦਗੀ ਦੇ ਬੁਨਿਆਦੀ ਮੁੱਦਿਆਂ ਨੂੰ ਤਰਜ਼ੀਹ ਦੇ ਰਹੇ ਹਨ ਤਾਂ ਜੁਮਲਿਆਂ ਨਾਲ ਮੂਰਖ਼ ਬਣਾਉਣ ਦੀ ਕਲਾ ਦੇ ਮਾਹਰ ਮੋਦੀ ਦਾ ਸਵੈਭਰੋਸਾ ਡੋਲ ਗਿਆ। ਜੋ ਉਸਦੀ ਬੁਖਲਾਹਟ ’ਚ ਸਾਫ਼ ਦਿਸਣਾ ਸ਼ੁਰੂ ਹੋ ਗਿਆ। ਨਾਗਪੁਰ ਸਦਰ-ਮੁਕਾਮ ਨੇ ਵੀ ਉਸ ਨੂੰ ਚੁਕੰਨਾ ਕਰ ਦਿੱਤਾ ਕਿ ਉਸਦਾ ‘ਵਿਕਾਸ’ ਦਾ ਮੰਤਰ ਕੰਮ ਨਹੀਂ ਆ ਰਿਹਾ। ਇਹ ਦੇਖਕੇ ‘ਚਾਰ ਸੌ ਪਾਰ’ ਦਾ ਰਾਗ ਅਲਾਪਣਾ ਬੰਦ ਕਰਕੇ ਮੋਦੀ-ਨੱਢਾ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ‘ਇਹ ਤਾਂ ਵਿਰੋਧੀ-ਧਿਰ ਨੂੰ ਉਲਝਾਉਣ ਲਈ ਚੋਣ ਜੁਮਲਾ ਸੀ ਅਤੇ ਉਨ੍ਹਾਂ ਦੀ ਇਹ ਚਾਲ ਕਾਮਯਾਬ ਰਹੀ ਹੈ।’ ਇੱਧਰੋਂ ਹਟਕੇ, ਮੁਸਲਮਾਨਾਂ ਵਿਰੁੱਧ ਜ਼ਹਿਰੀਲੀ ਨਫ਼ਰਤ ਦਾ ਮੋਰਚਾ ਖੋਲ ਦਿੱਤਾ ਗਿਆ ਕਿ ਕਾਂਗਰਸ ਹਿੰਦੂ ਔਰਤਾਂ ਦੇ ਗਹਿਣੇ-ਗੱਟੇ ਤੇ ਮੰਗਲਸੂਤਰ ਲਾਹ ਲਵੇਗੀ ਅਤੇ ਹਿੰਦੂਆਂ ਦੀ ਦੌਲਤ ਖੋਹ ਕੇ ਮੁਸਲਮਾਨਾਂ ’ਚ ਵੰਡ ਦੇਵੇਗੀ। ਉੱਪਰੋਂ ਦੇਖਿਆ ਇਸ ਦਾ ਨਿਸ਼ਾਨਾ ਕਾਂਗਰਸ ਸੀ, ਪਰ ਅਸਲ ਨਿਸ਼ਾਨਾ ਮੁਸਲਮਾਨ ਘੱਟਗਿਣਤੀ ਅਤੇ ਫਿਰਕੂ ਪਾਲਾਬੰਦੀ ਸੀ। ਆਰਐੱਸਐੱਸ-ਭਾਜਪਾ ਨੂੰ ਆਪਣੀ ਪਾਟਕਪਾਊ ਸਿਆਸਤ ਉੱਪਰ ਐਨਾ ਭਰੋਸਾ ਸੀ ਕਿ ਭਾਜਪਾ ਵੱਲੋਂ 440 ਸੀਟਾਂ ’ਤੇ ਚੋਣ ਲੜੀ ਗਈ, ਪਰ ਮੁਲਕ ਦੀ ਕੁਲ ਆਬਾਦੀ ਦਾ ਲੱਗਭੱਗ 14ਫ਼ੀਸਦੀ ਮੁਸਲਮਾਨ ਘੱਟਗਿਣਤੀ ਨਾਲ ਸੰਬੰਧਤ ਸਿਰਫ਼ ਇਕ ਉਮੀਦਵਾਰ ਨੂੰ ਟਿਕਟ ਦਿੱਤੀ ਗਈ।

ਦੂਜੇ ਪਾਸੇ, ਕਾਂਗਰਸ ਨੇ ਆਪਣੇ ਮੈਨੀਫੈਸਟੋ ਵਿਚ ਅਵਾਮ ਦੇ ਮੁੱਖ ਮੁੱਦੇ ਸ਼ਾਮਲ ਕਰਕੇ ਇਸ ਬਿਰਤਾਂਤ ਨੂੰ ਚੁਣੌਤੀ ਦਿੱਤੀ। ਭਾਜਪਾ ਦੇ ਦਸ ਸਾਲ ਦੇ ਰਾਜ ਹੱਥੋਂ ਬੇਕਿਰਕ ਲੁੱਟਖਸੁੱਟ ਅਤੇ ਤਾਨਾਸ਼ਾਹ ਫ਼ੈਸਲਿਆਂ ਤੋਂ ਅੱਕੇ ਅਵਾਮ ਦਾ ਝੁਕਾਅ ਸੁਭਾਵਿਕ ਤੌਰ ’ਤੇ ਇੰਡੀਆ ਗੱਠਜੋੜ ਵੱਲ ਰਿਹਾ। 2019 ਦੇ ਮੁਕਾਬਲੇ ਇਸ ਵਾਰ ਕਾਂਗਰਸ ਜਥੇਬੰਦਕ ਪੱਖੋਂ ਵੀ ਕੁਝ ਮਜ਼ਬੂਤ ਸੀ। ਇਸ ਲਈ ਆਰਐੱਸਐੱਸ-ਭਾਜਪਾ ਨੂੰ ਇੰਡੀਆ ਗੱਠਜੋੜ ਦੀ ਚੋਣ ਮੁਹਿੰਮ ਨੂੰ ਕਾਟ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਣਾ ਪਿਆ। ਯੂਪੀ ਵਿਚ ਭਾਜਪਾ ਨੂੰ ਇੰਡੀਆ ਗੱਠਜੋੜ ਨੇ ਸਖ਼ਤ ਟੱਕਰ ਦਿੱਤੀ। ਮਹਾਰਾਸ਼ਟਰ ਅਤੇ ਕਈ ਹੋਰ ਰਾਜਾਂ ਵਿਚ ਮੋਦੀ ਗੈਂਗ ਨੂੰ ਜੀਵਨ-ਗੁਜ਼ਾਰੇ, ਬੇਰੁਜ਼ਗਾਰੀ ਅਤੇ ਮਹਿੰਗਾਈ ਕਾਰਨ ਹਕੂਮਤ ਵਿਰੋਧੀ ਵਿਆਪਕ ਬੇਚੈਨੀ ਦਾ ਸਾਹਮਣਾ ਕਰਨਾ ਪਿਆ। ਇਸ ਦੀ ਪੁਸ਼ਟੀ ਚੋਣ ਨਤੀਜਿਆਂ ਨੇ ਵੀ ਕਰ ਦਿੱਤੀ ਹੈ। ਚੋਣਾਂ ਦੇ ਐਲਾਨ ਤੋਂ ਬਾਅਦ ਮੋਦੀ ਨੇ ਮਹਾਰਾਸ਼ਟਰ ਵਿਚ 18 ਗੇੜੇ ਲਾਏ। ਇਸੇ ਤਰ੍ਹਾਂ ਦੀ ਸਥਿਤੀ ਹੋਰ ਵੀ ਕਈ ਰਾਜਾਂ ’ਚ ਦੇਖੀ ਗਈ। ਪੂਰੇ ਮੁਲਕ ’ਚ ਮੋਦੀ ਨੇ 206 ਚੋਣ ਰੈਲੀਆਂ/ਰੋਡ ਸ਼ੋਅ ਕੀਤੇ। ਭਾਜਪਾ ਦੇ ਹੋਰ ਮੁੱਖ ਪ੍ਰਚਾਰਕਾਂ ਨੇ ਵੀ ਸੈਂਕੜਿਆਂ ਦੀ ਤਾਦਾਦ ’ਚ ਰੈਲੀਆਂ ਕੀਤੀਆਂ। ਪਰ ਉਹ 2019 ਵਾਲੀ ‘ਮੋਦੀ ਲਹਿਰ’ ਨਹੀਂ ਬਣਾ ਸਕੇ।

ਸਮੁੱਚੇ ਪੋਲਿੰਗ ਅਮਲ ’ਚ ਦੇਖਿਆ ਗਿਆ ਕਿ ਜ਼ਮੀਨੀਂ ਪੱਧਰ ’ਤੇ ਵੋਟਰਾਂ ਦਾ ਹੁੰਗਾਰਾ ਭਗਵਾ ਬਰਗੇਡ ਦੇ ਦਾਅਵਿਆਂ ਦੀ ਹਾਮੀ ਨਹੀਂ ਭਰ ਰਿਹਾ। ਲਿਹਾਜ਼ਾ, ਸੱਤਵਾਂ ਗੇੜ ਖ਼ਤਮ ਹੁੰਦੇ ਸਾਰ ਐਗਜ਼ਿਟ ਪੋਲ ਦਾ ਮੋਰਚਾ ਖੋਲ੍ਹ ਦਿੱਤਾ ਗਿਆ। ‘ਐਗਜ਼ਿਟ ਪੋਲ’ ਦੇ ਨਾਂ ਹੇਠ ਗੋਦੀ ਮੀਡੀਆ ਨੇ ਐੱਨਡੀਏ ਨੂੰ 350 ਸੀਟਾਂ ਉੱਪਰ ਜਿੱਤਦੇ ਦਿਖਾ ਕੇ ‘ਐਗਜ਼ੈਕਟ ਫ਼ਤਵੇ’ ਵਜੋਂ ਪੇਸ਼ ਕਰਨ ਦੀ ਬੇਸ਼ਰਮੀਂ ਕੀਤੀ। ਸੱਚ ਇਹ ਹੈ ਕਿ ਵੋਟਰਾਂ ਦੇ ਇਕ ਨਿੱਕੇ ਜਹੇ ਹਿੱਸੇ ਦੀ ਸੋਚ ਨੂੰ ਦਰਸਾਉਂਦੇ ‘ਐਗਜ਼ਿਟ ਪੋਲ’ ਸਮੂਹ ਵੋਟਰਾਂ ਦੀ ਨੁਮਾਇੰਦਗੀ ਨਹੀਂ ਕਰਦੇ। ਭਾਰਤ ਵਰਗੇ ਵਿਸ਼ਾਲ, ਰਾਜਨੀਤਕ-ਸਮਾਜਿਕ ਵੰਨ-ਸੁਵੰਨਤਾ ਵਾਲੇ ਮੁਲਕ ਵਿਚ ਤਾਂ ਐਗਜ਼ਿਟ ਪੋਲ ਵੋਟਰਾਂ ਦੀ ਸੋਚ ਨੂੰ ਦਰਸਾ ਹੀ ਨਹੀਂ ਸਕਦੇ। ਹਾਲੀਆ ਚੋਣ ਨਤੀਜਿਆਂ ਨੇ ਵੀ ਇਸ ਧੋਖਾਧੜੀ ਦੀ ਪੋਲ ਖੋਲ੍ਹ ਦਿੱਤੀ ਹੈ। ਦਰਅਸਲ, ਇਹ ਨਿਰੰਕੁਸ਼ ਤਾਕਤਾਂ ਦੇ ਹੱਥ ’ਚ ਮਨੋਵਿਗਿਆਨਕ ਹਥਿਆਰ ਹੈ ਜਿਸ ਰਾਹੀਂ ਕਾਰਪੋਰੇਟ ਮੀਡੀਆ ਆਪਣੇ ਚਹੇਤੇ ਹੁਕਮਰਾਨ ਗੁੱਟ ਨੂੰ ਜਿੱਤਦਾ ਹੋਇਆ ਦਿਖਾਉਂਦਾ ਹੈ ਅਤੇ ਇਹ ਹੋਣ ਵਾਲੀ ਚੋਣ ਧਾਂਦਲੀ ਤੋਂ ਧਿਆਨ ਹਟਾਉਣ ਲਈ ਜ਼ਮੀਨ ਤਿਆਰ ਕਰਨ ਦੀ ਕਵਾਇਦ ਤੋਂ ਸਿਵਾਏ ਕੁਝ ਨਹੀਂ ਹੈ।

ਨਿਸ਼ਚਿਤ ਤੌਰ ’ਤੇ ਭਗਵਾ ਬਰਗੇਡ ਨੇ ਜੋ ਸੀਟਾਂ ਜਿੱਤੀਆਂ ਹਨ ਉਹ ਫਿਰਕੂ ਪਾਲਾਬੰਦੀ, ਤਿਕੜਮਬਾਜ਼ੀ ਤੇ ਜਾਅਲਸਾਜ਼ੀ ਦੇ ਸਹਾਰੇ ਜਿੱਤੀਆਂ ਹਨ। ਇਸ ਵਿਚ, ਆਲਮੀ ਪੱਧਰ ’ਤੇ ਮੋਦੀ ਦੀ ਸਾਖ਼ ਨੂੰ ਲੱਗੇ ਖ਼ੋਰੇ ਦੇ ਬਾਵਜੂਦ ਉਸ ਨੂੰ ਅਜੇ ਵੀ ਆਲਮੀ ਸਾਮਰਾਜੀ ਤਾਕਤਾਂ ਵੱਲੋਂ ਮਜ਼ਬੂਤ ਆਗੂ ਦੇ ਰੂਪ ’ਚ ਹਮਾਇਤ ਦੇਣ ਦੀ ਵੀ ਭੂਮਿਕਾ ਰਹੀ ਹੈ, ਖ਼ਾਸ ਕਰਕੇ ਘੋਰ ਸੱਜੇਪੱਖੀ ਸਾਮਰਾਜੀ ਹਿੱਸਿਆਂ ਵੱਲੋਂ।

ਮੋਦੀ ਦੇ ਰਾਜ ਵਿਚ ਹੋਏ ਤੇਜ਼ ਰਫ਼ਤਾਰ ‘ਵਿਕਾਸ’ ਦਾ ਝੂਠ ਪ੍ਰਚਾਰਨ, ਫਿਰਕੂ ਨਫ਼ਰਤ ਫੈਲਾਉਣ, ਨਸ਼ੇ ਅਤੇ ਧਨ ਦੀ ਵਰਤੋਂ ਕਰਕੇ ਵੋਟਾਂ ਹਥਿਆਉਣ ਉੱਪਰ ਕਾਰਪੋਰੇਟਾਂ ਤੋਂ ਲਏ ਦਹਿ-ਹਜ਼ਾਰਾਂ ਕਰੋੜ ਰੁਪਏ ਪਾਣੀ ਵਾਂਗ ਵਹਾਏ ਗਏ ਅਤੇ ਬੇਸ਼ੁਮਾਰ ਸਰਕਾਰੀ ਮਾਲੀ ਵਸੀਲੇ ਇਸ ਤੋਂ ਵੱਖਰੇ ਵਰਤੇ ਗਏ। ਈਵੀਐੱਮ ਰਾਹੀਂ ਚੋਣ ਧਾਂਦਲੀ ਦੇ ਖ਼ਦਸ਼ੇ ਵੀ ਬੇਬੁਨਿਆਦ ਨਹੀਂ ਹਨ। ਅਮਿਤ ਸ਼ਾਹ ਦੇ ਚੋਣ ਹਲਕੇ ਗਾਂਧੀਨਗਰ ਅਤੇ ਹੋਰ ਕਈ ਹਲਕਿਆਂ ’ਚ ਭਗਵਾ ਗਰੋਹਾਂ ਵੱਲੋਂ ਭਾਜਪਾ ਵਿਰੁੱਧ ਰੁਝਾਨ ਰੱਖਦੇ ਲੋਕਾਂ ਨੂੰ ਦਬਾਅ ਅਤੇ ਦਹਿਸ਼ਤ ਨਾਲ ਵੋਟਾਂ ਪਾਉਣ ਤੋਂ ਰੋਕਣ ਦੀਆਂ ਰਿਪੋਰਟਾਂ ਹਨ। ਕਾਂਗਰਸ ਨੇ ਅਮਿਤ ਸ਼ਾਹ ਉੱਪਰ 150 ਦੇ ਕਰੀਬ ਡਿਪਟੀ ਕਮਿਸ਼ਨਰਾਂ ਨੂੰ ਨਿੱਜੀ ਤੌਰ ’ਤੇ ਫ਼ੋਨ ਕਰਕੇ ਪੋਲਿੰਗ ਦੇ ਨਤੀਜੇ ਭਾਜਪਾ ਦੇ ਪੱਖ ’ਚ ਮੈਨੇਜ ਕਰਨ ਦਾ ਦੋਸ਼ ਲਗਾਇਆ ਹੈ। ਮੋਦੀ-ਅਮਿਤ ਸ਼ਾਹ ਦੇ ਪਿਛੋਕੜ ਨੂੰ ਦੇਖਦਿਆਂ ਇਹ ਦੋਸ਼ ਗ਼ਲਤ ਨਹੀਂ ਜਾਪਦਾ। ਇਸ ਦੇ ਨਾਲ ਹੀ, ਹਮੇਸ਼ਾ ਦੀ ਤਰ੍ਹਾਂ ਆਰਐੱਸਐੱਸ ਦੇ ਵਿਸ਼ਾਲ ਗੁਪਤ ਤਾਣੇਬਾਣੇ ਦੀ ਭਾਜਪਾ ਦੀਆਂ ਚੋਣ ਪ੍ਰਚਾਰ ਮੁਹਿੰਮਾਂ ’ਚ ਵੱਡੀ ਭੂਮਿਕਾ ਰਹੀ ਹੈ। ਐਨੀ ਧੜਵੈਲ, ਬਹੁਪਰਤੀ ਚੋਣ ਮੁਹਿੰਮ ਦੇ

(ਬਾਕੀ ਸਫ਼ਾ 29 ’ਤੇ)

# ਭਾਰਤ-ਇਜਰਾਈਲ ਜੰਗੀ ਸਮਝੌਤਾ : 27 ਟਨ ਘਾਤਕ ਹਥਿਆਰ ਦਾ ਮਸਲਾ

**ਅਸਿੱਧੇ ਰੂਪ ਵਿਚ ਦੁਨੀਆ ਦੇ ਹਰੇਕ ਕੋਨੇ ’ਤੇ ਲਗਭਗ 800 ਥਾਵਾਂ ਉਪਰ ਅਮਰੀਕੀ ਜੰਗੀ ਗੇੜੇ ਇਕ ਕਿਸਮ ਨਾਲ ਦੁਨੀਆ ਉਪਰ ਕਬਜ਼ਾ ਕਰੀ ਬੈਠੇ ਹਨ। ਇਨ੍ਹਾਂ ਜੰਗੀ ਸਥਿਤੀਆਂ ਵਿਚ ਭਾਰਤ ਨੇ ਵੀ ਆਪਣੀ ਕਿਸਮ ਨਾਲ ਪੈਰ ਪਸਾਰਨੇ ਸ਼ੁਰੂ ਕੀਤੇ ਹੋਏ ਹਨ। ਜਿਸ ਕਿਸਮ ਨਾਲ ਸਾਰੀ ਦੁਨੀਆ ਇਜ਼ਰਾਈਲ ਦੇ ਖਿਲਾਫ਼ ਯਹੂਦੀ ਲੋਕਾਂ ਦੇ ਹੱਕ ਵਿਚ ਖੜ੍ਹੀ ਹੈ ਉਸ ਸਮੇਂ ਭਾਰਤ ਕਰੂਰ ਚਿਹਰਾ 27 ਟਨ ਘਾਤਕ ਹਥਿਆਰਾਂ ਦੇ ਰੂਪ ਵਿਚ ਦੁਨੀਆ ਦੇ ਸਾਹਮਣੇ ਆ ਰਿਹਾ ਹੈ। ਇਹ ਕਿਸ ਕਿਸਮ ਨਾਲ ਗਰੀਬੀ, ਭੁਖਮਰੀ ਅਤੇ ਬੇਰੁਜ਼ਗਾਰੀ ਦੇ ਆਲਮ ਵਿਚ ਜੂਝ ਰਿਹਾ ਮੁਲਕ ਜੰਗੀ ਖੇਤਰ ਵਿਚ ਪ੍ਰਵੇਸ਼ ਕਰਕੇ ਆਪਣੇ ਮੁਲਕ ਦੇ ਲੋਕਾਂ ਲਈ ਨਵੀਆਂ ਚੁਣੌਤੀਆਂ ਤਾਂ ਉਤਪੰਨ ਕਰੇਗਾ ਹੀ ਬਲਕਿ ਦੁਨੀਆ ਵਿਚ ਵੀ ਆਪਣੀ ਬਦਨਾਮੀ ਕਰਵਾਏਗਾ। - ਸੰਪਾਦਕ**

**ਨਰਭਿੰਦਰ**
**93544-30211**



ਮੋਦੀ ਦਾ ਖ਼ੂਨੀ ਚਿਹਰਾ ਇਕ ਵਾਰ ਫੇਰ ਬੇਪੜਦ ਹੋਇਆ ਹੈ। ਜਦੋਂ ਦੇਸ਼ ਭਰ ਦਾ ਮੀਡੀਆ ਤੇ ਲੋਕ ਚੋਣਾਂ ਦੇ ਦੰਗਲ ’ਚ ਨਕਲੀ ਬਾਕਸਿੰਗ ਖੇਡ ਰਹੇ ਹਨ। ਐਨ ਉਸ ਸਮੇਂ ਇਕ ਬਹੁਤ ਅਹਿਮ ਖ਼ਬਰ ਨੂੰ ਮੀਡੀਆ ਨੇ ਪ੍ਰਿੰਟ ਤੇ ਇਲੈਕਟ੍ਰੋਨਿਕ ਮੀਡੀਆ ਨੇ ਛੁਪਾ ਲਿਆ ਹੈ। ਪਿਛਲੇ 17 ਮਈ ਨੂੰ ਦੁਨੀਆ ਦੇ ਅਖ਼ਬਾਰਾਂ ਵਿਚ ਇਕ ਛੋਟੀ ਜਿਹੀ ਖ਼ਬਰ ਛਪੀ ਕਿ ਭਾਰਤ ਦਾ ਇਕ ਸਮੁੰਦਰੀ ਜਹਾਜ਼ ਜਿਸ ਵਿਚ 27 ਟਨ ਗੋਲਾ ਬਾਰੂਦ ਭਰਿਆ ਸੀ। ਸਪੇਨ ਦੀ ਬਾਰਸੀਲੋਨਾ ਬੰਦਰਗਾਹ ਉਤੇ ਰੋਕ ਲਿਆ ਗਿਆ ਹੈ। ਇਹ ਖ਼ਬਰ ਵਿਦੇਸ਼ੀ ਅਖ਼ਬਾਰਾਂ ਵਿਚ ਵੀ ਛਪੀ ਸੀ ਅਤੇ ਅਤੇ ਭਾਰਤ ਦੇ ‘ਦ ਟ੍ਰਿਬਿਊਨ ਚੰਡੀਗੜ੍ਹ, ਇੰਡੀਅਨ ਐਕਸਪ੍ਰੈਸ, ਹਿੰਦੋਸਤਾਨ ਟਾਈਮਜ਼, ਐਨ.ਡੀ. ਟੀਵੀ ਵਿਚ ਵੀ ਨਸਰ ਹੋਈ। ਪਰ ਭਾਰਤੀ ਲੋਕਾਂ ਤੱਕ ਇਹ ਨਹੀਂ ਪਹੁੰਚੀ। ਦੂਸਰੇ ਦਿਨ ਇਹ ਗਾਇਬ ਹੋ ਗਈ। ਕਿਉਂਕਿ ਗਾਇਬ ਹੋਈ ਇਹ ਸਵਾਲ ਦਾ ਜਵਾਬ ਤੁਸੀਂ ਲੱਭਣਾ ਹੈ। ਇਸ ਉਤੇ ਡੈਨਮਾਰਕ ਦਾ ਡੰਡਾ ਸੀ ਅਤੇ ਇਹਨੇ ਭਾਰਤੀ ਕੰਪਨੀ ਸਿਧਾਰਥ ਲਾਜਿਸਟਿਕਸ ਕੰਪਨੀ ਦਾ ਮਾਲ (ਗੋਲਾ ਬਾਰੂਦ) ਲੱਦਿਆ ਸੀ ਜੋ ਇਜਰਾਈਲ ਕਾਰਗੋ ਨੇ ਹਾਸਲ ਕਰਨਾ ਸੀ।

ਹਕੀਕਤ ਇਹ ਕਿ ਚੇਨਈ (ਭਾਰਤ) ਦੀ ਬੰਦਰਗਾਹ ਤੋਂ ‘ਮੇਰੀ ਯਾਨ ਡੇਨਿਕਾ’ ਨਾਮ ਦਾ ਇਕ ਸਮੁੰਦਰੀ ਜਹਾਜ਼ ਇਜਰਾਇਲ ਦੀ ਹਾਈਫ਼ਾ ਬੰਦਰਗਾਹ ਲਈ ਰਵਾਨਾ ਹੋਇਆ। ਭਾਰਤ ਤੋਂ ਇਜਰਾਈਲ ਜਾਣ ਲਈ ਸਿੱਧਾ ਰਸਤਾ ਅਰਬ ਸਾਗਰ ਰਾਹੀਂ ਲਾਲ ਸਾਗਰ ਵਿਚ ਦਾਖਲ ਹੋ ਕੇ ਪੈਂਦਾ ਹੈ ਪਰ ਇਹ ਜਹਾਜ਼ ਸਿੱਧੇ ਰਾਹ ਨਹੀਂ ਗਿਆ। ਇਹਨੇ ਵਿੰਗਾ ਟੇਢਾ ਰਾਹ ਚੁਣਿਆ। ਇਹ ਯੂਰਪ ਦਾ ਚੱਕਰ ਲਾ ਕੇ ਜਾ ਰਿਹਾ ਸੀ ਕ ਇਹਨੂੰ ਰਸਤੇ ਵਿਚ ਸਪੇਨ ਦੀ ਬੰਦਰਗਾਹ ਬਾਰਸੀਲੋਨਾ ਉਤੇ ਲੰਗਰ ਸੁੱਟ ਕੇ ਰੁਕਣ ਲਈ ਮਜ਼ਬੂਰ ਹੋਣਾ ਪਿਆ। ਇਹਨੇ ਉਥੋਂ ਦੀ ਬੰਦਰਗਾਹ ਅਧਿਕਾਰੀਆਂ (ਅਥਾਰਟੀ) ਕੋਲੋਂ ਰੁਕਣ ਦੀ ਇਜਾਜ਼ਤ ਮੰਗੀ। ਅਥਾਰਟੀ ਨੇ ਮਾਲ ਚੈਕ ਕੀਤਾ ਅਤੇ ਉਹ ਹੈਰਾਨ ਰਹਿ ਗਏ ਕਿ ਇਹਦੇ ਵਿਚਲਾ 27 ਟਨ ਮਾਲ ਗੋਲਾ ਬਾਰੂਦ ਸੀ ਜੋ ਖਤਰਨਾਕ ਤੇ ਤਬਾਹਕੁੰਨ ਬਾਰੂਦ ਵਿਚ ਆਉਂਦਾ ਹੈ। ਇਹ ਭਾਰਤੀ ਖਤਰਨਾਕ ਬਾਰੂਦ ਇਜ਼ਰਾਈਲ ਜ ਰਿਹਾ ਸੀ। ਸਪੇਨ ਨੇ ਕਿਹਾ ਕਿ ਇਜ਼ਰਾਈਲ ਕੋਲ ਤਾਂ ਪਹਿਲਾਂ ਹੀ ਬਾਰੂਦ ਦੇ ਢੇਰ ਲੱਗੇ ਪਏ ਹਨ। ਇਹ ਹੋਰ ਘਾਤਕ ਹਥਿਆਰ ਕਿਸ ਲਈ ਭਾਰਤ ਭੇਜ ਰਿਹਾ ਹੈ। ਇਹ ਹਥਿਆਰ ਭੇਜਣ ਦਾ ਫੈਸਲਾ ਮੋਦੀ ਦੀ ਅਗਵਾਈ ਹੇਠਲੀ ਭਾਜਪਾ ਸਰਕਾਰ ਦਾ ਸੀ ਤੇ ਹੈ, ਜਿਹੜੀ ਇਜ਼ਰਾਈਲ ਨਾਲ ਦੋਸਤੀ ਨਿਭਾਅ ਰਹੀ ਹੈ ਅਤੇ ਦੁਨੀਆ ਜਾਣਦੀ ਹੈ ਕਿ ਇਜ਼ਰਾਈਲ ਪਿਛਲੇਰੇ 7 ਮਹੀਨੇ ਤੋਂ ਫਲਸਤੀਨੀ ਲੋਕਾਂ ਦਾ ਖੁਰਾ ਖੋਜ ਮਿਟਾਉਣ ਲਈ ਉਥੇ ਜਿਹੜੀ ਤਬਾਹੀ ਮਚਾ ਰਿਹਾ ਹੈ। ਦੁਨੀਆ ਦੇ ਲੋਕ ਇਸ ਦੇ ਵਿਰੁੱਧ ’ਚ ਸੜਕਾਂ ’ਤੇ ਉਤਰੇ ਹੋਏ ਹਨ। ਇਜ਼ਰਾਈਲੀ ਬੱਚਿਆਂ ਦਾ ਨਰਸੰਹਾਰ ਨਸਲਕੁਸ਼ੀ ਬਰਦਾਸ਼ਤ ਕਰਨਯੋਗ ਨਹੀਂ। ਫਲਸਤੀਨੀ ਬਸਤੀਆਂ ਤਬਾਹ ਕਰ ਦਿੱਤੀਆਂ ਗਈਆਂ ਹਨ। ਬੱਚਿਆਂ ਦੇ ਸਕੂਲ ਤੇ ਹਸਪਤਾਲ ਵਿਸ਼ੇਸ਼ ਕਰਕੇ ਨਿਸ਼ਾਨਾ ਬਣਾਏ ਜਾ ਰਹੇ ਹਨ। ਜਿਸ ਇਜ਼ਰਾਈਲ ਨੂੰ ਅਮਰੀਕਾ, ਬਰਤਾਨੀਆ ਤੇ ਕਈ ਹੋਰ ਦੇਸ਼ ਟਨਾਂ ਮੂੰਹੀਂ ਬਾਰੂਦ ਮੁਹੱਈਆ ਕਰ ਰਹੇ ਹਨ। ਉਨ੍ਹਾਂ ਹੱਤਿਆਰਿਆਂ ਨੂੰ ਭਾਰਤ ਦੀ ਮੋਦੀ ਸਰਕਾਰ ਵੀ ਘਾਤਕ ਹਥਿਆਰ ਸਪਲਾਈ ਕਰ ਰਹੀ ਹੈ।

ਸਪੇਨ ਨੇ ਕਿਹਾ ਕਿ ਮਿਡਲ ਈਸਟ ਨੂੰ ਹਥਿਆਰਾਂ ਦੀ ਨਹੀਂ, ਸ਼ਾਂਤੀ ਦੀ ਲੋੜ ਹੈ। ਅਸੀਂ (ਸਪੇਨ) ਇਸ ਅਨਰਥ ਵਿਚ ਭਾਈਵਾਲ ਨਹੀਂ ਬਣ ਸਕਦੇ। ਤੁਹਾਡੇ ਇਸ ਮਨੁੱਖਤਾਘਾਤੀ ਕੰਮ ਲਈ ਸਾਡੀ ਬੰਦਰਗਾਹ ਨਹੀਂ ਬਣੀ। ਜਿਹੜੀ ਰਿਪੋਰਟ ਬਾਹਰ ਆਈ ਉਸ ਤੋਂ ਇਹ ਵੀ ਪਤਾ ਲੱਗਾ ਕਿ ਇਹ ਸਮੁੰਦਰੀ ਜਹਾਜ਼ 16 ਤੋਂ 21 ਮਈ ਤੱਕ ਸਪੇਨ ਦੀ ਬਾਰਸੀਲੋਨਾ ਬੰਦਰਗਾਹ ਉਤੇ ਹੀ ਖਲੋਤਾ ਵੇਖਿਆ ਗਿਆ ਹੈ।

ਮੋਦੀ ਸਰਕਾਰ ਨੇ ਇਹ ਤਬਾਹਕਰੂ ਗੋਲਾ ਬਾਰੂਦ ਸਿੱਧੇ ਰਾਹ ਅਰਬ ਸਾਗਰ ਤੇ ਲਾਲ ਸਾਗਰ ਰਾਹੀਂ ਇਜ਼ਰਾਈਲ ਨੂੰ ਕਿਉਂ ਨਹੀਂ ਭੇਜਿਆ। ਇਹ ਲੰਮਾ, ਟੇਢਾ ਮੇਢਾ ਤੇ ਖਰਚੀਲਾ ਰਾਹ ਕਿਉਂ ਚੁਣਿਆ। ਸਾਫ਼ ਹੈ ਕਿ ਇਹ ਕੰਮ ਜਾਂ ਧੰਦਾ ਚੋਰੀ ਛਿਪੇ ਕੀਤਾ ਜਾ ਰਿਹਾ ਹੈ ਸੀ ਤੇ ਹੈ। ਇਹ ਮੋਦੀ ਸਰਕਾਰ ਦੀ ਕਾਰਜਸ਼ੈਲੀ ਦਾ ਹਿੱਸਾ ਹੈ। ਭਾਵ ਚੇਨਈ ਤੋਂ ਯੂਰਪ ਦੇ ਰਾਹ ਭੇਜਿਆ ਤੇ ਉਥੋਂ ਇਜ਼ਰਾਈਲ ਭਾਵ ਕਿਸੇ ਨੂੰ ਸੂਹ ਨਾ ਲੱਗੇ ਕਿ ਮੋਦੀ ਇਜ਼ਰਾਈਲ ਨੂੰ ਭੇਜ ਰਿਹਾ ਹੈ। ਕਿਉਂਕਿ ਸਾਰੀ ਦੁਨੀਆ ਦੇ ਇਨਸਾਫਪਸੰਦ ਲੋਕ ਇਜ਼ਰਾਈਲ, ਅਮਰੀਕਾ ਤੇ ਬਰਤਾਨੀਆ ਵਲੋਂ ਗਾਜ਼ਾ ਪੱਟੀ ਵਿਚ ਪਿਛਲੇਰੇ 17 ਮਹੀਨਿਆਂ ਤੋਂ ਕੀਤੇ ਜਾ ਰਹੇ ਨਰਸੰਹਾਰ ਤੇ ਭਿਆਨਕ ਤਬਾਹੀ ਦੇ ਮੰਜ਼ਰ ਦੇ ਵਿਰੋਧ ਵਿਚ ਆਵਾਜ਼ ਉਠਾ ਰਹੇ ਹਨ। ਇਹ ਉਨ੍ਹਾਂ ਤੋਂ ਚੋਰੀ ਛਿਪੇ ਵੀ ਸੀ ਅਤੇ ਅਰਬ ਦੇਸ਼ਾਂ ਵਿਚ ਜਿਥੇ ਕਰੋੜਾਂ ਭਾਰਤੀ ਲੋਕ ਕੰਮ ਕਰਦੇ ਹਨ ਤੋਂ ਪਾਸੇ ਪਾਸੇ ਲੰਘਣ ਦੀ ਮੁਸ਼ਤੈਦੀ ਵੀ ਸੀ ਅਤੇ ਅਰਬ ਸੇਖਾਂ ਤੋਂ ਵੀ ਛੁਪਾ ਕੇ ਇਹ ਕੰਮ ਕਰਨ ਦੀ ਚਲਾਕੀ ਵੀ ਕਿਉਂਕਿ ਮੋਦੀ ਨੇ ਜਿਯਨਵਾਦੀ ਫਾਸ਼ਿਸ਼ਟ ਖ਼ੂਨੀ ਬਘਿਆੜਾਂ (ਇਜ਼ਰਾਈਲੀ ਹਾਕਮਾਂ) ਨਾਲ ਯਰਾਨਾ ਵੀ ਪਾਲਣਾ ਸੀ ਤੇ ਇਸ ਲਈ ਵਿੰਗਾ ਟੇਢਾ ਰਾਹ ਹੀ ਚੁਣਨਾ ਮਜ਼ਬੂਰੀ ਸੀ। ਇਹਦੇ ਪਿਛੇ ਇਕ ਹੋਰ ਡਰ ਵੀ ਸੀ ਕਿ ਉਸ ਸੀ ਯਮਨ ਦੇ ਲੜਾਕੂ ਹੋਦੀ ਸਮੂਹ ਦੀਆਂ ਅੱਖਾਂ ਤੋਂ ਬਚਾ ਕੇ ਲੰਘਣਾ। ਯਮਨ ਦੇ ਲੜਾਕੂ ਹੋਦੀ ਸਮੂਹ ਨੇ ਇਨਸਾਫ਼ ਨਾਲ ਖਲੋਣ ਦੇ ਐਲਾਨ ਕੀਤੇ ਹੋਏ ਹਨ। ਉਹ ਲੜਾਕੂ, ਇਜ਼ਰਾਈਲ ਅਤੇ ਉਹਦੇ ਨਾਲ ਇਸ ਭਿਅੰਕਰ ਅਪਰਾਧ ਵਿਚ ਯਾਰੀ ਪੁਗਾਉਣ ਵਾਲੇ, ਉਨ੍ਹਾਂ ਦੀਆਂ ਅੱਖਾਂ ਵਿਚ ਰੜਕਦੇ ਹਨ। ਉਨ੍ਹਾਂ ਸਾਫ਼ ਐਲਾਨ ਕੀਤਾ ਹੋਇਆ ਹੈ ਕਿ ਉਹ ਇਜ਼ਰਾਈਲ ਨਾਲ ਯਾਰੀ ਰੱਖਣ ਵਾਲਿਆਂ ਦੇ ਆਰਥਿਕ ਹਿੱਤਾਂ ਉਤੇ ਸੱਟ ਮਾਰਨਗੇ ਜਾਂ ਨਿਸ਼ਾਨਾ ਬਣਾਉਣਗੇ। ਉਨ੍ਹਾਂ ਦਾ ਆਪਣੇ ਕੌਮੀ ਸਨਮਾਨ ਤੇ ਹੋਂਦ ਲਈ ਲੜ ਰਹੇ ਫਲਸਤੀਨੀਆਂ ਦੀ ਹਮਾਇਤ ਤੇ ਸਾਥ ਦੇਣ ਦਾ ਆਪਣਾ ਹੀ ਤਰੀਕਾ ਹੈ। ਸੋ ਲਾਲ ਸਾਗਰ ਰਾਹੀਂ ਅਜਿਹੇ ਸਮੁੰਦਰੀ ਜਹਾਜ਼ਾਂ ਦਾ ਲੰਘਣਾ ਕੋਈ ਆਸਾਨ ਕੰਮ ਨਹੀਂ। ਨਿਸ਼ਾਨੇ ਉਤੇ ਆਉਣ ਦਾ ਖਦਸ਼ਾ ਸੀ ਤੇ ਹੈ। ਯਮਨ ਦੇ ਇਹ ਲੜਾਕੂ ਸਮੁੰਦਰੀ ਲੜਾਈ ਦੇ ਮਾਹਿਰ ਹਨ। ਉਨ੍ਹਾਂ ਦੀ ਮਾਰ ਹੇਠਲੇ ਰਾਹਾਂ ਵਿਚੋਂ ਤਾਂ ਅਮਰੀਕੀ ਵੀ ਸਮੁੰਦਰੀ ਜਹਾਜ਼ ਲਿਜਾਣ ਤੋਂ ਖੌਫ਼ ਖਾਂਦੇ ਹਨ। ਭਾਰਤ ਕੀਹਦਾ ਪਾਣੀ ਹਾਰ ਹੈ। ਸੋ ਜਹਾਜ਼ ਦਾ ਵਿੰਗਾ ਟੇਢਾ ਰਾਹ ਇਹ ਵੀ ਇਕ ਮਜ਼ਬੂਰੀ ਸੀ। ਮੋਦੀ ਸਰਕਾਰ ਨੇ ਇਜ਼ਰਾਈਲ ਦੀ ਘਾਤਕ ਹਥਿਆਰਾਂ ਨਾਲ ਮਦਦ ਕਰਨ ਦਾ ਸਮਾਂ ਬਿਲਕੁਲ ਚੋਣਾਂ ਵਾਲਾ ਚੁਣਿਆ ਤਾਂ ਕਿ ਕਿਸੇ ਨੂੰ ਪਤਾ ਨਾ ਲੱਗੇ। ਵੈਸੇ ਵੀ ‘ਆਪਾ ਨੂੰ ਅਵਸਰ’ ਵਿਚ ਬਦਲੋ ਭਾਵ ‘ਬਿਪਤਾ ਸਮੇਂ ਲਾਹਾ’ ਲਵੋ। ਇਹ ਮੋਦੀ ਦੀ ਨੀਤੀ ਰਹੀ ਹੈ।

ਮੀਡੀਆ ਨੇ ਜਦੋਂ ਵਿਦੇਸ਼ ਮੰਤਰਾਲੇ ਤੋਂ ਇਸ ਦੀ ਜਾਣਕਾਰੀ ਮੰਗੀ ਕਿ ਸਪੇਨ ਦੀ ਬੰਦਰਗਾਹ ਉਤੇ ਭਾਰਤੀ ਸਮੁੰਦਰੀ ਜਹਾਜ਼ ਰੋਕਿਆ ਗਿਆ ਹੈ ਤਾਂ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰੰਧੀਰ ਜਾਇਸਵਾਲ ਨੇ ਕਿਹਾ ਕਿ, “ਇੰਡੀਅਨ ਸਰਕਾਰ ਨੂੰ ਇਹ ਜਾਣਕਾਰੀ ਹੈ ਕਿ ਸਪੇਨ ਦੀ ਬਾਰਸੀਲੋਨਾ ਬੰਦਰਗਾਹ ਉਤੇ ਉਥੋਂ ਦੇ ਅਧਿਕਾਰੀਆਂ ਨੇ ਇਕ ਮਾਲ ਨਾਲ ਲੱਦੇ ਸਮੁੰਦਰੀ ਜਹਾਜ਼ ਨੂੰ ਬੰਦਰਗਾਹ ਉਤੇ ਸਹੂਲਤਾਂ ਦੇਣ ਤੋਂ ਇਨਕਾਰ ਕਰ ਦਿੱਤਾ ਹੈ।” ਇਸ ਲਈ ਉਹ ਸਾਰੇ ਸਵਾਲ ਲੁਕੋ ਗਿਆ ਕਿ, ਇਸ ਜਹਾਜ਼ ਵਿਚ ਮਾਲ ਕੀ ਸੀ ? ਇਹ ਸਿੱਧੇ ਰਾਹ ਜਾਣ ਦੀ ਥਾਂ ਲੰਬੇ ਤੇ ਵਿੰਗੇ ਟੇਢੇ ਰਾਹ ਕਿਉਂ ਗਿਆ ? ਇਹ ਹਥਿਆਰ ਚੋਰੀ ਛਿਪੇ ਇਜ਼ਰਾਈਲ ਨੂੰ ਕਿਉਂ ਭੇਜੇ ਜਾ ਰਹੇ ਸਨ ? ਜਹਾਜ਼ ਰੋਕਣ ਨੂੰ ਵੀ ਬੰਦਰਗਾਹ ਵਲੋਂ ਸਹੂਲਤਾਂ ਦੇਣ ਤੋਂ ਇਨਕਾਰ ਕਰਨ ’ਤੇ ਹੇਠ ਲੁੱਟ ਲਿਆ। ਮੋਦੀ ਹਕੂਮਤ ਆਪਣੇ ਗੁਨਾਹਾਂ ਨੂੰ ਛੁਪਾਉਣ ਦੀ ਵੀ ਬੜਾ ਮਾਹਿਰ ਹੈ।

ਅੱਗੇ ਵਧਣ ਤੋਂ ਪਹਿਲਾਂ ਇਸ ਅਖ਼ਬਾਰੀ ਰਿਪੋਰਟ ਦੇ ਇਕ ਸ਼ਾਨਦਾਰ ਹਿੱਸੇ ਨੂੰ ਵੀ ਸਾਂਝਾ ਕਰ ਰਹੇ ਹਾਂ।

ਉਹ ਇਹ ਕਿ ਬਾਰਸੀਲੋਨਾ ਡਾਕ ਵਰਕਰ ਯੂਨੀਅਨ ਨੇ ਸਾਫ਼ ਕਹਿ ਦਿੱਤਾ ਕਿ ਸਾਡਾ ਕੋਈ ਵੀ ਮਜ਼ਦੂਰ ਇਨ੍ਹਾਂ ਤਬਾਹਕਰੂ ਘਾਤਕ ਹਥਿਆਰਾਂ ਨੂੰ ਨਹੀਂ ਛੂਹੇਗਾ। ਇਹ ਉਹੀ ਗੋਲਾ ਬਾਰੂਦ ਹੈ ਜਿਹਦੇ ਨਾਲ ਗਾਜਾ ਪੱਟੀ ਵਿਚ ਮਾਸੂਮ ਬੱਚਿਆਂ ਦੀਆਂ ਜਾਨਾਂ ਲਈਆਂ ਜਾਣਗੀਆਂ। ਇਹ ਖ਼ੂਨੀ ਇਜਰਾਈਲ ਨੂੰ ਹੋਰ ਵਹਿਸ਼ੀ ਤੇ ਖ਼ੂਨੀ ਬਣਾਉਣ ਵਾਲਾ ਭਾਰਤੀ ‘ਮਾਲ’ ਹੈ। ਅਸੀਂ ਕੋਈ ਵੀ ਹਥਿਆਰ ਇਥੋਂ ਨਹੀਂ ਦਿਆਂਗੇ। ਇਸ ਮਾਮਲੇ ਵਿਚ ਯੂਨੀਅਨ ਨੇ ਇਕ ਮਹੱਤਵਪੂਰਨ ਬਿਆਨ ਵੀ ਜਾਰੀ ਕੀਤਾ ਜਿਹੜਾ ਵਿਸ਼ਵ ਦੇ ਮਜ਼ਦੂਰਾਂ ਤੇ ਇਨਸਾਫ਼ਪਸੰਦ ਲੋਕਾਂ ਲਈ ਬਹੁਤ ਮਹੱਤਵਪੂਰਨ ਹੈ।

“ਦੁਨੀਆ ਵਿਚ ਕਿਤੇ ਵੀ ਜੁਰਮ ਹੋਵੇ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੋਵੇ; ਤਾਂ ਉਹਨੂੰ ਰੋਕਣ, ਨਾ ਹੋਣ ਦੇਣਾ, ਹਰ ਮਜ਼ਦੂਰ ਦਾ ਫਰਜ਼ ਹੈ। ਇਜ਼ਰਾਈਲ ਫਲਸਤੀਨ ਉਤੇ ਜ਼ੁਲਮ ਦੀ ਇੰਤਹਾ ਪਾਰ ਕਰ ਚੁੱਕਾ ਹੈ। ਅਸੀਂ ਇਨ੍ਹਾਂ ਭਾਰਤੀ ਹਥਿਆਰਾਂ ਨੂੰ ਇਜ਼ਰਾਈਲ ਵੱਲ ਇਕ ਇੰਚ ਵੀ ਅੱਗੇ ਨਹੀਂ ਜਾਣ ਦਿਆਂਗੇ।” ਐਨਾ ਹੀ ਨਹੀਂ ਯੂਨੀਅਨ ਨੇ ਅੱਗੇ ਵੀ ਕਿਹਾ ਕਿ, “ਅਸੀਂ ਦੁਨੀਆ ਭਰ ਦੀਆਂ ਸਰਕਾਰਾਂ ਤੋਂ ਮੰਗ ਕਰਦੇ ਹਾਂ ਕਿ ਪਿਛਲੇ 7 ਮਹੀਨਿਆਂ ਤੋਂ ਇਜ਼ਰਾਈਲ ਵਲੋਂ ਫਲਸਤੀਨੀਆਂ ਦੀ ਕੀਤੀ ਜਾ ਰਹੀ ਨਸਲਕੁਸ਼ੀ ਰੋਕਣ ਲਈ ਅੱਗੇ ਆਉਣ। ਨਾਲ ਹੀ ਦੁਨੀਆ ਭਰ ਦੇ ਮਜ਼ਦੂਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਜ਼ੁਲਮ ’ਤੇ ਨਰਸੰਹਾਰ ਨੂੰ ਰੋਕਣ ਲਈ ਆਵਾਜ਼ ਉਠਾਉਣ ਤੇ ਆਪਣੀਆਂ ਸਰਕਾਰਾਂ ਉਤੇ ਦਬਾਅ ਪਾਉਣ। ਅਜੇ ਇਹ ਜ਼ਿੰਮੇਵਾਰੀ ਸਾਡੀ ਮਜ਼ਦੂਰਾਂ ਦੀ ਹੈ। ਅਸੀਂ ਮਜ਼ਦੂਰਾਂ ਨੂੰ ਆਪਣਾ ਫਰਜ਼ ਪੂਰਾ ਕਰਨ ਦਾ ਸੱਦਾ ਦਿੰਦੇ ਹਾਂ।”

ਯੂਨੀਅਨ ਦੇ ਇਸ ਫੈਸਲੇ ਨੇ ਮੋਦੀ ਹਕੂਮਤ ਦੇ ਸ਼ਰੀਫ਼ ਇਰਾਦੇ ਹੇਠ ਛਿਪੇ ਵਹਿਸ਼ੀ ਚਿਹਰੇ ਨੂੰ ਲੀਰੋ ਲੀਰ ਕਰ ਦਿੱਤਾ ਹੈ।

ਉਧਰ ਸਪੇਨ ਨੇ ਬੜੀ ਕਾਹਲੀ ਨਾਲ ਫਲਸਤੀਨ ਨੂੰ ਮਾਨਤਾ ਦੇਣ ਦਾ ਐਲਾਨ ਕਰ ਦਿੱਤਾ ਹੈ। ਇਹ ਬਾਰਸੀਲੋਨਾ ਡਾਰਕ ਵਰਕਰ ਯੂਨੀਅਨ ਤੇ ਹੋਰ ਟਰੇਡ ਯੂਨੀਅਨਾਂ ਤੇ ਮਜ਼ਦੂਰ ਸੰਗਠਨਾਂ ਦੇ ਗੁੱਸੇ ਨੂੰ ਠੰਡਾ ਕਰਨ ਤੇ ਉਨ੍ਹਾਂ ਦੇ ਦਬਾਅ ਕਰਕੇ ਲਿਆ ਫੈਸਲਾ ਹੈ। ਸਪੇਨ ਦੀ ਸਰਕਾਰ ਨੂੰ ਇਹ ਵੀ ਖਦਸ਼ਾ ਸੀ ਕਿ ਇਹ ਨਾਹਰਾ ਦੁਨੀਆ ਭਰ ਦੇ ਮਜ਼ਦੂਰਾਂ ਵਿਚ ਨਾ ਫੈਲ ਜਾਵੇ। ਇਹਨੂੰ ਇਥੇ ਹੀ ਦਬਾਅ ਦਿੱਤਾ ਜਾਵੇ। ਉਧਰ ਸਪੇਨ ਦੇ ਵਿਦੇਸ਼ ਮੰਤਰੀ ਜੋਗ ਮੈਨੂਅਲ ਅਲਬੇਰੇਸ ਨੇ ਕਿਹਾ ਹੈ ਕਿ ਪਹਿਲੀ ਵਾਰ ਹੋਇਆ ਹੈ ਜਦੋਂ ਅਸੀਂ ਹਥਿਆਰਾਂ ਦੇ ਜਹਾਜ਼ ਨੂੰ ਰੋਕਿਆ ਹੈ।”

ਇਸ ਘਟਨਾ ਤੋਂ ਚੰਦ ਦਿਨ ਪਹਿਲਾਂ ਬੈਲਜੀਅਮ ਟਰਾਂਸਪੋਰਟ ਯੂਨੀਅਨ ਨੇ ਵੀ ਇਜ਼ਰਾਈਲ ਨੂੰ ਜਾ ਰਹੀ ਹਥਿਆਰਾਂ ਦੀ ਖੇਪ ਨੂੰ ਜਿਹੜੀ ਬੈਲਜੀਅਮ ਬੰਦਰਗਾਹ ਰਾਹੀਂ ਲੰਘਣ ਵਾਲੀ ਸੀ, ਰੋਕ ਦਿੱਤਾ ਸੀ। ਉਨ੍ਹਾਂ ਦੀ ਯੂਨੀਅਨ ਦਾ ਬਿਆਨ ਹੋਰ ਵੀ ਕਾਬਲੇਗੌਰ ਹੈ।

“ਜਦੋਂ ਗਾਜ਼ਾ ਵਿਚ ਨਰਸੰਹਾਰ ਚਲ ਰਿਹਾ ਹੈ, ਉਸ ਸਮੇਂ ਅਸੀਂ ਵੇਖ ਰਹੇ ਹਾਂ ਕਿ ਇਜ਼ਰਾਈਲ ਨੂੰ ਹੋਰ ਹਥਿਆਰ ਦਿੱਤੇ ਜਾ ਰਹੇ ਹਨ। ਅਸੀਂ ਇਹ ਨਹੀਂ ਹੋਣ ਦਿਆਂਗੇ।” ਬੈਲਜੀਅਮ ਟਰਾਂਸਪੋਰਟ ਵਰਕਰ ਯੂਨੀਅਨ ਨੇ ਆਪਣੇ ਬਿਆਨ ਵਿਚ ਅੱਗੇ ਕਿਹਾ ਕਿ, “ਇਹ ਜ਼ਮੀਨ ਉਤੇ, ਆਕਾਸ਼ ਰਾਹੀਂ ਜਾਂ ਸਮੁੰਦਰੀ ਮਾਰਗ ਰਾਹੀਂ ਕਸੇ ਵੀ ਟਰਾਂਸਪੋਰਟ ਰਾਹੀਂ ਇਜ਼ਰਾਈਲ ਨੂੰ ਜੰਗੀ ਸਾਜੋ ਸਮਾਨ ਤੇ ਗੋਲਾ ਬਾਰੂਕ ਭੇਜਣ ਦੇ ਸਬੰਧ ਵਿਚ ਸਾਰੀਆਂ ਟਰਾਂਸਪੋਰਟ ਵਰਕਰ ਯੂਨੀਅਨਾਂ ਦਾ ਫੈਸਲਾ ਹੈ ਕਿ ਅਸੀਂ ਇਜ਼ਰਾਈਲ ਨੂੰ ਜਾਣ ਵਾਲੇ ਹਥਿਆਰਾਂ ਨੂੰ ਨਾ ਸਿਰਫ਼ ਟਰੱਕਾਂ ਵਿਚ ਲੋਡ ਕਰਾਂਗੇ ਸਗੋਂ ਹਵਾਈ ਜਹਾਜ਼ਾਂ ਤੇ ਸਮੁੰਦਰੀ ਜਹਾਜ਼ਾਂ ਵਿਚ ਵੀ ਲੋਡ ਨਹੀਂ ਕਰਾਂਗੇ। ਸਗੋਂ ਉਨ੍ਹਾਂ ਹਥਿਆਰਾਂ ਨੂੰ ਜਾਣ ਤੋਂ ਵੀ ਰੋਕਾਂਗੇ। ਅਜਿਹਾ ਹੀ ਫੈਸਲਾ ਅਸੀਂ ਰੂਸ ਯੂਕਰੇਨ ਯੁੱਧ ਵਿਚ ਰੂਸ ਜ ਯੂਕਰੇਨ ਕਿਸੇ ਵੀ ਦੇਸ਼ ਵਿਚ ਜਾਣ ਵਾਲੇ ਹਥਿਆਰਾਂ ਨੂੰ ਰੋਕਣ ਦੇ ਲਈ ਲਿਆ ਹੈ।” ਇਹ ਇਕ ਸ਼ਾਨਦਾਰ ਪਹਿਲਕਦਮੀ ਹੈ, ਜੋ ਸਵਾਗਤਯੋਗ ਹੈ।

ਪਰ ਦੂਸਰੇ ਪਾਸੇ ਮੋਦੀ ਦੀ ਅਗਵਾਈ ਵਾਲੀ ਭਾਰਤ ਸਰਕਾਰ ਦਾ ਵਹਿਸ਼ੀ ਤੇ ਖ਼ੂਨੀ ਚਿਹਰਾ ਉਜਾਗਰ ਹੋਇਆ ਹੈ। ਵਿਸ਼ਵ ਲੋਕਾਈ ਫਸਲਤੀਨੀ ਬੱਚਿਆਂ ਦੇ ਕਤਲੇਆਮ ਦੀਆਂ ਤਸਵੀਰਾਂ ਦੇਖਕੇ ਥਾਂ ਪੁਰ ਥਾਂ ਇਜ਼ਰਾਈਲੀ ਵਹਿਸ਼ੀਆਂ ਨੂੰ ਫਿਟ-ਲਾਹਣਤਾਂ ਪਾ ਰਹੀ ਹੈ ਤੇ ਮੋਦੀ ਉਨ੍ਹਾਂ ਨੂੰ ਘਾਤਕ ਹਥਿਆਰਾਂ ਦੀਆਂ ਖੇਪਾਂ ਭੇਜ ਰਿਹਾ ਹੈ। ਇਹ ਇਕ ਜਹਾਜ਼ ਹੈ ਜਿਹੜਾ ਸਪੇਨ ਦੀ ਬੰਦਰਗਾਹ ’ਤੇ ਰੋਕਣਾ ਪਿਆ। ਕਿੰਨੇ ਹੋਰ ਹੋਣਗੇ ਜਿਹੜੇ ਇਨ੍ਹਾਂ ਬੰਦਰਗਾਹਾਂ ਦੀ ਨਜ਼ਰ ਬਚ ਕੇ ਇਜ਼ਰਾਈਲ ਪਹੁੰਚ ਗਏ ਹੋਣਗੇ। ਫਲਸਤੀਨੀ ਬੱਚਿਆਂ ਤੇ ਲੋਕਾਂ ਦੇ ਕਤਲਾਂ ਵਿਚ ਮੋਦੀ ਦੇ ਹੱਥ ਵੀ ਰੰਗੇ ਹੋਏ ਹਨ। ਇਕ ਫਾਸ਼ਿਸ਼ਟ ਹੀ ਦੂਸਰੇ ਫਾਸ਼ਿਸ਼ਟ ਦੀ ਮਦਦ ਕਰਦਾ ਹੈ। ਇਨ੍ਹਾਂ ਫਾਸ਼ਿਸ਼ਟ ਹਥਿਆਰਿਆਂ ਦੀ ਦੋਸਤੀ ਤੋਂ ਚੌਕਸ ਹੋਣ ਦੀ ਲੋੜ ਹੈ। ਮੂੰਹ ਵਿਚ ਰਾਮ ਰਾਮ ਬਗਲ ਵਿਚ ਘਾਤਕ ਹਥਿਆਰ।

# ਮਹਿੰਗਾਈ ਕਾਰਨ ਲੋਕਾਂ ਨੇ ਕੀਤੀ ਖਾਣੇ ਵਿੱਚ ਕਟੌਤੀ, ਸੁਪਰਸਟੋਰਾਂ ਦੇ ਮੁਨਾਫੇ ਖਿਲਾਫ਼ ਮੁਹਿੰਮ

## ਮੈਂਬਰ ਪਾਰਲੀਮੈਂਟ ਵੀ ਸੰਸਦ ਵਿੱਚ ਮਤਾ ਪੇਸ਼ ਕਰਨਗੇ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ

ਦਿਨੋਂ-ਦਿਨ ਵਧ ਰਹੀ ਮਹਿੰਗਾਈ ਕਾਰਣ, ਲੱਖਾਂ ਕੈਨੇਡੀਅਨ ਆਪਣੇ ਭੋਜਨ ਵਿੱਚ ਕਟੌਤੀ ਕਰ ਰਹੇ ਹਨ। ਇਸ ਦੇ ਬਾਵਜੂਦ ਵੀ ਫੂਡ ਰਿਟੇਲ ਸੈਕਟਰ ਦੇ ਸੁਪਰਸਟੋਰ ਆਪਣੇ ਮੁਨਾਫੇ ਵਿੱਚ ਕਮੀ ਕਰਨ ਦੀ ਬਜਾਏ, ਵਾਧੂ ਕਮਾਈ ਕਰ ਰਹੇ ਹਨ। ਅੰਕੜੇ ਦਸਦੇ ਹਨ ਕਿ ਮਹਾਂਮਾਰੀ ਤੋਂ ਬਾਅਦ, ਕੈਨੇਡਾ ਦੀਆਂ ਤਿੰਨ ਸਭ ਤੋਂ ਵੱਡੀਆਂ ਕਰਿਆਨੇ ਸਟੋਰਾਂ ਦੇ ਮੁਨਾਫੇ ਵਿੱਚ ਸਮੂਹਿਕ ਤੌਰ 'ਤੇ 46 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ ਅਤੇ ਇਹ ਅਜੇ ਤੱਕ ਵੀ ਜਾਰੀ ਹੈ। 1 ਮਈ ਤੱਕ, ਲੋਬਲਾਜ਼ ਕੰਪਨੀ ਦਾ ਤਿਮਾਹੀ ਮੁਨਾਫਾ ਪਿਛਲੇ ਸਾਲ ਨਾਲੋਂ 9.8% ਵੱਧ ਗਿਆ ਹੈ। ਚਾਹੇ ਸਰਕਾਰ ਮਹਿੰਗਾਈ ਨੂੰ ਕੰਟਰੋਲ ਕਰਨ ਦਾ ਦਾਅਵਾ ਕਰ ਰਹੀ ਹੈ, ਪਰ ਲੋਕਾਂ ਨੂੰ ਰਾਹਤ ਦੇਣ ਲਈ, ਸੁਪਰ ਸਟੋਰਾਂ ਨੂੰ ਸਖ਼ਤ ਨਿਰਦੇਸ਼ ਜਾਰੀ ਕਰਨ ਵਿੱਚ ਹਿਚ-ਕਿਚਾ ਰਹੀ ਹੈ। ਸੁਪਰਸਟੋਰਾਂ ਦੇ ਮੁਨਾਫੇ ਦੇ ਹੱਦ ਨੂੰ ਨੱਥ ਪਾਕੇ, ਸਰਕਾਰ ਭੋਜਨ ਦੀਆਂ ਕੀਮਤਾਂ ਨੂੰ ਕੁਝ ਘਟਾ ਸਕਦੀ ਹੈ।

ਧਿਆਨਯੋਗ ਹੈ ਕਿ ਪਿਛਲੇ ਸਾਲਾਂ ਤੋਂ, ਕੈਨੇਡਾ ਵਿੱਚ ਆਰਥਿਕ ਮੰਦੀ ਚਲ ਰਹੀ ਅਤੇ ਮਹਿੰਗਾਈ ਦਰ ਲਗਾਤਾਰ ਵਧ ਰਹੀ ਹੈ। ਆਰਥਿਕ ਵਿਕਾਸ ਦੀ ਖੜ੍ਹੋਤ ਅਤੇ ਨੌਕਰੀਆਂ ਦੀ ਘਾਟ ਕਾਰਨ, ਲੋਕਾਂ ਦੀ ਖਰੀਦ ਸ਼ਕਤੀ ਹੋਰ ਕਮਜ਼ੋਰ ਹੋ ਰਹੀ ਹੈ। ਲੋਕਾਂ ਲਈ ਖੁਰਾਕੀ ਕੀਮਤਾਂ ਦੀ ਮਹਿੰਗਾਈ ਵਿੱਚ ਵੀ ਵਾਧਾ ਜਾਰੀ ਹੈ। ਇਸ ਖਾਸ ਚੁਣੌਤੀ ਦਾ ਸਾਹਮਣਾ ਕਰਨ ਲਈ, ਉਹ ਆਪਣੇ ਢਿੱਡਾਂ ਨੂੰ ਗੰਢ ਮਾਰਕੇ, ਭੋਜਨ ਵਸਤਾਂ ਦੀ ਖਰੀਦੋ-ਫਰੋਖਤ ਘਟਾ ਰਹੇ ਹਨ। ਲੋਕਾਂ ਨੇ ਸੇਵਾ ਵਾਲੀਆਂ ਫੂਡ ਬੈਂਕਾਂ ਵੱਲ ਵਹੀਰਾਂ ਘੱਤ ਦਿੱਤੀਆਂ ਹਨ। ਇਨ੍ਹਾਂ ਫੂਡ ਬੈਂਕਾਂ ਲਈ ਵੀ ਇੰਨੇ ਲੋਕਾਂ ਲਈ ਦਾਨ ਇਕੱਠਾ ਕਰਕੇ ਮੁਫ਼ਤ ਸੇਵਾ ਕਰਨੀ ਮੁਸ਼ਕਿਲ ਹੋ ਰਹੀ ਹੈ। ਉਨ੍ਹਾਂ ਨੇ ਵੀ ਘੋਸ਼ਣਾ ਕੀਤੀ ਕਿ ਉਹਨਾਂ ਕੋਲ ਰਾਸ਼ਨ ਲੈਣ ਵਾਲਿਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ।

ਕੈਨੇਡਾ ਦੇ ਕੁੱਲ ਫੂਡ ਰਿਟੇਲ ਸੈਕਟਰ ਵਿੱਚ ਤਿੰਨ ਸਭ ਤੋਂ ਵੱਡੀਆਂ ਫਰਮਾਂ ਦੀ ਅਜ਼ਾਰੇਦਾਰੀ ਹੈ ਅਤੇ ਇਹ ਕੰਪਨੀਆਂ ਕਰਿਆਨੇ ਦੀ ਵਿਕਰੀ ਦੇ ਲਗਭਗ ਦੋ-ਤਿਹਾਈ ਹਿੱਸੇ ਨੂੰ ਨਿਯੰਤਰਿਤ ਕਰਦੀਆਂ ਹਨ। ਲੋ-ਬਲਾਜ਼ ਸੁਪਰਸਟੋਰ-ਚੇਨ ਇਨ੍ਹਾਂ ਵਿੱਚੋ ਇੱਕ ਹੈ, ਜਿਸਨੇ ਪਿਛਲੇ 15 ਸਾਲਾਂ ਵਿੱਚ ਸ਼ੇਅਰਧਾਰਕਾਂ ਦੇ ਭੁਗਤਾਨ ਵਿੱਚ ਮੁਨਾਫੇ ਦੇ ਵਾਧਾ ਪਬਲਿਕ ਕੀਤਾ ਹੈ। ਗਾਹਕਾਂ ਲਈ ਵਧ ਰਹੀਆਂ ਕੀਮਤਾਂ ਦੇ ਦੌਰ ਵਿੱਚ ਆਪਣੇ ਮੁਨਾਫੇ ਘਟਾਕੇ, ਖੁਰਾਕੀ ਵਸਤਾਂ ਵਿੱਚ ਲੋਕਾਂ ਨੂੰ ਰਾਹਤ ਦੇਣ ਦੀ ਬਜਾਏ, ਮੁਨਾਫੇ ਵਧਾਉਣ ਦੀ ਨੀਤੀ ਨੂੰ ਅਹਿਮੀਅਤ ਦਿੱਤੀ ਹੈ। ਇਸ ਕਰਕੇ ਇਹਨਾਂ ਸੁਪਰਸਟੋਰਾਂ ਦੇ ਖਿਲਾਫ ਲੋਕਾਂ ਦਾ ਗੁੱਸਾ ਲਗਾਤਾਰ ਵਧ ਰਿਹਾ ਹੈ।

ਇੱਕ ਅੰਕੜੇ ਮੁਤਾਬਿਕ ਅਕਤੂਬਰ ਤੋਂ ਪਿਛਲੇ 12 ਮਹੀਨਿਆਂ ਵਿੱਚ 3.1% ਦੀ ਆਮ ਮਹਿੰਗਾਈ ਅਤੇ ਖਾਸ ਤੌਰ 'ਤੇ ਭੋਜਨ ਦੀਆਂ ਕੀਮਤਾਂ ਵਿੱਚ 5.6% ਦਾ ਵਾਧਾ ਹੋਇਆ ਹੈ। ਇਹ ਪਿਛਲੇ ਸਾਲ ਕੈਨੇਡਾ ਵਿੱਚ ਭੋਜਨ ਦੀ ਵਿਕਰੀ ਵਿੱਚ 2% ਦੀ ਗਿਰਾਵਟ ਨੂੰ ਦਰਸਾਉਂਦਾ ਹੈ ਅਤੇ ਕੈਨੇਡੀਅਨਾਂ ਵਿੱਚ ਭੋਜਨ ਖਰਚਿਆਂ ਵਿੱਚ ਹੋ ਰਹੀ ਕਮੀ ਨੂੰ ਅੰਡਰਲਾਇਨ ਕਰਦਾ ਹੈ। 2023 ਦੀ ਤੀਜੀ ਤਿਮਾਹੀ ਲਈ ਸਟੈਟਿਸਟਿਕਸ ਕੈਨੇਡਾ ਦੁਆਰਾ ਤਿਆਰ ਰਿਪੋਰਟ ਵਿੱਚ, ਫੂਡ ਰਿਟੇਲ ਦੇ ਉਦਯੋਗ-ਵਿਆਪੀ ਵਿੱਤੀ ਅੰਕੜੇ ਦਰਸਾਉਂਦੇ ਹਨ ਕਿ ਭੋਜਨ ਦੇ ਪ੍ਰਚੂਨ ਲਾਭ ਦੁੱਗਣੇ ਤੋਂ ਵੱਧ ਹੋ ਗਏ ਹਨ ਅਤੇ ਮੁਨਾਫਾ ਵਧਦਾ ਜਾ ਰਿਹਾ ਹੈ। ਕਰਿਆਨੇ ਦੀਆਂ ਕੀਮਤਾਂ ਵਿੱਚ ਵਾਧਾ, ਕੈਨੇਡੀਅਨਾਂ ਦੇ ਜੇਬਾਂ ਉੱਤੇ ਲਗਾਤਾਰ ਦਬਾਅ ਪਾ ਰਿਹਾ ਹੈ। ਉਧਰ ਸੁਪਰਮਾਰਕੀਟ ਐਗਜ਼ੀਕਿਊਟਿਵ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਭੋਜਨ ਦੀਆਂ ਕੀਮਤਾਂ ਦੀ ਮਹਿੰਗਾਈ ਤੋਂ ਲਾਭ ਨਹੀਂ ਲਿਆ। ਉਹਨਾਂ ਮੁਤਾਬਿਕ ਉਹਨਾਂ ਸਿਰਫ਼ ਖਪਤਕਾਰਾਂ ਤੋਂ ਆਪਣੇ ਇਨਪੁਟਸ ਅਤੇ ਉਤਪਾਦਾਂ ਦੀਆਂ ਉੱਚੀਆਂ ਲਾਗਤਾਂ ਹੀ ਵਸੂਲ ਕੀਤੀਆਂ ਹਨ। ਆਰਥਿਕ ਅੰਕੜੇ, ਸੁਪਰਸਟੋਰ ਮਾਲਕਾਂ ਦੇ ਇਸ ਦਾਅਵੇ ਦਾ ਖੰਡਨ ਕਰਦੇ ਨਜ਼ਰ ਆ ਰਹੇ ਹਨ।



ਸਟੈਟਿਸਟਿਕਸ ਕੈਨੇਡਾ ਦੁਆਰਾ ਪਿਛਲੇ ਹਫਤੇ ਰਿਟੇਲ ਡਾਟਾ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਕੈਨੇਡਾ ਵਿੱਚ ਭੋਜਨ ਪ੍ਰਚੂਨ ਵਿਕਰੇਤਾ ਦੀ ਗਤੀਸ਼ੀਲਤਾ ਬਾਰੇ ਕੀਮਤੀ ਜਾਣਕਾਰੀ ਮਿਲੀ ਹੈ। ਮਾਰਚ 2021 ਵਿੱਚ, ਪ੍ਰਤੀ ਵਿਅਕਤੀ ਵਿਕਰੀ $277.03 ਦਰਸਾਉਂਦੀ ਹੈ। ਮਾਰਚ 2022 ਵਿੱਚ, ਪ੍ਰਤੀ ਵਿਅਕਤੀ ਵਿਕਰੀ ਵਿੱਚ $257.55 ਤੱਕ ਹੋਰ ਗਿਰਾਵਟ ਦਰਜ ਕੀਤੀ ਗਈ। ਮਾਰਚ 2023 ਤੋਂ ਇਹ ਡਾਟਾ $237.20 ਦੀ ਹੋਰ ਗਿਰਾਵਟ ਨੂੰ ਦਰਸਾਉਂਦਾ ਹੈ, ਜੋ ਕਿ ਸਭ ਤੋਂ ਹੇਠਲੇ ਅੰਕ ਲਈ ਇਤਿਹਾਸਕ ਰਿਕਾਰਡ ਹੈ। ਇਹ ਅੰਕੜੇ ਸਪਸ਼ਟ ਤੌਰ 'ਤੇ ਸਬਿਤ ਕਰ ਰਹੇ ਹਨ ਕਿ ਕੈਨੇਡੀਅਨ ਕਰਿਆਨੇ ਦੀਆਂ ਦੁਕਾਨਾਂ 'ਤੇ ਭੋਜਨ 'ਤੇ ਘੱਟ ਖਰਚ ਕਰ ਰਹੇ ਹਨ। ਫੂਡ ਬੈਂਕਾਂ ਨੇ ਵੀ ਘੋਸ਼ਣਾ ਕੀਤੀ ਹੈ ਕਿ ਉਹਨਾਂ ਕੋਲ ਰਾਸ਼ਨ ਲੈਣ ਵਾਲਿਆਂ ਵਿੱਚ ਲਗਾਤਾਰ ਵਾਧਾ ਪਹਿਲਾਂ ਨਾਲੋਂ ਇਸ ਸਾਲ 18% ਜ਼ਿਆਦਾ ਹੈ। ਫੂਡ ਬੈਂਕਾਂ 'ਤੇ ਲੋਕਾਂ ਦੀਆਂ ਵਧ ਰਹੀਆਂ ਲੰਬੀਆਂ ਲਾਈਨਾਂ ਦੀਆਂ ਰਿਪੋਰਟਾਂ ਵੀ, ਭੋਜਨ ਅਸੁਰੱਖਿਆ ਦੇ ਅੰਕੜੇ ਵਿੱਚ ਵਾਧਾ ਦਰਸਾਉਂਦੀਆਂ ਹਨ।

ਲੋਕਾਂ ਵਿੱਚ ਵੀ ਰੋਸ ਵਧਣਾ ਸ਼ੁਰੂ ਹੋ ਗਿਆ ਹੈ, ਲੋਕ ਮਹਿਸੂਸ ਕਰ ਰਹੇ ਹਨ ਕਿ ਬੇਲਗਾਮ ਵੱਡੇ ਕਰਿਆਨੇ 'ਤੇ ਨੱਥ ਪਾਉਣ ਲਈ ਸਰਕਾਰੀ ਕਾਰਵਾਈ ਚਾਹੀਦੀ ਹੈ। ਇਸ 1 ਮਈ ਤੋਂ ਸੁਪਰ-ਮਾਰਕੀਟ ਜਾਇੰਟ ਗ੍ਰੋਸਰ ਅਤੇ ਵਧੀਆਂ ਕੀਮਤਾਂ ਖਿਲਾਫ਼, 78,000 ਤੋਂ ਵੱਧ ਕੈਨੇਡੀਅਨ ਹੁਣ ਲੋ-ਬਲਾਜ਼ ਦਾ ਬਾਈਕਾਟ ਦੀ ਲਹਿਰ ਚਲਾ ਰਹੇ ਹਨ। ਲੋ-ਬਲਾ ਕੰਪਨੀ ਚੇਨ ਦੇ ਕਰਤਾ-ਧਰਤਾ ਗੈਲੇਨ ਵੈਸਟਨ ਨੇ ਬਾਈਕਾਟ ਨੂੰ "ਗੁੰਮਰਾਹਕੁੰਨ ਆਲੋਚਨਾ" ਕਿਹਾ ਹੈ। ਹੁਣ ਤੱਕ, ਇਹ ਕਰਿਆਨੇ ਦੀਆਂ ਦਿੱਗਜ ਕੰਪਨੀਆਂ ਆਪਣੀ ਮੁਨਾਫਾਖੋਰੀ ਲਈ ਜਵਾਬਦੇਹੀ ਤੋਂ ਬਚਣ ਵਿੱਚ ਕਾਮਯਾਬ ਰਹੀਆਂ ਹਨ। ਇਸ ਮਹੀਨੇ ਦੇ ਸ਼ੁਰੂ ਵਿੱਚ, ਟਰੂਡੋ ਲਿਬਰਲ ਸਰਕਾਰ ਵੱਲੋਂ "ਸਿਲਵਰ ਬੁਲੇਟ ਪਾਲਿਸੀ" - ਸਵੈਇੱਛਤ "ਗਰੋਸਰੀ ਕੋਡ ਆਫ ਕੰਡਕਟ" ਜਾਰੀ ਕੀਤੀ ਗਈ ਹੈ। ਪਰ ਇਸਨੂੰ ਸਵੈਇੱਛਤ ਕਰਕੇ ਕਾਰਪੋਰੇਟ ਦੀ ਮਰਜ਼ੀ ਤੇ ਛੱਡ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਟੋਰਾਂ ਤੇ ਲਾਗੂ ਕਰਨ ਲਈ ਕੋਈ ਸਰਕਾਰੀ ਹੁਕਮ ਨਹੀਂ ਹੈ। ਉਦਯੋਗ ਦੇ ਦੋ ਸਭ ਤੋਂ ਵੱਡੇ ਖਿਡਾਰੀ -ਵਾਲਮਾਰਟ ਅਤੇ ਲੋਬਲਾਜ਼- ਇਸ ਨੂੰ ਮੰਨਣ ਤੋਂ ਇਨਕਾਰੀ ਹਨ, ਪਰ ਸਰਕਾਰ ਵੱਲੋਂ ਇਸ ਨੂੰ ਹੁਕਮਾਂ ਦੇ ਤੌਰ 'ਤੇ ਲਾਗੂ ਕਰਣ ਲਈ ਕੋਈ ਯਤਨ ਨਹੀਂ ਕੀਤਾ ਜਾ ਰਿਹਾ।

ਕੈਨੇਡਾ ਵਿੱਚ ਕਾਰਪੋਰੇਟ ਸੈਕਟਰ 'ਤੇ ਵਾਧੂ ਮੁਨਾਫਾ ਟੈਕਸ ਲਗਾਉਣ ਦਾ ਤਰੀਕਾ ਕੋਈ ਨਵੀਂ ਗੱਲ ਨਹੀਂ ਹੈ। ਪਹਿਲਾਂ ਵੀ, ਦੂਜੇ ਵਿਸ਼ਵ ਯੁੱਧ ਦੌਰਾਨ, ਕੰਪਨੀਆਂ ਨੂੰ ਰਿਕਾਰਡ ਮੁਨਾਫਾ ਚਲਾਉਣ ਲਈ ਯੁੱਧ ਦੇ ਸਮੇਂ ਦੀਆਂ ਸਥਿਤੀਆਂ ਦਾ ਫਾਇਦਾ ਲੈਣ ਤੋਂ ਰੋਕਣ ਲਈ ਇੱਕ 'ਵਾਧੂ ਮੁਨਾਫਾ ਟੈਕਸ' ਲਾਗੂ ਕੀਤਾ ਗਿਆ ਸੀ। ਇਸੇ ਕਾਨੂੰਨ ਨੂੰ ਹੁਣ ਦੁਬਾਰਾ ਵੀ ਲਾਗੂ ਕੀਤਾ ਜਾ ਸਕਦਾ ਹੈ। ਨਵੇਂ ਮੁਨਾਫਾ ਟੈਕਸ ਨੂੰ ਭੋਜਨ ਖਰੀਦਣ ਲਈ ਜੂਝ ਰਹੇ ਲੋਕਾਂ ਲਈ, ਪਦਾਰਥਕ ਸਹਾਇਤਾ ਵਿੱਚ ਬਦਲਿਆ ਜਾ ਸਕਦਾ ਹੈ। ਇਹ ਕਾਰਵਾਈ ਵੱਡੇ ਕਰਿਆਨੇ ਦੇ ਲੋਕਾਂ ਨੂੰ ਕੀਮਤਾਂ ਵਧਾਉਣ ਲਈ ਦੋ ਵਾਰ ਸੋਚਣ ਲਈ ਮਜ਼ਬੂਰ ਕਰ ਸਕਦੀ ਹੈ।

'ਲੀਡ ਨਾਓ' ਨਾਮ ਦੀ ਇੱਕ ਸਮਾਜਿਕ ਸੰਸਥਾ ਨੇ ਕਿਹਾ ਹੈ ਕਿ ਕਈ ਸਾਲਾਂ ਤੋਂ ਕਰਿਆਨੇ ਦੀ ਵਧ ਰਹੀ ਮੁਨਾਫਾਖੋਰੀ, ਖ਼ਤਰੇ ਦੀ ਘੰਟੀ ਹੈ। ਇਸ ਸੰਸਥਾ ਨੇ ਮਹਾਂਮਾਰੀ ਦੇ ਸਿਖਰ 'ਤੇ ਇੱਕ ਜਨਤਕ ਰਾਇ ਲਈ ਕੰਪੇਨ ਰਾਹੀਂ ਤਕਰੀਬਨ 22,000 ਲੋਕਾਂ ਨੇ ਇੱਕ ਖੁੱਲ੍ਹੇ ਪੱਤਰ 'ਤੇ ਹਸਤਾਖਰ ਇੱਕਠੇ ਕੀਤੇ, ਜਿਸ ਵਿੱਚ ਲੋਬਲਾਜ਼ ਨੂੰ ਲਾਗਤ ਤੋਂ ਵੱਧ ਮੁਨਾਫ਼ਾਖੋਰੀ ਬੰਦ ਕਰਨ ਲਈ ਕਿਹਾ ਗਿਆ ਸੀ। ਉਹਨ੍ਹਾਂ ਇਸ ਮੈਮੋਰੰਡਮ ਨੂੰ ਲੋ-ਬਲਾਜ਼ ਹੈੱਡਕੁਆਰਟਰ ਤੱਕ ਪਹੁੰਚਾਇਆ ਸੀ। ਇਸ ਜਨਵਰੀ ਵਿੱਚ, 14,039 ਗਿਣਤੀ ਵਿੱਚ ਲੋਕਾਂ ਨੇ ਕਾਰਪੋਰੇਟ ਮੁਨਾਫਾਖੋਰੀ ਟੈਕਸ ਦੀ ਮੰਗ ਨੂੰ ਲੈਕੇ ਇੱਕ ਪਟੀਸ਼ਨ 'ਤੇ ਦਸਤਖਤ ਕੀਤੇ, ਜੋਕਿ ਲੋਬਲਾਜ਼ ਵਰਗੀਆਂ ਕੰਪਨੀਆਂ ਉੱਪਰ ਟੈਕਸ ਦੇ ਵਾਧੇ ਦੀ ਤਜ਼ਵੀਜ਼ ਦੇਵੇਗਾ ਅਤੇ ਭਵਿੱਖ ਵਿੱਚ ਕੀਮਤ ਦੇ ਵਾਧੇ ਨੂੰ ਨਿਰ-ਉਤਸਾਹਿਤ ਕਰੇਗਾ। ਕੈਨੇਡੀਅਨ ਲੋਕ ਹੁਣ ਵੱਡੇ ਕਰਿਆਨੇ ਵੱਲੋਂ, ਮੁਨਾਫੇ ਦੀ ਖੇਡ ਨੂੰ ਹੋਰ ਬਰਦਾਸ਼ਤ ਨਹੀਂ ਕਰ ਸਕਦੇ। ਇਸ ਸੰਸਥਾ ਨੇ ਕਿਹਾ ਕਿ ਕਰਿਆਨੇ ਦੀਆਂ ਕੀਮਤਾਂ ਵਧਣ ਕਰਕੇ, ਸਿਆਸਤਦਾਨਾਂ ਨੂੰ ਠੋਸ ਕਦਮ ਚੁੱਕਣੇ ਚਾਹੀਦੇ ਹਨ। ਭੋਜਨ ਦੀਆਂ ਕੀਮਤਾਂ ਨਾਲ ਨਜਿੱਠਣ ਲਈ ਸਰਕਾਰ ਨੂੰ ਆਪਣੇ ਵਿਧਾਨਕ ਹਥਿਆਰਾਂ ਦੀ ਵਰਤੋਂ ਕਰਨ ਦੀ ਲੋੜ ਹੈ।

ਲੋਕਾਂ ਵੱਲੋਂ ਚਲਾਈ ਜਾ ਰਹੀ ਮੁਹਿੰਮ ਦਾ ਅਸਰ ਵੀ ਦਿਖਣ ਲੱਗਾ ਹੈ । ਅਗਲੇ ਹਫਤੇ, ਐਨਡੀਪੀ ਨੇਤਾ ਜਗਮੀਤ ਸਿੰਘ ਨੇ ਕਰਿਆਨਾ ਕੰਪਨੀਆਂ ਦੇ ਵਾਧੂ ਮੁਨਾਫੇ 'ਤੇ ਟੈਕਸ ਲਗਾਉਣ ਲਈ ਪਾਰਲੀਮੈਂਟ ਵਿੱਚ, ਇੱਕ ਮਤਾ ਪੇਸ਼ ਕਰਨ ਦਾ ਐਲਾਨ ਕੀਤਾ ਹੈ ਅਤੇ ਇਸ ਤਰ੍ਹਾਂ ਉਹ ਬਾਕੀ ਸੰਸਦ ਮੈਂਬਰਾਂ ਨੂੰ ਲੋਕਾਂ ਦਾ ਪੱਖ ਚੁਣਨ ਲਈ ਮਜਬੂਰ ਕਰਨਗੇ। ਐਨਡੀਪੀ ਆਗੂ ਜਗਮੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਸਦਨ ਵਿੱਚ, ਇਨ੍ਹਾਂ ਵੱਡੇ ਕਰਿਆਨੇ ਸਟੋਰਾਂ 'ਤੇ ਵਾਧੂ ਮੁਨਾਫਾ ਟੈਕਸ ਲਗਾਉਣ ਲਈ ਮਜਬੂਰ ਕਰੇਗੀ ।

ਉਨ੍ਹਾਂ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਕੰਜ਼ਰਵੇਟਿਵ ਨੇਤਾ ਪਿਅਰੇ ਪੋਇਲੀਵਰ ਨੂੰ ਲਿਖੀ ਚਿੱਠੀ ਵਿਚ ਕਿਹਾ ਕਿ ਦੂਸਰੀਆਂ ਦੋਵਾਂ ਪਾਰਟੀਆਂ ਨੇ ਕਾਰਪੋਰੇਟ ਲਾਲਚ ਨਾਲ ਅਰਥਪੂਰਨ ਢੰਗ ਨਾਲ ਨਜਿੱਠਣ ਲਈ ਮੁਨਕਰ ਹਨ, ਇਸ ਲਈ ਐਨਡੀਪੀ ਪਾਰਟੀ ਨੂੰ ਕਾਰਵਾਈ ਕਰਨ ਲਈ ਮਜ਼ਬੂਰ ਹੋਣਾ ਪਿਆ ਹੈ। ਉਨ੍ਹਾਂ ਨੇ ਲੋ-ਬਲਾ ਸਟੋਰਾਂ ਦੇ ਹਾਲ ਹੀ ਵਿੱਚ ਆਯੋਜਿਤ ਬਾਈਕਾਟ ਦਾ ਹਵਾਲਾ ਦਿੰਦੇ ਹੋਏ ਲਿਖਿਆ, "ਤੁਹਾਡੀ ਅਸਫਲਤਾ ਕਾਰਨ, ਕੈਨੇਡੀਅਨ ਉੱਚੀਆਂ ਕੀਮਤਾਂ ਅਦਾ ਕਰ ਰਹੇ ਹਨ ਅਤੇ ਲੋਕਾਂ ਨੂੰ ਵੱਡੀਆਂ ਕਰਿਆਨੇ ਦੀਆਂ ਚੇਨਾਂ ਦਾ ਬਾਈਕਾਟ ਕਰਕੇ, ਮਾਮਲਾ ਆਪਣੇ ਹੱਥਾਂ ਵਿੱਚ ਲੈਣ ਲਈ ਮਜ਼ਬੂਰ ਹੱਣਾ ਪਿਆ ਹੈ"

'ਲੀਡ ਨਾਓ' ਸੰਸਥਾ ਨੇ ਕਿਹਾ ਕਿ ਮੀਡੀਆ ਦਾ ਧਿਆਨ ਭੋਜਨ ਦੀਆਂ ਕੀਮਤਾਂ 'ਤੇ ਹੈ, ਇਸ ਨਾਜ਼ੁਕ ਪਲਾਂ ਵਿੱਚ, ਸਾਡੇ ਸੰਸਦ ਮੈਂਬਰਾਂ ਨੂੰ ਮਸਲੇ ਵੱਲ ਧਿਆਨ ਦੇਣਾ ਬਣਦਾ ਹੈ। "ਜੇਕਰ ਸਾਡੇ ਵਿੱਚੋਂ ਹਜ਼ਾਰਾਂ ਲੋਕ ਸਾਡੇ ਸੰਸਦ ਮੈਂਬਰਾਂ ਦੇ ਇਨਬਾਕਸ ਨੂੰ ਪਟੀਸ਼ਨ ਦੇ ਮੈਸੇਜ਼ ਨਾਲ ਭਰ ਦਿੰਦੇ ਹਨ, ਤਾਂ ਅਸੀਂ ਉਹਨਾਂ ਤੋਂ ਉਮੀਦ ਕਰ ਸਕਦੇ ਹਾਂ ਕਿ ਸਾਡਾ ਪੈਸਾ, ਸਾਡੇ ਮੂੰਹ ਦੀ ਬੁਰਕੀ ਲਈ ਲਗਾਉਣ ਅਤੇ ਦੇਸ਼ ਦੀ ਵਿਧਾਨਕ ਕਿਤਾਬ ਨੂੰ ਲੋ-ਬਲਾਜ਼ ਵਰਗੇ ਕਰਿਆਨੇ ਦੇ ਮੈਗਾ-ਜਾਇੰਟਸ 'ਤੇ ਲਗਾਉਣ।" "ਅਸੀਂ ਜਾਣਦੇ ਹਾਂ ਕਿ ਕਰਿਆਨੇ ਦਾ ਸਾਮਾਨ ਖਰੀਦਣਾ ਹਰ ਕਿਸੇ ਦੇ ਦਿਮਾਗ ਲਈ ਵੱਡਾ ਮਸਲਾ ਹੈ, ਇਹੀ ਕਾਰਨ ਹੈ ਕਿ ਅਸੀਂ ਸਾਲਾਂ ਤੋਂ ਕਾਰਪੋਰੇਟ ਵੱਡੇ ਕਰਿਆਨੇ ਦੇ ਮਾਲਕਾਂ ਨੂੰ ਜਵਾਬਦੇਹ ਠਹਿਰਾਉਣ ਲਈ ਸਰਗਰਮੀ ਨਾਲ ਮੁਹਿੰਮ ਚਲਾ ਰਹੇ ਹਾਂ। ਹਾਲਾਂਕਿ ਐਨਡੀਪੀ ਪਾਰਟੀ ਦਾ ਪ੍ਰਸਤਾਵ ਮਤਾ, ਸਰਕਾਰ ਲਈ ਲਾਗੂ ਕਰਨ ਲਈ ਲਾਜ਼ਮੀ ਨਹੀਂ ਹੈ, ਪਰ ਫਿਰ ਵੀ ਇਤਿਹਾਸਕ ਹੈ - ਸੰਸਦ ਮੈਂਬਰਾਂ ਦਾ ਪਰਦਾਫਾਸ਼ ਹੋਵੇਗਾ ਕਿ ਉਹ ਵੱਡੇ ਕਰਿਆਨੇ 'ਤੇ ਲਗਾਮ ਲਗਾਉਣ ਲਈ ਕਿੱਥੇ ਖੜ੍ਹੇ ਹਨ। ਲੀਡ-ਨਾਓ ਦੇ ਬੁਲਾਰੇ ਐਡਨ ਅਤੇ ਕੇਟ ਨੇ ਕਿਹਾ ਕਿ ਜੇਕਰ ਇਹ ਪਾਸ ਹੋ ਜਾਂਦਾ ਹੈ ਤਾਂ ਫੈਡਰਲ ਸਰਕਾਰ ਨੂੰ ਇੱਕ ਮਜ਼ਬੂਤ ਸੰਕੇਤ ਮਿਲੇਗਾ ਕਿ ਜਨਤਾ ਉਨ੍ਹਾਂ ਤੋਂ ਕਰਿਆਨੇ 'ਤੇ ਮੁਨਾਫਾਖੋਰੀ ਟੈਕਸ ਲਗਾਉਣ ਦੀ ਉਮੀਦ ਕਰਦੀ ਹੈ ਅਤੇ ਕਾਰਵਾਈ ਕਰਨ ਲਈ ਦਬਾਅ ਬਣਾਏਗੀ।

# ਸਿਰਜਣ ਪ੍ਰਕਿਰਿਆ : ਕਾਲੇ ਲਿਖੋ ਨਾ ਲੇਖ ਦੀ ਘੁੰਡ ਚੁਕਾਈ

## ਇਹ ਕਿਤਾਬ 23 ਜੂਨ ਨੂੰ ਨਾਟਕ ਸਮਾਗਮ ਕੈਲਗਰੀ ਵਿਖੇ ਰਿਲੀਜ਼ ਕੀਤੀ ਜਾਵੇਗੀ



ਹਰੀਪਾਲ
403-714-4816

ਸਾਹਿਤ ਸਮਾਜ ਦਾ ਸ਼ੀਸ਼ਾ ਹੀ ਨਹੀਂ ਹੁੰਦਾ ਬਲਕਿ ਪਾਸ਼ ਦੇ ਕਥਨ ਅਨੁਸਾਰ ਸਾਹਿਤ ਸਮਾਜ ਦਾ ਸਟੇਰਿੰਗ ਵ੍ਹੀਲ ਹੁੰਦਾ ਹੈ। ਸਾਹਿਤ ਨੇ ਸਮਾਜ ਨੂੰ ਉਬੜ-ਖਾਬੜ ਰਾਂਹਾਂ ਚੋਂ ਕੱਢ ਕੇ ਸ਼ਾਹ ਰਾਹ ਤੇ ਪਾਉਣਾ ਹੁੰਦਾ ਹੈ। ਜਿਹੜਾ ਅੱਜ ਦਾ ਸਮਾਂ ਹੈ, ਇਹ ਨਿੱਜ ਦੇ ਰੋਣੇ ਜਾਂ ਰੋਮਾਂਟਿਕ ਸਾਹਿਤ ਦਾ ਸਮਾਂ ਨਹੀਂ ਹੈ। ਅੱਜ ਜੋ ਹਾਲਾਤ ਇਸ ਕਾਰਪੋਰੇਟ ਗਰੀਡ ਨੇ ਧਰਤੀ, ਹਵਾ, ਪਾਣੀ ਦੀ ਕਰ ਦਿੱਤੀ ਹੈ, ਇਸ ਕਾਰਪੋਰੇਟ ਗਰੀਡ ਨੂੰ ਨੱਥ ਪਾਉਣੀ ਲਾਜ਼ਮੀ ਹੈ ਨਹੀਂ ਤਾਂ ਧਰਤੀ ਤੇ ਮਨੁੱਖ ਜਾਨਵਰ ਤਾਂ ਕੀ ਬਨਸਪਤੀ ਵਗੈਰਾ ਸਭ ਕੁੱਝ ਖ਼ਤਮ ਹੋ ਜਾਵੇਗਾ। ਇਸ ਸਮੇਂ ਇਸ ਕਾਰਪੋਰੇਟ ਕਲਚਰ ਨੂੰ ਖ਼ਤਮ ਕਰਨ ਲਈ ਜਿਹੋ ਜਿਹਾ ਵੀ ਯੋਗਦਾਨ ਕੋਈ ਪਾ ਸਕਦਾ ਹੈ, ਪਾਉਣਾ ਚਾਹੀਦਾ ਹੈ। ਜਸਵੰਤ ਨੇ ਵੀ ਇਸ ਲੜਾਈ ਵਿੱਚ ਯੋਗਦਾਨ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਜਸਵੰਤ ਜਗੈਤ ਦੀ ਕਵਿੱਤਾ ਵੀ ਦੌਲਤ ਦੀ ਕਾਣੀ ਵੰਡ ਜਾਂ ਮਜ਼ਦੂਰ ਕਿਸਾਨ ਦੀ ਬਦਤਰ ਹੋ ਰਹੀ ਹਾਲਤ ਦੀ ਗੱਲ ਕਰਦੀ ਹੈ। ਸਾਡੀਆਂ ਵੋਟਾਂ ਨਾਲ਼ ਜਿੱਤ ਕੇ ਇਹ ਅਖੌਤੀ ਪ੍ਰਤੀਨਿੱਧ ਜਦ ਕੁਰਸੀ ਤੇ ਬਿਰਾਜਮਾਨ ਹੋ ਜਾਂਦੇ ਹਨ ਤਦ ਜਿਵੇਂ -

**'ਚੁਣੇ ਹੋਏ ਪ੍ਰਤੀਨਿੱਧ ਵੀ ਕੇਹਾ ਰਾਜ ਕਮਾਂਉਦੇ**
**ਧਨ ਕਿਰਤੀਆਂ ਦਾ ਚੋਰਾਂ ਦੇ ਘਰੀਂ ਵਾੜੀ ਜਾਂਦੇ ਨੇ'**

ਜਸਵੰਤ ਲੋਕਾਂ ਨੂੰ ਹੋਕਾ ਦਿੰਦਾਂ ਹੈ ਕਿ ਕਿਰਤੀਆਂ ਨੂੰ ਸਿਜਦਾ ਕਰੋ ਕਿਉਂਕਿ ਮਨੁੱਖ ਹੁਣ ਤੱਕ ਵਿਕਾਸ ਦੇ ਜਿਸ ਪੜਾਅ ਤੇ ਪਹੁੰਚਿਆ ਹੈ, ਇਹ ਕਿਰਤ ਦਾ ਹੀ ਸਿੱਟਾ ਹੈ, ਜਿਵੇਂ -

**'ਨੀਵੇਂ ਅੱਗੇ ਹੱਥ ਜੋੜ ਜ਼ਮਾਨਾ ਬਦਲ ਗਿਆ ਹੈ**
**ਉਚੇ ਦੀ ਬਾਂਹ ਮਰੋੜ ਜ਼ਮਾਨਾ ਬਦਲ ਗਿਆ ਹੈ'**
**ਕਵੀ ਹੱਕ ਦੀ ਕਮਾਈ ਦੀ ਗੱਲ ਕਰਦਾ ਹੈ-**
**'ਮੁਸ਼ੱਕਤ ਦੀ ਰੋਟੀ ਚੋਂ ਦੁੱਧ ਦੀਆਂ ਧਾਰਾਂ ਵਗਣ**
**ਖ਼ੂਨ 'ਚ ਲਿੱਬੜੀ ਰੋਟੀ ਦਾ ਆਹਾਰ ਨਹੀਂ ਹੁੰਦਾ'**

ਇਹ ਸੱਚ ਹੈ ਕਿ ਦੌਲਤ ਪਾਪਾ ਬਾਝੋਂ ਇਕੱਠੀ ਨਹੀਂ ਹੁੰਦੀ ਅਤੇ ਕਾਰਪੋਰੇਟ




ਅਦਾਰਿਆਂ ਦੇ ਮਹਿਲ ਮਜ਼ਦੂਰ ਦੇ ਖ਼ੂਨ ਪਸੀਨੇ ਨਾਲ਼ ਹੀ ਬਣਦੇ ਹਨ। ਮਹਿਲਾਂ ਦੀਆਂ ਨੀਹਾਂ ਵਿੱਚ ਮਜ਼ਦੂਰਾਂ ਦੀਆਂ ਹੱਡੀਆਂ ਚਿਣੀਆਂ ਜਾਂਦੀਆਂ ਹਨ ਅਤੇ ਮਜ਼ਦੂਰਾਂ ਦੇ ਅਰਮਾਨ ਵੀ ਦੱਬੇ ਜਾਂਦੇ ਹਨ। ਫਿਰ ਇਹਨਾਂ ਮਹਿਲਾ ਦੇ ਵਿੱਚ ਬੈਠ ਕੇ ਜੋ ਹੰਕਾਰ ਅਮੀਰਾਂ ਨੂੰ ਹੁੰਦਾ ਹੈ, ਉਸ ਨੂੰ ਬੜੀ ਖ਼ੂਬਸੂਰਤ ਉਦਾਹਰਣ ਵਿੱਚ ਪੇਸ਼ ਕੀਤਾ ਗਿਆ ਹੈ -

"ਉਚੇ ਮਹਿਲਾਂ ਵਿੱਚ ਬੈਠਣ ਕਰਕੇ ਹੁਣ ਕਾਂ ਵੀ ਖੁਦ ਨੂੰ ਬਹੁਤ ਵੱਡਾ ਗਰੁੜ ਸਮਝਣ ਲੱਗ ਪਿਆ ਹੈ"

ਅੱਜ ਹਾਲਤ ਇਹ ਹੈ ਕਿ ਕਿਰਤੀ ਕਿਰਤ ਵੀ ਕਰਦਾ ਹੈ ਪਰ ਜਦੋਂ ਆਪਦੀ ਕਿਰਤ ਦਾ ਮੁੱਲ ਮੰਗਦਾ ਹੈ ਤਾਂ ਖ਼ੁਆਰ ਹੀ ਹੁੰਦਾ ਹੈ ਤੇ ਲੋਕਾਂ ਦੇ ਢਿੱਡ ਭਰਨ ਵਾਲ਼ਾ ਆਪ ਭੁੱਖਾ ਹੀ ਸੌਂਦਾ ਹੈ, ਜਿਵੇਂ-

**'ਕਿਰਤੀ ਭੁੱਖ ਦੇ ਨਾਲ਼ ਖ਼ੁਆਰ ਹੁੰਦਾ ਵੇਖਿਆ**
**ਉਸਦੇ ਸਦਕੇ ਲੁਟੇਰਾ ਪਾਰ ਹੁੰਦਾ ਵੇਖਿਆ'**

ਇਸ ਭ੍ਰਿਸ਼ਟ ਨਿਜ਼ਾਮ ਨੇ ਅਦਾਲਤਾਂ ਨੂੰ ਭ੍ਰਿਸ਼ਟ ਕਰ ਦਿੱਤਾ ਹੈ । ਜਿੱਥੇ ਸੱਚੇ ਫਾਂਸੀ ਚੜ੍ਹਦੇ ਹਨ ਅਤੇ ਝੂਠੇ ਸ਼ਰੇਆਮ ਬਰੀ ਹੁੰਦੇ ਹਨ -

**'ਜਿੱਥੇ ਮੁਨਸ਼ਫ ਰੋਵੇ ਇਨਸਾਫ਼ ਨੂੰ**
**ਉਥੇ ਕਾਨੂੰਨ ਦਾ ਕੁੰਡਾ ਵਿਕਿਆ'**

ਅੱਜ ਧਨ ਕਮਾਉਣ ਦੀ ਹਵਸ ਇੰਨੀ ਬੁਰੀ ਤਰ੍ਹਾਂ ਭਾਰੂ ਹੋ ਗਈ ਹੈ ਕਿ ਲਾਲਚ ਨੇ ਜਿਹੜੀ ਹਵਾ 'ਚ ਅਸੀਂ ਸਾਹ ਲੈ ਰਹੇ ਹਾਂ ਉਸ ਦੀ ਗੁਣਵੰਤਾ ਤੇ ਵੀ ਪ੍ਰਸ਼ਨ ਚਿੰਨ ਲਾ ਦਿੱਤਾ ਹੈ। ਮਨੁੱਖ ਸਭ ਕੁੱਝ ਖ਼ਤਮ ਕਰਨ ਤੇ ਤੁੱਲ ਗਿਆ ਹੈ ਤੇ ਕਾਰਪੋਰੇਟ ਕਲਚਰ ਨੇ ਪੈਸੇ ਦੀ ਭੁੱਖ ਐਨੀ ਪੈਦਾ ਕਰ ਦਿੱਤੀ ਹੈ, ਜਿਵੇਂ-

**'ਦਰੱਖ਼ਤ ਪੁੱਟ ਪੁੱਟ ਕੇ ਜੰਗਲ਼ ਸਾਫ ਕਰੀ ਜਾਂਦੇ**
**ਪੌਣਾਂ ਦੇ ਵਿੱਚ ਜ਼ਹਿਰਾਂ ਉਲੱਦਣ ਲੱਗ ਪਏ ਨੇ'**

"ਕਾਲ਼ੇ ਲਿਖੋ ਨਾਂ ਲੇਖ" ਜਸਵੰਤ ਜਗੈਤ ਦੀ ਪਹਿਲੀ ਪੁਸਤਕ ਹੈ ਪਰ ਇਸ ਦੀਆਂ ਕਵਿੱਤਾਵਾਂ ਗਜ਼ਲਾਂ ਪੜਕੇ ਲੇਖਕ ਦੀ ਪ੍ਰੋੜ੍ਹਤਾ ਸਾਫ ਦਿਸਦੀ ਹੈ, ਲੇਖਕ ਨੇ ਸਭ ਕੌੜੇ ਮਿੱਠੇ ਤਜ਼ਰਬਿਆਂ ਨੂੰ ਜਾਂ ਜੋ ਮਹਿਸੂਸ ਕੀਤਾ ਹੈ ਉਸ ਨੂੰ ਬਿਆਨ ਕਰ ਦਿੱਤਾ ਹੈ। ਉਮੀਦ ਹੈ ਇਸ ਪੁਸਤਕ ਤੋਂ ਬਾਦ ਉਸ ਦੀ ਪੜ੍ਹਨ ਦੀ ਲਗਨ ਹੋਰ ਵਧੇਗੀ ਅਤੇ ਉਸਦੀ ਅਗਲੀ ਕਿਤਾਬ ਮਜ਼ੂਦੂਰ ਦਾ ਦੁਖ਼ਾਂਤ ਹੀ ਨਹੀਂ ਉਸਦਾ ਸੰਘਰਸ਼ ਵੀ ਬਿਆਨ ਕਰੇਗੀ। ਪੰਜਾਬੀ ਸਾਹਿਤ ਵਿੱਚ ਇਹੋ ਜਿਹੀ ਅਗਾਂਹਵਧੂ ਕਿਤਾਬ ਦਾ ਸੁਆਗਤ ਕਰਨਾ ਬਣਦਾ ਹੈ।



ਡਾ. ਬਲਜਿੰਦਰ
94170-79720
singh.drbaljinder@gmail.com

# ਸੂਰਤ-ਏ-ਹਾਲ - ਜਮਹੂਰੀਅਤ

**ਭਾਰਤ ਵਿਚ ਜਮਹੂਰੀਅਤ ਦਾ ਸਵਾਲ ਕਾਫ਼ੀ ਗੁੰਝਲਦਾਰ ਹੈ। ਉਸ ਦੀ ਇਕ ਪਰਤ ਨੂੰ ਸਮਝਣ ਲਈ ਅਜੋਕੇ ਸਮਿਆਂ ਵਿਚ ਕਿਸ ਕਿਸਮ ਦੀ ਬਦਲਵੀਂ ਜਮਹੂਰੀਅਤ ਦਾ ਸਵਾਲ ਉਭਾਰਿਆ ਜਾਵੇ। ਇਹ ਨੁਕਤਾ ਵੀ ਵਿਚਾਰਨ ਹਿੱਤ ਹੈ। - ਸੰਪਾਦਕ**

ਭਾਰਤ ਅੰਦਰ ਜਮਹੂਰੀ, ਜਮਹੂਰੀਅਤ, ਜਮਹੂਰੀ ਢੰਗ-ਤਰੀਕਾ, ਜਮਹੂਰੀ ਚੋਣਾਂ, ਜਮਹੂਰੀ ਪਾਰਲੀਮਾਨੀ ਢਾਂਚਾ ਹੋਣ ਦਾ ਰਾਗ ਹਰ ਪਾਸਿਓਂ ਹੀ ਅੱਜ ਕੱਲ ਸੁਣਾਈ ਦੇ ਰਿਹਾ ਹੈ। ਲੇਕਿਨ ਜਮਹੂਰੀਅਤ ਦਾ ਹੋਕਾ ਇਸ ਮੁਲਕ ਦੇ ਲੋਕਾਂ ਦੀ ਜ਼ਿੰਦਗੀ ਦੀ ਬਿਹਤਰੀ ਕਰਨ ਦੇ ਤਾਂ ਰਾਸ ਨਹੀਂ ਆਇਆ, ਉਲਟਾ ਲੋਕਾਂ ਦੀ ਹਾਲਤ ਤਾਂ 1947 ਤੋਂ ਵੀ ਪਹਿਲਾਂ ਵਾਲੀ ਅੰਗਰੇਜ਼ ਬਸਤੀਵਾਦੀਆਂ ਦੇ ਸਿੱਧੇ ਰਾਜ ਵਾਲੇ ਸਮੇਂ ਨਾਲੋਂ ਵੀ ਬਦਤਰ ਹੋਈ ਪਈ ਹੈ।

ਹਕੀਕੀ ਰੂਪ 'ਚ ਹਾਕਮ ਜਮਾਤਾਂ ਲਈ ਜਮਹੂਰੀਅਤ ਦਾ ਝੰਡਾ ਚੁੱਕਣ ਵਾਲੀਆਂ ਰਵਾਇਤੀ ਸਿਆਸੀ ਪਾਰਟੀਆਂ ਹਰ ਪੱਧਰ ਦੀਆਂ ਚੋਣਾਂ ਅੰਦਰ ਆਪਣੀ ਜਿੱਤ ਹਾਸਲ ਕਰਨ ਲਈ ਜਾਂ ਜਿੱਤ ਯਕੀਨੀ ਬਣਾਉਣ ਲਈ ਹਰ ਕਿਸਮ ਦੇ ਹੱਥਕੰਡੇ ਅਪਣਾਉਂਦੀਆਂ ਹਨ। ਹਕੂਮਤੀ ਕੁਰਸੀ 'ਤੇ ਬਿਰਾਜਮਾਨ ਸਿਆਸੀ ਪਾਰਟੀ ਕੋਲ ਬਾਕੀ ਦੀਆਂ ਪਾਰਟੀਆਂ ਦੇ ਮੁਕਾਬਲੇ ਵੋਟ ਸਿਆਸਤ ਨੂੰ ਆਪਣ ਹੱਕ 'ਚ ਭੁਗਤਾਉਣ ਲਈ ਅਨੇਕਾਂ ਕਿਸਮ ਦੇ ਸੰਦ-ਸੰਦੇੜੇ ਮੌਜੂਦ ਹੁੰਦੇ ਹਨ। ਇਹਨਾਂ 'ਚ ਵੋਟਰਾਂ ਨੂੰ ਵੋਟਾਂ ਪਾਉਣ ਤੋਂ ਰੋਕਣਾ, ਪੋਲਿੰਗ ਸਟੇਸ਼ਨਾਂ ਤੇ ਪੋਲਿੰਗ ਬੂਥਾਂ ਨੂੰ ਕਬਜ਼ੇ ਹੇਠ ਲੈ ਕੇ ਆਪਣੇ ਪਸੰਦੀਦਾ ਉਮੀਦਵਾਰ ਦੇ ਹੱਕ 'ਚ ਵੋਟਾਂ ਪੋਲ ਕਰਨੀਆਂ, ਵੋਟਰਾਂ ਨੂੰ ਆਪਣੇ ਹੱਕ 'ਚ ਭੁਗਤਾਉਣ ਲਈ ਫਿਰਕੇ, ਧਰਮ, ਇਲਾਕੇ, ਜਾਤ-ਬਰਾਦਰੀ ਆਦਿ ਦੇ ਹੋਕਰੇ ਮਾਰਨੇ, ਆਪਣੇ ਵਿਰੋਧੀ ਉਮੀਦਵਾਰਾਂ ਨੂੰ ਕੁਰਸੀ ਦਾ ਲਾਲਚ ਦੇਕੇ, ਪੈਸੇ ਨਾਲ ਖਰੀਦਕੇ ਅਤੇ ਇਨਕਮ ਟੈਕਸ, ਈਡੀ, ਐਨਆਈਏ ਤੇ ਹੋਰ ਸਰਕਾਰੀ ਸੰਸਥਾਨਾਂ ਦੇ ਛਾਪਿਆਂ ਦੇ ਡਰਾਵੇ ਦੇਕੇ ਸ਼ਾਂਤ ਕਰਨਾ ਤਾਂ ਇਹਨਾਂ ਹਰ ਰੰਗ 'ਚ ਰੰਗੀਆਂ ਸਿਆਸੀ ਪਾਰਟੀਆਂ ਦਾ ਮਨਭਾਉਂਦਾ ਖੇਡ-ਤਮਾਸ਼ਾ ਹੈ।

2024 ਦੀਆਂ ਪਾਰਲੀਮਾਨੀ ਚੋਣਾਂ ਅੰਦਰ ਅਜਿਹੇ ਸੱਭੇ ਰੰਗਾਂ ਦੀ ਬੈਂਗਣੀ ਲੋਕਾਂ ਦੀ ਕਚਿਹਰੀ ਅੰਦਰ ਉੱਘੜਕੇ ਸਾਹਮਣੇ ਹਾਜ਼ਰ ਹੋਈ ਹੈ। ਪਰ ਜਿਵੇਂ-ਜਿਵੇਂ ਹਾਕਮ ਜਮਾਤਾਂ ਦਾ ਆਲਮੀ ਪੱਧਰ ਅਤੇ ਕੌਮੀ ਪੱਧਰ 'ਤੇ ਵੀ ਸਿਆਸੀ ਤੇ ਆਰਥਕ ਸੰਕਟ ਕਿਸੇ ਢੁੱਕਵੇਂ ਹੱਲ ਦੇ ਨੇੜ-ਤੇੜ ਵੀ ਨਹੀਂ ਦਿਸ ਰਿਹਾ ਤਾਂ ਇਹਨਾਂ ਜਮਾਤਾਂ ਅੰਦਰ ਵੀ ਗਲਵੱਢਵੀਂ ਲੜਾਈ ਜ਼ੋਰ ਫੜ ਰਹੀ ਹੈ।

22 ਅਪ੍ਰੈਲ 2024 ਨੂੰ ਗੁਜਰਾਤ ਦੇ ਸੂਰਤ ਲੋਕ ਸਭਾ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਨੂੰ ਚੋਣ ਅਧਿਕਾਰੀ ਨੇ ਬਿਨਾਂ ਮੁਕਾਬਲਾ ਜੇਤੂ ਕਰਾਰ ਦੇ ਦਿੱਤਾ। 2024 ਦੀਆਂ ਇਹਨਾਂ ਪਾਰਲੀਮਾਨੀ ਚੋਣਾਂ ਅੰਦਰ ਭਾਜਪਾ ਦੀ ਇਹ ਪਹਿਲੀ ਜਿੱਤ ਹੈ। ਬਿਨਾਂ ਕਿਸੇ ਮੁਕਾਬਲੇ ਤੋਂ ਹੀ ਸੂਰਤ ਦੇ ਲੋਕਾਂ ਤੇ ਵੋਟਰਾਂ ਦੀ ਕਿਸੇ ਕਿਸਮ ਦੀ ਸ਼ਮੂਲੀਅਤ ਅਤੇ ਰਜ਼ਾ ਤੋਂ ਬਿਨਾਂ ਹੀ ਭਾਜਪਾ ਦੀ ਟਿਕਟ 'ਤੇ ਚੋਣ ਲੜਣ ਦੇ ਇੱਛਕ ਵਿਅਕਤੀ ਨੂੰ ਹੀ ਪਾਰਲੀਮੈਂਟ ਦਾ ਪਲੇਠਾ ਮੈਂਬਰ 'ਚੁਣ' ਦਿੱਤਾ ਗਿਆ ਹੈ। ਮੱਧ ਪ੍ਰਦੇਸ਼ ਦੇ ਇੰਦੌਰ ਲੋਕ ਸਭਾ ਸੀਟ ਤੋਂ ਵੀ ਅਜਿਹਾ ਹੀ ਕਾਂਡ ਦੁਹਰਾ ਦਿੱਤਾ ਹੈ। ਪਾਰਲੀਮਾਨੀ ਜਮਹੂਰੀਅਤ ਦਾ ਇਹ ਨੰਗਾ ਨਾਚ ਹੈ, ਜੀਹਦੇ 'ਚੋਂ ਲੋਕ ਮਨਫੀ ਹਨ ਅਤੇ ਪੈਸਾ-ਟਕਾ ਤੇ ਤਾਕਤਵਰ-ਸਾਧਨ-ਸੰਪੰਨ ਹੋਣਾ ਹੀ ਹਰ ਸ਼ੈਅ ਹੈ, ਜੋ ਕਿ ਮਾਅਨੇ ਰੱਖਦੀ ਹੈ।

ਆਪਣੇ ਵਿਰੋਧੀਆਂ ਨੂੰ ਗੁੱਠੇ ਲਾਉਣ ਲਈ ਇਸ ਵਰਤਾਰੇ ਨਾਲ ਜੁੜੀ ਹੋਈ ਭਾਜਪਾ ਦੇ 'ਕਾਂਗਰਸ-ਮੁਕਤ ਭਾਰਤ' ਵਾਲੇ ਨਾਅਰੇ ਅੰਦਰ ਛੁਪੀ ਹੋਈ ਹਕੀਕਤ ਨੂੰ ਵੀ ਸਮਝਣ ਦੀ ਲੋੜ ਹੈ। ਜਿਵੇਂ ਕਿ ਦੇਖਣ 'ਚ ਆਇਆ ਹੈ ਕਿ ਸੰਕਟ ਮੂੰਹ ਆਈਆਂ ਹਾਕਮ ਜਮਾਤਾਂ ਹਰ ਹੀਲੇ ਆਪਣੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਤਹੂ ਹਨ। ਅਜਿਹੇ ਹਾਲਤ 'ਚ ਉਹ ਕਿਸੇ ਵੀ ਹੱਦ ਤੱਕ ਜਾ ਕੇ ਆਪਣੀ ਚਹੇਤੀ 'ਜਮਹੂਰੀਅਤ' ਨੂੰ ਹੀ ਪੂਰੀ ਤਰ੍ਹਾਂ ਤੱਜ ਸਕਦੀਆਂ ਹਨ।



ਅੱਜ ਗੁਜਰਾਤ ਦੇ ਸੂਰਤ ਅਤੇ ਮੱਧ ਪ੍ਰਦੇਸ਼ ਦੇ ਇੰਦੌਰ ਲੋਕ ਸਭਾ ਹਲਕੇ ਅੰਦਰ ਜੋ ਹੋਇਆ ਹੈ ਉਹ ਹਰ ਕਿਸਮ ਦੇ ਵਿਰੋਧ ਤੇ ਵਿਰੋਧੀਆਂ ਦਾ ਹੀ ਗਲਾ ਘੁੱਟਣਾ ਹੈ ਅਤੇ ਮੁਲਕ ਦੇ ਸਮੁੱਚੇ ਢਾਂਚੇ ਨੂੰ ਭਗਵੇਂ ਰੰਗ 'ਚ ਰੰਗਣਾ ਹੈ। ਸੂਰਤ 'ਚ ਵਿਰੋਧੀ ਕਾਂਗਰਸ ਪਾਰਟੀ ਦੇ ਉਮੀਦਵਾਰ ਤੇ ਕਵਰਿੰਗ ਉਮੀਦਵਾਰ ਦੇ ਨਾਮਜ਼ਦਗੀ ਪੇਪਰਾਂ 'ਚ ਖਾਮੀਆਂ ਹੋਣ ਕਾਰਨ ਉਹਨਾਂ ਨੂੰ ਰੱਦ ਕਰ ਦਿੱਤਾ ਗਿਆ ਅਤੇ ਹੋਰਨਾਂ ਉਮੀਦਵਾਰਾਂ ਨੂੰ ਡਰਾ-ਧਮਕਾਕੇ ਅਤੇ ਲਾਲਚ ਦੇਕੇ ਉਹਨਾਂ ਨੂੰ ਆਪਣੇ ਨਾਮਜ਼ਦਗੀ ਪੇਪਰਾਂ ਨੂੰ ਵਾਪਸ ਲੈਣ ਲਈ ਮਜ਼ਬੂਰ ਕਰਕੇ ਇਕੱਲੀ ਭਾਜਪਾ ਦੇ ਉਮੀਦਵਾਰ ਦੇ ਨਾਮਜਦਗੀ ਪਰਚੇ ਦੇ ਹੀ ਦਰੁਸਤ ਪਾਏ ਜਾਣ ਦੀ ਸੂਰਤ 'ਚ ਸੂਰਤ-ਏ-ਹਾਲ ਭਾਜਪਾ ਹੀ ਸੂਰਤ ਲੋਕ ਸਭਾ ਹਲਕੇ ਤੋਂ ਜੇਤੂ ਕਰਾਰ ਦੇ ਦਿੱਤੀ ਗਈ। ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਜਿਸ ਢੰਗ ਨਾਲ ਜ਼ਿੰਦਗੀ ਦੇ ਹਰ ਖੇਤਰ ਅੰਦਰ ਫਾਸ਼ੀਵਾਦ ਨੂੰ ਫੈਲਾ ਰਹੀ ਹੈ, ਉਹ ਦਿਨ ਦੂਰ ਨਹੀਂ, ਜਦੋਂ ਮਨੂਵਾਦੀ ਸੰਵਿਧਾਨ ਲਾਗੂ ਕਰਦਿਆਂ ਨਾਮ-ਨਿਹਾਦ ਜਮਹੂਰੀਅਤ ਦੀ ਸਫ ਵੀ ਵਲੇਟ ਦਿੱਤੀ ਜਾਵੇਗੀ ਅਤੇ ਫਾਸ਼ੀਵਾਦੀ ਡਿਕਟੇਟਰਸ਼ਿਪ ਲਾਗੂ ਕਰ ਦਿੱਤੀ ਜਾਵੇਗੀ।









# ਸਾਂਝੀਵਾਲਤਾ ਅਤੇ ਪੰਜਾਬੀਅਤ ਦੀ ਸੇਵਾ ਲਈ 'ਕੈਨੇਡੀਅਨ ਪੰਜਾਬੀ ਕਲਚਰਲ ਸੁਸਾਇਟੀ, ਓਨਟਾਰੀਓ' ਦੀ ਸਥਾਪਨਾ

ਮਿਸੀਸਾਗਾ : ਸਾਂਝੀਵਾਲਤਾ, ਪੰਜਾਬੀ ਅਤੇ ਪੰਜਾਬੀ ਸੱਭਿਆਚਾਰ ਦੀ ਸੇਵਾ ਦੇ ਮਕਸਦ ਨਾਲ ਮਿਸੀਸਾਗਾ ਵਿਖੇ ਹੋਈ ਮੀਟਿੰਗ ਵਿੱਚ 'ਕੈਨੇਡੀਅਨ ਪੰਜਾਬੀ ਕਲਚਰਲ ਸੁਸਾਇਟੀ, ਓਨਟਾਰੀਓ' ਦਾ ਆਯੋਜਨ ਕੀਤਾ ਗਿਆ। ਇਸ ਪਹਿਲੀ ਮੀਟਿੰਗ ਵਿੱਚ ਬਹੁਤ ਸਾਰੇ ਕੈਨੇਡੀਅਨਾਂ ਨੇ ਹਿੱਸਾ ਲਿਆ ਜਿਨ੍ਹਾਂ ਨੇ ਇਸ ਉਦੇਸ਼ ਦੀ ਪੂਰਤੀ ਕਰਨ ਦਾ ਸੰਕਲਪ ਲਿਆ। ਡਾ:ਹਰਦੀਪ ਸਿੰਘ ਅਟਵਾਲ ਨੂੰ ਕਨਵੀਨਰ ਅਤੇ ਰਮਨਜੀਤ ਹੇਅਰ ਨੂੰ ਵਿੱਤ ਸਕੱਤਰ ਚੁਣਿਆ ਗਿਆ। ਮੀਟਿੰਗ ਦੇ ਮੈਂਬਰਾਂ ਨੇ ਪੰਜਾਬ ਦੀ ਸੱਭਿਆਚਾਰਕ ਵਿਰਾਸਤ, ਪੰਜਾਬੀ ਅਤੇ ਕੈਨੇਡਾ ਵਿੱਚ 'ਪੰਜਾਬੀਅਤ' ਦੀ ਰਾਖੀ ਕਰਨ, ਕੈਨੇਡੀਅਨ ਸੱਭਿਆਚਾਰ ਵਿੱਚ ਸ਼ਾਂਤੀ, ਏਕਤਾ ਅਤੇ ਸਦਭਾਵਨਾ ਵਿੱਚ ਹਿੱਸਾ ਲੈਣ ਦੇ ਨਾਲ-ਨਾਲ ਕੈਨੇਡੀਅਨ ਬਹੁ-ਸੱਭਿਆਚਾਰਕ ਸਮਾਜ ਵਿੱਚ ਹੋਰ ਭਾਸ਼ਾਵਾਂ ਦੇ ਪ੍ਰਵਾਸੀਆਂ ਦਰਮਿਆਨ ਪੁਲ ਬਣਾਉਣ ਦਾ ਵੀ ਸੰਕਲਪ ਲਿਆ। ਮੌਜੂਦਾ ਮੈਂਬਰਾਂ ਨੇ ਉੱਘੇ ਪੰਜਾਬੀ ਕਵੀ ਡਾ. ਸੁਰਜੀਤ ਪਾਤਰ ਨੂੰ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਦਾ ਹਾਲ ਹੀ ਵਿੱਚ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ ਗਿਆ ਅਤੇ ਉਨ੍ਹਾਂ ਦੇ ਜਾਣ ਨੂੰ ਪੰਜਾਬੀ ਸਾਹਿਤ ਅਤੇ ਭਾਸ਼ਾ ਲਈ ਵੱਡਾ ਘਾਟਾ ਦੱਸਿਆ।



ਮੀਟਿੰਗ ਵਿੱਚ ਉਹਨਾਂ ਮੈਂਬਰਾਂ ਨੇ ਹਿੱਸਾ ਲਿਆ ਜੋ ਕੈਨੇਡਾ ਦੀਆਂ ਹੋਰ ਸਮਾਜਿਕ ਸੰਸਥਾਵਾਂ ਵਿੱਚ ਵੀ ਸਰਗਰਮੀ ਨਾਲ ਆਪਣੀਆਂ ਸੇਵਾਵਾਂ ਦੇ ਰਹੇ ਹਨ। ਮੀਟਿੰਗ ਵਿੱਚ ਸ਼ਾਮਲ ਹੋਣ ਵਾਲੇ ਮੈਂਬਰਾਂ ਵਿੱਚ ਨਛੱਤਰ ਸਿੰਘ ਬਦੇਸ਼ਾ, ਡਾ. ਹਰਦੀਪ ਸਿੰਘ ਅਟਵਾਲ, ਰਵਿੰਦਰ ਕੌਰ ਚੰਨੋ, ਰਮਨਜੀਤ ਕਪੂਰ, ਹਰਜੀਤ ਸਿੰਘ ਬਰਾੜ, ਸਮਰੀਤ ਕੌਰ ਅਟਵਾਲ, ਸਤਿੰਦਰਪਾਲ ਸਿੰਘ, ਮਨਦੀਪ ਸਿੰਘ ਬਦੇਸ਼ਾ, ਅਮਨਪ੍ਰੀਤ ਸਿੱਧੂ, ਸੁਖਪ੍ਰੀਤ ਕੌਰ ਧਾਲੀਵਾਲ ਅਤੇ ਜੁਪਿੰਦਰ ਸਿੰਘ ਨਿਰਮਾਣ ਸ਼ਾਮਲ ਸਨ। ਡਾ. ਹਰਦੀਪ ਸਿੰਘ ਨੇ ਸੁਸਾਇਟੀ ਦੇ ਸਾਰੇ ਮੈਂਬਰਾਂ ਦਾ ਇੱਕ ਮਜ਼ਬੂਤ ਭਾਈਚਾਰਾ ਬਣਾਉਣ ਲਈ ਸੁਸਾਇਟੀ ਦੇ ਉਦੇਸ਼ਾਂ ਅਤੇ ਉਦੇਸ਼ਾਂ ਦੀ ਰੂਪਰੇਖਾ ਪੇਸ਼ ਕੀਤੀ। ਕੁਝ ਹੋਰ ਉਦੇਸ਼ਾਂ ਬਾਰੇ ਵਿਚਾਰ ਵਟਾਂਦਰੇ ਕੀਤੇ ਗਏ, ਪੰਜਾਬੀ ਭਾਈਚਾਰੇ ਦਾ ਇੱਕ ਸਵੈ-ਸਹਾਇਤਾ ਸਮੂਹ ਬਣਾਉਣਾ। ਧਰਮ, ਖੇਤਰ, ਲਿੰਗ ਅਤੇ ਜਾਤ ਦੀ ਕਿਸੇ ਸੀਮਾ ਤੋਂ ਬਿਨਾਂ ਪੰਜਾਬੀ ਲੋਕਾਂ ਦਾ ਮਜ਼ਬੂਤ ਰਿਸ਼ਤਾ ਸਿਰਜਣਾ ਅਤੇ ਗੁਰਮੁਖੀ, ਸ਼ਾਹਮੁਖੀ, ਪੰਜਾਬੀ-ਅੰਗਰੇਜ਼ੀ ਲਿਪੀ ਵਰਗੀ ਪੰਜਾਬੀ ਲਿਪੀ ਬਾਰੇ ਜਾਗਰੂਕਤਾ ਪੈਦਾ ਕਰਨਾ। ਕੈਨੇਡਾ ਵਿੱਚ ਪੰਜਾਬੀ ਨੌਜਵਾਨਾਂ ਵਿੱਚ ਨਸ਼ਿਆਂ ਦੇ ਸੱਭਿਆਚਾਰ ਅਤੇ ਪ੍ਰਸਿੱਧ 'ਗੰਨ ਕਲਚਰ' ਵਰਗੀਆਂ ਸਮਾਜਿਕ ਬੁਰਾਈਆਂ ਵਿਰੁੱਧ ਜਾਗਰੂਕਤਾ ਪੈਦਾ ਕਰਨਾ। ਕੈਨੇਡਾ ਵਿੱਚ ਚੱਲ ਰਹੇ ਵੱਖ-ਵੱਖ ਸਮਾਜਿਕ ਕਾਰਜਾਂ ਵਿੱਚ ਭਾਗ ਲੈਣਾ ਅਤੇ ਕੈਨੇਡੀਅਨ ਸਮਾਜ ਵਿੱਚ ਪੰਜਾਬੀ ਭਾਈਚਾਰੇ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਨਾ। ਡਾ. ਹਰਦੀਪ ਸਿੰਘ, ਰਮਨਦੀਪ ਹੇਹਰ, ਰਮਨਜੀਤ ਕਪੂਰ, ਸਤਿੰਦਰਪਾਲ ਸਿੰਘ, ਹਰਜੀਤ ਸਿੰਘ ਬਰਾੜ, ਅਮਨਪ੍ਰੀਤ ਕੌਰ, ਮਨਦੀਪ ਸਿੰਘ ਬਦੇਸ਼ਾ ਨੂੰ ਕਾਰਜਕਾਰੀ ਕਮੇਟੀ ਦਾ ਮੈਂਬਰ ਚੁਣਿਆ ਗਿਆ। ਡਾ: ਹਰਦੀਪ ਸਿੰਘ ਅਟਵਾਲ ਨੂੰ ਕਨਵੀਨਰ ਅਤੇ ਰਮਨਜੀਤ ਹੇਅਰ ਨੂੰ ਵਿੱਤ ਸਕੱਤਰ ਚੁਣਿਆ ਗਿਆ। ਸਾਰੇ ਮੈਂਬਰਾਂ ਨੇ ਸੁਸਾਇਟੀ ਦੇ ਭਵਿੱਖ ਦੇ ਸਮਾਗਮਾਂ ਅਤੇ ਸੁਸਾਇਟੀ ਦੇ ਨਵੇਂ ਮੈਂਬਰਾਂ ਨੂੰ ਦਾਖਲ ਕਰਨ ਦੀ ਯੋਜਨਾ ਬਣਾਈ।

# ਪੰਜਾਬੀ ਕਲਚਰਲ ਸੁਸਾਇਟੀ ਟਰਾਂਟੋ ਵੱਲੋਂ ਆਯੋਜਿਤ ਵਿਸਾਖੀ ਸਮਾਗਮ

ਟਰਾਂਟੋ : ਪੰਜਾਬੀ ਕਲਚਰਲ ਸੁਸਾਇਟੀ ਸਕਾਰਬਰੋ (ਟਰਾਂਟੋ) ਵਲੋਂ ਵਿਸਾਖੀ ਦੇ ਮਹੱਤਵਪੂਰਨ ਦਿਹਾੜੇ ਸੰਬੰਧੀ ਇਕ ਵਿੱਦਿਅਕ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਇਸ ਦਿਵਸ ਦੇ, ਪੰਜਾਬੀ ਸਭਿਆਚਾਰ, ਆਰਥਿਕਤਾ, ਇਤਿਹਾਸ ਅਤੇ ਰੋਜ਼-ਮਰਾਂ ਦੇ ਜਨ ਜੀਵਨ ਨਾਲ ਸੰਬੰਧ ਬਾਰੇ ਖੁੱਲ ਕੇ ਵਿਚਾਰਾਂ ਹੋਈਆਂ। ਫ਼ਸਲਾਂ ਦੇ ਪੱਕਣ ਦੀ ਖ਼ੁਸ਼ੀ 'ਤੇ ਪੈਂਦੇ ਭੰਗੜਿਆਂ, ਲਗਦੇ ਮੇਲਿਆਂ ਤੋਂ ਲੈ ਕੇ ਜਬਰ ਜ਼ੁਲਮ ਵਿਰੁੱਧ ਲਤਾੜੇ ਮਨੁੱਖਾਂ ਦੇ ਹੱਥ ਤਲਵਾਰ ਫੜਾ ਦੇਣ ਵਰਗੀ ਤਬਦੀਲੀ ਦਾ ਮੋਢੀ ਇਹ ਦਿਨ, ਚਰਚਾ ਦਾ ਉਚੇਚਾ ਵਿਸ਼ਾ ਬਣਿਆ ਰਿਹਾ।




ਪ੍ਰੋਗਰਾਮ ਦੀ ਸਦਾਰਤ ਦੀ ਜ਼ੁੰਮੇਵਾਰੀ ਸੰਭਾਲਦਿਆਂ ਪ੍ਰੇਮ ਸਿੰਘ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਉਪਰੰਤ ਸੁਰਿੰਦਰ ਸਿੰਘ ਭੁੱਲਰ ਨੇ ਵਸਾਖੀ ਦਿਹਾੜੇ ਬਾਰੇ ਸਮਾਜਕ ਰਵਾਇਤਾਂ, ਪੁਰਾਤਨ ਰੀਤੀ ਰਵਾਜਾਂ ਦੇ ਸੰਦਰਭ ਵਿਚ ਅਜੋਕੇ ਸਮਾਜ ਦੇ ਹਾਲਾਤ ਬਾਰੇ ਵਿਸਥਾਰ ਨਾਲ ਦੱਸਿਆ। ਪ੍ਰੇਮ ਸਿੰਘ ਪਵਿੱਤਰ ਸਿੰਘ ਦੀ ਜੋੜੀ ਨੇ ਵਿਸਾਖੀ ਦੇ ਇਤਿਹਾਸ ਬਾਰੇ ਰੋਚਕ ਕਵਿਤਾ ਦਾ ਗਾਇਨ ਕੀਤਾ।

ਮਹਿਮਾਨਾਂ ਦੇ ਮਨੋਰੰਜਨ ਦੇ ਨਾਲ ਨਾਲ ਗੰਭੀਰ ਵਿਸ਼ਿਆਂ ਦੇ ਵਿਚਾਰ ਚਰਚਾ ਹੋਈ। ਬਲਵਿੰਦਰ ਬਰਨਾਲਾ ਨੇ ਮਨੋਵਿਗਿਆਨ ਬਾਰੇ ਬੋਲਦਿਆਂ ਬੱਚਿਆਂ ਦੇ ਰੋਗਾਂ ਦੇ ਕਾਰਨ ਅਤੇ ਉਪਾਵਾਂ ਤੋਂ ਇਲਾਵਾ ਮੌਜੂਦਾ ਸੁਸਾਇਟੀ ਵਿਚ ਫੈਲੇ ਨਸ਼ਿਆਂ ਤੋਂ ਛੁਟਕਾਰਾ ਪੌਣ ਬਾਰੇ ਵਿਆਖਿਆ ਕੀਤੀ। ਰਾਜ ਕੁਮਾਰ ਨੇ ਪੰਜਾਬੀ ਵਾਰਤਕ ਬਾਰੇ ਖੋਜ ਭਰਪੂਰ ਵਿਆਖਿਆਨ ਦਿੱਤਾ। ਸੋਹਣ ਸਿੰਘ ਨੇ ਸੁਰਿੰਦਰ ਸਿੰਘ ਭੁੱਲਰ ਦੀ ਜੀਵਨੀ ਅਤੇ ਸਾਹਿਤ ਦੇ ਖੇਤਰ ਵਿਚਲੇ ਸਫ਼ਰ ਬਾਰੇ ਦੱਸਿਆ। ਹਰਪ੍ਰੀਤ ਸਿੰਘ ਨੇ ਵੀ ਮੌਜੂਦਾ ਸਮੇਂ ਦੇ ਹਾਲਾਤ ਬਾਰੇ ਦੱਸਦਿਆਂ ਸਮੇਂ ਦੇ ਹਾਣੀ ਹੋਣ ਬਾਰੇ ਵਿਚਾਰ ਦਿੱਤੇ। ਅਮਰਜੀਤ ਸਿੰਘ ਚਾਹਲ ਨੇ ਸਟੇਜ ਸੰਭਾਲਣ ਦੇ ਨਾਲ ਨਾਲ ਸੁਰਿੰਦਰ ਸਿੰਘ ਭੁੱਲਰ ਦੀ ਲਿਖੀ ਕਹਾਣੀਆਂ ਦੀ ਤੀਸਰੀ ਕਿਤਾਬ 'ਵਿੱਛੜਿਆ ਪੂਰਨ' ਜਿਸ ਦੀ ਅੱਜ ਹੀ ਪੇਸ਼ਕਾਰੀ ਕੀਤੀ ਜਾ ਰਹੀ ਸੀ, ਬਾਰੇ ਖੋਜ-ਲੇਖ ਪੜਿਆ ਅਤੇ ਪੰਜਾਬੀ ਕਹਾਣੀ ਦੇ ਆਰੰਭ ਅਤੇ ਵਿਕਾਸ ਦੇ ਸਫ਼ਰ ਤੇ ਝਾਤ ਪਾਈ।













# ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ ਦਿਨ : ਅਜੋਕੇ ਸਮੇਂ ਦੇ ਸਿਆਸੀ ਲੀਡਰਾਂ ਦੀ ਸਥਿਤੀ ’ਤੇ ਨਾਟਕ








ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿੱਖੇ ਗ਼ਦਰ ਪਾਰਟੀ ਦੇ ਜਰਨੈਲ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ ਨੂੰ ਸਮਰਪਿਤ ਨਾਟਕ ਮੇਲੇ ਦੌਰਾਨ ਵਿਸ਼ਵ ਪ੍ਰਸਿੱਧ ਰੰਗ ਕਰਮੀ ਡਾ ਸਾਹਿਬ ਸਿੰਘ ਵੱਲੋਂ ਖੇਡਿਆ ਨਾਟਕ ‘ਲੱਛੂ ਕੁਬਾੜੀਆ’ ਲੋਕਾਂ ਨੇ ਬਿਨਾ ਅੱਖ ਝਪਕਿਆਂ ਦੇਰ ਰਾਤ ਤੱਕ ਵੇਖਿਆ। ਸ਼ਹੀਦ ਬਾਬਾ ਭਾਨ ਸਿੰਘ ਗ਼ਦਰ ਮੈਮੋਰੀਅਲ ਟਰੱਸਟ, ਜਮਹੂਰੀ ਅਧਿਕਾਰ ਸਭਾ, ਗ਼ਦਰੀ ਬਾਬਾ ਭਾਨ ਸਿੰਘ ਨੌਜਵਾਨ ਸਭਾ, ਤਰਕਸ਼ੀਲ ਸੁਸੁਇਟੀ ਅਤੇ ਇਨਕਲਾਬੀ ਮਜਦੂਰ ਕੇਂਦਰ ਲੁਧਿਆਣਾ ਦੇ ਪ੍ਰਬੰਧਾਂ ਹੇਠ ਕਰਵਾਇਆ ਇਹ ਨਾਟਕ, ਧਰਮ ਅਤੇ ਜਾਤ-ਪਾਤ ਅਧਾਰਤ ਕੱਟੜਪੰਥੀਆਂ, ਰਾਜਨੀਤੀਵਾਨਾਂ ਅਤੇ ਘੜੱਮ ਚੌਧਰੀਆਂ ਵੱਲੋਂ ਕਿਰਤੀ ਵਰਗ ਨਾਲ ਕੀਤੇ ਜਾਂਦੇ ਗੈਰ ਮਨੁੱਖੀ ਵਰਤਾਓ ਨੂੰ ਬਹੁਤ ਹੀ ਦਿੱਲ ਟੂੰਬਵੇਂ ਅੰਦਾਜ ਰਾਹੀਂ ਪੇਸ਼ ਕਰਕੇ ਸਹੀ ਸੇਧ ਦੇਣ ਵਿੱਚ ਸਫਲ ਰਿਹਾ। ਦੇਸ਼ ਦੇ ਰਾਜਨੀਤੀਵਾਨਾਂ ਦੇ ਝੂਠ ਬੋਲਣੇ ਕਿਰਦਾਰ ਅਤੇ ਸਿਆਸੀ ਮੌਕਾਪ੍ਰਸਤੀ ਰਾਹੀਂ ਲੋਕਾਂ ਨਾਲ ਕੀਤੇ ਜਾਂਦੇ ਦੰਭਾਂ ਤੋਂ ਸੁਚੇਤ ਕਰਦਿਆਂ ਇਹ ਨਾਟਕ ਦ੍ਰਸ਼ਕਾਂ ਨੂੰ ਹਲੂਣਾ ਦੇ ਗਿਆ। ਨਾਟਕ ਰਾਹੀਂ ਦਰਸਾਇਆ ਗਿਆ ਕਿ ਦੇਸ਼ ਲਈ ਕਲੰਕ ਭੁੱਖੇ ਲੋਕ ਨਹੀਂ, ਸਗੋਂ ਭੁੱਖੇ ਰੱਖਣ ਵਾਲਾ ਰਾਜ ਪ੍ਰਬੰਧ ਪੈਦਾ ਕਰਨ ਵਾਲੇ ਹਨ ਜਿਹਨਾਂ ਦੇ ਗੁਨਾਹ ਅਮੀਰੀ ਅਤੇ ਚਿੱਟੇ ਕੱਪੜਿਆਂ ਹੇਠ ਛੁਪ ਜਾਂਦੇ ਹਨ। ਰਾਜ ਕਰਦਾ ਸ਼੍ਰੇਣੀ ਦਾ ਗਰੀਬ ਵਿਰੋਧੀ ਚਿਹਰਾ ਬੇ-ਨਿਕਾਬ ਕਰਦਿਆਂ, ਕਿਸਾਨ ਅਤੇ ਕਿਰਤੀ ਵਰਗ ਨੂੰ ਇੱਕ ਜੁੱਟ ਹੋ ਕੇ ਸਮਾਜ ਵਿੱਚ ਪ੍ਰਚੱਲਤ ਹਰ ਗਲਤ ਪ੍ਰੰਪਰਾ ਖਿਲਾਫ ਅੱਗੇ ਆਉਣ ਦਾ ਸੰਦੇਸ ਦਿੰਦਾ ਨਾਟਕ ਲੋਕਾਂ ਨੂੰ ਅਗਲਾ ਕਦਮ ਪੁੱਟਣ ਦਾ ਵੀ ਸੰਦੇਸ਼ ਦੇ ਗਿਆ। ਇਸ ਮੌਕੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋ ਜਗਮੋਹਨ ਸਿੰਘ ਨੇ ਮੁੱਖ ਬੁਲਾਰੇ ਵਜੋਂ ਸ਼ਹੀਦ ਕਰਤਾਰ ਸਿੰਘ ਅਤੇ ਗ਼ਦਰ ਪਾਰਟੀ ਵੱਲੋਂ ਦੇਸ਼ ਨੂੰ ਆਜ਼ਾਦ ਕਰਵਾਕੇ ਸਮਾਜ ਵਿੱਚ ਬਰਾਬਰੀ ਤੇ ਅਧਾਰਤ ਰਾਜ ਪ੍ਰਬੰਧ ਸਿਰਜਣ ਦੇ ਮਨਸੂਬਿਆਂ ਬਾਰੇ ਵਿਚਾਰ ਪ੍ਰਗਟਾਏ। ਉਹਨਾਂ ਸ਼ਹੀਦਾਂ ਵੱਲੋਂ ਦਿੱਤੇ ਨਾਹਰੇ ਇਨਕਲਾਬ ਜਿੰਦਾਬਾਦ ਅਤੇ ਸਾਮਰਾਜ ਮੁਰਦਾਬਾਦ ਨੂੰ ਪੂਰਾ ਕਰਨ ਲਈ ਸੱਦਾ ਦਿੰਦਿਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਵੱਲੋਂ ਸਾਮਰਾਜ ਮੁਰਦਾਬਾਦ ਨਾ ਬੋਲਣ ਨੂੰ ਸਾਮਰਾਜੀ ਹਿੱਤ ਵਿੱਚ ਭੁਗਤਣਾ ਕਰਾਰ ਦਿੱਤਾ। ਉਪਰੋਕਤ ਟਰੱਸਟ ਦੇ ਪ੍ਰਧਾਨ ਕਰਨਲ ਜੇ ਐਸ ਬਰਾੜ ਵੱਲੋਂ ਸੁਆਗਤੀ ਬੋਲਾਂ ਰਾਹੀਂ ਵੱਡੀ ਗਿਣਤੀ ਵਿੱਚ ਆਏ ਲੋਕਾਂ ਨੂੰ ਜੀ ਆਇਆਂ ਕਹਿੰਦਿਆਂ ਮੌਜੂਦਾ ਸਿਆਸੀ ਆਗੂਆਂ ਵੱਲੋਂ ਪਾਰਟੀਆਂ ਬਦਲਣ ਦੇ ਬੇਸ਼ਰਮੀ ਭਰੇ ਕਾਨਾਮਿਆਂ ਨੂੰ ਅਤਿ ਨਿੰਦਣਯੋਗ ਕਰਾਰ ਦਿੱਤਾ। ਮਜਦੂਰ



ਆਗੂ ਕਾ ਸੁਰਿੰਦਰ ਨੇ ਮੌਜੂਦਾ ਚੋਣਾਂ ਦੇ ਦੌਰ ਵਿੱਚ ਸਾਰੀਆਂ ਪਾਰਟੀਆਂ ਦੇ ਸਿਆਸਤਦਾਨਾਂ ਨੂੰ ਕਟਹਿਰੇ ਵਿੱਚ ਖੜਾ ਕਰਦਿਆਂ ਕਿਹਾ ਕਿ ਇਹਨਾਂ ਨੇ ਜਿੱਤਣ ਉਪਰੰਤ ਪਹਿਲਾਂ ਦੀ ਤਰ੍ਹਾਂ ਹੀ ਲੋਕਾਂ ਦੀ ਬਜਾਏ ਜੋਕਾਂ (ਕਾਰਪੋਰੇਟਾਂ) ਦੇ ਪੱਖ ਵਿੱਚ ਭੁਗਤਣਾ ਹੈ। ਉਹਨਾਂ ਸਪਸ਼ਟ ਕੀਤਾ ਕਿ ਸਮਾਜ ਵਿੱਚ ਲੋਕਾਂ ਦੇ ਦੋ ਧੜੇ ਹਨ, ਇੱਕ ਲੋਕਾਂ ਦਾ ਅਤੇ ਦੂਜਾ ਜੋਕਾਂ ਦਾ। ਵੋਟਾਂ ਬਟੋਰੂ ਜੋਕ ਧੜੇ ਦੇ ਨੁਮਾਇੰਦੇ ਹਨ ਨਾ ਕਿ ਲੋਕ ਧੜੇ ਦੇ। ਇਸ ਲਈ ਸਾਰੇ ਕਿਰਤੀ ਲੋਕਾਂ ਨੂੰ ਜੱਥੇਬੰਦ ਹੋ ਕੇ ਆਪਣੇ ਅਸਲ ਮੰਗਾਂ ਸਿੱਖਿਆ, ਰੋਜ਼ਗਾਰ, ਮਹਿੰਗਾਈ ਅਤੇ ਸਿਹਤ ਸਹੂਲਤਾਂ ਵਰਗੇ ਅਹਿਮ ਮਸਲੇ ਹੱਲ ਕਰਵਾਉਣ ਦਾ ਰਸਤਾ ਚੁਣਨਾ ਹੀ ਸਮੇਂ ਦੀ ਮੁੱਖ ਲੋੜ ਹੈ। ਇਸ ਦੌਰਾਨ ਸੁਬੇਗ ਸਿੰਘ, ਰਬਿਤਾ ਅਤੇ ਟੀਮ, ਕਰਮਜੀਤ ਕੌਰ, ਮੀਨਾਖਸ਼ੀ ਉਰਫ ਮੀਨੂੰ ਨੇ ਗੀਤ ਕਵਿਤਾਵਾਂ ਰਾਹੀਂ ਹਾਜਰੀ ਲਵਾਈ। ਰਵਿਤਾ ਅਤੇ ਉਸ ਦੀ ਟੀਮ ਨੇ ਮਹਿਰੂਮ ਸ਼ਾਇਰ ਸੁਰਜੀਤ ਪਾਤਰ ਦੀ ਕਵਿਤਾ ‘ਜਗਾਦੇ ਮੋਮਬੱਤੀਆਂ’ ਨੂੰ ਵੱਖਰੇ ਅੰਦਾਜ ਵਿੱਚ ਪੇਸ਼ ਕੀਤਾ ਜਿਸ ਵਿੱਚ ਵੱਖ ਵੱਖ ਲੋਕ ਪੱਖੀ ਜੱਥੇਬੰਦੀਆਂ ਦੇ ਆਗੂਆਂ ਨੇ ਹੱਥਾਂ ਵਿੱਚ ਜਗਦੀਆਂ ਮੋਮਬੱਤੀਆਂ ਫੜਕੇ, ਦਿਲਕੱਸ ਸੀਨ ਪੇਸ਼ ਕੀਤਾ। ਇਹਨਾਂ ਵਿੱਚ ਉਪਰੋਕਤ ਸਮੇਤ ਪ੍ਰੋ ਏ ਕੇ ਮਲੇਰੀ, ਡਾ ਹਰਬੰਸ ਗਰੇਵਾਲ, ਹਰਕੇਸ਼ ਚੌਧਰੀ ਮੁੱਲਾਂਪੁਰ ਤਰਕਸ਼ੀਲ ਆਗੂ ਧਰਮਪਾਲ ਸਿੰਘ, ਕਰਤਾਰ ਵੀਰਾਨ ਜਗਰਾਓਂ, ਰੁਪਿੰਦਰ ਜੰਡਿਆਲੀ, ਰਾਜਿੰਦਰ ਜੰਡਿਆਲੀ, ਕਰਤਾਰ ਸਿੰਘ, ਪ੍ਰਮਜੀਤ ਸਿੰਘ, ਨੌਜਵਾਨ ਸਭਾ ਦੇ ਆਗੂ ਐਡਵੋਕੇਟ ਹਰਪ੍ਰੀਤ ਜੀਰਖ, ਰਾਕੇਸ਼ ਆਜ਼ਾਦ , ਜਗਜੀਤ ਸਿੰਘ, ਅਰੁਣ ਕੁਮਾਰ, ਪ੍ਰਤਾਪ ਸਿੰਘ, ਮੁਲਾਜ਼ਮ ਆਗੂ ਹਰਦੇਵ ਮੁੱਲਾਪੁਰ, ਸੁਖਵਿੰਦਰ ਲੀਲ, ਅਜਮੇਰ ਦਾਖਾ ਅਤੇ ਹੋਰ ਵੱਡੀ ਗਿਣਤੀ ਕਾਰਕੁੰਨ ਸ਼ਾਮਲ ਸਨ। ਅੰਤ ਵਿੱਚ ਡਾ ਸਾਹਿਬ ਸਿੰਘ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਤ ਕੀਤਾ ਗਿਆ। ਸਮੁੱਚਾ ਸਟੇਜ ਸੰਚਾਲਨ ਜਸਵੰਤ ਜ਼ੀਰਖ ਵੱਲੋਂ ਨਿਭਾਇਆ ਗਿਆ। ਸਮਾਗਮ ਦੇ ਪ੍ਰਬੰਧਾਂ ਲਈ ਨੌਜਵਾਨ ਸਭਾ ਦੀ ਅਹਿਮ ਭੂਮਿਕਾ ਰਹੀ।

ਇਸ ਤੋਂ ਬਿਨਾਂ ਸਮਾਜ ਸੇਵੀ ਮਲਕੀਤ ਸਿੰਘ ਮਾਲ੍ਹੜਾ ਵੱਲੋਂ ਪ੍ਰੋ ਜਗਮੋਹਨ ਸਿੰਘ, ਕਰਨਲ ਜੇ ਐਸ ਬਰਾੜ, ਹਰਪ੍ਰੀਤ ਜੀਰਖ ਅਤੇ ਬਾਬਾ ਭਾਨ ਸਿੰਘ ਯਾਦਗਾਰ ਦੀ ਸਾਂਭ ਸੰਭਾਲ ਵਿੱਚ ਸਹਿਯੋਗੀ ਮਹੇਸ਼ ਨੂੰ ਸਨਮਾਨਿਤ ਕੀਤਾ ਗਿਆ।












# ਅਮਰੀਕਨ ਯੂਨੀਵਰਸਿਟੀਆਂ ਦੇ ਕੈਂਪਸ ਬਣੇ ਯੁੱਧ ਵਿਰੋਧੀ ਸੰਘਰਸ਼ ਦੇ ਅਖਾੜੇ



ਬੂਟਾ ਸਿੰਘ
ਮਹਿਮੂਦਪੁਰ
94634-74342

ਅਮਰੀਕਾ ਤੇ ਨਾਟੋ ਗੁੱਟ ਦੀ ਨੰਗੀ ਸ਼ਹਿ ਅਤੇ ਬੇਥਾਹ ਮੱਦਦ ਨਾਲ ਇਜ਼ਰਾਇਲੀ ਦਹਿਸ਼ਤਵਾਦੀ ਸਟੇਟ ਬੇਖ਼ੌਫ਼ ਹੋ ਕੇ ਫ਼ਲਸਤੀਨੀਆਂ ਦੀ ਨਸਲਕੁਸ਼ੀ ਕਰ ਰਿਹਾ ਹੈ। ਜਿਵੇਂ ਗਾਜ਼ਾ ਤੇ ਹੋਰ ਫ਼ਲਸਤੀਨੀਂ ਇਲਾਕਿਆਂ ਵਿਚ ਕਰੂਰਤਾ ਦੀਆਂ ਸਭ ਹੱਦਾਂ ਟੱਪ ਕੇ ਕਤਲੇਆਮ ਤੇ ਤਬਾਹੀ ਕੀਤੀ ਜਾ ਰਹੀ ਹੈ, ਉਸ ਵਿਰੁੱਧ ਦੁਨੀਆ 'ਚ ਵਿਆਪਕ ਰੋਹ ਹੈ। ਅਮਰੀਕਾ ਵੱਲੋਂ 7 ਅਕਤੂਬਰ 2023 ਤੋਂ ਲੈ ਕੇ ਇਜ਼ਰਾਇਲ ਨੂੰ ਹਥਿਆਰਾਂ ਦੀਆਂ 100 ਤੋਂ ਵੱਧ ਖੇਪਾਂ ਭੇਜੀਆਂ ਗਈਆਂ ਹਨ ਅਤੇ ਅਰਬਾਂ ਡਾਲਰ ਮਾਲੀ ਮੱਦਦ ਦਿੱਤੀ ਗਈ ਹੈ। ਹੁਣ ਤੱਕ ਗਾਜ਼ਾ ਵਿਚ ਘੱਟੋਘੱਟ 15000 ਬੱਚਿਆਂ ਸਮੇਤ 34000 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਅਤੇ 77000 ਤੋਂ ਵੱਧ ਜ਼ਖ਼ਮੀ ਹੋਏ ਹਨ। ਜਿਨ੍ਹਾਂ ਵਿਚ ਜ਼ਿਆਦਾਤਰ ਬੱਚੇ ਅਤੇ ਔਰਤਾਂ ਹਨ। ਇਸ ਨੇ ਅਮਰੀਕਾ ਦੇ ਦਹਿ-ਹਜ਼ਾਰਾਂ ਵਿਦਿਆਰਥੀਆਂ ਦੀ ਜ਼ਮੀਰ ਨੂੰ ਝੰਜੋੜਿਆ ਹੈ ਅਤੇ ਜਾਗਦੀ ਜ਼ਮੀਰ ਵਾਲੇ ਵਿਦਿਆਰਥੀ ਤੇ ਫੈਕਲਟੀ ਮੈਂਬਰ ਹਜ਼ਾਰਾਂ ਦੀ ਗਿਣਤੀ 'ਚ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਅਮਰੀਕਾ ਦੀਆਂ 60 ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਕੈਂਪਸਾਂ 'ਚ ਪੱਕੇ ਟੈਂਟ ਲਗਾ ਕੇ ਕਤਲੇਆਮ ਵਿਰੁੱਧ ਜ਼ੋਰਦਾਰ ਆਵਾਜ਼ ਉੱਠੀ ਹੈ। ਇਕ ਹੋਰ ਰਿਪੋਰਟ ਅਨੁਸਾਰ ਫ਼ਲਸਤੀਨੀਆਂ ਨਾਲ ਇਕਮੁੱਠਤਾ ਅੰਦੋਲਨ ਪਿਛਲੇ ਦੋ ਹਫ਼ਤਿਆਂ 'ਚ ਅਮਰੀਕਾ ਦੇ ਘੱਟੋਘੱਟ 154 ਕਾਲਜ ਕੈਂਪਸਾਂ ਤੱਕ ਫੈਲ ਗਿਆ ਹੈ ਅਤੇ ਇਸਦਾ ਪ੍ਰਭਾਵ ਹੋਰ ਮੁਲਕਾਂ 'ਚ ਦੇਖਿਆ ਜਾ ਸਕਦਾ ਹੈ।

17 ਅਪ੍ਰੈਲ ਨੂੰ ਜਦੋਂ ਨਿਊਯਾਰਕ ਸ਼ਹਿਰ 'ਚ ਕੋਲੰਬੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਫੈਕਲਟੀ ਵੱਲੋਂ ਫ਼ਲਸਤੀਨੀਂ ਲੋਕਾਂ ਨਾਲ ਇਕਜੁੱਟਤਾ ਦਿਖਾਉਂਦਿਆਂ ਕੈਂਪਸ ਦੇ ਵਿਚਕਾਰ ਪੱਕਾ ਕੈਂਪ ਲਗਾ ਦਿੱਤਾ ਗਿਆ ਤਾਂ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਅਗਲੇ ਦਿਨ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਸਥਾਨਕ ਸਟੇਟ ਅਥਾਰਟੀਜ਼ ਨੇ ਤਾਕਤ ਵਰਤਕੇ ਵਿਦਿਆਰਥੀਆਂ ਨੂੰ ਖਦੇੜਨਾ ਚਾਹਿਆ। ਪੁਲਿਸ ਵੱਲੋਂ ਹਾਲ ਦੇ ਅੰਦਰ ਰਾਈਫ਼ਲ ਨਾਲ ਗੋਲੀ ਵੀ ਚਲਾਈ ਗਈ। 100 ਤੋਂ ਵੱਧ ਵਿਦਿਆਰਥੀ ਗ੍ਰਿਫ਼ਤਾਰ ਕਰ ਲਏ ਗਏ। ਵਿਦਿਆਰਥੀਆਂ ਨੇ ਖਿੰਡਣ ਦੀ ਬਜਾਏ ਨਵਾਂ ਕੈਂਪ ਸਥਾਪਤ ਕਰ ਲਿਆ। ਜਦੋਂ ਯੂਨੀਵਰਸਿਟੀ ਦੀ ਪ੍ਰਧਾਨ ਸ਼ਫ਼ੀਕ ਨੇ ਫ਼ਲਸਤੀਨ ਨਾਲ ਇਕਜੁੱਟਤਾ ਨੂੰ ਯਹੂਦੀ ਵਿਰੋਧੀ ਕਰਾਰ ਦੇ ਕੇ ਬਦਨਾਮ ਕਰਨ ਦੀ ਬੇਹੂਦਗੀ ਕੀਤੀ ਤਾਂ ਵਿਦਿਆਰਥੀਆਂ ਦਾ ਗੁੱਸਾ ਹੋਰ ਵੀ ਭੜਕ ਉੱਠਿਆ। ਲਾਮਬੰਦੀ ਨੂੰ ਤੋੜਨ ਲਈ ਪੁਲਿਸ ਤਾਕਤ ਦੀ ਵਰਤੋਂ ਅਤੇ ਅਜਿਹੀ ਚਿੱਕੜ ਉਛਾਲੀ ਐਸੀ ਚੰਗਿਆੜੀ ਬਣ ਗਈ ਜਿਸ ਨੇ ਅੰਦੋਲਨ ਦੀ ਅੱਗ ਪੂਰੇ ਅਮਰੀਕਾ 'ਚ ਫੈਲਾ ਦਿੱਤੀ। ਅਮਰੀਕਾ ਦੀ ਤੀਜੀ ਸਭ ਤੋਂ ਵੱਡੀ ਯੂਨੀਵਰਸਿਟੀ, ਓਹੀਓ ਸਟੇਟ ਯੂਨੀਵਰਸਿਟੀ ਵਿਚ ਵੀ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਨੇ ਪੱਕੇ ਮੋਰਚੇ ਲਗਾ ਲਏ। ਯੇਲ ਕੈਂਪਸ ਤੋਂ ਸ਼ੁਰੂ ਹੋ ਕੇ ਕੈਂਪਸ-ਦਰ-ਕੈਂਪਸ ਵੱਡੀਆਂ-ਵੱਡੀਆਂ ਲਾਮਬੰਦੀਆਂ ਹੋ ਰਹੀਆਂ ਹਨ। ਪੋਰਟਲੈਂਡ 'ਚ ਯੂਨੀਵਰਸਿਟੀ ਆਫ ਸਾਊਦਰਨ ਮੇਨ, ਫਲੋਰਿਡਾ ਯੂਨੀਵਰਸਿਟੀ, ਐਰੀਜ਼ੋਨਾ ਯੂਨੀਵਰਸਿਟੀ ਟਕਸਨ 'ਚ ਵਿਦਿਆਰਥੀਆਂ ਨੇ ਕੈਂਪ ਲਗਾ ਗਏ। ਇਸ ਤੋਂ ਉਤਸ਼ਾਹਤ ਹੋ ਕੇ ਹੋਰ ਮੁਲਕਾਂ 'ਚ ਵੀ ਇਸੇ ਤਰਜ਼ ਦਾ ਵਿਰੋਧ ਉੱਠਣਾ ਸ਼ੁਰੂ ਹੋ ਗਿਆ। ਫਰਾਂਸ, ਗਰੀਸ, ਬਰਤਾਨੀਆ ਅਤੇ ਆਸਟ੍ਰੇਲੀਆ ਵਿਚ ਵੀ ਕੈਂਪਸਾਂ 'ਚ ਪੱਕੇ ਮੋਰਚੇ ਮੱਲਣ ਦੇ ਯਤਨ ਸ਼ੁਰੂ ਹੋ ਗਏ। ਬਾਇਡੇਨ ਸਰਕਾਰ ਅਤੇ ਉਸ ਦੇ ਨਾਟੋ ਜੋਟੀਦਾਰਾਂ ਨੂੰ ਡਰ ਸਤਾਉਣ ਲੱਗਾ ਕਿ ਇਹ ਮੁਜ਼ਾਹਰੇ ਕਿਤੇ 1960ਵਿਆਂ ਦੇ ਵੀਅਤਨਾਮ ਯੁੱਧ ਵਿਰੋਧੀ ਮੁਜ਼ਾਹਰਿਆਂ ਜਾਂ 1980ਵਿਆਂ ਦੇ ਦੱਖਣੀ ਅਫ਼ਰੀਕੀ ਨਸਲਵਾਦ ਵਿਰੁੱਧ ਵਿਸ਼ਾਲ ਮੁਜ਼ਾਹਰਿਆਂ ਵਰਗੀ ਵਿਸ਼ਾਲ ਲਹਿਰ ਨਾ ਬਣ ਜਾਣ। ਇਰਾਕ ਯੁੱਧ, 'ਆਕੂਪਾਈ ਵਾਲ ਸਟ੍ਰੀਟ' ਲਹਿਰ ਅਤੇ ਜਾਰਜ ਫਲੋਇਡ ਦੇ ਨਸਲਵਾਦੀ ਕਤਲ ਵਿਰੁੱਧ ਵੀ ਅਮਰੀਕਾ ਵਿਚ ਵਿਸ਼ਾਲ ਮੁਜ਼ਾਹਰੇ ਹੋਏ ਸਨ ਪਰ ਉਹ ਕੈਂਪਸਾਂ ਤੋਂ ਬਾਹਰ ਹੁੰਦੇ ਰਹੇ। ਅਮਰੀਕਨ ਵਿਦਿਆਰਥੀ ਲਹਿਰਾਂ ਦਾ ਅਧਿਐਨ ਕਰਨ ਵਾਲੇ ਪ੍ਰਮੁੱਖ ਅਮਰੀਕਨ ਵਿਦਵਾਨਾਂ ਦਾ ਮੰਨਣਾ ਹੈ ਕਿ ਕੈਂਪਸਾਂ ਵਿਚ ਇਹ 21ਵੀਂ ਸਦੀ ਦਾ "ਹੁਣ ਤੱਕ ਦਾ ਸਭ ਤੋਂ ਵੱਡਾ ਵਿਦਿਆਰਥੀ ਅੰਦੋਲਨ" ਹੈ।

ਬਾਇਡੇਨ ਸਰਕਾਰ ਇਸ ਹਕੀਕਤ ਤੋਂ ਭਲੀਭਾਂਤ ਵਾਕਫ਼ ਹੈ। ਇਸੇ ਕਰਕੇ ਅੰਦੋਲਨਕਾਰੀਆਂ ਦੀ ਦ੍ਰਿੜਤਾ ਅਤੇ ਇਕਜੁੱਟਤਾ ਤੋਂ ਬੁਖਲਾਈ ਸਰਕਾਰ ਲਾਮਬੰਦੀ ਨੂੰ ਤੋੜਨ ਲਈ ਆਪਣੀ ਮੈਕਾਰਥੀਵਾਦ ਦੀ ਜਾਬਰ ਵਿਰਾਸਤ ਅਨੁਸਾਰ ਸਰੇਆਮ ਫਾਸ਼ੀਵਾਦੀ ਹਮਲੇ ਦੇ ਰਾਹ ਪੈ ਤੁਰੀ ਹੈ ਅਤੇ ਝੂਠੇ ਬਿਰਤਾਂਤ ਰਾਹੀਂ ਹਮਲੇ ਨੂੰ ਜਾਇਜ਼ ਠਹਿਰਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਜਾ ਰਹੀ ਹੈ। ਬਾਇਡੇਨ ਨੇ ਮੁਜ਼ਾਹਰਾਕਾਰੀਆਂ ਨੂੰ ਨਫ਼ਰਤੀ ਗਰੁੱਪ ਕਹਿਕੇ ਭੰਡਿਆ। ਹਾਊਸ ਦੇ 22 ਡੈਮਕਰੇਟਿਕ ਮੈਂਬਰਾਂ ਨੇ ਮੁਜ਼ਾਹਰਾਕਾਰੀਆਂ ਨੂੰ ਕੋਲੰਬੀਆ ਕੈਂਪਸ ਤੋਂ ਖਦੇੜ ਦੇਣ ਦੀ ਮੰਗ ਕੀਤੀ। ਸੈਨੇਟ 'ਚ ਬੋਲਦਿਆਂ ਸੀਨੀਅਰ ਮੈਂਬਰ ਚਕ ਸ਼ੀਮਰ ਨੇ ਹਿੰਡ ਹਾਲ ਉੱਪਰ ਮੁਜ਼ਾਹਰਾਕਾਰੀਆਂ ਦੇ ਕਬਜ਼ੇ ਨੂੰ ਦਹਿਸ਼ਤਵਾਦੀ ਕਾਰਵਾਈ ਕਿਹਾ। ਜਦਕਿ ਏਸੀਐੱਲਈਡੀ (ਆਰਮਡ ਕੰਫਲਿਕਟ ਲੋਕੇਸ਼ਨ ਅਤੇ ਈਵੈਂਟ ਡੇਟਾ ਪ੍ਰੋਜੈਕਟ) ਰਿਪੋਰਟ ਕਹਿੰਦੀ ਹੈ ਕਿ ਕੈਂਪਸ ਵਿਚ 99% ਮੁਜ਼ਾਹਰਾਕਾਰੀ ਸ਼ਾਂਤਮਈ ਸਨ। ਅਮਰੀਕਾ 'ਚ ਸਿਵਲ ਰਾਈਟਸ ਲਹਿਰ, ਔਰਤਾਂ ਦੀ ਲਹਿਰ, ਰੰਗਭੇਦ ਵਿਰੋਧੀ ਲਹਿਰ, ਵੀਅਤਨਾਮ ਜੰਗ ਵਿਰੋਧੀ ਲਹਿਰ, ਬਲੈਕ ਲਾਈਵਜ਼ ਮੈਟਰ ਲਹਿਰ, ਆਕੂਪਾਈ ਵਾਲ ਸਟ੍ਰੀਟ ਲਹਿਰ ਆਦਿ ਦੇ ਰੂਪ 'ਚ ਸੱਤਾ ਦੀਆਂ ਨੀਤੀਆਂ ਦਾ ਵਿਰੋਧ ਕਰਨ ਅਤੇ ਵਿਚਾਰ-ਪ੍ਰਗਟਾਵੇ ਦੀ ਆਜ਼ਾਦੀ ਦੀ ਸ਼ਾਨਦਾਰ ਪਰੰਪਰਾ ਰਹੀ ਹੈ। ਸਾਰੇ ਮਖੌਟੇ ਲਾਹ ਕੇ ਬਾਇਡੇਨ ਦਰਅਸਲ ਇਸ ਸਮੁੱਚੀ ਪਰੰਪਰਾ ਨੂੰ ਰੱਦ ਕਰ ਰਿਹਾ ਹੈ ਜਿਸਦਾ ਸਤਿਕਾਰ ਕਰਨ ਦਾ ਉਹ ਢੌਂਗ ਰਚਦਾ ਸੀ।

ਜਾਬਰ ਹਕੂਮਤਾਂ ਅਕਸਰ ਹੀ ਆਪਣੀਆਂ ਜਾਬਰ ਨੀਤੀਆਂ ਵਿਰੁੱਧ ਲੋਕ-ਰਾਇ ਨੂੰ ਤੋੜਨ ਲਈ 'ਅਮਨ-ਕਾਨੂੰਨ ਬਣਾਈ ਰੱਖਣ' ਦੇ ਬਹਾਨੇ ਹਮਲੇ ਕਰਦੀਆਂ ਹਨ। ਹਰ ਜਾਬਰ ਵਾਂਗ ਬਾਇਡੇਨ ਸਰਕਾਰ ਨੂੰ ਵੀ ਭਰਮ ਸੀ ਕਿ ਉਹ ਬੇਕਿਰਕ ਤਾਕਤ ਵਰਤਕੇ ਸ਼ੁਰੂ 'ਚ ਹੀ ਵਿਦਿਆਰਥੀ ਉਭਾਰ ਨੂੰ ਦਬਾ ਦੇਣਗੇ। ਇਹ ਭਰਮ ਉਨ੍ਹਾਂ ਨੂੰ ਪੁੱਠਾ ਪੈ ਗਿਆ ਅਤੇ ਅੰਦੋਲਨ ਹੋਰ ਭੜਕ ਉੱਠਿਆ। ਯੂਨੀਵਰਸਿਟੀਆਂ ਦੇ ਵਿਰੋਧ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਵਿੱਢੇ ਹਮਲੇ 'ਚ ਪੂਰੇ ਅਮਰੀਕਾ 'ਚ 1000 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ('ਅਪੀਲ' ਵੱਲੋਂ ਸੰਗ੍ਰਹਿ ਕੀਤੇ ਅੰਕੜਿਆਂ ਅਨੁਸਾਰ




*ਜਾਰਜ ਫਲੌਇਡ ਦੇ ਕਤਲ ਵਿਰੁੱਧ ਵਿਰੋਧ ਪ੍ਰਦਰਸ਼ਨਾਂ ਸਮੇਂ ਬਾਇਡੇਨ ਨੇ ਕਿਹਾ ਸੀ: ''ਅਸੀਂ ਕਿਸੇ ਵੀ ਰਾਸ਼ਟਰਪਤੀ ਨੂੰ ਆਪਣੀ ਆਵਾਜ਼ ਨੂੰ ਖ਼ਾਮੋਸ਼ ਕਰਨ ਦੀ ਇਜਾਜ਼ਤ ਨਹੀਂ ਦੇਵਾਂਗੇ। ਅਸੀਂ ਉਨ੍ਹਾਂ ਲੋਕਾਂ ਨੂੰ ਅਜਿਹਾ ਨਹੀਂ ਕਰਨ ਦਿਆਂਗੇ ਜੋ ਇਸ ਨੂੰ ਅਰਾਜਕਤਾ ਫੈਲਾਉਣ ਦੇ ਮੌਕੇ ਦੇ ਰੂਪ 'ਚ ਦੇਖਦੇ ਹਨ, ਕਿ ਉਹ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦੇ ਕੇਂਦਰ 'ਚ ਮੌਜੂਦ ਵਾਸਤਵਿਕ ਅਤੇ ਜਾਇਜ਼ ਸ਼ਿਕਾਇਤਾਂ ਤੋਂ ਸਾਡਾ ਧਿਆਨ ਭਟਕਾਉਣ ਲਈ ਕੋਈ ਪਰਦਾ ਪਾਉਣ।'' ਹੁਣ ਉਹੀ ਬਾਇਡੇਨ ਰਾਸ਼ਟਰਪਤੀ ਬਣ ਕੇ ਵਿਦਿਆਰਥੀ ਅੰਦੋਲਨ ਦੀਆਂ ਵਾਸਤਵਿਕ ਅਤੇ ਜਾਇਜ਼ ਸ਼ਿਕਾਇਤਾਂ/ਸਵਾਲਾਂ ਨੂੰ ਮੁਖ਼ਾਤਿਬ ਹੋਣ ਦੀ ਬਜਾਏ ਇਨ੍ਹਾਂ ਨੂੰ ਭੰਨਤੋੜ ਕਹਿ ਕੇ ਭੰਡ ਰਿਹਾ ਹੈ। – ਸੰਪਾਦਕ*



ਹਰ ਕਿਸਮ ਦੇ ਫਾਰਮ ਭਰਵਾਉਣ ਲਈ ਮਿਲੋ
ਪਾਸਪੋਰਟ ਰੀਨਿਊ (ਕੈਨੇਡੀਅਨ ਜਾ ਇੰਡੀਅਨ), ਕੈਨੇਡੀਅਨ ਸਿਟੀਜ਼ਨਸ਼ਿਪ, ਪੀ.ਆਰ. ਕਾਰਡ ਰੀਨਿਊ, ਪੈਨਸ਼ਨ ਦੇ ਫਾਰਮ (ਸੀ.ਪੀ.ਪੀ., ਓਲਡ ਏਜ, ਅਲਬਰਟਾ ਪੈਨਸ਼ਨ), ਕੈਨੇਡੀਅਨ ਚਾਈਲਡ ਬੈਨੀਫਿਟ, ਆਦਿ।
ਵਾਜਿਬ ਰੇਟ 'ਤੇ ਹਰ ਦਿਨ ਸੇਵਾਵਾਂ ਉਪਲਬਧ।



Lash Extension Service
Looking for lash extensions in Calgary?
I offer classic, hybrid and volume sets at reasonable price.
Located in Cornerstone, NE.


Please email or message on Instagram @llash_n_pout
Corner Meadows Gate NE, Calgary, AB T3N
Nav Gill : 780-850-7730

Balloon House by Gurpreet
Gurpreet Gill
Founder
(403) 408-6566









For Birthday - Anniversary - Baby Shower - Shower
@balloonhousebygurpreet

BAINS VISION CENTRE



Jaswinder S Bains, Ph.D., OD.
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

ਇਸ ਮਹੀਨੇ 72 ਕੈਂਪਸ ਵਿਰੋਧ-ਪ੍ਰਦਰਸ਼ਨਾਂ ਤੋਂ 2000 ਦੇ ਕਰੀਬ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਬਹੁਤ ਸਾਰੇ ਵਿਦਿਆਰਥੀਆਂ ਉੱਪਰ 'ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਵਿਰੁੱਧ ਹੇਟ ਕ੍ਰਾਈਮ' ਦੇ ਸੰਗੀਨ ਇਲਜ਼ਾਮ ਲਗਾਏ ਗਏ ਹਨ ਜੋ ਉਨ੍ਹਾਂ ਦਾ ਭਵਿੱਖ ਤਬਾਹ ਕਰ ਸਕਦੇ ਹਨ।) ਨਿਊਯਾਰਕ ਯੂਨੀਵਰਸਿਟੀ 'ਚ ਦਰਜਨਾਂ ਵਿਦਿਆਰਥੀ ਗ੍ਰਿਫ਼ਤਾਰ ਕਰ ਲਏ ਗਏ। ਜਦੋਂ ਫੈਕਲਟੀ ਨੇ ਆਪਣੇ ਵਿਦਿਆਰਥੀਆਂ ਨੂੰ ਪ੍ਰਸ਼ਾਸਨ ਦੀ ਹਿੰਸਾ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ 20 ਫੈਕਲਟੀ ਮੈਂਬਰਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਯੇਲ ਯੂਨੀਵਰਸਿਟੀ 'ਚ ਵੀ 47 ਵਿਦਿਆਰਥੀਆਂ ਸਮੇਤ 60 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਯੂਨੀਵਰਸਿਟੀ ਆਫ਼ ਸਾਊਦਰਨ ਕੈਲੀਫੋਰਨੀਆ, ਲਾਸ ਏਂਜਲਸ, ਵਿਚ ਵਿਦਿਆਰਥੀਆਂ ਨੇ ਅਲੂਮਨੀ ਪਾਰਕ ਉੱਪਰ ਕਾਬਜ਼ ਹੋ ਕੇ ਇਜ਼ਰਾਇਲ ਵਿਚ ਯੂਨੀਵਰਸਿਟੀ ਦਾ ਨਿਵੇਸ਼ ਖ਼ਤਮ ਕਰਨ ਦੀ ਮੰਗ ਕੀਤੀ। ਪੁਲਿਸ ਨੇ ਹਮਲਾ ਕਰਕੇ 93 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਯੂਨੀਵਰਸਿਟੀ ਨੂੰ ਡਿਗਰੀਆਂ ਦੇਣ ਦਾ ਪ੍ਰੋਗਰਾਮ ਰੱਦ ਕਰਨਾ ਪੈ ਗਿਆ। ਕੈਂਪਸ ਪ੍ਰਸ਼ਾਸਨ ਅਤੇ ਪੁਲਿਸ ਦੇ ਜਬਰ ਦੇ ਬਾਵਜੂਦ ਵਿਰੋਧ ਜਾਰੀ ਹੈ। ਆਸਟਿਨ ਵਿਖੇ ਯੂਨੀਵਰਸਿਟੀ ਆਫ ਟੈਕਸਸ ਵਿਚ ਵੀ ਕਲਾਸਾਂ ਛੱਡ ਕੇ ਵਿਰੋਧ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਉੱਪਰ ਵਹਿਸ਼ੀ ਜਬਰ ਕੀਤਾ ਗਿਆ ਅਤੇ 57 ਪ੍ਰਦਰਸ਼ਕਾਰੀ ਗ੍ਰਿਫ਼ਤਾਰ ਕਰ ਲਏ ਗਏ। ਇਮੋਰੀ ਯੂਨੀਵਰਸਿਟੀ ਵਿਚ ਵੀ 28 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਵਾਸ਼ਿੰਗਟਨ ਯੂਨੀਵਰਸਿਟੀ, ਇੰਡੀਆਨਾ ਯੂਨੀਵਰਸਿਟੀ ਆਦਿ ਵਿਚ ਵੀ 200 ਤੋਂ ਵੱਧ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਦੀਆਂ ਰਿਪੋਰਟਾਂ ਹਨ। ਮਿਸੌਰੀ ਵਿਚ ਵਾਸ਼ਿੰਗਟਨ ਯੂਨੀਵਰਸਿਟੀ ਦੇ ਛੇ ਫੈਕਲਟੀ ਮੈਂਬਰਾਂ ਨੂੰ, ਜਿਨ੍ਹਾਂ ਵਿੱਚੋਂ ਚਾਰ ਨੂੰ ਵਿਰੋਧ ਪ੍ਰਦਰਸ਼ਨ ਵਿੱਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਨਾ ਸਿਰਫ਼ ਕੈਂਪਸ ਵਿਚ ਆਉਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ ਸਗੋਂ ਕੈਂਪਸ ਦੇ ਬਾਹਰ ਵੀ ਯੂਨੀਵਰਸਿਟੀ ਸਟਾਫ਼ ਅਤੇ ਵਿਦਿਆਰਥੀਆਂ ਨਾਲ ਗੱਲ ਕਰਨ ਦੀ ਮਨਾਹੀ ਕਰ ਦਿੱਤੀ ਗਈ ਹੈ। ਸ਼ਾਂਤਮਈ ਅੰਦੋਲਨ ਦੇ ਰੂਪ 'ਚ ਵਿਰੋਧ ਕਰਨ ਦਾ ਜਮਹੂਰੀ ਹੱਕ ਵਰਤਣ ਵਾਲਿਆਂ ਵਿਰੁੱਧ ਪੁਲਿਸ ਅਤੇ ਬਕਤਰਬੰਦ ਫ਼ੌਜੀ ਦਸਤਿਆਂ ਵੱਲੋਂ ਲਾਠੀਆਂ, ਅੱਥਰੂ ਗੈਸ ਅਤੇ ਘੋੜ-ਸਵਾਰ ਪੁਲਿਸ ਦੀ ਦਹਿਸ਼ਤ ਦੀ ਵਰਤੋਂ ਕੀਤੀ ਗਈ ਹੈ। ਅੰਦੋਲਨਕਾਰੀਆਂ ਨੂੰ ਵਹਿਸ਼ੀਆਨਾ ਕੁੱਟਮਾਰ, ਬਦਤਮੀਜ਼ੀ ਅਤੇ ਗ੍ਰਿਫ਼ਤਾਰੀਆਂ ਦਾ ਸਾਹਮਣਾ ਕਰਨਾ ਪਿਆ ਹੈ। ਅਮਰੀਕਨ ਕਾਂਗਰਸ ਦੇ ਮਾਈਕ ਜੌਹਨਸਨ ਵਰਗੇ ਚੋਟੀ ਦੇ ਅਧਿਕਾਰੀ ਫਾਸ਼ੀਵਾਦੀ ਤਾਂ ਵਿਦਿਆਰਥੀਆਂ ਨੂੰ ਕੁਚਲਣ ਲਈ ਰਿਜ਼ਰਵ ਮਿਲਟਰੀ ਤਾਕਤ, ਨੈਸ਼ਨਲ ਗਾਰਡਾਂ ਦੀ ਮੱਦਦ ਲੈਣ ਦੀ ਵਕਾਲਤ ਕਰ ਰਹੇ ਹਨ। ਹੁਣ ਜ਼ਰਾ ਕਲਪਨਾ ਕਰੋ ਕਿ ਜੇ ਇਸੇ ਤਰ੍ਹਾਂ ਦੀ ਪੁਲਿਸ ਹਿੰਸਾ ਰੂਸ ਦੇ ਤਾਨਾਸ਼ਾਹ ਪੁਤਿਨ ਨੇ ਯੂਕਰੇਨ ਯੁੱਧ ਵਿਰੋਧੀ ਮੁਜ਼ਾਹਰਾਕਾਰੀਆਂ ਵਿਰੁੱਧ ਕੀਤੀ ਹੁੰਦੀ ਤਾਂ ਵਾਈਟ ਹਾਊਸ, ਅਮਰੀਕਨ ਕਾਂਗਰਸ, ਬਾਇਡੇਨ ਅਤੇ ਅਮਰੀਕਨ ਮੀਡੀਆ ਦਾ ਪ੍ਰਤੀਕਰਮ ਕੀ ਹੁੰਦਾ!

ਜਬਰ ਸਿਰਫ਼ ਲਾਠੀਚਾਰਜ, ਅੱਥਰੂ ਗੈਸ ਦੇ ਗੋਲਿਆਂ ਅਤੇ ਗ੍ਰਿਫ਼ਤਾਰੀਆਂ ਤੱਕ ਸੀਮਤ ਨਹੀਂ ਹੈ। ਬਹੁਤ ਸਾਰੇ ਕੈਂਪਸਾਂ ਵਿਚ ਪੁਲਿਸ ਨਫ਼ਰੀ ਪੱਕੇ ਤੌਰ 'ਤੇ ਕਬਜ਼ੇ ਕਰਕੇ ਬੈਠੀ ਹੈ ਤਾਂ ਜੋ ਵਿਦਿਆਰਥੀ ਦੁਬਾਰਾ ਵਿਰੋਧ ਪ੍ਰਦਰਸ਼ਨ ਨਾ ਕਰ ਸਕਣ। ਇਹ 'ਕੈਂਪਸ ਦੀ ਜ਼ਿੰਦਗੀ 'ਚ ਖ਼ਲਲ ਪੈਣ ਤੋਂ ਰੋਕਣ' ਦੇ ਨਾਂ ਹੇਠ ਕੀਤਾ ਗਿਆ ਹੈ। ਸਰਗਰਮ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਉੱਪਰ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਨੂੰ ਮੁਅੱਤਲੀਆਂ, ਬਰਤਰਫ਼ੀਆਂ ਅਤੇ ਨੌਕਰੀਆਂ ਤੋਂ ਜਵਾਬ ਦੇਣ ਵਰਗੇ ਬਾਂਹ ਮਰੋੜ ਹੱਥਕੰਡਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਣ-ਬੁੱਝਕੇ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਹ ਅੰਦੋਲਨ ਯਹੂਦੀ ਵਿਰੋਧੀ ਹੈ। ਯਹੂਦੀ ਵਿਦਿਆਰਥੀਆਂ ਦੇ ਜਨੂੰਨੀ ਹਿੱਸਿਆਂ ਨੂੰ ਭੜਕਾ ਕੇ ਅੰਦੋਲਨਕਾਰੀਆਂ ਨਾਲ ਲੜਾਉਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਕੈਲੀਫੋਰਨੀਆ ਯੂਨੀਵਰਸਿਟੀ ਵਿਚ ਇਜ਼ਰਾਇਲ ਪੱਖੀ 200 ਹਿੰਸਕ ਵਿਦਿਆਰਥੀਆਂ ਨੇ ਕੈਂਪਸ ਉੱਪਰ ਹਮਲਾ ਕੀਤਾ ਅਤੇ ਪਟਾਕੇ ਚਲਾਏ। ਹੁਕਮਰਾਨ ਇਸ ਤਰ੍ਹਾਂ ਦੇ ਟਕਰਾਅ ਨੂੰ ਅੰਦੋਲਨ ਨੂੰ ਬਦਨਾਮ ਕਰਨ ਅਤੇ ਜਬਰ ਢਾਹੁਣ ਦੀ ਵਾਜਬੀਅਤ ਲਈ ਵਰਤਣ ਦੀ ਚਾਲ ਖੇਡ ਰਹੇ ਹਨ।

ਅਮਰੀਕਨ ਹੁਕਮਰਾਨ ਜਮਾਤ ਦੀ ਘਿਣਾਉਣੀ ਭੂਮਿਕਾ ਵਿਰੁੱਧ ਵਿਦਿਆਰਥੀਆਂ ਦੀ ਮੌਜੂਦਾ ਪੀੜ੍ਹੀ 'ਚ ਇਹ ਉੱਭਰ ਰਹੀ ਰਾਜਨੀਤਕ ਚੇਤਨਾ ਹਕੂਮਤ ਲਈ ਖ਼ਤਰੇ ਦੀ ਘੰਟੀ ਹੈ ਜੋ ਬਾਇਡੇਨ ਸਰਕਾਰ ਦੀ ਇਜ਼ਰਾਇਲੀ ਨਸਲਵਾਦੀ ਯੁੱਧ ਨੂੰ ਖੁੱਲ੍ਹੀ ਹਮਾਇਤ ਦਿੱਤੇ ਜਾਣ ਨੂੰ ਹੋਰ ਸਹਿਣ ਲਈ ਤਿਆਰ ਨਹੀਂ ਹਨ। ਅਮਰੀਕਨ ਵਿਦਿਆਰਥੀ ਗਾਜ਼ਾ 'ਚ ਨਸਲਕੁਸ਼ੀ ਨੂੰ ਰੋਕਣ ਲਈ ਕੁਝ ਵਧੇਰੇ ਠੋਸ ਕਰਨਾ ਚਾਹੁੰਦੇ ਹਨ ਕਿਉਂਕਿ ਦੁਨੀਆ ਭਰ 'ਚ ਲਗਾਤਾਰ ਹੋ ਰਹੇ ਵਿਰੋਧ ਦੇ ਬਾਵਜੂਦ ਬਾਇਡੇਨ ਸਰਕਾਰ ਇਜ਼ਰਾਇਲ ਵੱਲੋਂ ਥੋਪੇ ਨਸਲਵਾਦੀ ਯੁੱਧ 'ਚ ਫ਼ੌਜੀ ਅਤੇ ਹੋਰ ਭਾਈਵਾਲੀ ਤੋਂ ਬਾਜ ਨਹੀਂ ਆ ਰਹੀ। ਵਿਦਿਆਰਥੀਆਂ ਨੇ ਇਹ ਬਖ਼ੂਬੀ ਸਮਝ ਲਿਆ ਹੈ ਕਿ ਗਾਜ਼ਾ ਉੱਪਰ ਕਰੂਰ ਹਮਲੇ ਨੂੰ ਰੋਕਣ ਵਾਸਤੇ ਅਮਰੀਕਨ ਹਕੂਮਤ ਉੱਪਰ ਦਬਾਅ ਵਧਾਉਣ ਲਈ ਨੇਤਨਯਾਹੂ ਸਰਕਾਰ ਨੂੰ ਦਿੱਤੀ ਜਾ ਰਹੀ ਅਮਰੀਕਨ ਮੱਦਦ ਨੂੰ ਬੰਦ ਕਰਾਉਣਾ ਜ਼ਰੂਰੀ ਹੈ। ਇਸੇ ਲਈ ਉਹ ਮੰਗ ਕਰ ਰਹੇ ਹਨ ਕਿ ਅਮਰੀਕਨ ਯੂਨੀਵਰਸਿਟੀਆਂ ਇਜ਼ਰਾਇਲ ਨਾਲੋਂ ਅਕਾਦਮਿਕ ਤੇ ਵਿਤੀ ਸੰਬੰਧ ਖ਼ਤਮ ਕਰਨ ਅਤੇ ਉਨ੍ਹਾਂ ਕੰਪਨੀਆਂ ਨਾਲੋਂ ਨਾਤਾ ਤੋੜਨ ਜੋ ਗਾਜ਼ਾ ਯੁੱਧ ਤੋਂ ਮੁਨਾਫ਼ੇ ਕਮਾ ਰਹੀਆਂ ਹਨ। ਰਿਪੋਰਟਾਂ ਅਨੁਸਾਰ ਅਮਰੀਕਨ ਯੂਨੀਵਰਸਿਟੀਆਂ ਵੱਲੋਂ ਉਨ੍ਹਾਂ ਫੰਡਾਂ ਵਿਚ ਵੱਡੀ ਮਾਤਰਾ 'ਚ ਆਪਣੇ ਚੰਦੇ ਨਿਵੇਸ਼ ਕੀਤੇ ਹਨ ਜਿਨ੍ਹਾਂ ਦਾ ਸੰਬੰਧ ਹਥਿਆਰ ਸਨਅਤ ਅਤੇ ਇਜ਼ਰਾਇਲ ਨਾਲ ਹੈ। ਅੰਦੋਲਨਕਾਰੀ ਵਿਦਿਆਰਥੀਆਂ ਦੀ ਦੋ-ਟੁੱਕ ਮੰਗ ਹੈ ਕਿ 'ਇਜ਼ਰਾਇਲ ਦੀ ਜੰਗੀ ਮਸ਼ੀਨ ਨੂੰ ਇਕ ਵੀ ਪੈਸਾ ਅਤੇ ਇਕ ਵੀ ਗੋਲੀ ਨਾ ਦਿੱਤੀ ਜਾਵੇ'।

ਵਿਦਿਆਰਥੀ ਕਿਸੇ ਵੀ ਸਮਾਜ ਦਾ ਬੇਹੱਦ ਮਹੱਤਵਪੂਰਨ ਹਿੱਸਾ ਹੁੰਦੇ ਹਨ। ਵਿਦਿਆਰਥੀਆਂ ਦੀ ਚੇਤਨਾ, ਖ਼ਾਸ ਕਰਕੇ ਯੂਨੀਵਰਸਿਟੀ ਪੱਧਰ ਦੇ ਵਿਦਿਆਰਥੀਆਂ ਦੇ ਬਹਿਸ-ਮੁਬਾਹਸੇ ਪੂਰੇ ਸਮਾਜ ਅੰਦਰ ਹਕੂਮਤੀ ਨੀਤੀਆਂ ਉੱਪਰ ਬਹਿਸ ਅਤੇ ਸੋਚ-ਵਿਚਾਰ ਦੀ ਉੱਥਲ-ਪੁੱਥਲ ਪੈਦਾ ਕਰਨ ਦੀ ਸਮਰੱਥਾ ਰੱਖਦੇ ਹਨ। ਕੈਂਪਸ ਗਹਿਗੱਚ ਬਹਿਸਾਂ ਅਤੇ ਸੰਘਰਸ਼ਾਂ ਦੇ ਕੇਂਦਰ ਬਣ ਜਾਂਦੇ ਹਨ ਜਿਵੇਂ ਅਸੀਂ ਭਾਰਤ ਵਿਚ ਜੇਐੱਨਯੂ ਅਤੇ ਕੇਂਦਰੀ ਯੂਨੀਵਰਸਿਟੀਆਂ 'ਚ ਦੇਖਿਆ ਹੈ। ਵਿਦਿਆਰਥੀ ਸੰਘਰਸ਼ ਦਹਿ-ਲੱਖਾਂ ਹੋਰ ਲੋਕਾਂ ਨੂੰ ਝੰਜੋੜ ਕੇ ਸੰਘਰਸ਼ਾਂ ਲਈ ਪ੍ਰੇਰਤ ਕਰਨ ਦੀ ਬੌਧਿਕ ਤਾਕਤ ਰੱਖਦੇ ਹਨ। ਕੈਂਪਸਾਂ 'ਚ ਇਸ ਤਰ੍ਹਾਂ ਦੀ ਲਾਮਬੰਦੀ ਅਤੇ ਵਿਦਿਆਰਥੀਆਂ ਵੱਲੋਂ ਅਮਰੀਕਾ ਦੀ ਇਜ਼ਰਾਇਲ ਨੀਤੀ, ਖ਼ਾਸ ਕਰਕੇ ਗਾਜ਼ਾ ਕਤਲੇਆਮ ਵਿਚ ਮਿਲੀਭੁਗਤ ਉੱਪਰ ਉਠਾਏ ਜਾ ਰਹੇ ਗੰਭੀਰ ਸਵਾਲ ਇਸ ਨੀਤੀ ਵਿਰੁੱਧ ਲੋਕ-ਰਾਇ ਬਣਾਉਣ 'ਚ ਵੱਡੀ ਭੂਮਿਕਾ ਨਿਭਾ ਸਕਦੇ ਹਨ। ਚੋਟੀ ਦੀਆਂ ਯੂਨੀਵਰਸਿਟੀਆਂ ਵਿਚ ਵੱਡੀ ਗਿਣਤੀ 'ਚ ਵਿਦਿਆਰਥੀਆਂ ਦਾ ਸਟੇਟ ਦੀਆਂ ਨੀਤੀਆਂ ਤੋਂ ਵਿਸ਼ਵਾਸ ਉੱਠਣਾ ਰਾਜਨੀਤਕ ਸੰਕਟ ਖੜ੍ਹਾ ਕਰਨ 'ਚ ਵੱਡਾ ਫੈਕਟਰ ਬਣ ਸਕਦਾ ਹੈ।

ਅਮਰੀਕਨ ਕਾਰਪੋਰੇਟ ਸਰਮਾਏ ਅਤੇ ਸਾਮਰਾਜਵਾਦ ਦੇ ਬੁਨਿਆਦੀ ਹਿਤ ਇਜ਼ਰਾਇਲ ਨਾਲ ਡੂੰਘੇ ਰੂਪ 'ਚ ਜੁੜੇ ਹੋਏ ਹਨ। ਅਮਰੀਕਨ ਸਾਮਰਾਜਵਾਦ ਦੀ ਦੁਨੀਆ ਭਰ 'ਚ ਆਪਣੇ ਪ੍ਰਭਾਵ ਖੇਤਰਾਂ ਉੱਪਰ ਕਬਜ਼ਾ ਬਣਾਈ ਰੱਖਣ ਅਤੇ ਆਪਣੇ ਹੱਥੋਂ ਖਿਸਕ ਕੇ ਸ਼ਰੀਕ ਤਾਕਤਾਂ ਦੇ ਪ੍ਰਭਾਵ ਖੇਤਰ ਬਣੇ ਖੇਤਰਾਂ ਨੂੰ ਮੁੜ ਹਾਸਲ ਕਰਨ ਦੀ ਨੀਤੀ 'ਚ ਇਜ਼ਰਾਇਲ ਦੀ ਰੱਖਿਆ ਇਕ ਪ੍ਰਮੁੱਖ ਤੱਤ ਹੈ। ਇਜ਼ਰਾਇਲ ਦੁਨੀਆ ਦੇ ਯੁੱਧਨੀਤਕ ਤੌਰ 'ਤੇ ਮਹੱਤਵਪੂਰਨ ਹਿੱਸੇ, ਮੱਧ ਪੂਰਬ, ਅੰਦਰ ਅਮਰੀਕਨ ਸਾਮਰਾਜਵਾਦ ਦੇ ਭਾਰੀ ਹਥਿਆਰਬੰਦ ਗੜ੍ਹ ਵਜੋਂ ਵਿਸ਼ੇਸ਼ ਭੂਮਿਕਾ ਨਿਭਾ ਰਿਹਾ ਹੈ। ਇਜ਼ਰਾਇਲ ਦੁਨੀਆ ਦੇ ਬਹੁਤ ਸਾਰੇ ਹੋਰ ਹਿੱਸਿਆਂ 'ਚ ਜ਼ੁਲਮ ਕਰਨ ਵਾਲੀ ਮਹੱਤਵਪੂਰਨ ਤਾਕਤ ਹੈ ਜੋ ਅਮਰੀਕਾ ਦੇ ਦਾਬੇ ਅਤੇ ਜਾਬਰ ਰਾਜ ਨੂੰ ਬਰਕਰਾਰ ਰੱਖਣ 'ਚ ਮੱਦਦ ਕਰਦੀ ਹੈ। ਬਲੈਕਰੌਕ ਤੋਂ ਲੈ ਕੇ ਗੂਗਲ, ਐਮਾਜ਼ੌਨ, ਲੌਕਹੀਡ ਮਾਰਟਿਨ ਅਤੇ ਬਹੁਤ ਸਾਰੀਆਂ ਹੋਰ ਵੱਡੀਆਂ ਕਾਰਪੋਰੇਸ਼ਨਾਂ ਦੇ ਇਜ਼ਰਾਇਲ ਨਾਲ ਡੂੰਘੇ ਕਾਰੋਬਾਰੀ ਹਿਤ ਜੁੜੇ ਹੋਏ ਹਨ ਜਿਨ੍ਹਾਂ ਨੇ ਉੱਥੇ ਅਰਬਾਂ ਡਾਲਰਾਂ ਦੇ ਪੂੰਜੀ-ਨਿਵੇਸ਼ ਕੀਤੇ ਹੋਏ ਹਨ। ਇਜ਼ਰਾਇਲ ਨੂੰ ਹਥਿਆਰਾਂ ਦੀ ਸਪਲਾਈ ਅਤੇ ਅਮਰੀਕਨ ਹੁਕਰਮਾਨ ਜਮਾਤ ਦੇ ਭੂ-ਯੁੱਧਨੀਤਕ ਹਿਤ ਦੋਹਾਂ ਦੀ ਆਪਣੀ ਭੂਮਿਕਾ ਹੈ। ਅਮਰੀਕਨ ਫ਼ੌਜ, ਪੁਲਿਸ ਅਤੇ ਰਾਜਨੀਤਕ ਪ੍ਰਸ਼ਾਸਨ ਦਾ ਪੂਰਾ ਢਾਂਚਾ ਆਪਣੇ ਕਾਰਪੋਰੇਟਾਂ ਦੇ ਕਾਰੋਬਾਰੀ ਹਿਤਾਂ ਦੀ ਪਿੱਠ 'ਤੇ ਖੜ੍ਹਾ ਹੈ ਅਤੇ ਅਮਰੀਕਾ ਦੇ ਰਾਜਨੀਤਕ ਨੁਮਾਇੰਦੇ ਸਰੇਆਮ ਅਮਰੀਕਨ ਕਾਰਪੋਰੇਟ ਸਰਮਾਏਦਾਰੀ ਦੇ ਹਿਤਾਂ ਦੀ ਰੱਖਿਆ ਕਰ ਰਹੇ ਹਨ। ਕਾਰਪੋਰੇਟ ਸਰਮਾਏਦਾਰੀ ਦੇ ਹਿਤ ਇਜ਼ਰਾਇਲ ਨਾਲ ਆਰਥਕ ਰਿਸ਼ਤੇ ਜਾਰੀ ਰੱਖਣ 'ਚ ਹਨ ਅਤੇ ਜਾਗਰੂਕ ਵਿਦਿਆਰਥੀ ਇਜ਼ਰਾਇਲ ਨਾਲੋਂ ਸੰਬੰਧ ਤੋੜਨ ਦਾ ਸਵਾਲ ਉਠਾ ਕੇ ਇਨ੍ਹਾਂ ਹਿਤਾਂ ਲਈ ਖ਼ਤਰਾ ਬਣ ਰਹੇ ਹਨ।

ਵਿਦਿਆਰਥੀ ਵਰਗ ਦੇ ਅੰਦਰ ਚੇਤਨਾ ਪੈਦਾ ਹੋਣਾ, ਉਨ੍ਹਾਂ ਦਾ ਹਕੂਮਤ ਤੇ ਸਟੇਟ ਦੀਆਂ ਨੀਤੀਆਂ ਉੱਪਰ ਸਵਾਲ ਉਠਾਉਣਾ ਅਤੇ ਵੱਡੀ ਗਿਣਤੀ 'ਚ ਸੜਕਾਂ ਉੱਪਰ ਆ ਕੇ ਉਸ ਵਰਤਾਰੇ ਦਾ ਵਿਰੋਧ ਕਰਨਾ ਜਿਸ ਨੂੰ ਨਾਗਰਿਕ ਸਹਿਜ ਮੰਨ ਕੇ ਚੁੱਪ ਬੈਠੇ ਹੋਣ, ਇਹ ਹੁਕਮਰਾਨ ਜਮਾਤ ਨੂੰ ਕਿਵੇਂ ਗਵਾਰਾ ਹੋ ਸਕਦਾ ਹੈ। ਇਸੇ ਲਈ ਅਮਰੀਕਨ ਹਾਕਮ ਜਮਾਤ ਦੇ ਘੋਰ ਪਿਛਾਖੜੀ ਹਿੱਸੇ ਅਤੇ ਅਖਾਉਤੀ ਡੈਮੋਕਰੇਟ ਗਾਜ਼ਾ ਕਤਲੇਆਮ ਉੱਪਰ ਵਿਦਿਆਰਥੀ ਲਾਮਬੰਦੀ ਨੂੰ ਤੋੜਨ ਲਈ ਇਕਮੱਤ ਹਨ। ਹਾਂ, ਉਨ੍ਹਾਂ ਦੀ ਫਾਸ਼ੀਵਾਦੀ ਸੁਰ ਅਤੇ ਤੌਰ-ਤਰੀਕੇ ਵੱਖੋ-ਵੱਖਰੇ ਹਨ। ਡੈਮੋਕਰੇਟ ਚਾਹੇ ਉਦਾਰਤਾ ਦੇ ਜਿੰਨੀ ਮਰਜ਼ੀ ਮਖੌਟੇ ਪਾ ਲੈਣ, ਉਹ ਇਸ ਹਕੀਕਤ ਨੂੰ ਲੁਕੋ ਨਹੀਂ ਸਕਦੇ ਕਿ ਅਮਰੀਕਨ ਸਰਕਾਰ ਘਿਣਾਉਣੇ ਜੰਗੀ ਜੁਰਮਾਂ 'ਚ ਸਰਗਰਮੀ ਨਾਲ ਸ਼ਾਮਲ ਹੈ, ਇਹ ਇਨ੍ਹਾਂ ਜੁਰਮਾਂ ਦੀ ਸਿਰਫ਼ ਮਾਲੀ ਮੱਦਦ ਹੀ ਨਹੀਂ ਕਰ ਰਹੀ ਸਗੋਂ 'ਇਜ਼ਰਾਇਲ ਨੂੰ ਆਪਣੀ ਰੱਖਿਆ ਕਰਨ ਦਾ ਹੱਕ ਹੈ' ਦੀ ਵਜਾਹਤ ਕਰਕੇ ਇਨ੍ਹਾਂ ਜੁਰਮਾਂ ਨੂੰ ਨੈਤਿਕ ਵਾਜਬੀਅਤ ਵੀ ਬਖ਼ਸ਼ ਰਹੀ ਹੈ।

ਅਮਰੀਕਾ ਦੇ ਵਿਦਿਆਰਥੀਆਂ ਨੇ ਇਜ਼ਰਾਇਲੀ ਜੰਗੀ ਜੁਰਮਾਂ 'ਚ ਬਰਾਬਰ ਹਿੱਸੇਦਾਰ ਆਪਣੀ ਸਰਕਾਰ ਨੂੰ ਕਟਹਿਰੇ 'ਚ ਖੜ੍ਹੀ ਕਰ ਦਿੱਤਾ ਹੈ। ਜੇ ਵਿਦਿਆਰਥੀ ਅੰਦੋਲਨ ਦਾ ਵੇਗ ਬਰਕਰਾਰ ਰਹਿੰਦਾ ਹੈ ਤਾਂ ਅਮਰੀਕਨ ਹੁਕਮਰਾਨ ਨੂੰ ਇਸ ਵਿਰੋਧ ਦੀ ਭਾਰੀ ਕੀਮਤ ਚੁਕਾਉਣੀ ਪੈ ਸਕਦੀ ਹੈ।

# ਕੁਲਵਿੰਦਰ ਖਹਿਰਾ ਦੇ ਫ਼ਿਕਰ ਦੀ ਸ਼ਾਇਰੀ 'ਹਨੇਰੇ ਦੀ ਤਲ਼ੀ 'ਤੇ'

ਮਲਵਿੰਦਰ
9779591344

ਕੁਲਵਿੰਦਰ ਖਹਿਰਾ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਵੱਸਦਾ ਸ਼ਾਇਰ, ਨਾਟਕਕਾਰ ਹੈ। ਉਸਦੀਆਂ ਦੋ ਕਿਤਾਬਾਂ 'ਪੀੜ ਦੀ ਪਰਵਾਜ਼' ਕਾਵਿ-ਸੰਗ੍ਰਹਿ ਤੇ 'ਅੰਨ੍ਹੀਆਂ ਗਲ਼ੀਆਂ' ਨਾਟਕ ਪਹਿਲਾਂ ਛਪ ਚੁੱਕੀਆਂ ਹਨ। 'ਹਨੇਰੇ ਦੀ ਤਲ਼ੀ 'ਤੇ ਉਸਦਾ ਨਵਾਂ ਗ਼ਜ਼ਲ ਸੰਗ੍ਰਹਿ ਹੈ। ਕੁਲਵਿੰਦਰ ਵਿਚਾਰਧਾਰਕ ਪ੍ਰਤੀਬੱਧਤਾ ਦਾ ਸ਼ਾਇਰ ਲੇਖਕ ਹੈ। ਇਹ ਪ੍ਰਤੀਬੱਧਤਾ ਉਸਦੀ ਸੀਮਾ ਨਹੀਂ ਬਣਦੀ। ਉਹ ਮਾਨਵੀ ਵਿਵਹਾਰ ਵਿਚ ਹੋ ਵਾਪਰ ਰਹੀਆਂ ਬੇਤਰਤੀਬੀਆਂ ਨੂੰ ਮੁਖ਼ਾਤਬ ਹੁੰਦਾ ਹੈ। ਉਸਦਾ ਵਿਵਹਾਰ ਸੰਕੋਚੀ ਹੈ। ਉਹ ਸਾਹਿਤ ਸਭਾਵਾਂ ਦੀਆਂ ਮੀਟਿੰਗਾਂ ਵਿਚ ਜਾ ਕੇ ਕਵਿਤਾ ਪੜ੍ਹਨ ਲਈ ਤਰਲੋਮੱਛੀ ਨਹੀਂ ਹੁੰਦਾ। ਉਹ ਤਾਂ ਵਿਸ਼ਵ ਪੱਧਰ 'ਤੇ ਵਾਪਰਦੀਆਂ ਦੁਖਦਾਇਕ ਘਟਨਾਵਾਂ ਦੀ ਪੀੜ ਨੂੰ ਸ਼ਿਦਤ ਨਾਲ਼ ਮਹਿਸੂਸ ਕਰਦਾ ਤੇ ਆਪਣਾ ਫ਼ਿਕਰ ਜ਼ਾਹਰ ਕਰਦਾ ਹੈ।ਇਸੇ ਲਈ ਉਹ ਦਾਅਵਾ ਕਰਦਾ ਹੈ ਕਿ ਮੇਰੀ ਸ਼ਾਇਰੀ ਜ਼ਿਕਰ ਤੋਂ ਵੱਧਕੇ ਫ਼ਿਕਰ ਦੀ ਸ਼ਾਇਰੀ ਹੈ। ਉਹ ਜ਼ਮਾਨੇ ਦੇ ਦੁਖ ਸੁਖ ਤੇ ਮਸਲਿਆਂ ਨੂੰ ਆਪਣੀ ਸਿਰਜਣਾ ਦੇ ਕੇਂਦਰ ਵਿਚ ਰੱਖਦਾ ਹੈ:

**ਮੈਂ ਕੀ ਦੱਸਦਾ ਮੇਰੇ ਦਿਲ ਦਾ ਕੀ ਹਾਲ ਸੀ,**
**ਜੋ ਬਦਲਦਾ ਰਿਹਾ ਹਰ ਘੜੀ ਨਾਲ਼ ਸੀ,**
**ਪੀੜ ਵੱਧਦੀ ਗਈ, ਰੰਗ ਭਰਦੇ ਗਏ, ਰੂਪ ਆਉਂਦਾ ਗਿਆ ਸੀ ਬੀਆਬਾਨ ਵਿਚ।**

ਧੀਮੀ ਗਤੀ ਵਿਚ ਸਿਰਜਣਾ ਕਰਦਾ ਉਹ ਆਪਣੀ ਸਿਰਜਣਾ ਦੇ ਹੱਕ ਵਿਚ ਖਲੋਂਦਾ ਵੀ ਨਜ਼ਰ ਆਉਂਦਾ ਹੈ। ਉਸ ਲਈ ਗ਼ਜ਼ਲ ਰੂਹ ਦੀ ਆਵਾਜ਼ ਹੈ ਜਿਸ ਨੂੰ ਉਹ ਅਣਕਹੇ ਬੋਲਾਂ ਨੂੰ ਕਹਿਣ ਦੀ ਜੁਗਤ ਵਜੋਂ ਵਰਤਦਾ ਹੈ। ਸ਼ਬਦ, ਸੱਚ, ਸੰਗੀਤ, ਸੁਰ, ਸੋਜ਼ ਤੇ ਹੁਸਨ ਵਰਗੇ ਸ਼ਬਦ ਉਸਦੀ ਸੂਖ਼ਮ ਸੋਚ ਦੀ ਦੱਸ ਪਾਉਂਦੇ ਹਨ।ਕਾਫ਼ੀਆ ਰਦੀਫ਼ ਨਿਭਾਉਂਦਿਆਂ ਉਹ ਬਹਿਰ ਦੀਆਂ ਬੰਦਸ਼ਾਂ ਤੋਂ ਵੀ ਵਾਕਫ਼ ਹੈ। ਇਹ ਬੰਦਸ਼ਾਂ ਸਮਕਾਲ ਦੇ ਜਟਿਲ ਵਰਤਾਰਿਆਂ ਦੀ ਪੇਸ਼ਕਾਰੀ ਸਮੇਂ ਵਿਚਾਰਾਂ ਨੂੰ ਖੰਡਿਤ ਵੀ ਕਰਦੀਆਂ ਹਨ। ਤਾਂ ਹੀ ਉਹ ਲਿਖਦਾ ਹੈ ਕਿ

**ਖੰਡਤ ਹੈ ਸੋਚ ਹੋਈ, ਕੀਕਣ ਅਦੀਬ ਕੋਈ**
**ਹਾਸ਼ਮ, ਫਰੀਦ, ਨਾਨਕ, ਬੁੱਲਾ, ਕਬੀਰ ਨਿਕਲੇ**

ਇੰਝ ਗ਼ਜ਼ਲ ਲਿਖਣੀ ਕਈ ਮੁਹਾਜ਼ਾਂ 'ਤੇ ਲੜਨ ਵਰਗਾ ਕਾਰਜ ਹੈ।ਵਿਚਾਰ ਵੀ ਬਚਾਈ ਰੱਖਣਾ ਤੇ ਵਜ਼ਨ ਬਹਿਰ ਨਾਲ਼ ਵੀ ਇਨਸਾਫ ਕਰਨਾ ਜੇਕਰ ਸਹਿਜ ਵਰਤਾਰੇ 'ਚੋਂ ਨਿਕਲਿਆ ਹੋਵੇ ਤਾਂ ਹੀ ਗ਼ਜ਼ਲ ਦੀ ਕਾਵਿਕਤਾ ਬਣੀ ਰਹਿੰਦੀ ਹੈ। ਕਿਸੇ ਫਰੇਮ ਵਿਚ ਸ਼ਬਦ ਫਿੱਟ ਕਰਨ ਵਰਗਾ ਕਾਰਜ ਗ਼ਜ਼ਲ ਨਾਲੋਂ ਵੱਧ ਤੁੱਕਬੰਦੀ ਹੁੰਦਾ ਹੈ ਜਿਸ ਦਾ ਪ੍ਰਭਾਵ ਪੇਤਲਾ ਰਹਿ ਜਾਂਦਾ ਹੈ। ਕੁਲਵਿੰਦਰ ਕੋਲ਼ ਗ਼ਜ਼ਲ ਲਿਖਣ ਦੀ ਸੋਝੀ ਵੀ ਹੈ ਤੇ ਰਹਿਮਤ ਵਰਗੇ ਛਿਣਾਂ ਨੂੰ ਸਾਂਭਣ ਦਾ ਹੁਨਰ ਵੀ ਹੈ। ਇਸ ਕਾਰਜ ਨੂੰ ਸਫ਼ਲਤਾ ਨਾਲ਼ ਸਰ ਕਰਨਾ ਜਿਸ ਵਿਸ਼ਵਾਸ ਦੀ ਗਵਾਹੀ ਭਰਦਾ ਹੈ ਉਸ ਨੂੰ ਕੁਲਵਿੰਦਰ ਇੰਝ ਲਿਖਦਾ ਹੈ:

**ਬਹਿਰ ਪਾਉਂਦੀ ਬੇੜੀਆਂ ਪੈਰਾਂ 'ਚ ਪਰ**
**ਭਰ ਰਹੀ ਪਰਵਾਜ਼ ਹੈ, ਮੇਰੀ ਗ਼ਜ਼ਲ**

ਸਮਾਜ ਇੱਕ ਗੁੰਝਲਦਾਰ ਬਣਤਰ ਹੈ ਜਿਸ ਵਿਚ ਵਾਪਰ ਰਿਹਾ ਬਹੁਤ ਸਾਰਾ ਗਲਤ ਅਤੇ ਅਣਮਨੁੱਖੀ ਸਾਨੂੰ ਕਈ ਵਾਰ ਅਣਡਿੱਠ ਕਰਨਾ ਪੈਂਦਾ ਹੈ। ਸਿੱਖ ਧਰਮ ਦੀ ਅਰਦਾਸ ਵਿਚ ਵੀ ਵੇਖ ਕੇ ਅਣਡਿੱਠ ਕਰਨ ਦੀ ਗੱਲ ਹੁੰਦੀ ਹੈ। ਪਰ ਸਾਡੀ ਇਸ ਅਣਡਿੱਠ ਕਰਨ ਦੀ ਵਡਿਆਈ ਨੂੰ ਕਮਜ਼ੋਰੀ ਸਮਝ ਲਿਆ ਜਾਂਦਾ ਹੈ। ਸਮਾਜ ਵਿਚ ਕੁਝ ਲੋਕ ਧੰਨ ਦੌਲਤ ਨੂੰ ਇਕੱਤਰ ਕਰਨ ਦੀ ਪੂੰਜੀਵਾਦੀ ਹੋੜ ਹੇਠ ਆਪਣੇ ਗਿਰਦ ਇੱਕ ਸਲਤਨਤ ਉਸਾਰ ਲੈਂਦੇ ਹਨ ਜਿਸ ਦੀਆਂ ਵਧੀਕੀਆਂ ਦੇ ਖ਼ੌਫ਼ ਹੇਠ ਨਿਮਨ ਵਰਗ ਦੀ ਬੌਧਿਕਤਾ ਅਣ-ਵਿਕਸਤ ਰਹਿ ਜਾਂਦੀ ਹੈ। ਇਹਨਾਂ ਵੱਡੀਆਂ ਗੱਲਾਂ ਨੂੰ ਦੋ-ਸਤਰੀ ਸ਼ੇਅਰ 'ਚ ਕਹਿਣਾ ਗ਼ਜ਼ਲ ਦੀ ਪ੍ਰਾਪਤੀ ਹੁੰਦੀ ਹੈ:




**ਅਸੀਂ ਤਾਂ ਆਦਤਨ ਹੀ ਵੇਖ ਕੇ ਅਣਡਿੱਠ ਕਰਦੇ ਸਾਂ**
**ਭੁਲੇਖਾ ਖਾ ਲਿਆ ਉਹਨਾਂ, ਨਜ਼ਰ ਕਮਜ਼ੋਰ ਹੈ ਸਾਡੀ**

**ਕਦੀ ਨਾ ਸੋਚਿਆ ਇਸ ਹੇਠ ਬੂਟੇ ਬਿਰਖ ਨਾ ਬਣਦੇ**
**ਬੜਾ ਪਰ ਮਾਣ ਰੁੱਖਾਂ ਨੂੰ ਕਿ ਛਾਂ ਘਣਘੋਰ ਹੈ ਸਾਡੀ**

ਸਫ਼ਾ 25 ਉਪਰ ਅੰਕਿਤ ਗ਼ਜ਼ਲ 'ਸਾਡੇ ਉੱਤੇ ਜਦ ਆਉਣਾ ਸੀ' ਕੁਲਵਿੰਦਰ ਦੀ ਕਾਵਿ-ਸਮਰੱਥਾ ਨੂੰ ਦਰਸਾਉਂਦੀ ਹੈ। ਇਸ ਗ਼ਜ਼ਲ ਦਾ ਕਲਾਵਾ ਵੀ ਵੱਡਾ ਹੈ ਤੇ ਪੇਸ਼ਕਾਰੀ ਵੀ ਕਮਾਲ ਦੀ ਹੈ।ਇਸ ਗ਼ਜ਼ਲ ਦੇ ਸ਼ੇਅਰਾਂ ਵਿਚਲਾ ਵਿਅੰਗ ਤਿੱਖਾ ਹੋਣ ਦੇ ਨਾਲ ਨਾਲ ਸੂਖ਼ਮ ਬਿਰਤਾਂਤ ਵੀ ਸਿਰਜਦਾ ਹੈ। ਇਹ ਕਮਾਲ ਕੁਲਵਿੰਦਰ ਖਹਿਰਾ ਦੇ ਕਈ ਹੋਰ ਸ਼ੇਅਰਾਂ ਵਿਚ ਵੀ ਪੜ੍ਹਨ ਨੂੰ ਮਿਲਦਾ ਹੈ:

**ਰਹੋਗੇ ਚੁੱਪ ਕਿਵੇਂ, ਆਪਣੇ ਘਰਾਂ ਅੰਦਰ**
**ਕਿ ਲੰਘ ਆਈ ਬਦੀ ਹੁਣ ਤਾਂ, ਦਰਾਂ ਅੰਦਰ**

**ਸਾਡੇ ਉੱਤੇ ਆਉਣਾ ਸੀ,**
**ਮੌਸਮ ਮਸਤ ਬਹਾਰਾਂ ਦਾ**
**ਵਿਹੜੇ ਦੇ ਵਿਚ ਉੱਗ ਆਇਆ ਤਦ,**
**ਜੰਗਲ ਇੱਕ ਹਥਿਆਰਾਂ ਦਾ**

**ਧੋਤੇ ਪੋਚੇ ਬਾਣੇ ਥੱਲੇ,**
**ਕੁਰਬਲ ਕੁਰਬਲ ਦਾਗਾਂ ਦੀ**
**ਕਿਹੜਾ ਕਿਹੜਾ ਰੰਗ ਵਿਖਾਵਾਂ,**
**ਉਹਨਾਂ ਦੇ ਕਿਰਦਾਰਾਂ ਦੀ**

ਮੁਹੱਬਤ ਦੇ ਅਹਿਸਾਸ ਨੂੰ ਸੰਜੀਦਗੀ ਨਾਲ਼ ਚਿਤਰਦੇ ਉਸਦੇ ਸ਼ੇਅਰਾਂ ਵਿਚਲੀ ਤਰਲਤਾ ਪਾਠਕ ਨੂੰ ਆਪਣੇ ਨਾਲ਼ ਵਹਾ ਕੇ ਲੈ ਜਾਣ ਦੇ ਸਮਰੱਥ ਹੈ। ਮਾਂ-ਪੁੱਤ ਦੇ ਰਿਸ਼ਤੇ ਨੂੰ ਉਹ ਭਾਵਕ ਦ੍ਰਿਸ਼ਟੀ ਨਾਲ ਨਹੀਂ ਵੇਖਦਾ। ਹਰ ਰਿਸ਼ਤੇ ਦੇ ਸੱਚ ਵਿਚ ਹਕੀਕਤ ਭਿੰਨ ਹੁੰਦੀ ਹੈ। ਸਮਾਜਿਕਤਾ ਨਿਭਾਉਂਦਿਆਂ ਬੜਾ ਕੁਝ ਕੁਰਬਾਨ ਵੀ ਕਰਨਾ ਪੈਂਦਾ ਹੈ। ਸ਼ਾਇਰ ਦੀ ਵਡੱਤਣ ਇਹ ਹੈ ਕਿ ਉਹ ਇਸ ਸਹੇ, ਝੱਲੇ ਵਿਚ ਇਤਿਹਾਸ ਸਿਰਜਣ ਦੀ ਸੰਭਾਵਨਾ ਵੇਖਦਾ ਹੈ। ਅੰਧ ਵਿਸ਼ਵਾਸਾਂ ਵਿਚ ਡੁੱਬੇ ਲੋਕਾਂ ਨੂੰ ਸਿਸਟਮ ਦੇ ਜ਼ਹਿਰੀ ਨਾਗਾਂ ਨੇ ਡੱਸਦੇ ਰਹਿਣਾ ਹੈ। ਕੁਦਰਤ ਦੇ ਦਖ਼ਲ ਵਾਲੇ ਸ਼ੇਅਰਾਂ ਦੀ ਵਿਲੱਖਣ ਖ਼ੂਬਸੂਰਤੀ ਵੀ ਪੜ੍ਹਨਯੋਗ ਹੈ। ਨ੍ਹੇਰ ਚਾਨਣ ਦੇ ਬਿੰਬ ਭਾਵੇਂ ਅਨੇਕਾਂ ਵਾਰ ਵਰਤੇ ਗਏ ਹਨ, ਪਰ ਹੁਣ ਦੇ ਸਮਿਆਂ ਵਿਚ ਵੀ ਇਹ ਗੈਰ-ਪ੍ਰਸੰਗਕ ਨਹੀਂ ਹੋਏ। ਉਪਰੋਕਤ ਵਿਆਖਿਆ ਦੀ ਗਵਾਹੀ ਲਈ ਕੁਝ ਕੁ ਸ਼ੇਅਰ ਸਾਂਝੇ ਕੀਤੇ ਜਾ ਸਕਦੇ ਹਨ।ਬਾਕੀ ਤਾਂ ਪਾਠਕਾਂ ਨੂੰ ਆਪ ਪੜ੍ਹਨੇ ਪੈਣਗੇ:

**ਸੀ ਸਵੇਰਾ ਜਿਸ ਲਈ,**
**ਜਿਸ ਲਈ ਮੇਰੀ ਦੁਪਹਿਰ**
**ਉਹ ਮਿਲੀ ਹੀ ਤਾਂ ਮਿਲੀ**
**ਸ਼ਾਮ ਦੀ ਦਹਿਲੀਜ਼ 'ਤੇ**

**ਉਹ ਤਾਂ ਮਮਤਾ ਮਰੀਆਂ ਐਵੇਂ,**
**ਅਪਣਾ ਧਰਮ ਨਿਭਾਉਂਦੀਆਂ ਨੇ**
**ਪੁੱਤਰ ਸਮਝਣ ਕਿ ਉਹ ਹੋ ਗਏ,**
**ਵੱਧ ਸਿਆਣੇ ਮਾਵਾਂ ਤੋਂ**

**ਪਸੀਨੇ ਡੁੱਬਿਆ ਜਦ**
**ਖੇਤ ਅੰਦਰ ਜੂਝਦਾ ਮੱਥਾ**
**ਸੀ ਮਾਵਾਂ ਵਾਂਗ ਚੁੰਮਣ ਨੂੰ,**
**ਹਵਾ ਫਿਰ ਰੁਮਕਦੀ ਆਈ**

ਕੁਲਵਿੰਦਰ ਖਹਿਰਾ ਦੀ ਸ਼ਾਇਰੀ ਦਾ ਬਰਸਣਾ ਤੇ ਕੜਕਣਾ ਅਣਗੌਲਿਆਂ ਕਰਨ ਵਾਲੀ ਸ਼ਾਇਰੀ ਨਹੀਂ ਹੈ। ਗ਼ਜ਼ਲ ਲਿਖਣ ਵੇਲ਼ੇ ਉਹ ਜਾਣਦਾ ਹੈ ਕਿ ਬਹਿਰਾਂ, ਰਦੀਫ਼ ਤੇ ਕਾਫੀਆ ਆਪਣੀ ਜਗ੍ਹਾ ਹੁੰਦਾ ਹੈ, ਪਰ ਖਿਆਲ ਦੀ ਮਿਸ਼ਰੀ ਬਿਨ੍ਹਾਂ ਗੱਲ ਨਹੀਂ ਬਣਦੀ। ਮੈਂ ਸ਼ੁਰੂ ਵਿਚ ਲਿਖਿਆ ਹੈ ਕਿ ਕੁਲਵਿੰਦਰ ਵਿਚਾਰਧਾਰਕ ਪ੍ਰਤੀਬੱਧਤਾ ਦਾ ਸ਼ਾਇਰ ਹੈ। ਪੂਰੀ ਕਿਤਾਬ ਪੜ੍ਹਦਿਆਂ ਕਿੱਧਰੇ ਵੀ ਵਿਚਾਰ ਨੂੰ ਠੋਸਿਆ ਨਹੀਂ ਗਿਆ। ਪ੍ਰਤੀਬੱਧਤਾ ਨੂੰ ਨਿਭਾਉਂਦਿਆਂ ਕੱਟੜਤਾ ਨੂੰ ਹਾਵੀ ਨਹੀਂ ਹੋਣ ਦਿੱਤਾ। ਸੋਚ, ਵਿਚਾਰ ਤੇ ਦ੍ਰਿਸ਼ਟੀਕੋਣ ਸਹਿਜ ਸੁਭਾ ਹੀ ਲਿਖਤ ਵਿਚ ਲੁਪਤ ਹੋਣ ਤਾਂ ਸੋਹਣੇ ਲੱਗਦੇ ਹਨ। 'ਹਨੇਰੇ ਦੀ ਤਲ਼ੀ 'ਤੇ' ਵਿਚ ਇੰਝ ਹੀ ਹੋਇਆ ਹੈ। ਕੁਲਵਿੰਦਰ ਖਹਿਰਾ ਨੂੰ ਇਸ ਪੁਸਤਕ ਲਈ ਮੁਬਾਰਕਾਂ!



ਹਰਚਰਨ ਸਿੰਘ ਪਰਹਾਰ
403-681-8689
hp8689@gmail.com

# ਅਜੋਕੇ ਕੈਨੇਡਾ ਅੰਦਰ ਸਿੱਖ ਧਰਮ, ਸਿੱਖ ਪੰਥ ਅਤੇ ਸਿੱਖ ਸਿਆਸਤ !

## (ਨਗਰ ਕੀਰਤਨਾਂ ਵਿੱਚੋਂ ਅਲੋਪ ਹੋ ਰਹੀ ਧਾਰਮਿਕਤਾ ਅਤੇ ਹਾਵੀ ਹੋ ਰਹੀ ਧੌਂਸਵਾਦੀ ਸੌੜੀ ਰਾਜਨੀਤੀ)

ਸਿੱਖ ਕਮਿਉਨਿਟੀ ਵਿੱਚ ਚੱਲ ਰਹੀ ਚਰਚਾ ਅਨੁਸਾਰ ਕੈਲਗਰੀ ਦੇ ਵੈਸਾਖੀ ਨਗਰ ਕੀਰਤਨ ਤੋਂ 3-4 ਦਿਨ ਪਹਿਲਾਂ ਸੜਕਾਂ 'ਤੇ ਵੱਡੇ-ਵੱਡੇ ਬੇਨਾਮ ਸਾਈਨ ਬੋਰਡ ਲਗਾ ਦਿੱਤੇ ਗਏ, ਜਿਨ੍ਹਾਂ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਨੇਡਾ ਦੀ ਆਪੋਜ਼ੀਸ਼ਨ ਪਾਰਟੀ ਕੰਜ਼ਰਵੇਟਿਵ ਦੇ ਨੈਸ਼ਨਲ ਲੀਡਰ ਪੀ. ਆਰ. ਪੌਲੀਅਰ ਦੀਆਂ ਫੋਟੋਆਂ ਲਗਾ ਕੇ ਲਿਖਿਆ ਹੋਇਆ ਸੀ ਕਿ ਇਹ 'ਸਿੱਖ ਕੌਮ ਦੇ ਗਦਾਰ' ਹਨ, 'ਇਨ੍ਹਾਂ ਦਾ ਬਾਈਕਾਟ ਕਰੋ'। ਕੁਝ ਅਜਿਹੇ ਸਾਈਨ ਬੋਰਡ ਵੀ ਸਨ, ਜਿਨ੍ਹਾਂ ਵਿੱਚ ਭਾਰਤੀ ਅੰਬੈਸੀ ਦੇ ਅਹੁਦੇਦਾਰਾਂ ਨੂੰ ਹਰਦੀਪ ਸਿੰਘ ਨਿੱਝਰ ਦੇ ਕਾਤਲ ਦਰਸਾਇਆ ਗਿਆ ਸੀ। ਬੇਸ਼ੱਕ ਮੀਡੀਆ ਵਿੱਚ ਤਾਂ ਇਸ ਬਾਰੇ ਖ਼ਬਰਾਂ ਨਹੀਂ ਆਈਆਂ, ਪਰ ਸੁਣਨ ਵਿੱਚ ਆਇਆ ਸੀ ਕਿ ਅਲਬਰਟਾ ਦੀ ਕੰਜ਼ਰਵੇਟਿਵ ਪਾਰਟੀ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਅਤੇ ਉਨ੍ਹਾਂ ਦੀ ਪਾਰਟੀ ਵਲੋਂ ਨਗਰ ਕੀਰਤਨ ਵਿੱਚ ਸ਼ਾਮਿਲ ਨਾ ਹੋਣ ਦਾ ਸੁਨੇਹਾ ਪ੍ਰਬੰਧਕਾਂ ਨੂੰ ਪਹੁੰਚਾ ਦਿੱਤਾ ਸੀ। ਜਿਸ ਤੋਂ ਬਾਅਦ ਪ੍ਰਬੰਧਕਾਂ ਵਲੋਂ ਪੁਲਿਸ ਅਤੇ ਸਿਟੀ ਆਫ ਕੈਲਗਰੀ ਦੇ ਪ੍ਰਸ਼ਾਸਨ ਦੀ ਮੱਦਦ ਨਾਲ਼ ਗੈਰ-ਕਨੂੰਨੀ ਢੰਗ ਨਾਲ਼ ਰੱਖੇ, ਉਹ ਸਾਈਨ ਬੋਰਡ ਚੁੱਕਾ ਦਿੱਤੇ ਸਨ। ਫਿਰ ਵੀ ਕੰਜ਼ਰਵੇਟਿਵ ਪਾਰਟੀ ਦਾ ਕੋਈ ਵੀ ਲੀਡਰ ਨਗਰ ਕੀਰਤਨ ਵਿੱਚ ਸ਼ਾਮਿਲ ਨਹੀਂ ਹੋਇਆ। ਵੈਸੇ ਵੀ ਪਿਛਲੇ ਸਾਲਾਂ ਦੇ ਮੁਕਾਬਲੇ ਇਸ ਵਾਰ ਆਪਣੀ ਕਮਿਉਨਿਟੀ ਦੇ ਕੁਝ ਰਾਜਸੀ ਲੀਡਰਾਂ ਤੋਂ ਇਲਾਵਾ ਕਿਸੇ ਵੀ ਹੋਰ ਪਾਰਟੀ ਦਾ ਕੋਈ ਗੋਰਾ ਲੀਡਰ ਨਗਰ ਕੀਰਤਨ ਵਿੱਚ ਦੇਖਣ ਨੂੰ ਘੱਟ ਹੀ ਮਿਲ਼ਿਆ। ਇੱਕ ਸਥਾਨਕ ਰੇਡੀਓ 'ਤੇ ਨਗਰ ਕੀਰਤਨ ਦੇ ਮਾਹੌਲ ਬਾਰੇ ਚੱਲੀ ਚਰਚਾ ਦੌਰਾਨ, ਤਕਰੀਬਨ ਸਾਰੇ ਸ੍ਰੋਤਿਆਂ ਨੇ ਇਸ ਵਰਤਾਰੇ ਨੂੰ ਮੰਦਭਾਗਾ ਦੱਸਿਆ। ਪਰ ਹੈਰਾਨੀ ਦੀ ਗੱਲ ਹੈ ਕਿ ਨਗਰ ਕੀਰਤਨ ਤੋਂ 2-3 ਦਿਨ ਪਹਿਲਾਂ ਵਾਪਰ ਚੁੱਕੀ ਘਟਨਾ ਦੇ ਬਾਵਜੂਦ, ਅਜਿਹੇ ਪ੍ਰਬੰਧ ਨਹੀਂ ਕੀਤੇ ਗਏ ਕਿ ਨਗਰ ਕੀਰਤਨ ਦਾ ਮਾਹੌਲ ਖਰਾਬ ਨਾ ਹੋਵੇ, ਪਰ ਜੋ ਕੁਝ ਨਗਰ ਕੀਰਤਨ ਦੌਰਾਨ ਵਾਪਰਿਆ, ਉਹ ਕਿਸੇ ਵੀ ਢੰਗ ਨਾਲ਼ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਧਾਰਮਿਕ ਨਗਰ ਕੀਰਤਨ ਵਿੱਚ ਨਹੀਂ ਵਾਪਰਨਾ ਚਾਹੀਦਾ ਸੀ। ਗੁਰਦੁਆਰੇ ਦੇ ਪ੍ਰਬੰਧਕਾਂ ਵਲੋਂ ਬੇਨਾਮ ਸਾਈਨ ਰੱਖਣ ਵਾਲ਼ਿਆਂ ਬਾਰੇ ਵੀ ਸੰਗਤ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਅਤੇ ਨਾ ਹੀ ਅਜਿਹੇ ਸਾਈਨ ਰੱਖਣ ਵਾਲ਼ਾ ਕੋਈ ਵਿਅਕਤੀ ਜਾਂ ਸੰਸਥਾ ਹੀ ਸਾਹਮਣੇ ਆਈ, ਜੋ ਦਾਅਵਾ ਕਰਦੀ ਕਿ ਸਾਡੇ ਸਾਈਨ ਕਿਉਂ ਚੁਕਾਏ ਗਏ ਹਨ? ਫਿਰ ਇਹ ਕਿਸਦੀ ਸ਼ਰਾਰਤ ਹੋ ਸਕਦੀ ਹੈ, ਕੀ ਇਸ ਬਾਰੇ ਪ੍ਰਬੰਧਕਾਂ ਨੂੰ ਤਫਤੀਸ਼ ਨਹੀਂ ਕਰਾਉਣੀ ਚਾਹੀਦੀ ਸੀ?

ਦੁਨੀਆਂ ਭਰ ਵਿੱਚ ਸਿੱਖ ਕਮਿਉਨਿਟੀ ਵਲੋਂ ਗੁਰੂ ਸਾਹਿਬਾਨ ਜਾਂ ਵੈਸਾਖੀ ਨਾਲ਼ ਸਬੰਧਤ '**ਨਗਰ ਕੀਰਤਨ**' ਕੱਢਣ ਦੀ ਪ੍ਰੰਪਰਾ ਆਮ ਹੀ ਪ੍ਰਚਲਤ ਹੈ। ਪਰ ਵਿਦੇਸ਼ਾਂ ਵਿੱਚ ਗੁਰੂ ਸਾਹਿਬਾਨ ਦੀ ਥਾਂ 'ਤੇ 90-95% ਸਿਰਫ '**ਖਾਲਸਾ ਸਾਜਨਾ ਦਿਵਸ**' (ਪੁਰਾਣਾ ਨਾਮ ਵੈਸਾਖੀ) ਨਾਲ਼ ਸਬੰਧਤ ਨਗਰ ਕੀਰਤਨ ਹੀ ਆਯੋਜਿਤ ਕੀਤੇ ਜਾਂਦੇ ਹਨ। ਤਕਰੀਬਨ 25-30 ਸਾਲ ਪਹਿਲਾਂ ਵਿਦੇਸ਼ਾਂ ਵਿੱਚ 2-4 ਥਾਵਾਂ 'ਤੇ ਹੀ ਨਗਰ ਕੀਰਤਨ ਹੁੰਦੇ ਸਨ, ਪਰ ਹੁਣ ਦੇਖੋ-ਦੇਖੀ ਪਿਛਲੇ 10-15 ਸਾਲ ਤੋਂ ਹਰ ਵੱਡੇ-ਛੋਟੇ ਸ਼ਹਿਰ ਵਿੱਚ ਨਗਰ ਕੀਰਤਨ ਹੁੰਦੇ ਹਨ। ਸ਼ੁਰੂ ਵਿੱਚ ਲੋਕ ਬੜੀ ਸ਼ਰਧਾ ਨਾਲ਼ ਸ਼ਾਮਿਲ ਹੁੰਦੇ ਸਨ ਅਤੇ ਇਨ੍ਹਾਂ ਵਿੱਚ ਸ਼ਬਦ ਕੀਰਤਨ ਕਰਦੀ ਸੰਗਤ ਗੁਰੂ ਗ੍ਰੰਥ ਸਾਹਿਬ ਦੇ ਫਲੋਟ ਮਗਰ ਚੱਲਦੀ ਸੀ। ਹੁਣ ਨਗਰ ਕੀਰਤਨ ਸਮਾਜਿਕ, ਰਾਜਨੀਤਕ ਅਤੇ ਬਿਜਨੈਸ ਮੇਲਿਆਂ ਦਾ ਰੂਪ ਧਾਰਨ ਕਰ ਚੁੱਕੇ ਹਨ। ਫਿਰ ਇਨ੍ਹਾਂ ਨਗਰ ਕੀਰਤਨਾਂ ਵਿੱਚ ਰਾਜਸੀ ਲੀਡਰਾਂ ਨੂੰ ਸੱਦਣ ਦਾ ਰੁਝਾਨ ਸ਼ੁਰੂ ਹੋਇਆ ਅਤੇ ਹੌਲ਼ੀ-ਹੌਲ਼ੀ ਇਹ ਰੁਝਾਨ ਵਧਦਾ-ਵਧਦਾ, ਲੋਕਲ, ਸੂਬਾਈ ਅਤੇ ਫੈਡਰਲ ਲੀਡਰਾਂ ਤੱਕ ਪਹੁੰਚ ਗਿਆ। ਹੁਣ ਹਰ ਦੇਸੀ ਰਾਜਨੀਤਕ ਲੀਡਰ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਆਪਣੀ ਪਾਰਟੀ ਦੇ ਵੱਧ ਤੋਂ ਵੱਧ ਲੀਡਰ ਸੱਦ ਕੇ ਆਪਣਾ ਸ਼ਕਤੀ ਪ੍ਰਦਰਸ਼ਨ ਕਰੇ। ਬੇਸ਼ਕ ਗੋਰਿਆਂ ਵਿੱਚ ਧਰਮ ਨੂੰ ਰਾਜਨੀਤੀ ਲਈ ਵਰਤਣ ਦਾ ਰੁਝਾਨ ਹੁਣ ਨਾ-ਮਾਤਰ ਹੀ ਹੈ, ਪਰ ਸਾਡੇ ਲੋਕਾਂ ਨੇ ਉਨ੍ਹਾਂ ਨੂੰ ਧਰਮ ਨੂੰ ਰਾਜਨੀਤੀ ਲਈ ਵਰਤਣ ਦਾ ਅਜਿਹਾ ਚਸਕਾ ਪਾਇਆ ਹੈ ਕਿ ਦੇਖੋ-ਦੇਖੀ, ਹੁਣ ਹਿੰਦੂ, ਮੁਸਲਮਾਨ ਜਾਂ ਹੋਰ ਫਿਰਕਿਆਂ ਦੇ ਲੋਕ ਵੀ ਇਸੇ ਰਾਹ ਤੁਰਨ ਲੱਗੇ ਹਨ। ਬੇਸ਼ੱਕ ਅਜੇ ਗੁਰਦੁਆਰਿਆਂ ਵਾਂਗ ਰਾਜਸੀ ਲੀਡਰਾਂ ਨੂੰ ਮੰਦਰਾਂ, ਮਸਜਿਦਾਂ, ਚਰਚਾਂ ਵਿੱਚ ਬੋਲਣ ਨਹੀਂ ਦਿੱਤਾ ਜਾਂਦਾ। ਪਰ ਗੁਰਦੁਆਰਿਆਂ ਵਿੱਚ ਅਜਿਹਾ ਰੁਝਾਨ ਆਮ ਹੀ ਹੈ, ਜਿਸ ਕਾਰਨ ਗੁਰਦੁਆਰੇ ਆਪਣੀ ਮੌਲਿਕ ਧਾਰਮਿਕਤਾ ਗੁਆ ਕੇ ਰਾਜਨੀਤੀ ਦੇ ਅੱਡੇ ਬਣਦੇ ਜਾ ਰਹੇ ਹਨ। ਹੁਣ ਰਾਜਨੀਤੀ ਵਿੱਚ ਆਉਣ ਦੇ ਚਾਹਵਾਨ ਗੁਰਦੁਆਰਿਆਂ ਦੇ ਪਲੈਟਫਾਰਮ ਨੂੰ ਰਾਜਨੀਤੀ ਵਿੱਚ ਆਉਣ ਲਈ ਪੌੜੀ ਵਾਂਗ ਵਰਤਣ ਲੱਗੇ ਹਨ। 30-40 ਸਾਲ ਪਹਿਲਾਂ ਭਾਰਤ ਵਿੱਚ ਗੈਰ-ਅਕਾਲੀ ਪਾਰਟੀਆਂ ਨਾਲ਼ ਸਬੰਧਤ ਸਿੱਖ, ਇਹ ਇਲਜਾਮ ਅਕਾਲੀਆਂ 'ਤੇ ਲਗਾਉਂਦੇ ਹੁੰਦੇ ਸਨ ਕਿ ਉਹ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ', ਸਿੱਖ ਧਰਮ ਅਤੇ ਗੁਰਦੁਆਰਿਆਂ ਨੂੰ ਆਪਣੀ ਫਿਰਕੂ ਰਾਜਨੀਤੀ ਲਈ ਵਰਤਦੇ ਹਨ। ਹੁਣ ਇਹ ਰੁਝਾਨ ਵਿਦੇਸ਼ਾਂ ਵਿੱਚ ਆਮ ਹੀ ਚੱਲ ਪਿਆ ਹੈ। ਸਿਟੀ ਕੌਂਸਲਰਾਂ ਤੋਂ ਲੈ ਕੇ ਐਮ. ਐਲ. ਏ., ਐਮ. ਪੀ. ਬਣਨ ਵਾਲ਼ੇ ਵੱਖ-ਵੱਖ ਪਾਰਟੀਆਂ ਦੇ ਬਹੁਤੇ ਦੇਸੀ ਲੀਡਰ ਸਿੱਧੇ-ਅਸਿੱਧੇ ਢੰਗ ਨਾਲ਼ ਗੁਰਦੁਆਰਾ ਸਿਆਸਤ ਨਾਲ਼ ਸਬੰਧਤ ਹੀ ਆ ਰਹੇ ਹਨ। ਗੁਰਦੁਆਰਾ ਸਿਆਸਤ ਹੁਣ ਸਿੱਖ ਸਮਾਜ 'ਤੇ ਇਤਨੀ ਹਾਵੀ ਹੋ ਚੁੱਕੀ ਹੈ ਕਿ ਇਸਨੇ ਵਿਦੇਸ਼ਾਂ ਵਿੱਚ ਕੋਈ ਹੋਰ ਸਿੱਖ ਸੰਸਥਾ ਉਠਣ ਨਹੀਂ ਦਿੱਤੀ ਅਤੇ ਹੁਣ ਤਾਂ ਗੁਰਦੁਆਰਾ ਲੀਡਰਸ਼ਿਪ ਦੇ ਅਸ਼ੀਰਵਾਦ ਤੋਂ ਬਿਨਾਂ ਕੋਈ ਰਾਜਨੀਤੀ ਵਿੱਚ ਆਉਣ ਬਾਰੇ ਸੋਚ ਵੀ ਨਹੀਂ ਸਕਦਾ। ਗੁਰਬਾਣੀ ਦੇ ਸ਼ਬਦ 'ਸਿਧ ਛਪਿ ਬੈਠੇ ਪਰਬਤੀ, ਕਉਣੁ ਜਗਤ੍ਰਿ ਕਉ ਪਾਰਿ ਉਤਾਰਾ..' ਵਾਂਗ ਸਿੱਖ ਸਮਾਜ ਦਾ ਪੜ੍ਹਿਆ-ਲਿਖਿਆ ਤੇ ਸੂਝਵਾਨ ਤਬਕਾ ਸਿੱਖੀ ਤੇ ਗੁਰਦੁਆਰਾ ਸਿਆਸਤ ਤੋਂ ਦਿਨੋ-ਦਿਨ ਦੂਰ ਹੁੰਦਾ ਜਾ ਰਿਹਾ ਹੈ। ਬਹੁ-ਗਿਣਤੀ ਵਿਦੇਸ਼ੀਂ ਜੰਮਪਲ ਬੱਚਿਆਂ ਦਾ ਵੈਸੇ ਹੀ ਧਰਮ ਵਿੱਚ ਕੋਈ ਵਿਸ਼ਵਾਸ ਨਹੀਂ ਰਿਹਾ। ਮੌਜੂਦਾ ਗੁਰਦੁਆਰਾ ਸਿਆਸਤ ਨੇ ਸਿੱਖੀ ਦਾ ਦਾਇਰਾ ਇਤਨਾ ਤੰਗ ਕਰ ਦਿੱਤਾ ਹੈ ਕਿ ਕਿਸੇ ਵੱਖਰੇ ਵਿਚਾਰ ਨੂੰ ਕੋਈ ਥਾਂ ਨਹੀਂ ਦਿੱਤੀ ਜਾ ਰਹੀ। ਜੇ ਕੋਈ ਸੋਸ਼ਲ ਮੀਡੀਆ ਵਰਗੇ ਅਜ਼ਾਦ ਪਲੈਟਫਾਰਮਾਂ 'ਤੇ ਕੋਈ ਗੱਲ ਕਰਨੀ ਚਾਹੇ ਤਾਂ ਉਥੇ ਵੀ ਹਰ ਪੱਧਰ 'ਤੇ ਅਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜਿਸਦੇ ਨਤੀਜੇ ਵਜੋਂ ਪੰਜਾਬ ਵਾਂਗ ਇੱਕ ਉਜੱਡ ਅਤੇ ਮਾਰ-ਧਾੜ ਵਾਲ਼ੀ ਸਿਆਸਤ ਵਿਦੇਸ਼ਾਂ ਵਿੱਚ ਹਾਵੀ ਹੋ ਗਈ ਹੈ। ਜੋ ਕਿ ਸਿੱਖ ਸਮਾਜ ਦੇ ਭਵਿੱਖ ਲਈ ਖਤਰੇ ਦੀ ਨਿਸ਼ਾਨੀ ਬਣਦੀ ਜਾ ਰਹੀ ਹੈ। ਜਿਸ ਵੱਲ ਅਜੇ ਬਹੁ-ਗਿਣਤੀ ਸਿੱਖ ਭਾਈਚਾਰਾ ਡਾਲਰਾਂ ਦੀ ਦੌੜ ਵਿੱਚ ਧਿਆਨ ਨਹੀਂ ਦੇ ਰਿਹਾ।

ਵਿਦੇਸ਼ਾਂ ਵਿੱਚ ਨਗਰ-ਕੀਰਤਨ ਅਕਸਰ ਅਪਰੈਲ-ਮਈ ਵਿੱਚ ਹੁੰਦੇ ਹਨ। ਥੋੜੇ-ਬਹੁਤੇ ਫਰਕ ਨਾਲ਼ ਸਾਰੇ ਸ਼ਹਿਰਾਂ ਵਿੱਚ ਪ੍ਰਬੰਧਕਾਂ ਅਤੇ ਸੰਗਤ ਦਾ ਇੱਕੋ ਪੈਟਰਨ ਹੈ। ਹਰ ਪਾਸੇ ਧਾਰਮਿਕਤਾ ਅਲੋਪ ਹੋ ਰਹੀ ਹੈ ਅਤੇ ਇੱਕ ਖਾਸ ਤਰ੍ਹਾਂ ਦੀ ਧਾਕੜ ਰਾਜਨੀਤੀ ਨੂੰ ਪ੍ਰਨਾਏ ਹੋਏ ਕੁਝ ਲੋਕ ਹੀ ਸਭ ਪਾਸੇ ਹਾਵੀ ਹੋ ਰਹੇ ਹਨ। ਹੁਣ ਤਾਂ ਸੰਗਤੀ ਗੁਰਦੁਆਰਿਆਂ ਦਾ ਕੰਨਸੈਪਟ ਵੀ ਖਤਮ ਕੀਤਾ ਜਾ ਰਿਹਾ ਹੈ ਅਤੇ ਗੁਰਦੁਆਰੇ ਪ੍ਰਾਈਵੇਟ ਟਰੱਸਟ ਬਣਦੇ ਜਾ ਰਹੇ ਹਨ। ਅਜਿਹੀ ਰਾਜਨੀਤੀ ਨਾਲ਼ ਸਬੰਧਤ ਲੀਡਰ ਆਪਣੇ ਆਰਥਿਕ ਤੇ ਰਾਜਸੀ ਹਿੱਤਾਂ ਅਨੁਸਾਰ ਸਾਰੀਆਂ ਪਾਰਟੀਆਂ ਦੇ ਲੀਡਰਾਂ ਨੂੰ ਗੁਰਦੁਆਰਾ ਸਟੇਜ ਵਰਤਣ ਲਈ ਖੁੱਲ੍ਹਾ ਸੱਦਾ ਦਿੰਦੇ ਹਨ।

ਪਿਛਲੇ ਦਿਨੀਂ ਸਾਡੇ ਸ਼ਹਿਰ ਦੇ ਸਲਾਨਾ ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਵਿੱਚ ਸੰਗਤ ਸ਼ਾਮਿਲ ਹੋਈ। ਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਫਲੋਟ ਮਗਰ, ਨਗਰ ਕੀਰਤਨ ਦੇ ਰੂਟ ਦੇ ਅੱਧ ਤੱਕ ਪਹੁੰਚਦੇ-ਪਹੁੰਚਦੇ ਮਸਾਂ 5-7 ਸੌ ਦੀ ਗਿਣਤੀ ਹੀ ਰਹਿ ਗਈ ਸੀ, ਜਦਕਿ ਪ੍ਰਚਾਰ ਇਹ ਹੋ ਰਿਹਾ ਸੀ ਕਿ ਡੇਢ ਦੋ ਲੱਖ ਦਾ ਇਕੱਠ ਸੀ। ਬਹੁਤ ਸਾਰੀ ਸੰਗਤ ਫਲੋਟ ਮਗਰ ਚੱਲਣ ਦੀ ਥਾਂ ਆਸੇ-ਪਾਸੇ ਸੜਕਾਂ ਕਿਨਾਰੇ ਲੱਗੇ ਸਟਾਲਾਂ 'ਤੇ ਖਾਣ-ਪੀਣ ਵਿੱਚ ਬਿਜ਼ੀ ਸੀ। 70-80% ਸੰਗਤ ਨੂੰ ਕੋਈ ਪਤਾ ਨਹੀਂ ਸੀ ਕਿ ਨਗਰ ਕੀਰਤਨ ਕਿੱਥੇ ਹੈ, ਉਹ ਪਾਰਕ ਵਿੱਚ ਖਾਣ-ਪੀਣ ਦੇ ਇੱਕ ਸਟਾਲ ਤੋਂ ਦੂਜੇ ਵੱਲ਼ ਭੱਜ ਰਹੀ ਸੀ। ਸੰਗਤ ਵਿੱਚੋਂ ਬਹੁਤ ਸਾਰੇ ਲੋਕਾਂ ਨਾਲ਼ ਹੋਈ ਗੱਲਬਾਤ ਅਨੁਸਾਰ ਹੁਣ ਇਹ ਧਾਰਮਿਕ ਨਗਰ ਕੀਰਤਨ ਨਾ ਹੋ ਕੇ ਸਮਾਜਿਕ, ਰਾਜਨੀਤਕ ਤੇ ਬਿਜਨੈਸ ਮੇਲਾ ਬਣ ਚੁੱਕਾ ਹੈ। ਗੁਰੂ ਗ੍ਰੰਥ ਸਾਹਿਬ ਵਾਲ਼ੇ ਫਲੋਟ 'ਤੇ ਹੋ ਰਿਹਾ ਕੀਰਤਨ, ਕਿਸੇ ਨੂੰ ਸੁਣਾਈ ਨਹੀਂ ਦੇ ਰਿਹਾ ਸੀ ਕਿਉਂਕਿ ਪਿੱਛੇ ਚੱਲ ਰਹੇ ਇੱਕ ਫਲੋਟ 'ਤੇ ਬਹੁਤ ਉਚੀ ਆਵਾਜ ਵਿੱਚ 'ਫਲਾਨਾ ਕੁੱਤਾ', 'ਧਮਕਾਨਾ ਕੁੱਤਾ'ਸ਼ ਦਾ ਰਾਗ ਉਚੀ ਸੁਰ ਵਿੱਚ ਅਲਾਪਿਆ ਜਾ ਰਿਹਾ ਸੀ। ਵੈਸੇ ਤਾਂ ਅਜਿਹੀ ਸ਼ਬਦਾਵਲ਼ੀ ਵਰਤਣੀ ਕਿਤੇ ਵੀ ਮਾੜੀ ਹੈ, ਪਰ ਇੱਕ ਧਾਰਮਿਕ ਸਮਾਗਮ ਵਿੱਚ, ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਹੇਠ ਹੋ ਰਹੇ ਨਗਰ ਕੀਰਤਨ ਵਿੱਚ ਵਰਤੀ ਜਾਣੀ ਕਿਤਨੀ ਕੁ ਜਾਇਜ਼ ਕਹੀ ਜਾ ਸਕਦੀ? ਅਜਿਹਾ ਮਾਹੌਲ ਸਿਰਜ ਕੇ ਅਸੀਂ ਸਾਬਿਤ ਕੀ ਕਰਨਾ ਚਾਹੁੰਦੇ ਹਾਂ? ਸਿੱਖ ਲੀਡਰਸ਼ਿਪ ਲਈ ਇਹ ਇੱਕ ਵੱਡਾ ਸਵਾਲ ਹੈ? ਸੰਗਤ ਵਲੋਂ ਇਹ ਸ਼ਿਕਾਇਤ ਵੀ ਕੀਤੀ ਜਾ ਰਹੀ ਸੀ ਕਿ ਨਗਰ ਕੀਰਤਨ ਦਾ ਮਾਹੌਲ ਧਾਰਮਿਕ ਬਣਾਉਣ ਲਈ ਅਗਰ ਫਲੋਟਾਂ 'ਤੇ ਫੋਟੋਆਂ ਲਗਾਉਣ ਦੀ ਬਹੁਤ ਜਰੂਰਤ ਸੀ ਤਾਂ ਉਹ ਗੁਰੂ ਸਾਹਿਬਾਨ, ਸਿੱਖ ਇਤਿਹਾਸ ਜਾਂ ਗੁਰਬਾਣੀ ਦੇ ਸ਼ਬਦਾਂ ਨਾਲ਼ ਸਬੰਧਤ ਹੋ ਸਕਦੀਆਂ ਸਨ। ਪਰ ਇਸਦੀ ਜਗ੍ਹਾ 'ਤੇ ਸਿਰਫ ਪਿਛਲੀ ਸਦੀ ਦੇ 80ਵਿਆਂ ਵਿੱਚ ਚੱਲੀ ਖਾੜਕੂ ਲਹਿਰ ਨਾਲ਼ ਸਬੰਧਤ ਹੀ ਫੋਟੋਆਂ ਕਿਉਂ ਸਨ? ਕੀ ਪਿਛਲੇ 500 ਸਾਲ ਦੇ ਸਿੱਖ ਇਤਿਹਾਸ ਵਿੱਚ ਹੋਰ ਕਿਸੇ ਸਿੱਖ ਦਾ ਕੋਈ ਰੋਲ਼ ਨਹੀਂ? ਆਮ ਲੋਕ ਮਹਿਸੂਸ ਕਰ ਰਹੇ ਸਨ ਕਿ ਜਿਵੇਂ ਨਗਰ ਕੀਰਤਨ ਵਿੱਚ ਪ੍ਰਬੰਧਕਾਂ ਦਾ ਕੋਈ ਕੰਟਰੋਲ ਨਹੀਂ ਸੀ? ਇਸੇ ਤਰ੍ਹਾਂ ਇੱਕ ਹੋਰ ਫਲੋਟ 'ਤੇ ਢਾਡੀ ਸਿੰਘ ਅਜਿਹੀਆਂ ਵਾਰਾਂ ਹੀ ਵਾਰ-ਵਾਰ ਗਾ ਰਹੇ ਸਨ ਕਿ ਸਿੰਘ ਆਪਣੇ ਦੁਸ਼ਮਣਾਂ ਤੋਂ ਬਦਲਾ ਜ਼ਰੂਰ ਲੈਂਦੇ ਹਨ, ਸਿੰਘਾਂ ਨੇ ਫਲਾਨਾ ਸੋਧਤਾ, ਫਲਾਨਾ ਗੱਡੀ ਚਾੜ੍ਹਤਾ.. ਆਦਿ। ਕੀ ਅਜਿਹੇ ਪ੍ਰਚਾਰਕਾਂ ਤੋਂ ਪ੍ਰਬੰਧਕਾਂ ਨੂੰ ਸਵਾਲ ਨਹੀਂ ਪੁੱਛਣਾ ਬਣਦਾ ਸੀ ਕਿ ਗੁਰੂ ਗ੍ਰੰਥ ਸਾਹਿਬ ਦੇ ਕਿਹੜੇ ਸ਼ਬਦ ਅਨੁਸਾਰ ਬਦਲੇ ਲੈਣੇ, ਵੈਰ ਭਾਵ ਰੱਖਣੇ, ਸੋਧੇ ਲਾਉਣੇ ਸਿੱਖੀ ਸਿਧਾਂਤ ਹੈ? ਇਤਿਹਾਸ ਦੀ ਕਿਸੇ ਘਟਨਾ ਨੂੰ ਸਿੱਖੀ ਜਾਂ ਸਿੱਖਾਂ ਦਾ ਕੌਮੀ ਸਿਧਾਂਤ ਕਿਵੇਂ ਬਣਾਇਆ ਜਾ ਸਕਦਾ ਹੈ? ਇੱਕ ਧਾਰਮਿਕ ਸਮਾਗਮ ਵਿੱਚ, ਜਿੱਥੇ ਹੋਰ ਕਮਿਉਨਿਟੀਆਂ ਦੇ ਲੋਕ ਵੀ ਕਾਫੀ ਗਿਣਤੀ ਵਿੱਚ ਸ਼ਾਮਿਲ ਹੁੰਦੇ ਹਨ, ਉਥੇ ਅਜਿਹੇ ਹਿੰਸਾ ਉਕਸਾਊ ਪ੍ਰਚਾਰ ਨਾਲ਼ ਸਿੱਖ ਕਮਿਉਨਿਟੀ ਦਾ ਕਿਹੋ-ਜਿਹਾ ਅਕਸ ਪੇਸ਼ ਹੋ ਰਿਹਾ ਹੈ, ਕੀ ਇਸ ਬਾਰੇ ਸਾਡੀ ਲੀਡਰਸ਼ਿਪ ਕਦੇ ਗੰਭੀਰਤਾ ਨਾਲ਼ ਵਿਚਾਰ ਕਰੇਗੀ?

ਕੀ ਸਾਡੇ ਲੀਡਰਾਂ ਨੂੰ ਪਤਾ ਨਹੀਂ ਕਿ ਕਿਵੇਂ ਸਾਡੇ ਨੌਜਵਾਨ ਫੁਕਰੇਪਨ ਅਤੇ ਡਾਲਰਾਂ ਦੀ ਦੌੜ ਅਧੀਨ ਵੱਡੀ ਗਿਣਤੀ ਵਿੱਚ ਗੈਂਗਸਟਰ ਅਤੇ ਡਰੱਗ ਡੀਲਰ ਬਣ ਰਹੇ ਹਨ? ਅਜਿਹਾ ਕੋਈ ਹਫਤਾ ਨਹੀਂ ਲੰਘਦਾ, ਜਦੋਂ ਸਾਡੇ ਨੌਜਵਾਨ ਡਰੱਗ ਸਮੱਗਲਿੰਗ, ਡਰੱਗ ਓਵਰਡੋਜ਼, ਗੈਂਗਵਾਰ, ਚੋਰੀਆਂ, ਫਿਰੌਤੀਆਂ ਆਦਿ ਵਿੱਚ ਗ੍ਰਿਫਤਾਰ ਨਾ ਹੁੰਦੇ ਹੋਣ ਜਾਂ ਮਰਦੇ ਨਾ ਹੋਣ? ਬੇਸ਼ੱਕ ਸਾਡੇ ਕੋਲ਼ ਪੂਰਾ ਡੈਟਾ ਨਹੀਂ, ਪਰ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਨੌਜਵਾਨ ਜੁਰਮ ਕਰਕੇ ਕਨੇਡਾ-ਅਮਰੀਕਾ ਦੀਆਂ ਜੇਲ੍ਹਾਂ ਵਿੱਚ ਨਜ਼ਰਬੰਦ ਹਨ। ਕੀ ਸਾਡੇ ਲੀਡਰਾਂ ਨੇ ਇਸ ਮਸਲੇ ਨੂੰ ਕਦੇ ਗੰਭੀਰਤਾ ਨਾਲ਼ ਵਿਚਾਰਿਆ ਹੈ? ਜੇ ਗੁਰਦੁਆਰਾ ਸਟੇਜਾਂ ਨੂੰ ਰਾਜਨੀਤੀ ਲਈ ਵਰਤਿਆ ਜਾ ਸਕਦਾ ਹੈ ਤਾਂ ਕੀ ਡਰੱਗ ਸਮਗਲਿੰਗ, ਗੈਂਗਵਾਰ, ਹਿੰਸਾ ਆਦਿ ਵਰਗੇ ਗੰਭੀਰ ਮੁੱਦਿਆਂ 'ਤੇ ਗੁਰਦੁਆਰਿਆਂ ਵਿੱਚ ਚਰਚਾ ਨਹੀਂ ਹੋਣੀ ਚਾਹੀਦੀ? ਹਿੰਸਾ ਨਾ ਕਿਸੇ ਸਮੱਸਿਆ ਦਾ ਹੱਲ ਹੈ ਅਤੇ ਨਾ ਹੀ ਮਾਡਰਨ ਵਰਲਡ ਦੇ ਲੋਕਤੰਤਰੀ ਸਿਸਟਮ ਅੰਦਰ ਹਿੰਸਾ ਨੂੰ ਕੋਈ ਪ੍ਰਵਾਨ ਕਰਦਾ ਹੈ ਅਤੇ ਨਾ ਹੀ ਹਿੰਸਾ ਸਿੱਖਾਂ ਵਰਗੀ ਸਾਰੀ ਦੁਨੀਆਂ ਵਿੱਚ ਵਸਦੀ ਘੱਟ ਗਿਣਤੀ ਦੇ ਹਿੱਤ ਵਿੱਚ ਹੈ। ਕੀ ਅਸੀਂ ਪਿਛਲੀ ਸਦੀ ਦੇ ਆਖਰੀ ਦੋ ਦਹਾਕਿਆਂ ਵਿੱਚ, ਸਾਡੇ ਸਿਰ ਮੜੀ ਗਈ ਹਿੰਸਾ ਤੋਂ ਨਿਕਲ਼ੇ ਨਤੀਜਿਆਂ ਨੂੰ ਭੁੱਲ ਗਏ ਹਾਂ? ਇੱਕ ਪਾਸੇ ਅਸੀਂ ਸ਼ਿਕਾਇਤ ਕਰਦੇ ਹਾਂ ਕਿ ਅਸੀਂ ਬੜੇ ਸ਼ਾਂਤੀਪਸੰਦ ਤੇ ਮਿਹਨਤੀ ਲੋਕ ਹਾਂ, ਸਾਡੇ 'ਤੇ ਅੱਤਵਾਦੀ ਤੇ ਵੱਖਵਾਦੀ ਹੋਣ ਦੇ ਠੱਪੇ ਲਾਏ ਜਾਂਦੇ ਹਨ, ਪਰ ਜੋ ਕੁਝ ਹੁਣ ਹੋ ਰਿਹਾ ਹੈ, ਉਸ ਬਾਰੇ ਅਸੀਂ ਕਦੋਂ ਸੋਚਾਂਗੇ? ਸਾਡੇ ਗੁਰਦੁਆਰਿਆਂ ਵਿੱਚ ਗੁਰਬਾਣੀ ਨੂੰ ਛੱਡ ਕੇ 18ਵੀਂ ਸਦੀ ਦੇ ਇਤਿਹਾਸ ਅਧਾਰਿਤ ਹਿੰਸਾ ਨੂੰ ਹੀ ਕਿਉਂ ਸਿੱਖੀ ਦਾ ਸਿਧਾਂਤ ਬਣਾਇਆ ਜਾਂਦਾ ਹੈ? ਉਹ ਵੀ ਵਿਦੇਸ਼ਾਂ ਵਿੱਚ, ਜਿੱਥੇ ਦੇ ਸਮਾਜ ਵਿੱਚ ਸਾਨੂੰ ਸਭ ਪਾਸੇ ਕਾਫੀ ਹੱਦ ਤੱਕ ਬਰਾਬਰ ਦੇ ਹੱਕ ਹਨ, ਲੋਕ ਸ਼ਾਂਤੀ ਤੇ ਸਹਿਹੋਂਦ ਨਾਲ ਰਹਿ ਰਹੇ ਹਨ। ਕੀ ਸਾਡੇ ਪ੍ਰਚਾਰ ਅਧਾਰ ਗੁਰਬਾਣੀ ਨਹੀਂ ਹੋਣਾ ਚਾਹੀਦਾ?

ਜਦੋਂ ਸਿੱਖ ਸਮਾਜ ਵਿੱਚ 'ਧਰਮ ਤੇ ਰਾਜਨੀਤੀ' ਬਾਰੇ ਕਦੇ ਕੋਈ ਚਰਚਾ ਚੱਲਦੀ ਹੈ, ਤਾਂ ਇਹ ਕਹਿ ਕੇ ਅਜਿਹੀ ਗੰਭੀਰ ਬਹਿਸ ਨੂੰ ਬੰਦ ਕਰਾ ਦਿੱਤਾ ਜਾਂਦਾ ਹੈ ਕਿ ਸਾਡੇ ਧਰਮ ਵਿੱਚ 'ਧਰਮ ਤੇ ਰਾਜਨੀਤੀ' ਇਕੱਠੇ ਹਨ। ਜਦਕਿ ਸਾਡੇ ਕੋਲ਼ ਅਜਿਹੇ ਕੋਈ ਠੋਸ ਇਤਿਹਾਸਕ ਪ੍ਰਮਾਣ ਨਹੀਂ ਹਨ, ਜਿਸ ਨਾਲ਼ 'ਧਰਮ ਤੇ ਰਾਜਨੀਤੀ' ਦੇ ਇਸ ਗੱਠਜੋੜ ਨੂੰ ਸਿੱਖੀ ਦਾ ਬੁਨਿਆਦੀ ਸਿਧਾਂਤ ਬਣਾਇਆ ਜਾ ਸਕੇ। 'ਗੁਰੂ ਗ੍ਰੰਥ ਸਾਹਿਬ', ਜੋ ਕਿ ਸਿੱਖੀ ਦਾ ਸਰਬ ਪ੍ਰਵਾਨਤ ਧੁਰਾ ਹੈ, ਉਸ ਅਨੁਸਾਰ ਨਾ 'ਮਾਡਰਨ ਸਿੱਖੀ' ਅਤੇ ਨਾ 'ਮਾਡਰਨ ਸਿੱਖ ਰਾਜਨੀਤੀ' ਨੂੰ ਕਿਸੇ ਵੀ ਢੰਗ ਨਾਲ 'ਸਿੱਖ ਸਿਧਾਂਤਾਂ' ਅਨੁਸਾਰੀ ਮੰਨਿਆ ਜਾ ਸਕਦਾ ਹੈ। 'ਧਰਮ ਤੇ ਰਾਜਨੀਤੀ' ਦੇ ਇਸ ਮਾਡਰਨ ਗੱਠਜੋੜ ਨਾਲ਼ ਕੁਝ ਕੁ ਸਵਾਰਥੀ ਤੇ ਮੌਕਾਪ੍ਰਸਤ ਲੀਡਰਾਂ ਨੂੰ ਤਾਂ ਦੇਸ਼-ਵਿਦੇਸ਼ ਵਿੱਚ ਲਾਭ ਹੋ ਰਿਹਾ ਹੈ, ਪਰ ਸਿੱਖਾਂ ਤੇ ਸਿੱਖੀ ਨੂੰ ਇਸ ਨਾਲ਼ ਪਿਛਲੇ 100-150 ਸਾਲ ਤੋਂ ਲਗਾਤਾਰ ਨੁਕਸਾਨ ਹੀ ਹੋ ਰਿਹਾ ਹੈ। 'ਧਰਮ ਤੇ ਰਾਜਨੀਤੀ' ਦੇ ਜੋੜ ਦੀ ਅਜਿਹੀ ਚਰਚਾ ਸਿਰਫ ਸਿੱਖਾਂ ਵਿੱਚ ਹੀ ਨਹੀਂ, ਇਸਾਈਆਂ, ਮੁਸਲਮਾਨਾਂ ਤੇ ਹੋਰ ਧਾਰਮਿਕ ਫਿਰਕਿਆਂ ਵਿੱਚ ਸਦੀਆਂ ਪੁਰਾਣੀ ਹੈ। ਪਰ ਬਾਕੀ ਕੌਮਾਂ ਨੇ ਆਪਣੇ ਇਤਿਹਾਸਕ ਤਜਰਬਿਆਂ ਤੋਂ ਸਿੱਖ ਕੇ ਨਵੇਂ ਰਾਹ ਅਪਨਾ ਲਏ ਹਨ, ਸਿੱਖ ਇਸ ਬਾਰੇ ਕਦੋਂ ਸੋਚਣਗੇ?

'ਧਰਮ ਤੇ ਰਾਜਨੀਤੀ' ਦੇ ਸੈਂਕੜੇ ਸਾਲਾਂ ਦੇ ਤਜ਼ੱਰਬਿਆਂ ਜਾਣੀਕਿ 11ਵੀਂ ਸਦੀ ਤੋਂ ਲੈ ਕੇ 14ਵੀਂ ਸਦੀ ਤੱਕ ਚੱਲੇ ਨਾਮ-ਨਿਹਾਦ ਧਾਰਮਿਕ ਕਰੂਸੇਡਾਂ (ਧਰਮ ਯੁੱਧਾਂ) ਤੱਕ, ਫਿਰ ਮਾਰਟਿਨ ਲੂਥਰ ਵਲੋਂ ਰੋਮਨ ਚਰਚ ਵਿਰੁੱਧ ਪ੍ਰੋਟੈਸਟੈਂਟਵਾਦ ਦਾ ਝੰਡਾ ਗੱਡ ਦੇਣ ਤੋਂ ਬਾਅਦ 1618 ਤੋਂ 1648 ਤੱਕ ਚੱਲੇ ਜ਼ਿਹਾਦ (ਜਿਸਨੂੰ ਇਤਿਹਾਸ ਵਿੱਚ ਇਸਾਈ ਧਰਮ ਸੁਧਾਰ ਦੇ 30 ਸਾਲਾ ਧਾਰਮਿਕ ਯੁੱਧ ਦਾ ਨਾਮ ਦਿੱਤਾ ਜਾਂਦਾ ਹੈ) ਵਿੱਚ ਦੁਨੀਆਂ ਨੂੰ ਸਵਰਗ ਬਣਾਉਂਦਿਆਂ-ਬਣਾਉਂਦਿਆਂ ਈਸਾਈਆਂ ਨੇ ਸਾਰੇ ਯੂਰਪ ਨੂੰ ਕਬਰਸਤਾਨ ਵਿੱਚ ਬਦਲ ਦਿੱਤਾ ਸੀ, ਜਿਸ ਨਾਲ਼ ਯੂਰਪ ਦੀ ਅੱਧੀ ਤੋਂ ਵੱਧ ਵਸੋਂ ਤਬਾਹ ਹੋ ਗਈ ਸੀ। ਇਸ ਲੰਬੀ ਖੂਨੀ ਖਾਨਾਜੰਗੀ ਤੋਂ ਬਾਅਦ ਹੋਏ 'ਪੀਸ ਆਫ ਵੈਸਟਫੇਲੀਆ ਸਮਝੌਤੇ' ਤੱਕ ਪਹੁੰਚਦੇ, ਪੱਛਮ ਵਿੱਚ ਧਰਮ ਨੂੰ ਰਾਜਨੀਤੀ ਤੋਂ ਵੱਖ ਕਰਨ ਦਾ ਰੁਝਾਨ ਵੱਡੀ ਪੱਧਰ 'ਤੇ ਚੱਲ ਪਿਆ ਸੀ। ਇਸੇ ਦੌਰਾਨ 1644 ਈਸਵੀ ਵਿੱਚ ਅਮਰੀਕਨ ਬੈਪਟਿਸਟ ਚਰਚ ਦੇ ਮਨਿਸਟਰ ਰੌਜਰ ਵਿਲੀਅਮ ਨੇ ਇਹ ਸਿਧਾਂਤ ਪੇਸ਼ ਕੀਤਾ ਕਿ 'ਧਰਮ ਅਤੇ ਸਿਆਸਤ' ਵਿੱਚ ਇੱਕ ਦੀਵਾਰ ਹੋਣੀ ਚਾਹੀਦੀ ਹੈ, ਜੋ ਇਨ੍ਹਾਂ ਨੂੰ ਵੱਖ ਕਰ ਸਕੇ। ਜਿਸ 'ਤੇ ਵੱਖ-ਵੱਖ ਢੰਗਾਂ ਨਾਲ਼ ਸੈਂਕੜੇ ਸਾਲ ਵਿਚਾਰ ਚੱਲਦੀ ਰਹੀ ਤਾਂ 1801 ਵਿੱਚ ਫਰਾਂਸ ਦੇ ਬਾਦਸ਼ਾਹ ਨੇਪੋਲੀਅਨ ਬੋਨਾਪਰਟ ਅਤੇ ਪੋਪ ਪੀਅਸ ਸੱਤਵੇਂ ਵਿੱਚ ਧਰਮ ਨੂੰ ਰਾਜ ਤੋਂ ਵੱਖ ਕਰਨ ਦਾ ਪੈਰਿਸ ਵਿੱਚ ਸਮਝੌਤਾ ਹੋਇਆ। ਇਸ ਤੋਂ ਇੱਕ ਸਾਲ ਬਾਅਦ ਤੀਜੇ ਅਮਰੀਕਨ ਰਾਸ਼ਟਰਪਤੀ ਥੌਮਸ ਜੈਫਰਸਨ ਨੇ 1802 ਵਿੱਚ ਅਮਰੀਕਨ ਪਾਰਲੀਮੈਂਟ ਵਿੱਚ 'ਚਰਚ ਤੇ ਸਟੇਟ' ਨੂੰ ਵੱਖ ਕਰਨਾ ਬਿੱਲ ਪਾਸ ਕੀਤਾ। ਫਿਰ 20ਵੀਂ ਸਦੀ ਦੇ ਸ਼ੁਰੂ ਵਿੱਚ ਸੈਕੂਲਰ ਸਟੇਟ (ਧਰਮ ਨਿਰਪੱਖ ਰਾਜ) ਦਾ ਸਿਧਾਂਤ ਪ੍ਰਚਲਤ ਹੋਇਆ ਤਾਂ 1905 ਵਿੱਚ 'ਸਟੇਟ ਤੇ ਚਰਚ' ਨੂੰ ਪੂਰੀ ਤਰ੍ਹਾਂ ਵੱਖ ਕਰ ਦਿੱਤਾ ਗਿਆ। ਜਿਸਨੂੰ ਪਿਛਲੀ ਸਦੀ ਵਿੱਚ ਤਕਰੀਬਨ ਸਾਰੇ ਪੱਛਮੀ ਦੇਸ਼ਾਂ ਨੇ ਸਵੀਕਾਰ ਲਿਆ, ਬੇਸ਼ੱਕ ਅਜੇ ਵੀ ਦੁਨੀਆਂ ਵਿੱਚ ਮੁਸਲਮਾਨਾਂ ਦੀਆਂ ਇਸਲਾਮਿਕ ਸਟੇਟਸ ਹਨ। ਜਿਨ੍ਹਾਂ ਨੂੰ ਉਥੇ ਰਹਿਣ ਵਾਲ਼ੇ ਲੋਕਾਂ ਸਮੇਤ ਕੋਈ ਵੀ ਪਸੰਦ ਨਹੀਂ ਕਰਦਾ। '**ਧਰਮ ਤੇ ਰਾਜਨੀਤੀ' ਦੇ ਗੱਠਜੋੜ ਨਾਲ਼ ਮਨੁੱਖਤਾ ਦੀ ਹੋਈ ਤਬਾਹੀ ਤੋਂ ਸਬਕ ਲੈਂਦੇ ਹੋਏ, ਦੁਨੀਆਂ ਵਿੱਚ ਅੱਜ ਧਰਮ ਨਿਰਪੱਖ, ਲੋਕਤੰਤਰੀ ਰਾਜ ਸਰਬ ਪ੍ਰਵਾਨਤ ਹਨ। ਪਰ ਸਾਡੀ ਦੇਸ਼-ਵਿਦੇਸ਼ ਵਿਚਲੀ ਸਿੱਖ ਲੀਡਰਸ਼ਿਪ ਆਪ ਤਾਂ ਕੋਈ ਫੈਸਲਾ ਕਰਨ ਦੇ ਸਮਰੱਥ ਨਹੀਂ, ਪਰ ਦੁਨੀਆਂ ਦੇ ਤਜ਼ਰਬੇ ਤੋਂ ਲਾਭ ਉਠਾ ਕੇ ਧਰਮ ਨੂੰ ਰਾਜਨੀਤੀ ਨੂੰ ਵੱਖ ਕਰਨ ਦੀ ਥਾਂ 'ਰਾਜਨੀਤੀ' ਨੂੰ 'ਧਰਮ' ਵਿੱਚ ਬੜੇ ਜ਼ੋਰ-ਸ਼ੋਰ ਨਾਲ਼ ਵਾੜ ਰਹੀ ਹੈ। ਬੇਸ਼ੱਕ ਸਿੱਖ ਸਮਾਜ ਵਿੱਚ ਵੀ ਪਿਛਲੇ 100 ਸਾਲ ਦੇ ਧਰਮ ਤੇ ਰਾਜਨੀਤੀ ਦੇ ਸੁਮੇਲ ਨਾਲ਼ ਨਤੀਜੇ ਸਭ ਦੇ ਸਾਹਮਣੇ ਹਨ, ਪਰ ਫਿਰ ਵੀ ਸਾਡੀ ਦੇਸ਼-ਵਿਦੇਸ਼ ਦੀ ਧਾਰਮਿਕ ਤੇ ਸਿਆਸੀ ਲੀਡਰਸ਼ਿਪ ਆਪਣੇ ਸੌੜੇ ਹਿੱਤਾਂ ਲਈ ਧਰਮ ਦੀ, ਰਾਜਨੀਤੀ ਲਈ ਦੁਰਵਰਤੋਂ ਨੂੰ ਜਾਇਜ਼ ਦੱਸ ਰਹੀ ਹੈ।**

ਸਿੱਖ ਸਮਾਜ ਵਿੱਚ ਵੀ ਪਿਛਲ਼ੇ 50-60 ਸਾਲਾਂ ਤੋਂ ਹਰ 5-7 ਸਾਲ ਬਾਅਦ 'ਧਰਮ ਅਤੇ ਰਾਜਨੀਤੀ' (ਮੀਰੀ-ਪੀਰੀ) ਦੇ ਸੁਮੇਲ ਅਤੇ ਅਕਾਲ ਤਖਤ ਸਾਹਿਬ ਦੀ ਪ੍ਰਭੂ ਸਤ੍ਹਾ ਬਾਰੇ ਬਹਿਸ

ਚੱਲਦੀ ਰਹਿੰਦੀ ਹੈ, ਪਰ ਹਕੀਕਤ ਵਿੱਚ ਇਸਨੂੰ ਲਾਗੂ ਕਿਵੇਂ ਕੀਤਾ ਜਾਵੇ, ਇਸ ਬਾਰੇ ਕਿਸੇ ਕੋਲ਼ ਕੋਈ ਸੰਜੀਦਾ ਪ੍ਰੋਗਰਾਮ ਨਹੀਂ ਹੈ? ਮੇਰੀ ਸਮਝ ਅਨੁਸਾਰ ਜਿਸਦਾ ਵੱਡਾ ਕਾਰਨ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਮੌਜੂਦਾ ਸੰਸਥਾ ਅਤੇ 'ਮੀਰੀ-ਪੀਰੀ' ਦੇ ਸਿਧਾਂਤ ਬਾਰੇ ਸਾਡੇ ਕੋਲ਼ ਕੋਈ ਗੁਰੂ ਸਾਹਿਬ ਦੀਆਂ ਕੋਈ ਸਮਕਾਲੀ ਪੁਖਤਾ ਲਿਖਤਾਂ ਨਹੀਂ ਹਨ, ਜਿਨ੍ਹਾਂ ਨੂੰ ਅਧਾਰ ਬਣਾ ਕੇ ਇਨ੍ਹਾਂ ਦੋਨਾਂ ਵਿਸ਼ਿਆਂ 'ਤੇ ਪੰਥ ਕੋਈ ਗੁਰੂ ਸਿਧਾਂਤ ਅਨੁਸਾਰ ਸਾਂਝੀ ਰਾਏ ਬਣਾ ਸਕੇ। ਇਸ ਸਬੰਧੀ ਡਾ. ਸਰਦਾਰਾ ਸਿੰਘ ਜੌਹਲ਼ ਵਲੋਂ ਆਪਣੇ ਵਿਚਾਰ ਇਵੇਂ ਪੇਸ਼ ਕੀਤੇ ਸਨ:

''ਸਿੱਖ ਸਮਾਜ ਵਿੱਚ ਪ੍ਰਚੱਲਤ ਵਿਚਾਰ ਅਨੁਸਾਰ ਸਿੱਖ ਧਰਮ ਵਿੱਚ 'ਧਰਮ ਤੇ ਰਾਜਨੀਤੀ' ਦਾ ਗੱਠਜੋੜ ਹੈ, ਜਿਸ ਅਨੁਸਾਰ ਰਾਜਨੀਤੀ, ਧਰਮ ਦੇ ਕੁੰਡੇ ਹੇਠ ਚੱਲਦੀ ਹੈ। ਪਰ ਹਕੀਕਤ ਵਿੱਚ 'ਸ਼੍ਰੋਮਣੀ ਅਕਾਲ ਦਲ' ਅਤੇ 'ਸ਼੍ਰੋਮਣੀ ਕਮੇਟੀ' ਦੀ ਲੀਡਰਸ਼ਿਪ ਨੇ ਪੰਜਾਬ ਵਿੱਚ ਮਿਲ਼ੀ ਸਤ੍ਹਾ ਦੌਰਾਨ ਇਹ ਸਿਧਾਂਤ ਉਲਟਾ ਕੇ ਧਾਰਮਿਕ ਸਿੱਖ ਸੰਸਥਾਵਾਂ ਵਿੱਚ ਬਹੁਤ ਬੁਰ੍ਹੀ ਤਰ੍ਹਾਂ ਕੁਰੱਪਟ ਸਿਆਸਤ ਵਾੜ ਦਿੱਤੀ ਹੈ। ਅਕਾਲੀ ਲੀਡਰਸ਼ਿਪ ਦੀ ਸੌੜੀ ਸਿਆਸਤ ਨੇ ਸਿਰਫ ਸਿੱਖ ਸੰਸਥਾਵਾਂ ਹੀ ਨਹੀਂ, ਸਗੋਂ ਸਿੱਖ ਧਰਮ 'ਤੇ ਵੀ ਸਵਾਲੀਆ ਚਿੰਨ੍ਹ ਲਗਾ ਦਿੱਤੇ ਹਨ।'' (**ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਦੇ ਸਾਬਕਾ ਵਾਈਸ ਚਾਂਸਲਰ ਤੇ ਉਘੇ ਅਰਥ ਸ਼ਾਸਤਰੀ, ਸਰਦਾਰਾ ਸਿੰਘ ਜੌਹਲ਼ ਦੇ 2019 ਵਿੱਚ ਛਪੇ ਇੱਕ ਲੇਖ 'ਸਿੱਖ ਧਰਮ, ਸਿਆਸਤ ਅਤੇ ਅਕਾਲ ਤਖਤ' ਵਿੱਚੋਂ ਕੁਝ ਲਾਈਨਾਂ**)।

ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ 1999 ਦੀ 'ਖਾਲਸਾ ਸਾਜਨਾ' ਦੀ 300 ਸਾਲਾ ਸ਼ਤਾਬਦੀ ਦੇ ਦੌਰ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੂੰ ਬੀਂਡੀ ਜੁੱਪ ਕੇ ਉਸ ਸਮੇਂ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰੇਆਮ ਠਿੱਬੀ ਲਾਉਣ ਦੀ ਅਸਫਲ ਕੋਸ਼ਿਸ਼ ਸੀ। ਇਸਦੇ ਉਲਟ ਬਾਦਲ ਸਾਹਿਬ ਨੇ ਜਥੇਦਾਰ ਰਣਜੀਤ ਸਿੰਘ ਅਤੇ ਜਥੇਦਾਰ ਟੌਹੜਾ ਨੂੰ ਬਹੁਤ ਹੀ ਬੇਅਸੂਲੇ ਤਰੀਕੇ ਨਾਲ਼ ਬਾਹਰ ਦਾ ਰਸਤਾ ਦਿਖਾ ਦਿੱਤਾ ਸੀ। ਜਿਸ ਤੋਂ ਬਾਅਦ ਅਕਾਲੀ ਦਲ ਬਾਦਲ ਨੇ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਅਜਿਹਾ ਕਬਜ਼ਾ ਕੀਤਾ ਕਿ ਅੱਜ ਤੱਕ ਕੋਈ ਛੁਡਵਾ ਨਹੀਂ ਸਕਿਆ।

ਛੇਵੇਂ ਗੁਰੂ ਹਰਿਗੋਬਿੰਦ ਸਿੰਘ ਵਲੋਂ ਸਿਰਜੇ ਅਕਾਲ ਤਖਤ ਸਾਹਿਬ ਅਤੇ ਮੀਰੀ-ਪੀਰੀ ਦੇ ਸਿਧਾਂਤ ਬਾਰੇ ਪੰਥ ਵਿੱਚ ਕਦੇ ਕੋਈ ਸਪੱਸ਼ਟਤਾ ਨਹੀਂ ਰਹੀ। ਇਸ ਵਿਸ਼ੇ 'ਤੇ ਪਏ ਰੌਲ਼-ਘਚੋਲ਼ੇ ਬਾਰੇ ਗੱਲ ਕਰਨ ਵਾਲ਼ੀ ਹਰ ਆਵਾਜ਼ ਦਬਾ ਦਿੱਤੀ ਜਾਂਦੀ ਰਹੀ ਹੈ। ਦੋ ਕੁ ਦਹਾਕੇ ਪਹਿਲਾਂ ਉਸ ਵਕਤ ਦੇ ਜਥੇਦਾਰ ਜੁਗਿੰਦਰ ਸਿੰਘ ਵੇਦਾਂਤੀ ਵਲੋਂ ਵੀ ਸ਼੍ਰੋਮਣੀ ਕਮੇਟੀ ਨੂੰ ਚਿੱਠੀ ਲਿਖ ਕੇ ਸ੍ਰੀ ਅਕਾਲ ਤਕਤ ਸਾਹਿਬ ਦੀ ਸੰਸਥਾ ਦੇ ਰੋਲ ਅਤੇ ਜਥੇਦਾਰਾਂ ਦੀਆਂ ਨਿਯੁਕਤੀਆਂ, ਉਨ੍ਹਾਂ ਦੇ ਕਾਰਜ ਖੇਤਰ ਬਾਰੇ ਪੰਥ ਦੀਆਂ ਸੰਸਥਾਵਾਂ ਅਤੇ ਵਿਦਵਾਨਾਂ ਨਾਲ਼ ਸਲਾਹ ਕਰਕੇ ਕੋਈ ਠੋਸ ਨੀਤੀ ਤਹਿ ਕਰਨ ਬਾਰੇ ਮੰਗ ਕੀਤੀ ਸੀ। ਇਸ ਬਾਰੇ ਇੱਕ ਕਮੇਟੀ ਵੀ ਬਣੀ ਸੀ, ਪਰ ਹੋਰ ਮਸਲਿਆਂ ਵਾਂਗ ਇਸ ਬਾਰੇ ਵੀ ਪੰਥ ਅੱਟ ਤੱਕ ਕੋਈ ਨਿਰਣਾ ਨਹੀਂ ਕਰ ਸਕਿਆ। ਜਿਸਦਾ ਮੁੱਖ ਕਾਰਨ ਇਹੀ ਹੈ ਕਿ ਜਿਨ੍ਹਾਂ ਦੇ ਹੱਥ ਤਾਕਤ ਹੈ, ਉਹ ਇਸਨੂੰ ਛੱਡਣਾ ਨਹੀਂ ਚਾਹੁੰਦੇ। ਹਰ ਪੰਥਕ ਕਹਾਉਂਦੀ ਧਿਰ ਵਲੋਂ ਸਮੇਂ-ਸਮੇਂ ਅਕਾਲ ਤਖਤ ਅਤੇ ਉਸਦੇ ਜਥੇਦਾਰ ਨੂੰ ਆਪਣੇ-ਆਪਣੇ ਹਿੱਤਾਂ ਅਨੁਸਾਰ ਵਰਤਣ ਦੀਆਂ ਕੋਸ਼ਿਸ਼ਾਂ ਚੱਲਦੀਆਂ ਰਹਿੰਦੀਆਂ ਹਨ। ਹੋਰ ਧਰਮਾਂ ਵਿੱਚ ਵੀ ਅਜਿਹੇ ਵਿਵਾਦ ਕੋਈ ਨਵੇਂ ਨਹੀਂ, ਪਰ ਹੋਰ ਕੌਮਾਂ ਅਜਿਹੇ ਮਸਲਿਆਂ 'ਤੇ ਆਪਣੇ ਇਤਿਹਾਸਕ ਤਜ਼ੁਰਬਿਆਂ ਅਨੁਸਾਰ ਹੱਲ ਕਰ ਲੈਂਦੀਆਂ ਹਨ। ਪਰ ਸਿੱਖ ਕੌਮੀ ਤੌਰ 'ਤੇ ਕਦੇ ਕੋਈ ਮਸਲਾ ਹੱਲ ਨਹੀਂ ਕਰ ਸਕੇ। ਸਗੋਂ ਇੱਕ ਮਸਲਾ ਹੱਲ ਕਰਦੇ-ਕਰਦੇ 2-4 ਹੋਰ ਮਸਲੇ ਖੜੇ ਕਰ ਲੈਂਦੇ ਹਨ। ਅਜਿਹੀ ਸਥਿਤੀ ਬਾਰੇ ਲੇਖਕ ਹਾਕਮ ਸਿੰਘ ਵਲੋਂ ਆਪਣੇ ਵਿਚਾਰ ਇੱਕ ਲੇਖ ਵਿੱਚ ਇਸਾਈਅਤ ਦੇ ਇਤਿਹਾਸਕ ਸੰਦਰਭ ਨਾਲ਼ ਇਸ ਤਰ੍ਹਾਂ ਪ੍ਰਗਟ ਕੀਤੇ ਸਨ:

''ਸਭ ਤੋਂ ਪਹਿਲਾਂ (ਸਿੱਖੀ ਦੇ ਆਗਮਨ ਤੋਂ ਹਜ਼ਾਰ ਸਾਲ ਪਹਿਲਾਂ) ਪੋਪ ਗੇਲਾਸੀਅਸ ਪਹਿਲੇ (Gelasius 1) ਨੇ 494 ਈਸਵੀ ਵਿੱਚ ਬਾਦਸ਼ਾਹ ਐਨਸਤੇਸੀਅਸ (King Anastesius) ਨੂੰ ਲਿਖੇ ਇੱਕ ਪੱਤਰ ਵਿੱਚ 'ਧਰਮ ਤੇ ਰਾਜਨੀਤੀ' ਬਾਰੇ ਸਿਧਾਂਤਕ ਵਿਚਾਰ ਪੇਸ਼ ਕੀਤਾ ਸੀ।ਗੇਲਾਸੀਅਸ ਲਿਖਦਾ ਹੈ, 'ਦੋ ਸ਼ਕਤੀਆਂ ਹਨ, ਜੋ ਵਿਸ਼ਵ 'ਤੇ ਰਾਜ ਕਰਦੀਆਂ ਹਨ: ਪੁਜਾਰੀਆਂ (Preists) ਦੀ ਪਵਿੱਤਰ ਪ੍ਰਭੂ ਸਤ੍ਹਾ ਅਤੇ ਰਾਜ ਕੁਮਾਰਾਂ ਦੀ ਪ੍ਰਬੰਧਕੀ ਰਾਜ ਸ਼ਕਤੀ। ਇਹ ਦੋਨੋਂ ਹੀ, ਪ੍ਰਭੂ ਵਲੋਂ ਦੋਨਾਂ (ਬਾਦਸ਼ਾਹ ਤੇ ਪੁਜਾਰੀ) ਨੂੰ ਬਖਸ਼ੀਆਂ ਹੋਈਆਂ ਹਨ।'' ਇਸਨੂੰ ਪੋਪ ਗੇਲਾਸੀਅਸ ਦਾ ਸਿਧਾਂਤ ਵੀ ਕਿਹਾ ਜਾਂਦਾ ਹੈ। ਜਿਸਨੂੰ 1302 ਈਸਵੀ ਵਿੱਚ ਪੋਪ ਬੋਨੀਫੇਸ ਅੱਠਵੇਂ ਨੇ '**ਦੋ ਤਲਵਾਰਾਂ**' ਦੇ ਸਿਧਾਂਤ ਦੇ ਰੂਪ ਵਿੱਚ ਪੇਸ਼ ਕੀਤਾ ਸੀ, ਜਿਸ ਅਨੁਸਾਰ ਸੰਸਾਰ ਵਿੱਚ ਦੋ ਮੁੱਖ ਸ਼ਕਤੀਆਂ ਹਨ, 'ਇੱਕ ਚਰਚ' (ਧਰਮ ਦੀ ਤਲਵਾਰ) ਅਤੇ 'ਦੂਜੀ ਸਟੇਟ' (ਰਾਜਨੀਤੀ ਦੀ ਤਲਵਾਰ), ਦੋਨੋਂ ਰਲ਼ ਕੇ ਚੱਲਦੀਆਂ ਹਨ, ਪਰ 'ਧਰਮ ਦੀ ਤਲਵਾਰ', 'ਰਾਜ ਦੀ ਤਲਵਾਰ' ਤੋਂ ਉਪਰ ਹੈ। (ਸਾਡੇ ਵਿੱਚ ਵੀ ਮੀਰੀ-ਪੀਰੀ ਦੀ ਦੋ ਤਲਵਾਰਾਂ ਦੀ ਗੱਲ ਚੱਲਦੀ ਹੈ, ਭਾਵ ਇੱਕ ਰਾਜਨੀਤੀ ਤੇ ਧਰਮ ਦੀ ਤਲਵਾਰ)। ਪਰ ਇਸਾਈਅਤ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ 'ਪੁਜਾਰੀ' (ਧਰਮ) ਹਮੇਸ਼ਾਂ 'ਬਾਦਸ਼ਾਹ' ਦੇ ਅਧੀਨ ਹੀ ਰਿਹਾ ਹੈ। ਜਿਸ ਅਧੀਨ ਇਸਾਈਅਤ ਦੇ ਨਾਮ 'ਤੇ ਬਾਦਸ਼ਾਹਾਂ ਨੇ ਸਾਰੀ ਦੁਨੀਆਂ ਵਿੱਚ ਆਪਣੇ ਨਿੱਜੀ ਰਾਜ ਸਥਾਪਿਤ ਕੀਤੇ।'' (**ਪੰਜਾਬੀ ਯੂਨੀਵਰਸਿਟੀ ਵਿੱਚ ਡਾ. ਜੌਹਲ਼ ਦੇ ਸਮਕਾਲੀ ਰਹੇ ਅਤੇ ਅੱਜ-ਕਲ੍ਹ ਕਨੇਡਾ ਰਹਿੰਦੇ ਲੇਖਕ ਸ. ਹਾਕਮ ਸਿੰਘ ਨੇ ਸਰਦਾਰਾ ਸਿੰਘ ਜੌਹਲ਼ ਦੇ ਉਪਰਲੇ ਲੇਖ ਦੇ ਜਵਾਬ ਵਿੱਚ 'ਪੰਜਾਬ ਟਾਈਮਜ਼, ਅਮਰੀਕਾ' ਅਖ਼ਬਾਰ ਦੇ ਫਰਵਰੀ 23, 2019 ਨੂੰ ਛਪੇ ਇੱਕ ਲੇਖ 'ਸਿੱਖ ਧਰਮ ਅਤੇ ਸਿਆਸਤ' ਰਾਹੀਂ ਜਵਾਬ ਦਿੱਤਾ ਸੀ, ਜਿਸ ਵਿਚੋਂ ਇਹ ਕੁਝ ਲਾਈਨਾਂ ਹਨ**)।

ਇਸੇ ਵਿਸ਼ੇ 'ਤੇ ਡਾ. ਜਸਬੀਰ ਸਿੰਘ ਆਹਲੂਵਾਲ਼ੀਆ ਦਾ ਇੱਕ ਲੇਖ ਵੀ ਵਿਚਾਰਨਯੋਗ ਹੈ, ਜਿਸ ਵਿੱਚ ਉਹ ਲਿਖਦੇ ਹਨ:

''ਪਰ ਅੱਜਕਲ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿੱਚ ਭ੍ਰਿਸ਼ਟਾਚਾਰ ਦਾ ਮੁੱਖ ਕਾਰਨ ਸ਼੍ਰੋਮਣੀ ਕਮੇਟੀ ਦਾ ਅਕਾਲੀ ਦਲ ਵਲੋਂ ਸਿਆਸੀਕਰਨ ਕਰਨਾ, ਭਾਵ ਸਿੱਖਾਂ ਦੀ ਸੰਗਠਿਤ ਸ਼ਕਤੀ ਨੂੰ ਅਕਾਲੀ ਦਲ ਵਲੋਂ ਅਮਲੀ ਰੂਪ ਵਿੱਚ ਗੁਰਦੁਆਰਿਆਂ ਦੀ ਸਾਂਭ ਸੰਭਾਲ਼ ਲਈ ਬਣੀ ਸ਼੍ਰੋਮਣੀ ਕਮੇਟੀ ਵਿੱਚ ਭ੍ਰਿਸ਼ਟਾਚਾਰ ਵਾੜਨਾ ਹੈ, ਉਸਨੂੰ ਆਪਣੇ ਰਾਜਨੀਤਕ ਹਿੱਤਾਂ ਲਈ ਵਰਤਣਾ। ਇਸਦੇ ਮਾਇਕ ਵਸੀਲਿਆਂ ਸਮੇਤ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕਾਂ, ਮੁਲਾਜ਼ਮਾਂ, ਜਥੇਦਾਰਾਂ ਆਦਿ ਨੂੰ ਆਪਣੀ ਵੋਟ ਸਿਆਸਤ ਲਈ ਵਰਤਣਾ। ਗੁਰਦੁਆਰਾ ਸਟੇਜਾਂ ਨੂੰ ਪੰਥਕ ਕਾਨਫਰੰਸਾਂ ਦਾ ਨਾਮ ਦੇ ਕੇ ਸਿਆਸੀ ਲਾਹੇ ਲੈਣ ਲਈ ਵਰਤਣਾ। ਅਕਾਲੀ ਦਲ ਵਲੋਂ ਸ਼੍ਰੋਮਣੀ ਕਮੇਟੀ ਦੇ ਫੰਡ ਵਰਤ ਕੇ ਆਪਣੇ ਸਿਆਸੀ ਲਾਭਾਂ ਲਈ ਖਾਲਸਾ ਮਾਰਚਾਂ, ਸ਼ਤਾਬਦੀਆਂ, ਨਗਰ ਕੀਰਤਨਾਂ ਨੂੰ ਵਰਤਣਾ।'' (**ਸਿੱਖ ਵਿਦਵਾਨ ਤੇ ਲੇਖਕ ਡਾ. ਜਸਬੀਰ ਸਿੰਘ ਆਹਲੂਵਾਲੀਆ ਦਾ ਇੱਕ ਲੇਖ: 'ਦੂਸਰੀ ਸਿੱਖ ਜਾਗ੍ਰਿਤੀ ਲਹਿਰ ਦੀ ਲੋੜ' ਜੋ, 1999 ਦੀ ਖਾਲਸਾ ਸ਼ਤਾਬਦੀ ਤੋਂ ਕੁਝ ਸਮਾਂ ਪਹਿਲਾਂ ਲਿਖਿਆ ਸੀ, ਵਿੱਚੋਂ ਉਪਰਲੀਆਂ ਕੁਝ ਲਾਈਨਾਂ**)

ਮਾਡਰਨ ਵਰਲਡ ਦੇ ਲੋਕਤੰਤਰੀ ਸਿਸਟਮ ਵਿੱਚ ਹਰ ਇੱਕ ਵਿਅਕਤੀ, ਸੰਸਥਾ ਜਾਂ ਕਮਿਊਨਿਟੀ ਨੂੰ ਆਪਣੀ ਗੱਲ ਆਪਣੇ ਢੰਗ ਨਾਲ਼ ਕਰਨ ਦਾ ਕਨੂੰਨੀ ਤੌਰ 'ਤੇ ਪੂਰਨ ਅਧਿਕਾਰ ਹੈ। ਪਰ ਕੀ ਅਸੀਂ ਅਜਿਹੀਆਂ ਘਟਨਾਵਾਂ ਮੌਕੇ ਚੁੱਪ ਰਹਿ ਕੇ, ਆਪਣੀ ਮਨ-ਮਾਨੀ ਕਰਨ ਦੇ ਸਾਰੇ ਅਧਿਕਾਰ ਕੁਝ ਲੋਕਾਂ ਨੂੰ ਹੀ ਨਹੀਂ ਦੇ ਰਹੇ? ਕੀ ਸਾਡਾ ਸਮਾਜ ਭੀੜਤੰਤਰ ਵੱਲ ਨਹੀਂ ਵਧ ਰਿਹਾ, ਜਿੱਥੇ ਸੋਚ-ਵਿਚਾਰ, ਸੰਵਾਦ ਨੂੰ ਕੋਈ ਥਾਂ ਨਹੀਂ ਹੋਵੇਗੀ? ਅੱਜ ਸਿੱਖ ਸਮਾਜ ਵੱਡੇ ਪੱਧਰ 'ਤੇ ਬੌਧਿਕ ਕੰਗਾਲੀ ਹੰਢਾ ਰਿਹਾ ਹੈ? ਆਮ ਲੋਕਾਂ ਦੀ ਗੱਲ ਤਾਂ ਹੁਣ ਬਹੁਤ ਦੂਰ ਲੰਘ ਚੁੱਕੀ ਹੈ, ਚੰਗੇ ਸੂਝਵਾਨ, ਪੜ੍ਹੇ-ਲਿਖੇ, ਸੰਜੀਦਾ ਅਤੇ ਲੋਕ ਸਰੋਕਾਰਾਂ ਨੂੰ ਸਮਰਪਿਤ ਵਿਅਕਤੀ ਵੀ ਆਪਣੇ ਦਿਲ ਦੀ ਗੱਲ ਪਬਲੀਕਲੀ ਕਰਨ ਤੋਂ ਡਰਦੇ ਹਨ ਜਾਂ ਕੰਨੀ ਕਤਰਾਉਂਦੇ ਹਨ?

ਸਿੱਖ ਪੰਥ ਲਈ ਦੇਸ਼-ਵਿਦੇਸ਼ ਵਿੱਚ ਇਹ ਮਸਲਾ, ਵਿਰਾਟ ਰੂਪ ਧਾਰ ਚੁੱਕਾ ਹੈ ਕਿ ਧਰਮ ਨੂੰ ਰਾਜਨੀਤੀ ਲਈ ਵਰਤਣਾ ਕਿਤਨਾ ਕੁ ਜਾਇਜ ਮੰਨਿਆ ਜਾ ਸਕਦਾ ਹੈ? ਕੀ 17ਵੀਂ-18ਵੀਂ ਸਦੀ ਦੇ ਇਤਿਹਾਸਕ ਫੈਸਲਿਆਂ ਨੂੰ 21ਵੀਂ ਵੀ ਸਦੀ ਵਿੱਚ ਉਵੇਂ ਹੀ ਲਾਗੂ ਕੀਤਾ ਜਾ ਸਕਦਾ ਹੈ ਜਾਂ ਕੀਤਾ ਜਾਣਾ ਚਾਹੀਦਾ ਹੈ? ਕੀ ਗੁਰਦੁਆਰੇ ਦੇ ਸਰਬ ਸਾਂਝੇ ਧਾਰਮਿਕ ਪਲੇਟਫਾਰਮ ਨੂੰ ਵੋਟ ਰਾਜਨੀਤੀ ਲਈ ਵਰਤਣਾ ਸਿੱਖ ਪੰਥ ਦੇ ਵਡੇਰੇ ਹਿੱਤਾਂ ਵਿੱਚ ਹੋ ਸਕਦਾ ਹੈ? ਇਸ 'ਤੇ ਪੰਥ ਵਿੱਚ ਸੰਜੀਦਾ ਵਿਚਾਰ ਕਦੋਂ ਸ਼ੁਰੂ ਹੋਵੇਗੀ? ਆਮ ਸੰਗਤ ਨਗਰ ਕੀਰਤਨ ਨੂੰ ਧਾਰਮਿਕ ਘੱਟ 'ਤੇ ਮੇਲੇ ਵਾਂਗ ਵੱਧ ਲੈਂਦੀ ਹੈ, ਉਨ੍ਹਾਂ ਦਾ ਧਿਆਨ ਖਾਣ-ਪੀਣ, ਆਪਣੇ ਜਾਣਕਾਰਾਂ ਨੂੰ ਮਿਲਣ-ਗਿਲਣ ਵੱਲ ਵੱਧ ਹੁੰਦਾ ਹੈ। ਆਮ ਬਿਜਨੈਸਮੈਨਾਂ ਅਤੇ ਸਿਆਸੀ ਲੀਡਰਾਂ ਨੂੰ ਵੀ ਇਸ ਵੱਡੇ ਇਕੱਠ ਵਿੱਚ ਆਪਣੀ ਪ੍ਰਮੋਸ਼ਨ ਕਰਨ ਦਾ ਮੌਕਾ ਮਿਲਦਾ ਹੈ। ਫਿਰ ਕਿਉਂ ਨਾ ਸੜਕਾਂ ਰੋਕ ਕੇ, ਵੱਡੀ ਗਿਣਤੀ ਵਿੱਚ ਪੁਲਿਸ ਪ੍ਰਸ਼ਾਸਨ ਨੂੰ ਸਕਿਉਰਿਟੀ ਅਤੇ ਟਰੈਫਿਕ ਕੰਟਰੋਲ ਲਈ ਲੱਖਾਂ ਡਾਲਰ ਦੇਣ ਨਾਲ਼ੋਂ ਲੋਕਾਂ ਦੀ ਮਾਨਸਿਕਤਾ ਅਨੁਸਾਰ ਇਸਨੂੰ ਕਿਸੇ ਪਾਰਕ ਜਾਂ ਗਰਾਊਂਡ ਵਿੱਚ ਮੇਲੇ ਦਾ ਰੂਪ ਦੇ ਦਿੱਤਾ ਜਾਵੇ? ਜਿੱਥੇ ਲੋਕ ਖਾਣ-ਪੀਣ, ਬਿਜਨੈਸ ਵਾਲ਼ੇ ਆਪਣੀ ਪ੍ਰਮੋਸ਼ਨ ਕਰਨ, ਦੋ ਵੱਖਰੀਆਂ ਧਾਰਮਿਕ ਤੇ ਰਾਜਸੀ ਸਟੇਜਾਂ ਲਗਾ ਦਿੱਤੀਆਂ ਜਾਣ। ਜਿੱਥੇ ਲੋਕ ਆਪਣੀ ਸੋਚ ਅਨੁਸਾਰ ਮੇਲੇ ਦਾ ਆਨੰਦ ਮਾਨਣ। ਜਿਸ ਤਰ੍ਹਾਂ ਪੰਜਾਬ ਵਿੱਚ ਵੈਸਾਖੀ ਮੇਲਿਆਂ 'ਤੇ ਧਾਰਮਿਕ, ਸਮਾਜਿਕ, ਰਾਜਸੀ ਅਤੇ ਸਭਿਆਚਾਰਕ ਸਟੇਜਾਂ ਹੁੰਦੀਆਂ ਹਨ, ਇੱਥੇ ਵੀ ਇਵੇਂ ਹੀ ਕੀਤਾ ਜਾ ਸਕਦਾ ਹੈ। ਜਿਸ ਨਾਲ਼ ਆਮ ਲੋਕਾਂ ਦੀ ਸੜਕਾਂ ਰੋਕਣ ਨਾਲ਼ ਹੁੰਦੀ ਪ੍ਰੇਸ਼ਾਨੀ ਤੋਂ ਵੀ ਬਚਿਆ ਜਾ ਸਕਦਾ ਹੈ ਅਤੇ ਖਰਚਾ ਵੀ ਕਾਫੀ ਘਟ ਸਕਦਾ ਹੈ। ਪਰ ਹੋਵੇਗਾ ਤਾਂ ਹੀ ਜੇ ਗੁਰਦੁਆਰਿਆਂ ਦੇ ਪ੍ਰਬੰਧਕ ਲੋਕ-ਹਿੱਤ ਵਿੱਚ ਸੋਚਣ ਅਤੇ ਦ੍ਰਿੜਤਾ ਨਾਲ਼ ਫੈਸਲੇ ਲੈਣ ਦੇ ਸਮਰੱਥ ਹੋਣ। ਪਰ ਊਠ ਦੇ ਗਲ਼ ਟੱਲੀ ਬੰਨ੍ਹਣ ਤੋਂ ਹਰ ਕੋਈ ਡਰਦਾ ਹੈ, ਜਦਕਿ ਤਬਦੀਲੀ ਹਰ ਕੋਈ ਚਾਹੁੰਦਾ ਹੈ। ਮੇਰੀ ਬਜ਼ੁਰਗਾਂ ਦੀਆਂ ਸੁਸਾਇਟੀਆਂ ਦੇ ਕਈ ਮੈਂਬਰਾਂ ਨਾਲ਼ ਗੱਲ ਹੋਈ, ਸਭ ਦੀ ਅਜਿਹੀ ਹੀ ਰਾਏ ਹੈ। ਮੇਰੀ ਸਮਝ ਅਨੁਸਾਰ ਸਭ ਜਗ੍ਹਾ ਸੰਗਤ ਨੇ ਆਪਣਾ ਫੈਸਲਾ ਸਪੱਸ਼ਟ ਰੂਪ ਵਿੱਚ ਦੇ ਦਿੱਤਾ ਹੈ ਕਿ ਬਹੁ-ਗਿਣਤੀ ਸੰਗਤ ਨੂੰ ਸੜਕਾਂ 'ਤੇ ਤੁਰਨ ਵਿੱਚ ਕੋਈ ਦਿਲਚਸਪੀ ਨਹੀਂ, ਸਭ ਨੂੰ ਸਿੱਧਾ ਪਾਰਕ ਵਿੱਚ ਜਾਣਾ ਹੀ ਠੀਕ ਲੱਗ ਰਿਹਾ ਹੈ। ਕੀ ਪ੍ਰਬੰਧਕ ਸੰਗਤ ਦੀ ਇੱਛਾ ਅਨੁਸਾਰ ਫੈਸਲਾ ਕਰ ਸਕਣਗੇ ਜਾਂ ਕੁਝ ਲੋਕਾਂ ਦੇ ਰਾਜਸੀ ਹਿੱਤਾਂ ਦੀ ਹੀ ਪੂਰਤੀ ਕਰਦੇ ਰਹਿਣਗੇ?

ਧਰਮ ਦੀ ਰਾਜਨੀਤੀ ਲਈ ਵਰਤੋਂ ਦੀ ਚਿੰਤਾ ਸਿੱਖਾਂ ਵਿੱਚ ਕੋਈ ਨਵੀਂ ਗੱਲ ਨਹੀਂ, ਭਾਰਤ ਦੀ 1947 ਵਿੱਚ ਅਜ਼ਾਦੀ ਤੋਂ ਤੁਰੰਤ ਬਾਅਦ ਹੀ, ਅਜਿਹੀ ਚਿੰਤਾ ਇੱਕ ਬਹੁਤ ਹੀ ਸੁਹਿਰਦ ਸਿੱਖ ਚਿੰਤਕ ਗਿਆਨੀ ਹੀਰਾ ਸਿੰਘ ਦਰਦ ਵਲੋਂ ਇਨ੍ਹਾਂ ਲਫਜ਼ਾਂ ਵਿੱਚ ਪ੍ਰਗਟਾਈ ਗਈ ਸੀ:

''ਸਿੱਖ ਫਲਸਫੇ ਵਿੱਚੋਂ ਪੈਦਾ ਹੋ ਰਹੇ ਨਿਆਂਇਕ ਅਤੇ ਸਰਬੱਤ ਦੇ ਭਲੇ ਦੇ ਸਿਧਾਂਤ ਅਧਾਰਿਤ, ਜਿਸ ਸਿੱਖ ਰਾਜਨੀਤੀ ਦੀ ਮਾਸਟਰ ਤਾਰਾ ਸਿੰਘ ਸਮੇਤ ਸਿੱਖ ਲੀਡਰਸ਼ਿਪ ਕਲਪਨਾ ਕਰਦੀ ਹੈ, ਅਜਿਹੀ ਰਾਜਨੀਤੀ ਇਤਿਹਾਸ ਵਿੱਚ ਨਾ ਕਦੇ ਸੀ ਤੇ ਨਾ ਹੀ ਹੋਵੇਗੀ। ਅਜਿਹੀ ਰਾਜਨੀਤੀ ਕਿਸੇ ਸਮੇਂ ਦੇ ਹਾਲਾਤਾਂ ਅਨੁਸਾਰ ਹੁੰਦੀ ਹੈ ਅਤੇ ਸਮਾਂ ਪਾ ਕੇ ਖਤਮ ਹੋ ਜਾਂਦੀ ਹੈ। ਇਸਦਾ ਧਰਮ ਦੇ ਕਿਸੇ ਬੁਨਿਆਦੀ ਸਦੀਵ-ਕਾਲੀ ਸਿਧਾਂਤ ਨਾਲ਼ ਕੋਈ ਸਬੰਧ ਨਹੀਂ ਹੁੰਦਾ, ਜਿਸ ਤਰ੍ਹਾਂ ਸਿੱਖ ਲੀਡਰਸ਼ਿਪ ਸੋਚਦੀ ਹੈਸ਼। 'ਸਰਬੱਤ ਦਾ ਭਲਾ' ਰਾਜਸੀ ਤਾਕਤ ਨਾਲ਼ ਨਹੀਂ ਹੁੰਦਾ, ਉਦੋਂ ਹੁੰਦਾ ਹੈ, ਜਦੋਂ ਸਮਾਜਵਾਦੀ ਨਿਜ਼ਾਮ ਨਾਲ਼, ਸਮਾਜ, ਵਰਗ ਰਹਿਤ ਹੋ ਜਾਂਦਾ ਹੈਸ਼। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ, ਸਿੱਖਾਂ ਦੀ ਮੱਧ ਵਰਗ ਸ਼੍ਰੇਣੀ ਦੀ ਗੁਰਦੁਆਰਾ ਸੁਧਾਰ ਮੂਵਮੈਂਟ ਨਾਲ਼ ਬਣੇ ਸਨ।ਜਲਦੀ ਹੀ ਇਸ ਉਪਰ ਜਗੀਰਦਾਰੀ ਵਰਗ ਕਾਬਿਜ ਹੋ ਗਿਆ। ਹੁਣ ਇਸਦੇ ਸੰਘਰਸ਼, ਹਾਰੀ ਟੁੱਟੀ ਜਗੀਰਦਾਰੀ ਦੀ ਸਿਆਸਤ ਹੈ। ਹੁਣ ਇਸਨੂੰ ਜੋ ਮਰਜ਼ੀ ਨਾਮ (ਸਿੱਖ ਪੰਥ, ਸਿੱਖ ਕੌਮ, ਸਰਬੱਤ ਦਾ ਭਲਾ ਆਦਿ) ਦੇ ਲਉ, ਇਸਦੀ ਸਿਅਸਾਤ ਉਨ੍ਹਾਂ ਦੀ ਹੋਵੇਗੀ, ਜਿਨ੍ਹਾਂ ਦਾ ਇਨ੍ਹਾਂ ਸੰਸਥਾਵਾਂ 'ਤੇ ਕਬਜਾ ਹੋਵੇਗਾ। ਸਮੇਂ-ਸਮੇਂ ਇਸਦੇ ਆਦਰਸ਼ ਇਹ ਰਹੇ ਹਨ: ਗੁਰਦੁਆਰਿਆਂ ਦੀ ਅਜ਼ਾਦੀ, ਸਿੱਖ ਹੱਕਾਂ ਦੀ ਰਾਖੀ, ਅਜ਼ਾਦ ਪੰਜਾਬ, ਸਿੱਖ ਸਟੇਟ, ਸਿੱਖਾਂ ਲਈ ਵੱਖਰਾ ਖਿੱਤਾ, ਖਾਲਿਸਤਾਨ, ਸਿੱਖ ਸੂਬਾ, ਅਜ਼ਾਦ ਸਿੱਖ ਰਾਜ, ਪੂਰਨ ਅਜ਼ਾਦੀ, ਪੰਜਾਬੀ ਸੂਬਾ, ਆਨੰਦਪੁਰ ਦਾ ਮਤਾ ਆਦਿ। ਹੁਣ ਜੇ ਸਰਬੱਤ ਦੇ ਭਲੇ ਦਾ ਆਦਰਸ਼ ਰੱਖ ਕੇ ਵੀ ਪੰਥ ਨੂੰ ਕੋਈ ਪ੍ਰੋਗਰਾਮ ਦੇ ਲਿਆ ਜਾਵੇ, ਇਸਦਾ ਖਾਸਾ ਨਹੀਂ ਬਦਲੇਗਾ ਕਿਉਂਕਿ ਇਸਨੂੰ ਚਲਾਉਣ ਵਾਲ਼ੀ ਸ਼ਕਤੀ ਜਗੀਰਦਾਰੀ (ਸਰਮਾਏਦਾਰੀ) ਹੈ। ਇਸਦਾ ਮੁੱਖ ਕੰਮ ਸਿੱਖਾਂ ਵਿਚਲੀ ਹੇਠਲੀ ਮਿਹਨਤਕਸ਼ ਅਤੇ ਮੱਧ ਵਰਗੀ ਜਮਾਤ ਨੂੰ ਸਿੱਖੀ ਜਾਂ ਪੰਥ ਦੇ ਨਾਮ 'ਤੇ ਗੁੰਮਰਾਹ ਕਰਕੇ ਜਮਾਤੀ ਜਥੇਬੰਦੀਆਂ ਅਤੇ ਜਨਤਕ ਘੋਲ਼ਾਂ ਤੋਂ ਦੂਰ ਰੱਖਣਾ ਹੈ। ਜੇ ਤੁਸੀਂ ਸਿੱਖਾਂ ਜਾਂ ਸਿੱਖੀ ਦੇ ਹਿੱਤ ਵਿੱਚ ਹੋ ਤਾਂ ਇਹ ਭੁਲੇਖਾ ਕੱਢ ਦੇਵੋ ਕਿ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ (ਜਾਂ ਹੁਣ ਦੇਸ਼-ਵਿਦੇਸ਼ ਦੀ ਪੰਥਕ ਲੀਡਰਸ਼ਿਪ), ਸਿੱਖਾਂ ਦਾ ਕਦੇ ਕੋਈ ਭਲਾ ਕਰ ਸਕੇਗੀ। ਇਸਦੇ ਸਾਰੇ ਨਾਅਰੇ, ਮੋਰਚੇ, ਪ੍ਰੋਗਰਾਮ, ਉਨ੍ਹਾਂ ਲਈ ਹੀ ਹੁੰਦੇ ਹਨ, ਜਿਨ੍ਹਾਂ ਜਗੀਰੂ ਤਾਕਤਾਂ ਦੀ ਇਹ ਨੁਮਾਇੰਦਗੀ ਕਰਦੇ ਹਨ।'' (**ਉਘੇ ਸਿੱਖ ਵਿਦਵਾਨ ਗਿਆਨੀ ਹੀਰਾ ਸਿੰਘ ਦਰਦ ਦੀ 1949 ਵਿੱਚ ਛਪੀ ਕਿਤਾਬ 'ਪੰਥ, ਧਰਮ ਤੇ ਰਾਜਨੀਤੀ' ਦੇ ਲੇਖ 'ਜੇ ਸ਼੍ਰੋਮਣੀ ਅਕਾਲੀ ਦਲ ਆਪਣਾ ਪ੍ਰੋਗਰਾਮ ਸਮਾਜਵਾਦੀ ਵੀ ਬਣਾ ਲਵੇ?' ਵਿੱਚੋਂ ਕੁਝ ਲਾਈਨਾਂ**)

ਹੈਰਾਨੀ ਦੀ ਗੱਲ ਹੈ ਕਿ ਗਿਆਨੀ ਹੀਰਾ ਸਿੰਘ ਦੀਆਂ ਦੂਰ-ਅੰਦੇਸ਼ੀ ਵਾਲ਼ੀਆਂ ਗੱਲਾਂ ਵੱਲ ਸਿੱਖ ਜਗਤ ਨੇ ਕਦੇ ਵੀ ਕੋਈ ਧਿਆਨ ਨਹੀਂ ਦਿੱਤਾ। ਵੈਸੇ ਵੀ ਸਿੱਖ ਪੰਥ ਵਿੱਚ ਅਕਲ, ਸਮਝ ਜਾਂ ਦੂਰ-ਅੰਦੇਸ਼ੀ ਨਾਲ਼ ਗੱਲ ਕਰਨ ਵਾਲ਼ੇ ਵੈਸੇ ਹੀ ਬਹੁਤ ਘੱਟ ਲੋਕ ਹਨ। ਜੇ ਕੋਈ ਅਕਲ ਦੀ ਗੱਲ ਕਰਦਾ ਵੀ ਹੈ, ਉਸਨੂੰ ਮੂਰਖ ਸਮਝਿਆ ਜਾਂਦਾ ਹੈ। ਇਸੇ ਕਰਕੇ ਸਿੱਖ ਪੰਥ ਵਿੱਚ ਸਿੱਖ ਚਿੰਤਕ, ਸਿੱਖ ਵਿਦਵਾਨ ਆਦਿ ਉਹ ਹੀ ਮਾਨਤਾ ਪ੍ਰਾਪਤ ਕਰਦੇ ਹਨ, ਜੋ ਝੱਲੇ ਜਿਹੇ ਬਣ ਕੇ ਇਨ੍ਹਾਂ ਦੀ ਹਾਂ ਵਿੱਚ ਮਿਲਾਉਂਦੇ ਰਹਿਣ ਅਤੇ ਆਪਣੇ ਨਿੱਜੀ ਸਵਾਰਥ ਪੂਰੇ ਕਰੀ ਜਾਣ। ਗਿਆਨੀ ਹੀਰਾ ਸਿੰਘ ਦਰਦ ਵਰਗੀ ਸਿੱਖ ਦਰਦੀ ਵਰਗੀ ਹੀ ਗੱਲ, ਉਸ ਤੋਂ ਪੌਣੀ ਸਦੀ ਬਾਅਦ ਸਿੱਖ ਚਿੰਤਕ ਅਮਰਜੀਤ ਸਿੰਘ ਗਰੇਵਾਲ਼ ਇਸ ਤਰ੍ਹਾਂ ਕਰ ਰਹੇ ਹਨ:

''1947 ਤੋਂ ਬਾਅਦ ਸਿੱਖ ਲੀਡਰਸ਼ਿਪ ਕੋਲ਼ ਪੰਜਾਬ ਵਿੱਚ ਆਪਣੀ ਚੌਧਰ ਸਥਾਪਿਤ ਕਰਨ ਲਈ ਦੋ ਬਦਲ ਮੌਜੂਦ ਸਨ। ਇੱਕ ਪ੍ਰੋ. ਪੂਰਨ ਸਿੰਘ ਵਲੋਂ ਸੁਝਾਇਆ, ਸਿੱਖ ਸਿਧਾਂਤਾਂ ਅਧਾਰਿਤ, ਸਿੱਖ ਸਪਿਰਟ ਵਾਲ਼ਾ ਬਹੁ-ਭਾਸ਼ਾਈ, ਬਹੁ-ਕੌਮੀ, ਬਹੁ-ਜਾਤੀ, ਬਹੁ-ਧਰਮੀ, ਬਹੁ-ਸਭਿਆਚਾਰੀ, 'ਗੁਰਾਂ ਦੇ ਨਾਮ 'ਤੇ ਵਸਦਾ ਪੰਜਾਬ' ਅਤੇ ਦੂਜਾ ਸੀ, ਸਿੱਖ ਬਹੁ-ਗਿਣਤੀ ਵਾਲ਼ੇ ਖਿੱਤੇ ਦੀ ਸਥਾਪਨਾ, ਜਿੱਥੇ ਜਗੀਰੂ ਸਿੱਖ ਲੀਡਰਸ਼ਿਪ ਰਾਜ ਕਰ ਸਕਦੀ। ਸਿੱਖ ਲੀਡਰਸ਼ਿਪ ਨੇ 'ਸਿੱਖ ਸਪਿਰਟ' ਦੀ ਥਾਂ 'ਸਿੱਖ ਬਹੁ-ਗਿਣਤੀ ਦੀ ਧੌਂਸ' ਵਾਲ਼ੇ ਖਿੱਤੇ 'ਤੇ ਰਾਜ ਦਾ ਰਾਹ ਚੁਣਿਆ। ਜੋ ਕਿ ਆਤਮਘਾਤੀ ਰਾਹ ਸੀ। ਕੀ 1966 ਵਿੱਚ ਸਿੱਖਾਂ ਦੀ ਚੌਧਰ ਵਾਲ਼ੇ 'ਪੰਜਾਬੀ ਸੂਬੇ' ਨੂੰ ਅੱਜ 50-55 ਸਾਲ ਬਾਅਦ 'ਗੁਰਾਂ ਦੇ ਨਾਮ 'ਤੇ ਵਸਦਾ ਪੰਜਾਬ' ਕਿਹਾ ਜਾ ਸਕਦਾ ਹੈ...? ਬੇਸ਼ੱਕ 'ਖਾਲਸਾ ਰਾਜ' ਦੇ ਮੁਦੱਈ ਸਿੱਖ ਵਿਦਵਾਨ ਵੀ ਹੁਣ ਪ੍ਰੋ. ਪੂਰਨ ਸਿੰਘ ਦੀਆਂ ਲਾਈਨਾਂ 'ਪੰਜਾਬ ਵਸਦਾ ਗੁਰਾਂ ਦੇ ਨਾਮ..' ਨੂੰ ਤਾਂ ਵਰਤ ਰਹੇ ਹਨ, ਪਰ ਕੀ ਉਨ੍ਹਾਂ ਵਲੋਂ ਸਿਰਜਿਆ ਜਾਣ ਵਾਲਾ 'ਖਾਲਸਾ ਰਾਜ' ਪ੍ਰੋ ਪੂਰਨ ਸਿੰਘ ਦੇ ਸੁਪਨਿਆਂ ਵਾਲ਼ੇ ਪੰਜਾਬ ਵਰਗਾ 'ਬਹੁ-ਭਾਸ਼ਾਈ, ਬਹੁ-ਧਰਮੀ', 'ਬਹੁ-ਜਾਤੀ' ਹੋਵੇਗਾ? ਅਕਾਲੀਆਂ ਤੇ ਖਾਲਿਸਤਾਨੀਆਂ ਦੇ ਸਿੱਖ ਬਹੁ-ਗਿਣਤੀ ਦੇ ਚੌਧਰ ਵਾਲ਼ਾ ਪੰਜਾਬ, ਨਾ ਪ੍ਰੋ. ਪੂਰਨ ਸਿੰਘ ਦੇ ਸੁਪਨਿਆਂ ਦਾ ਅਤੇ ਨਾ ਹੀ ਗੁਰੂਆਂ ਦੇ ਆਸ਼ੇ ਵਾਲ਼ਾ ਪੰਜਾਬ ਹੋਵੇਗਾ...। ਪ੍ਰੋ. ਪੂਰਨ ਸਿੰਘ ਜਾਣਦੇ ਸਨ ਕਿ ਪੰਜਾਬ ਦੇ ਨਿਰਮਤ ਹੋ ਰਹੇ ਆਧੁਨਿਕਵਾਦੀ ਸਮਾਜ ਵਿੱਚ ਘੱਟ-ਗਿਣਤੀ ਸਿੱਖ ਭਾਈਚਾਰੇ ਦੀ ਚੌਧਰ, ਉਦੋਂ ਤੱਕ ਸਥਾਪਿਤ ਨਹੀਂ ਹੋ ਸਕਦੀ, ਜਿਤਨੀ ਦੇਰ ਤੱਕ ਉਹ, ਬਹੁ-ਧਰਮੀ, ਬਹੁ-ਜਾਤੀ, ਬਹੁ-ਭਾਸ਼ਾਈ, ਬਹੁ-ਸਭਿਆਚਾਰੀ ਪੰਜਾਬੀਆਂ ਨੂੰ ਸਰਬੱਤ ਦੇ ਭਲੇ ਵਾਲ਼ੇ ਸਿੱਖ ਸਿਧਾਂਤਾਂ ਅਤੇ ਸਿੱਖ ਸਪਿਰਟ ਨਾਲ਼ ਜਿੱਤ ਨਹੀਂ ਲੈਂਦੇ...।'' (**ਸਿੱਖ ਚਿੰਤਕ ਤੇ ਲੇਖਕ, ਸ. ਅਮਰਜੀਤ ਸਿੰਘ ਗਰੇਵਾਲ਼ ਦੇ ਇੱਕ ਲੇਖ 'ਪੰਜਾਬ ਜੀਂਦਾ ਗੁਰਾਂ ਦੇ ਨਾਮ 'ਤੇ ਵਿਚੋਂ ਕੁਝ ਲਾਈਨਾਂ**)।

ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਤੁਸੀਂ ਚਲੇ ਜਾਉ, ਹਰੇਕ ਸਮਾਜ, ਦੇਸ਼, ਕੌਮ, ਧਰਮ ਦੀਆਂ ਆਪਣੀਆਂ ਸਮੱਸਿਆਵਾਂ ਹਨ। ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਸਿੱਖਾਂ ਦੀਆਂ ਪੰਜਾਬ, ਭਾਰਤ ਜਾਂ ਵਿਦੇਸ਼ਾਂ ਵਿੱਚ ਬਾਕੀ ਦੁਨੀਆਂ ਵਾਂਗ ਸਮੱਸਿਆਵਾਂ ਹਨ। ਪਰ ਕੀ ਉਨ੍ਹਾਂ ਸਮੱਸਿਆਵਾਂ ਨੂੰ ਉਸ ਖਿੱਤੇ ਦੇ ਸਾਰੇ ਲੋਕਾਂ ਦੇ ਹਿੱਤਾਂ ਨੂੰ ਨਜ਼ਰ-ਅੰਦਾਜ ਕਰਕੇ ਮੰਨਿਆ ਜਾਂ ਮਨਾਇਆ ਜਾ ਸਕਦਾ ਹੈ? ਕੀ ਉਸ ਖਿੱਤੇ ਦੇ ਬਾਕੀ ਭਾਈਚਾਰਿਆਂ ਨੂੰ ਨਾਲ਼ ਲਏ ਬਿਨਾਂ ਇਹ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ? ਕੀ ਆਪਣੇ ਹਿੱਤਾਂ ਨੂੰ ਮੁੱਖ ਰੱਖ ਕੇ ਬਾਕੀ ਪੰਜਾਬੀਆਂ ਉਪਰ ਸਿਰਫ ਸਿੱਖਾਂ ਦੀ ਚੌਧਰ ਵਾਲ਼ਾ ਰਾਜ ਥੋਪਿਆ ਜਾ ਸਕਦਾ ਹੈ? ਇਸ ਤਰ੍ਹਾਂ ਦੇ ਅਨੇਕਾਂ ਸਵਾਲ ਹਨ, ਜਿਸ ਬਾਰੇ ਸਿੱਖ ਜਗਤ ਵਿੱਚ ਗੰਭੀਰ ਚਿੰਤਨ ਕਰਨ ਦੀ ਦੇਸ਼-ਵਿਦੇਸ਼ ਵਿੱਚ ਲੋੜ ਹੈ।ਨਰਮ-ਖਿਆਲੀ ਜਾਂ ਗਰਮ-ਖਿਆਲੀ ਸਿੱਖ ਲੀਡਰਸ਼ਿਪ ਵਲੋਂ ਦੇਸ਼-ਵਿਦੇਸ਼ ਵਿੱਚ ਆਪਣੀਆਂ ਮੰਗਾਂ ਲਈ ਜੋ ਢੰਗ ਤਰੀਕੇ ਅਪਨਾਏ ਜਾ ਰਹੇ ਹਨ, ਕੀ ਉਸ ਨਾਲ਼ ਸਿੱਖਾਂ ਦਾ ਕੁਝ ਸੰਵਰ ਰਿਹਾ ਹੈ? ਸਗੋਂ ਇਨ੍ਹਾਂ ਦੀ ਹਿੰਸਾ ਤੇ ਨਫਰਤ ਅਧਾਰਿਤ ਰਾਜਨੀਤੀ ਨਾਲ਼ ਸਿੱਖ ਪੰਥ ਅਤੇ ਖਾਸਕਰ ਸਿੱਖ ਨੌਜਵਾਨ ਨਿੱਤ ਨਵੇਂ ਦਿਨ ਨਵੀਆਂ ਮੁਸੀਬਤਾਂ ਵਿੱਚ ਘਿਰਦੇ ਜਾ ਰਹੇ ਹਨ? ਜੇ ਸਿੱਖ ਪੰਜਾਬ ਛੱਡ ਕੇ ਵਿਦੇਸ਼ਾਂ ਵੱਲ ਭੱਜ ਰਹੇ ਹਨ 'ਤੇ ਵਿਦੇਸ਼ੀ ਸਰਕਾਰਾਂ ਸਾਨੂੰ ਖੁਸ਼ੀ-ਖੁਸ਼ੀ ਪਨਾਹ ਵੀ ਦੇ ਰਹੀਆਂ ਹਨ ਤਾਂ ਕਿਤੇ ਸਵਾਰਥੀ ਅਤੇ ਮੌਕਾਪ੍ਰਸਤ ਲੋਕਾਂ ਦੀਆਂ ਹਰਕਤਾਂ ਨਾਲ਼ ਸਭ ਲਈ ਰਾਹ 'ਤੇ ਬੰਦ ਨਹੀਂ ਹੋ ਜਾਣਗੇ? ਇਸ ਤੋਂ ਪਹਿਲਾਂ ਕਿ ਅਜਿਹਾ ਕੋਈ ਭਾਣਾ ਵਾਪਰੇ, ਕੀ ਕਦੇ ਸਿੱਖ ਪੰਥ ਇਸ ਪਾਸੇ ਵੀ ਗੰਭੀਰਤਾ ਨਾਲ਼ ਵਿਚਾਰ ਕਰੇਗਾ?

# ਸਾਕਾ ਨੀਲਾ ਤਾਰਾ: ਨੌਜਵਾਨ ਪੀੜ੍ਹੀ ਨੂੰ ਉਤੇਜਤ ਕਰਨ ਦੀ ਥਾਂ ਸਿੱਖਾਂ ਭਾਈਚਾਰੇ ਨੂੰ ਸੁਹਿਰਦਤਾ ਨਾਲ਼ ਸੋਚਣ ਦੀ ਲੋੜ



ਹਰਚਰਨ ਸਿੰਘ ਪਰਹਾਰ
403-681-8689
hparharwriter@gmail.com



ਅੰਗਰੇਜ਼ੀ ਦੇ ਇੱਕ ਮਸ਼ਹੂਰ ਕਵੀ ਰੁੱਡਯਾਰਡ ਕਿਪਲਿੰਗ ਦੀ 1897 ਵਿੱਚ ਲਿਖੀ ਕਵਿਤਾ 'Lest We Forget' ਭਾਵ ਅਸੀਂ ਭੁੱਲੇ ਨਹੀਂ ਜਾਂ ਭੁੱਲਾਂਗੇ ਨਹੀਂ, ਨੂੰ ਅਧਾਰ ਬਣਾ ਕੇ ਸਾਡੇ ਕੁਝ ਵਿਦਵਾਨਾਂ ਨੇ ਜੂਨ, 1984 ਦੇ ਸਾਕੇ ਲਈ ਸ਼ਬਦ ਪ੍ਰਚਲਤ ਕੀਤਾ ਸੀ, '**ਨਹੀਂ ਭੁੱਲਣਾ ਜੂਨ 84...**'। ਇਹ ਨਾਹਰਾ ਪਿਛਲੇ 40 ਸਾਲ ਤੋਂ ਲਗਾਤਾਰ ਦੇਸ਼-ਵਿਦੇਸ਼ ਵਿੱਚ ਹਰ ਸਾਲ ਜੂਨ ਮਹੀਨੇ ਦੇ ਪਹਿਲੇ ਹਫਤੇ ਦੁਰਾਇਆ ਜਾਂਦਾ ਹੈ। ਅਸੀਂ ਵੀ ਇਸ ਨਾਲ਼ ਸਹਿਮਤ ਹਾਂ ਕਿ ਕਿਸੇ ਵੀ ਕੌਮ ਨਾਲ਼ ਜਦੋਂ ਕੋਈ ਅਜਿਹਾ ਵੱਡਾ ਦੁਖਾਂਤ ਵਾਪਰਦਾ ਹੈ ਤਾਂ ਉਸਨੂੰ ਯਾਦ ਕੀਤਾ ਵੀ ਜਾਣਾ ਚਾਹੀਦਾ ਹੈ ਅਤੇ ਯਾਦ ਰੱਖਿਆ ਵੀ ਜਾਣਾ ਚਾਹੀਦਾ ਹੈ। ਦੁਨੀਆਂ ਦੀਆਂ ਸੂਝਵਾਨ ਕੌਮਾਂ ਅਜਿਹੇ ਘੱਲੂਘਾਰਿਆਂ ਵਿੱਚੋਂ ਕੁਝ ਸਬਕ ਸਿੱਖਦੀਆਂ ਹਨ, ਆਪਣੀਆਂ ਅਗਲੀਆਂ ਨਸਲਾਂ ਦੇ ਭਵਿੱਖ ਨੂੰ ਮੁੱਖ ਰੱਖ ਕੇ ਉਨ੍ਹਾਂ ਵੱਡੇ ਦੁਖਾਂਤਾਂ ਦੇ ਕਾਰਨਾਂ ਨੂੰ ਲੱਭਦੀਆਂ ਹਨ ਕਿ ਮੁੜ ਅਜਿਹੇ ਭਾਣੇ ਨਾ ਵਾਪਰਨ। ਪਰ ਸਾਡੀ ਦੇਸ਼-ਵਿਦੇਸ਼ ਦੀ ਨਰਮ ਅਤੇ ਗਰਮ ਖਿਆਲੀ ਲੀਡਰਸ਼ਿਪ ਇਸ ਸਵਾਲ ਤੋਂ ਲਗਾਤਾਰ ਭੱਜ ਰਹੀ ਹੈ ਕਿ ਜੂਨ, 84 ਦਾ ਵੱਡਾ ਦੁਖਾਂਤ ਕਿਉਂ ਵਾਪਰਿਆ? ਕੀ ਇਸ ਵਿੱਚ ਸਾਡਾ ਵੀ ਕੋਈ ਇੱਕ ਅੱਧ ਪ੍ਰਸੈਂਟ ਦੋਸ਼ ਸੀ ਜਾਂ 100% ਸਰਕਾਰਾਂ ਹੀ ਦੋਸ਼ੀ ਸਨ? ਬਦਕਿਸਮਤੀ ਨਾਲ਼ ਸਿੱਖ ਭਾਈਚਾਰੇ ਦੇ ਕਥਿਤ 'ਰਹਿਬਰਾਂ' ਨੇ ਬਹੁ-ਗਿਣਤੀ ਸਿੱਖਾਂ ਦੀ ਮਾਨਸਿਕਤਾ ਨੂੰ ਸਮਝ ਲਿਆ ਹੈ ਕਿ ਇਨ੍ਹਾਂ ਨੂੰ ਧਰਮ ਦੇ ਨਾਮ 'ਤੇ ਜਜ਼ਬਾਤੀ ਕਰਕੇ ਆਪਣੇ ਸੌੜੇ ਰਾਜਸੀ ਮਨੋਰਥਾਂ ਲਈ ਜਿਵੇਂ ਚਾਹੇ ਵਰਤਿਆ ਜਾਂ ਗੁੰਮਰਾਹ ਕੀਤਾ ਜਾ ਸਕਦਾ ਹੈ। ਜੇ ਆਪਾਂ 1978 ਤੋਂ ਸਿੱਖ ਸਮਾਜ ਜਾਂ ਪੰਜਾਬ ਵਿੱਚ ਚੱਲ ਰਹੇ ਵਰਤਾਰਿਆਂ ਨੂੰ ਨਿਰਪੱਖਤਾ ਨਾਲ਼ ਵਿਚਾਰੀਏ ਤਾਂ ਇਹ ਗੱਲ ਸਮਝਣੀ ਕੋਈ ਬਹੁਤੀ ਔਖੀ ਨਹੀਂ ਕਿ ਸਿੱਖ ਵਾਰ-ਵਾਰ ਆਪਣੀ ਲੀਡਰਸ਼ਿਪ ਅਤੇ ਵਿਰੋਧੀਆਂ ਵਲੋਂ ਵਰਤ ਹੋ ਰਹੇ ਹਨ, ਇੱਕ ਤੋਂ ਵਰਤ ਹੋ ਕੇ ਕੁਝ ਸੋਚਣ ਵਿਚਾਰਨ ਦੀ ਥਾਂ ਕਿਸੇ ਨਵੇਂ ਵਰਤਣ ਵਾਲ਼ੇ ਮਗਰ ਹੋ ਤੁਰਦੇ ਹਨ। ਜਿਸ ਨਾਲ਼ ਸਿੱਖ ਸਮਾਜ ਨਿੱਤ ਨਵੇਂ ਦਿਨ ਕਿਸੇ ਸਮੱਸਿਆ ਨੂੰ ਹੱਲ ਕਰਨ ਦੀ ਥਾਂ ਨਵੀਆਂ-ਨਵੀਆਂ ਸਮੱਸਿਆਵਾਂ ਵਿੱਚ ਘਿਰਦਾ ਜਾ ਰਿਹਾ ਹੈ। ਨਤੀਜੇ ਵਜੋਂ ਹਰ ਪੰਜਾਬੀ ਸਿੱਖ ਪਾਸਪੋਰਟ ਚੁੱਕੀ ਤੁਰਿਆ ਫਿਰਦਾ ਹੈ ਕਿ ਹਰ ਹੀਲੇ ਪੰਜਾਬ ਜਾਂ ਭਾਰਤ ਵਿੱਚੋਂ ਭੱਜ ਜਾਵੇ। ਉਸਨੂੰ ਲਗਦਾ ਹੈ ਕਿ ਵਿਦੇਸ਼ੀ ਧਰਤੀ ਉਸਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ। ਪਰ ਪਿਛਲੇ 30-40 ਸਾਲ ਦੇ ਵੱਡੇ ਪ੍ਰਵਾਸ ਨੇ ਸਾਬਿਤ ਕਰ ਦਿੱਤਾ ਹੈ ਕਿ ਵਿਦੇਸ਼ਾਂ ਵਿੱਚ ਆ ਕੇ ਸਾਡੀਆਂ ਨਿੱਜੀ ਆਰਥਿਕ ਸਮੱਸਿਆਵਾਂ ਤਾਂ ਜਰੂਰ ਕਿਸੇ ਹੱਦ ਤੱਕ ਹੱਲ ਹੋ ਰਹੀਆਂ ਹਨ, ਪਰ ਜਿਨ੍ਹਾਂ ਸਮੱਸਿਆਵਾਂ ਦੇ ਮਾਰੇ ਅਸੀਂ ਭੱਜ ਰਹੇ ਸੀ, ਇੱਥੇ ਆ ਕੇ ਅਸੀਂ ਉਸੇ ਮਾਨਸਿਕਤਾ ਨਾਲ਼ ਅਨੇਕਾਂ ਹੋਰ ਨਵੀਆਂ ਸਮੱਸਿਆਵਾਂ ਖੜੀਆਂ ਕਰ ਲਈਆਂ ਹਨ ਅਤੇ ਹੁਣ ਅਸੀਂ ਵਿਦੇਸ਼ਾਂ ਵਿੱਚੋਂ ਬੈਠ ਕੇ ਭਾਰਤ ਵਿੱਚ ਬੈਠੇ ਸਿੱਖਾਂ ਲਈ ਨਵੀਆਂ ਸਮੱਸਿਆਵਾਂ ਪੈਦਾ ਕਰਨ ਲੱਗ ਪਏ। ਅਸੀਂ ਇੱਕ ਵਹਿਮ ਦਾ ਸ਼ਿਕਾਰ ਹੋ ਗਏ ਹਾਂ ਕਿ ਸ਼ਾਇਦ ਜਹਾਜ ਚੜ੍ਹ ਕੇ ਵਿਦੇਸ਼ੀ ਧਰਤੀ 'ਤੇ ਆਉਣ ਨਾਲ਼ ਅਸੀਂ ਜ਼ਿਆਦਾ ਸੂਝਵਾਨ ਹੋ ਗਏ ਹਾਂ। ਅਸੀਂ ਆਪਣੇ ਡਾਲਰਾਂ ਦੇ ਜ਼ੋਰ ਨਾਲ਼ ਪੰਜਾਬ ਦੀ ਰਾਜਨੀਤੀ ਨੂੰ ਆਪਣੀ ਸੋਚ ਅਨੁਸਾਰ ਚਲਾਉਣ ਲਈ ਹਰੇਕ ਇਲੈਕਸ਼ਨ ਵਿੱਚ ਮਿਲੀਅਨਜ਼ ਡਾਲਰ ਗੈਰ-ਕਨੂੰਨੀ ਢੰਗ ਨਾਲ਼ ਭੇਜਦੇ ਹਾਂ, ਉਥੇ ਵਸਦੇ ਪੰਜਾਬੀ ਸਾਨੂੰ ਹਰੇਕ ਵਾਰ ਨਕਾਰ ਦਿੰਦੇ ਹਨ ਅਤੇ ਸਾਡੀ ਸੋਚ ਤੋਂ ਉਲਟ ਵੋਟ ਪਾਉਂਦੇ ਹਨ।

ਹਰ ਸਾਲ ਜੂਨ ਦੇ ਪਹਿਲੇ ਹਫਤੇ ਆਰਟੀਕਲ ਦੇ ਨਾਲ਼ ਦਿੱਤੀਆਂ ਜਾ ਰਹੀਆਂ ਤਸਵੀਰਾਂ ਵਿਚਲੇ ਦਾਅਵਿਆਂ ਵਰਗੀਆਂ ਸਨਸਨੀਖੇਜ ਕਹਾਣੀਆਂ ਮੀਡੀਆ ਵਿੱਚ ਛਾਈਆਂ ਰਹਿੰਦੀਆਂ ਹਨ।ਅਜਿਹਾ ਕੁਝ ਪਿਛਲੇ 40 ਸਾਲ ਤੋਂ ਸਿੱਖ ਸਮਾਜ ਵਿੱਚ ਲਗਾਤਾਰ ਵਾਪਰ ਰਿਹਾ ਹੈ। ਇੱਕ ਪਾਸੇ ਸਾਡੇ ਉਹ ਵਿਦਵਾਨ ਤੇ ਪ੍ਰਚਾਰਕ ਹਨ, ਜਿਨ੍ਹਾਂ ਦਾ ਸਾਰਾ ਦਾਰੋ-ਮਦਾਰ ਜਜ਼ਬਾਤੀ ਤੇ ਝੂਠੀਆਂ ਕਹਾਣੀਆਂ ਨਾਲ਼ ਹੀ ਚੱਲਦਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਬਹੁ-ਗਿਣਤੀ ਸਮਾਜ ਅਜਿਹਾ ਧੂੰਆਂਧਾਰ ਪ੍ਰਚਾਰ ਹੀ ਪਸੰਦ ਕਰਦਾ ਹੈ। ਨਰਮ ਸੁਰ ਵਿੱਚ ਕੀਤੀਆਂ ਗੱਲਾਂ ਵੱਲ ਉਹ ਬਹੁਤਾ ਧਿਆਨ ਨਹੀਂ ਦਿੰਦੇ।ਸਾਡੇ ਅਜਿਹੇ 'ਰਹਿਬਰ' ਆਪਣੇ ਭਾਈਚਾਰੇ ਦੀ ਨਬਜ਼ ਬਹੁਤ ਚੰਗੀ ਤਰ੍ਹਾਂ ਪਛਾਣਦੇ ਹਨ। ਦੂਜੇ ਪਾਸੇ ਸਾਡੇ ਉਹ ਰਾਜਸੀ ਲੀਡਰ ਹਨ, ਜਿਨ੍ਹਾਂ ਦੀ ਹਿੰਸਾ ਤੇ ਨਫ਼ਰਤ ਅਧਾਰਿਤ ਰਾਜਨੀਤੀ ਪਿਛਲੇ 40 ਸਾਲ ਤੋਂ ਅਜਿਹੇ ਜਜਬਾਤੀ ਲੋਕਾਂ ਨੂੰ ਗੁੰਮਰਾਹ ਕਰਕੇ ਚੱਲ ਰਹੀ ਹੈ। ਪਿਛਲੇ 40-50 ਸਾਲ ਦੇ ਅਜਿਹੇ ਵਰਤਾਰਿਆਂ ਤੋਂ ਕੀ ਸਾਰੀ ਦੁਨੀਆਂ ਨੂੰ ਸਾਡੀ ਕੌਮ ਦੀ ਮਾਨਸਿਕਤਾ ਦੇ ਪੱਧਰ ਦਾ ਪਤਾ ਨਹੀਂ ਲਗ ਰਿਹਾ ਹੈ? ਸਾਡੇ ਵਿਰੋਧੀਆਂ ਨੂੰ ਸਾਡੀਆਂ ਇਨ੍ਹਾਂ ਕਮਜੋਰੀਆਂ ਦਾ ਪੂਰਨ ਗਿਆਨ ਹੈ, ਇਸੇ ਕਰਕੇ ਉਨ੍ਹਾਂ ਸਮਿਆਂ ਦੇ ਸਰਕਾਰੀ ਤੰਤਰ ਨੇ ਸਿੱਖਾਂ ਵਿਚਲੇ ਅਜਿਹੇ ਗਰਮ-ਖਿਆਲੀ ਅਤੇ ਖਾੜਕੂ ਧੜਿਆਂ ਨੂੰ ਵਰਤ ਕੇ ਅਜਿਹੇ ਹਾਲਾਤ ਬਣਾਏ, ਜਿਸਦੇ ਨਤੀਜੇ ਵਜੋਂ ਕੌਮ ਨੂੰ 84 ਦੇ ਘੱਲੂਘਾਰਿਆਂ ਵਿੱਚੋਂ ਲੰਘਣਾ ਪਿਆ। ਹੁਣ ਸਵਾਲ ਇਹ ਹੈ ਕਿ ਕੀ ਅਸੀਂ ਕਦੇ ਇਹ ਸੋਚਣ ਲੱਗਾਂਗੇ ਕਿ ਜੂਨ 84 ਵਰਗੀ ਭਿਆਨਕ ਤਬਾਹੀ ਵਾਲ਼ੀ ਘਟਨਾ ਕਿਉਂ ਵਾਪਰੀ? ਸਾਨੂੰ ਪਿਛਲੇ 40 ਸਾਲ ਤੋਂ ਹਰ ਸਾਲ ਨਵੇਂ-ਨਵੇਂ ਸਨਸਨੀਖੇਜ ਖੁਲਾਸਿਆਂ ਨਾਲ਼ ਇਹ ਤਾਂ ਦੱਸਿਆ ਜਾਂਦਾ ਹੈ ਕਿ ਜੂਨ 1 ਤੋਂ 6 ਤੱਕ ਕੀ ਤੇ ਕਿਵੇਂ ਵਾਪਰਿਆ? **ਪਰ ਅਜੇ ਤੱਕ ਕਿਸੇ ਵਿਦਵਾਨ, ਲੀਡਰ, ਪ੍ਰਚਾਰਕ, ਖਾੜਕੂ ਧਿਰ ਨੇ ਇਹ ਨਹੀਂ ਦੱਸਿਆ ਕਿ ਇਹ ਕਿਉਂ ਵਾਪਰਿਆ?** ਕਿਤੇ ਇਹ ਧਿਰਾਂ ਦੱਸਣ ਤੋਂ ਇਸ ਕਰਕੇ ਇਨਕਾਰੀ ਤਾਂ ਨਹੀਂ ਕਿ ਸਾਡਾ 40 ਤੋਂ ਸਿਰਜਿਆ ਸਾਰਾ ਬ੍ਰਿਤਾਂਤ ਹੀ ਪੁੱਠਾ ਨਾ ਪੈ ਜਾਵੇ?

ਕਨੇਡਾ-ਅਮਰੀਕਾ ਵਿੱਚ ਸਾਡੇ ਦੇਖਦਿਆਂ ਪਿਛਲੇ 25-30 ਸਾਲਾਂ ਵਿੱਚ ਅਜਿਹੇ ਹਜਾਰਾਂ ਕੇਸ ਹੋਏ ਹਨ (ਕਨੇਡਾ-ਅਮਰੀਕਾ ਦੇ ਸਰਕਾਰੀ ਅੰਕੜਿਆਂ ਅਨੁਸਾਰ ਹਰ ਸਾਲ ਔਸਤਨ ਇੱਕ ਹਜਾਰ ਤੋਂ ਪੰਦਰਾਂ ਸੌ ਵਿਅਕਤੀ, ਪਬਲਿਕ ਵਿੱਚ ਕਿਸੇ ਵਾਰਦਾਤ ਮੌਕੇ ਪੁਲਿਸ ਸਾਹਮਣੇ ਹਥਿਆਰ ਨਾ ਸੁੱਟਣ ਕਰਕੇ ਪੁਲਿਸ ਗੋਲ਼ੀ ਦਾ ਸ਼ਿਕਾਰ ਹੁੰਦੇ ਹਨ), ਜਦੋਂ ਕਥਿਤ ਅਪਰਾਧੀ ਦੇ ਹੱਥ ਵਿੱਚ ਸਿਰਫ ਚਾਕੂ, ਬੇਸਬਾਲ, ਖਿਡਾਉਣਾ ਗੰਨ ਸੀ (ਅਸਲੀ ਗੰਨ ਜਾਂ ਪਸਤੌਲ ਵੀ ਨਹੀਂ ਸੀ) ਤਾਂ ਇੱਕ ਪੁਲਿਸ ਵਾਲ਼ਾ ਤਿੰਨ ਵਾਰ ਕਹਿੰਦਾ ਹੈ ਕਿ 'ਡਰੌਪ ਦਾ ਵੈਪਨ', ਜੇ ਤੀਜੀ ਵਾਰ ਕਹਿਣ ਤੋਂ ਬਾਅਦ ਵੀ ਹਥਿਆਰ ਸੁੱਟ ਕੇ, ਹੱਥ ਪਿੱਛੇ ਕਰਕੇ, ਹਮਲਾਵਰ ਵਿਅਕਤੀ ਜਮੀਨ 'ਤੇ ਲੰਮਾ ਨਾ ਪਵੇ ਤਾਂ ਦੂਜਾ ਪੁਲਿਸ ਵਾਲ਼ਾ ਸਿੱਧਾ ਮੱਥੇ ਵਿੱਚ ਗੋਲੀ ਮਾਰਦਾ ਹੈ (ਲੱਤ, ਬਾਂਹ ਜਾਂ ਸਰੀਰ ਦੇ ਕਿਸੇ ਹੋਰ ਹਿੱਸੇ 'ਤੇ ਨਹੀਂ) ਅਤੇ ਬੰਦਾ ਥਾਂਹੇ ਢੇਰ ਹੋ ਜਾਂਦਾ ਹੈ। ਕੀ 1982-84 ਤੱਕ ਹਰਿਮੰਦਰ ਸਾਹਿਬ ਅੰਦਰ ਚੱਲ ਰਹੇ ਧਰਮ ਯੁੱਧ ਮੋਰਚੇ ਦੌਰਾਨ ਪੰਜਾਬ ਅੰਦਰ ਸੈਂਕੜੇ ਬੰਦੇ ਕਤਲ ਨਹੀਂ ਹੋਏ, ਬੈਂਕਾਂ ਵਿੱਚ ਡਾਕੇ ਨਹੀਂ ਮਾਰੇ ਗਏ, ਫਿਰੌਤੀਆਂ ਨਹੀਂ ਲਈਆਂ ਗਈਆਂ, ਘੱਟੋ-ਘੱਟ ਦਰਜਨ ਤੋਂ ਵੱਧ ਬੰਦੇ ਕੰਪਲੈਕਸ ਦੇ ਅੰਦਰ ਕਤਲ ਨਹੀਂ ਹੋਏ। ਕੀ ਅਕਾਲ ਤਖਤ ਦੇ 80 ਸਾਲਾ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਦਾ 10 ਮਈ, 1984 ਨੂੰ ਇਸ ਕਰਕੇ ਕਤਲ ਨਹੀਂ ਕੀਤਾ ਗਿਆ ਸੀ ਕਿ ਉਸਨੇ ਪ੍ਰੈਸ ਵਿੱਚ ਦਰਬਾਰ ਸਾਹਿਬ ਕੰਪਲੈਕਸ ਵਿੱਚ ਹਥਿਆਰਾਂ ਦੇ ਪ੍ਰਦਰਸ਼ਨ ਅਤੇ ਮੋਰਚਾਬੰਦੀ ਮਾਮੂਲੀ ਜਿਹਾ ਕਿੰਤੂ ਪ੍ਰੰਤੂ ਕਰ ਦਿੱਤਾ ਸੀ। ਜਦੋਂ ਕਿ ਉਸ ਵਕਤ ਦੇ ਜਥੇਦਾਰ ਅਕਾਲ ਤਖਤ ਗਿਆਨੀ ਕਿਰਪਾਲ ਸਿੰਘ ਨੇ ਡਰਦਿਆਂ ਡਰਦਿਆਂ ਦੱਬਵੀਂ ਜਿਹੀ ਆਵਾਜ਼ ਵਿੱਚ ਪ੍ਰੀਕਰਮਾ ਅੰਦਰ ਹਥਿਆਰ ਲੈ ਕੇ ਚੱਲਣ ਦੀ ਵਿਰੋਧਤਾ ਕਰਨ ਦੀ 'ਹਿੰਮਤ' ਕੀਤੀ ਸੀ ਤਾਂ ਉਸਦੀ ਪਿੱਠ 'ਤੇ ਕੋਈ ਲੀਡਰਸ਼ਿਪ ਨਹੀਂ ਆਈ ਸੀ, ਫਿਰ ਕਿਵੇਂ ਉਸਨੂੰ ਆਪਣੇ ਬਿਆਨ ਤੋਂ ਪਿਛਾਂਹ ਹਟਣਾ ਪੈ ਗਿਆ ਸੀ। ਉਸਨੂੰ ਜੂਨ, 84 ਤੋਂ ਪਿੱਛੋਂ ਇਸਦੇ ਕਿਸ ਕਿਸਮ ਦੇ ਸਿੱਟੇ ਭੁਗਤਣੇ ਪਏ ਸਨ, ਸਭ ਨੂੰ ਪਤਾ ਹੀ ਹੈ।ਕੀ ਉਸ ਵਕਤ ਪਵਿਤਰ ਦਰਬਾਰ ਸਾਹਿਬ ਕੰਪਲੈਕਸ ਦੇ ਕਸਟੋਡੀਅਨ ਹੋਣ ਦੇ ਨਾਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਪ੍ਰਕਾਸ਼ ਸਿੰਘ ਬਾਦਲ ਜਾਂ ਜਥੇਦਾਰ ਤਲਵੰਡੀ ਆਦਿ ਨੂੰ ਦਲੇਰੀ ਨਾਲ਼ ਭੜਕੇ ਹੋਏ ਨੌਜਵਾਨਾਂ ਨੂੰ ਢੁਕਵੀਂ ਸੇਧ ਦੇਣ ਲਈ ਅੱਗੇ ਨਹੀਂ ਹੋਣਾ ਚਾਹੀਦਾ ਸੀ? ਕੀ ਅਕਾਲੀ ਲੀਡਰਸ਼ਿਪ ਨੂੰ ਦਿਸ ਨਹੀਂ ਸੀ ਰਿਹਾ ਕਿ ਹਾਲਾਤ ਕਿੱਧਰ ਨੂੰ ਜਾ ਰਹੇ ਸਨ? ਜੇ ਹਾਲਾਤ ਅਕਾਲੀ ਲੀਡਰਸ਼ਿਪ ਦੇ ਵੱਸੋਂ ਬਾਹਰ ਹੋ ਗਏ ਸਨ ਤਾਂ ਕੀ ਉਨ੍ਹਾਂ ਨੂੰ ਮੋਰਚਾ ਕੁਝ ਸਮੇਂ ਲਈ ਮੁਲਤਵੀ ਨਹੀ ਕਰ ਲੈਣਾ ਚਾਹੀਦਾ ਸੀ ਤਾਂ ਕਿ ਭਵਿੱਖ ਵਿੱਚ ਹੋਏ ਨੁਕਸਾਨ ਤੋਂ ਬਚਿਆ ਜਾ ਸਕਦਾ?

ਕੀ ਅਮਰੀਕਾ, ਕਨੇਡਾ, ਇੰਗਲੈਂਡ ਜਾਂ ਕਿਸੇ ਹੋਰ ਲੋਕਤੰਤਰੀ ਜਾਂ ਗੈਰ ਲੋਕਤੰਤਰੀ ਦੇਸ਼ ਦੀ ਕੋਈ ਸਰਕਾਰ ਕਿਸੇ ਧਾਰਮਿਕ ਅਸਥਾਨ ਨੂੰ ਢਾਲ਼ ਬਣਾ ਕੇ ਨਾਗਰਿਕਾਂ ਦੇ ਹੋ ਰਹੇ ਕਤਲਾਂ ਨੂੰ ਬਰਦਾਸ਼ਤ ਕਰ ਸਕਦੀ ਹੈ? ਕੀ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਨੂੰ ਨਹੀਂ ਪਤਾ ਕਿ ਕਿਵੇਂ ਗੁਰਦੁਆਰਿਆਂ ਦੀ ਮਾਮੂਲੀ ਜਿਹੀ ਲੜਾਈ ਹੋਣ 'ਤੇ ਪੁਲਿਸ ਦਗੜ-ਦਗੜ ਕਰਦੀ, ਗੰਦੇ ਬੂਟਾਂ ਸਮੇਤ, ਹਥਿਆਰਾਂ ਨਾਲ਼ ਲੈਸ ਹੋ ਕੇ ਅਤੇ ਨੰਗੇ ਸਿਰ ਗੁਰਦੁਆਰਿਆਂ ਵਿੱਚ ਦਾਖਿਲ ਹੋ ਜਾਂਦੀ ਹੈ? ਕੀ ਸਾਡੇ ਲੀਡਰਾਂ ਨੇ ਵਿਦੇਸ਼ਾਂ ਵਿੱਚ ਇਹ ਮਸਲਾ ਕਦੇ ਉਠਾਇਆ ਕਿ ਗੁਰਦੁਆਰਿਆਂ ਵਿੱਚ ਪੁਲਿਸ ਨਹੀਂ ਵੜ ਸਕਦੀ? ਫਿਰ ਅਸੀਂ ਕਿਸ ਅਧਾਰ 'ਤੇ ਸਿਰਫ ਭਾਰਤ ਵਿੱਚ ਇਹ ਚਾਹੁੰਦੇ ਹਾਂ ਕਿ ਕੁਝ ਵਿਅਕਤੀ ਸਾਡੇ ਮੁੱਖ ਧਾਰਮਿਕ ਅਸਥਾਨ ਵਿੱਚ ਹਥਿਆਰਾਂ ਦੇ ਜਖੀਰੇ ਜਮ੍ਹਾਂ ਕਰਦੇ ਰਹਿੰਦੇ, ਇਸ ਤਰ੍ਹਾਂ ਮੋਰਚਾਬੰਦੀ ਕਰ ਲੈਂਦੇ ਜਿਵੇਂ ਕਿਤੇ ਦੂਜੇ ਦੇਸ਼ ਨਾਲ਼ ਜੰਗ ਲੜਨੀ ਹੋਵੇ, ਅੰਦਰ-ਬਾਹਰ ਸ਼ਰੇਆਮ ਕਤਲ ਹੋਈ ਜਾਂਦੇ 'ਤੇ ਸਰਕਾਰ ਮੂਕ ਦਰਸ਼ਕ ਬਣ ਕੇ ਦੇਖਦੀ ਰਹਿੰਦੀ? ਕੀ ਸਾਨੂੰ ਉਹ ਇਤਿਹਾਸਕ ਘਟਨਾ ਯਾਦ ਨਹੀਂ, ਜਦੋਂ ਅਕਤੂਬਰ, 1979 ਵਿੱਚ 600 ਦੇ ਕਰੀਬ ਇਸਲਾਮਿਕ ਜ਼ਿਹਾਦੀਆਂ ਵਲੋਂ ਮੁਸਲਿਮ ਜਗਤ ਦੇ ਸਭ ਤੋਂ ਪਵਿੱਤਰ ਅਸਥਾਨ ਮੱਕੇ 'ਤੇ ਇਹ ਕਹਿ ਕੇ ਕਬਜਾ ਕਰ ਲਿਆ ਸੀ ਕਿ ਸਾਊਦੀ ਅਰਬ ਦੀ ਸਰਕਾਰ ਕੁਰਪਟ ਹੈ ਅਤੇ ਅਸੀਂ ਇਸ ਅਸਥਾਨ ਨੂੰ ਮੁਹੰਮਦ ਸਾਹਿਬ ਦੀ ਅਸਲੀ ਵਿਚਾਰਦਾਰਾ ਅਨੁਸਾਰ ਚਲਾਵਾਂਗੇ। ਉਨ੍ਹਾਂ ਨੇ ਹਜਾਰਾਂ ਸ਼ਰਧਾਲੂਆਂ ਨੂੰ ਮੱਕੇ ਦੀ ਮੁੱਖ ਮਸਜਿਦ ਅੰਦਰ ਬੰਦੀ ਬਣਾ ਲਿਆ ਸੀ। ਉਸ ਵਕਤ ਸਾਊਦੀ ਅਰਬ ਦੀ ਮੁਸਲਿਮ ਸਰਕਾਰ ਲਈ ਕਾਰਵਾਈ ਕਰਨ ਵਾਸਤੇ ਧਰਮ ਸੰਕਟ ਖੜਾ ਹੋ ਗਿਆ ਸੀ ਕਿਉਂਕਿ ਮੁਸਲਿਮ ਰਵਾਇਤ ਅਨੁਸਾਰ ਮੱਕੇ ਦੀ ਪਵਿੱਤਰ ਮਸਜਿਦ, ਜਿੱਥੇ ਕੋਈ ਗੈਰ-ਮੁਸਲਿਮ ਦਾਖਿਲ ਨਹੀਂ ਹੋ ਸਕਦਾ, ਉਥੇ ਖੂਨ ਦਾ ਛਿੱਟਾ ਵੀ ਡਿਗਣਾ ਪਾਪ ਹੈ। ਉਸ ਵਕਤ ਸਾਊਦੀ ਸਰਕਾਰ ਨੇ ਮੱਕੇ ਦੇ ਮੁੱਖ ਧਾਰਮਿਕ ਆਗੂ ਸ਼ੇਖ ਅਬਦੁਲ-ਅਜੀਜ਼ ਇਬਨ ਬਾਜ਼ ਇਮਾਮ ਤੋਂ ਫਤਵਾ ਜਾਰੀ ਕਰਵਾਇਆ ਸੀ ਕਿ ਫਰਾਂਸ ਦੇ ਸਪੈਸ਼ਲ ਕਮਾਂਡੋ ਮੰਗਵਾ ਕੇ ਅੱਤਵਾਦੀਆਂ ਨੂੰ ਬਾਹਰ ਕੱਢਿਆ ਜਾਵੇ, ਉਸ ਲਈ ਬੇਸ਼ਕ ਮੱਕੇ ਅੰਦਰ ਖੂਨ ਵੀ ਡੋਲਣਾ ਪੈ ਜਾਵੇ। ਇਸ ਕਾਰਵਾਈ ਵਿੱਚ 800 ਦੇ ਕਰੀਬ ਲੋਕ ਮਾਰੇ ਗਏ ਸਨ। ਤਕਰੀਬਨ ਸਾਰੇ ਜ਼ਿਹਾਦੀ ਮਾਰ ਦਿੱਤੇ ਗਏ ਸਨ, ਜਿਹੜੇ ਫੜ੍ਹੇ ਗਏ ਸਨ, ਉਨ੍ਹਾਂ ਨੂੰ ਬਾਅਦ ਵਿੱਚ ਫਾਂਸੀ ਦਿੱਤੀ ਗਈ ਸੀ। ਇਹ ਸਾਰੀ ਕਾਰਵਾਈ ਮੁਸਲਮਾਨਾਂ ਖਿਲਾਫ, ਮੁਸਲਮਾਨ ਸਰਕਾਰਾਂ ਨੇ ਕੀਤੀ ਸੀ ਤਾਂ ਕਿ ਪਵਿੱਤਰ ਧਰਮ ਅਸਥਾਨ ਵਿੱਚੋਂ ਅਜਿਹੇ ਲੋਕਾਂ ਨੂੰ ਬਾਹਰ ਕੱਢਿਆ ਜਾਵੇ। ਇਸੇ ਤਰ੍ਹਾਂ ਦੀ ਇੱਕ ਹੋਰ ਕਾਰਵਾਈ ਪਾਕਿਸਤਾਨ ਵਿੱਚ ਰਾਸ਼ਟਰਪਤੀ ਮੁਸ਼ੱਰਫ ਵਲੋਂ ਕੀਤੀ ਸੀ, ਜਦੋਂ ਇਸਲਾਮਾਬਾਦ ਦੀ ਇੱਕ ਮਸ਼ਹੂਰ 'ਲਾਲ ਮਸਜਿਦ' ਅਤੇ 'ਜਾਮੀਆ ਹਫਸਾ ਮਦਰੱਸੇ' 'ਤੇ ਇਸਲਾਮਕਿ ਅੱਤਵਾਦੀਆਂ ਨੇ ਕੱਟੜਵਾਦੀ ਲੀਡਰ ਮੁਹੰਮਦ ਅਬਦੁੱਲਾ ਗਾਜ਼ੀ ਦੇ ਦੋ ਪੁੱਤਰਾਂ ਅਬਦੁੱਲ ਅਜੀਜ਼ ਅਤੇ ਅਬਦੁੱਲ ਰਾਸ਼ੀਦ ਦੀ ਅਗਵਾਈ ਵਿੱਚ ਕਬਜਾ ਕਰਕੇ ਅੰਦਰੋਂ ਅੱਤਵਾਦੀ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ ਸਨ। ਸਰਕਾਰ ਵਲੋਂ ਕਾਫੀ ਸਮਾਂ ਉਨ੍ਹਾਂ ਨੂੰ ਕਿਹਾ ਜਾਂਦਾ ਰਿਹਾ ਕਿ ਉਹ ਬਾਹਰ ਨਿਕਲ ਜਾਣ, ਫਿਰ ਅਖੀਰ ਜੁਲਾਈ, 2007 ਵਿੱਚ ਫੌਜੀ ਕਾਰਵਾਈ ਹੋਈ, ਜਿਸ ਵਿੱਚ 91 ਜ਼ਿਹਾਦੀ ਅਤੇ 11 ਫੌਜੀ ਮਾਰੇ ਗਏ।ਇਸ ਤਰ੍ਹਾਂ ਦੀਆਂ ਦੁਨੀਆਂ ਵਿੱਚ ਹੋਰ ਵੀ ਅਨੇਕਾਂ ਘਟਨਾਵਾਂ ਇਤਿਹਾਸ ਵਿੱਚ ਮਿਲਦੀਆਂ ਹਨ, ਜਦੋਂ ਹਥਿਆਰਬੰਦ ਲੋਕ ਧਾਰਮਿਕ ਜਾਂ ਪਬਲਿਕ ਅਸਥਾਨਾਂ ਤੋਂ ਆਪਣੀਆਂ ਖਾੜਕੂ ਕਾਰਵਾਈਆਂ ਚਲਾਉਣ ਲਗਦੇ ਹਨ ਤਾਂ ਸਰਕਾਰਾਂ ਉਨ੍ਹਾਂ ਨੂੰ ਖਦੇੜਨ ਲਈ ਅਜਿਹੀਆਂ ਹੀ ਫੌਜੀ ਕਾਰਵਾਈਆਂ ਕਰਦੀਆਂ ਹਨ।ਪਰ ਸਿੱਖ ਲੀਡਰਸ਼ਿਪ ਤੇ ਵਿਦਵਾਨਾਂ ਨੇ ਇਸ ਕਿਸਮ ਦਾ ਇਖਲਾਕੀ ਸਾਹਸ ਨਾ ਦਿਖਾ ਕੇ, ਕੀ ਆਪਣੇ ਭਾਈਚਾਰੇ ਨੂੰ ਕਿਸੇ ਅੰਨ੍ਹੀ ਗੁਫਾ ਵਿੱਚ ਨਹੀਂ ਧੱਕ ਦਿੱਤਾ?

ਇੱਥੇ ਇਹ ਸਾਰਾ ਕੁਝ ਦੱਸਣ ਤੋਂ ਭਾਵ ਉਸ ਸਮੇਂ ਦੀ ਹਾਕਮ ਮੈਡਮ ਇੰਦਰਾ ਗਾਂਧੀ ਦੀ ਮੁਜਰਮਾਨਾ ਤੇ ਨਿੰਦਣਯੋਗ ਕਾਰਵਾਈ ਨੂੰ ਜਾਇਜ ਠਹਿਰਾਉਣਾ ਨਹੀਂ ਹੈ। ਇਸ ਵਿੱਚ ਕੋਈ ਸ਼ੱਕ ਹੀ ਨਹੀਂ ਹੈ ਕਿ ਅਜਿਹੀ ਵੱਡੀ ਕਾਰਵਾਈ ਕਰਨ ਤੋਂ ਪਹਿਲਾਂ ਹੋਰ ਢੰਗ ਤਰੀਕੇ ਵੀ ਸੋਚੇ ਜਾ ਸਕਦੇ ਸਨ। ਪਰ ਕੀ ਇਸ ਗੱਲ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਕਿ ਅੰਦਰ ਬੈਠੇ ਗਰਮ ਖਿਆਲੀ ਧੜਿਆਂ ਤੇ ਖਾੜਕੂ ਗਰੁੱਪਾਂ ਵਲੋਂ ਲਗਾਤਾਰ ਭੜਕਾਊ ਕਾਰਵਾਈਆਂ ਕਰਕੇ ਅਜਿਹੀ ਸਖਤ ਕਾਰਵਾਈ ਲਈ ਮਾਹੌਲ ਨਹੀਂ ਬਣਾਇਆ ਜਾ ਰਿਹਾ ਸੀ? ਜਿਸ ਤਰ੍ਹਾਂ ਸਿੱਖ ਵਿਦਵਾਨ ਸ. ਅਜਮੇਰ ਸਿੰਘ ਆਪਣੀ ਇੱਕ ਵੀਡੀਉ ਪ੍ਰਵਚਨਾਂ ਵਿੱਚ ਕਹਿੰਦੇ ਆ ਰਹੇ ਹਨ ਕਿ ਸੰਤਾਂ ਨੇ ਗੁਰੂ ਨਾਨਕ ਨਿਵਾਸ ਤੋਂ ਸ੍ਰੀ ਅਕਾਲ ਤਖਤ ਜਾਣ ਮੌਕੇ ਹੀ ਇਹ ਤੈਅ ਕਰ ਲਿਆ ਸੀ ਕਿ ਗੁਲਾਮੀ ਵਿੱਚ ਘੂਕ ਸੁੱਤੀ ਪਈ ਕੌਮ ਨੂੰ ਜਗਾਉਣ ਲਈ ਅਕਾਲ ਤਖਤ ਤੋਂ ਵਧੀਆ ਹੋਰ ਕੋਈ ਜਗ੍ਹਾ ਨਹੀਂ, ਜਿੱਥਇ ਸ਼ਹੀਦੀ ਪਾਈ ਜਾ ਸਕੇ। ਉਹ ਅੱਗੇ ਦੱਸਦੇ ਹਨ ਕਿ ਬਹੁਤ ਲੋਕ ਕਹਿੰਦੇ ਹਨ ਕਿ ਸੰਤ ਜੀ ਨੇ ਜੇ ਸ਼ਹੀਦੀ ਹੀ ਪਾਉਣੀ ਸੀ ਤਾਂ ਬਾਹਰ ਫੌਜ ਨਾਲ਼ ਲੜ ਕੇ ਸ਼ਹੀਦੀ ਪਾ ਲੈਂਦੇ? ਪਰ ਅਜਮੇਰ ਸਿੰਘ ਅਨੁਸਾਰ ਸ਼ਹੀਦੀ ਤਾਂ ਮਹਿਤੇ ਚੌਕ ਵੀ ਪਾਈ ਜਾ ਸਕਦੀ ਸੀ, ਪਰ ਅਕਾਲ ਤਖਤ ਸਾਹਿਬ 'ਤੇ ਸ਼ਹੀਦੀ ਪਾਉਣ ਨਾਲ਼ ਹੀ ਸੰਤ ਜਰਨੈਲ਼ ਸਿੰਘ ਭਿੰਡਰਾਂਵਾਲ਼ੇ ਦਾ ਨਾਮ ਸ਼ਹੀਦ ਬਾਬਾ ਦੀਪ ਸਿੰਘ ਬਰਾਬਰ ਬਣਨਾ ਸੀ ਅਤੇ ਅਕਾਲ ਤਖਤ ਢੱਠਣ ਨਾਲ਼ ਹੀ ਕੌਮ ਨੇ ਜਾਗਣਾ ਸੀ। ਜੇ ਅਜਮੇਰ ਸਿੰਘ ਦੀਆਂ ਇਹ ਗੱਲਾਂ ਸੱਚ ਹਨ ਤਾਂ ਕੀ ਸੰਤ ਭਿੰਡਰਾਂਵਾਲ਼ਿਆਂ ਨੇ ਜਾਣ-ਬੁੱਝ ਕੇ ਅਜਿਹੇ ਹਾਲਾਤ ਬਣਾਏ ਤਾਂ ਕਿ ਫੌਜ ਹਰਮਿੰਦਰ ਸਾਹਿਬ ਅਤੇ ਅਕਾਲ ਤਖਤ 'ਤੇ ਹਮਲਾ ਕਰੇ ਅਤੇ ਉਹ ਸ਼ਹੀਦੀਆਂ ਪਾਉਣ? ਫਿਰ ਕੀ ਸਾਨੂੰ ਇਹ ਕਹਿਣ ਦਾ ਕੋਈ ਨੈਤਿਕ ਹੱਕ ਹੈ ਕਿ ਸਰਕਾਰ ਨੇ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਕਰਾਉਣ ਲਈ ਫੌਜੀ ਹਮਲਾ ਕੀਤਾ ਸੀ? ਜਿਵੇਂ ਕਿ ਸਾਲ 2003 ਵਿੱਚ ਛਪੀ 'ਵੀਹਵੀਂ ਸਦੀ ਸਿੱਖ ਰਾਜਨੀਤੀ: ਇੱਕ ਗੁਲਾਮੀ ਤੋਂ ਦੂਜੀ ਗੁਲਾਮੀ' ਤੱਕ ਸਿਰਲੇਖ ਹੇਠ ਅਜਮੇਰ ਸਿੰਘ ਪਿਛਲ਼ੇ 20-22 ਵਰ੍ਹਿਆਂ ਤੋਂ ਲਗਾਤਾਰ ਸਿੱਖ ਨੌਜਵਾਨਾਂ ਨੂੰ ਭੜਕਾਉਣ ਲਈ 'ਸਿੱਖ ਭਾਰਤ ਵਿੱਚ ਗੁਲਾਮ ਹਨ' ਦੀ ਮੁਹਾਰਨੀ

ਪੜ੍ਹੀ ਜਾ ਰਹੇ ਹਨ। ਜੇ ਅਜਮੇਰ ਸਿੰਘ ਹੋਰਾਂ ਦੀ ਗੱਲ ਮੰਨ ਲਈਏ ਕਿ ਸਿੱਖ ਭਾਰਤ ਵਿੱਚ ਗੁਲਾਮ ਹਨ, ਤਾਂ ਸਵਾਲ ਪੈਦਾ ਹੁੰਦਾ ਹੈ ਕਿ ਨਵੀਂ ਦਿਲੀ, ਮੁੰਬਈ, ਕਲਕੱਤਾ, ਕਾਨ੍ਹਪਰ, ਰਾਜਸਥਾਨ, ਯੂਪੀ ਦੇ ਤੈਰਾਈ ਖਿੱਤੇ ਵਿੱਚ ਬੜੇ ਰੋਹਬ-ਦਾਬ ਨਾਲ਼ ਰਹਿ ਰਹੇ ਵੱਡੇ-ਵੱਡੇ ਲੈਂਡਲੌਰਡ ਸਿੱਖਾਂ ਨੂੰ ਕੀ ਕਹੋਗੇ? ਜੇ ਸਿੱਖ ਭਾਰਤ ਵਿੱਚ ਗੁਲਾਮ ਹਨ ਤਾਂ ਫਿਰ ਭਾਰਤ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਮੁਢਲੀਆਂ ਮਨੁੱਖੀ ਲੋੜਾਂ ਤੋਂ ਵਿਰਵੇ ਕਰੋੜਾਂ ਦਲਿਤਾਂ, ਆਦਿ-ਵਾਸੀਆਂ ਅਤੇ ਗਰੀਬਾਂ ਨੂੰ ਕੀ ਕਹੋਗੇ, ਜਿਨ੍ਹਾਂ ਰੋਟੀ, ਕੱਪੜਾ, ਮਕਾਨ ਵਰਗੀਆਂ ਵੀ ਸਹੂਲਤਾਂ ਨਹੀਂ ਹਨ।ਜੇ ਸਿੱਖ ਪੰਜਾਬ ਵਿੱਚ ਗੁਲਾਮ ਹਨ ਤਾਂ ਯੂਪੀ ਬਿਹਾਰ ਦੇ ਉਨ੍ਹਾਂ ਲੱਖਾਂ ਹਿੰਦੂ ਪ੍ਰਵਾਸੀ ਮਜਦੂਰਾਂ (ਭਈਆਂ) ਨੂੰ ਕੀ ਕਹੋਗੇ, ਜੋ ਦੋ ਵਕਤ ਦੀ ਰੋਟੀ ਲਈ ਸਿੱਖ ਸਰਦਾਰਾਂ ਦੇ ਖੇਤਾਂ ਵਿੱਚ ਮਜਦੂਰੀ ਕਰਦੇ ਹਨ ਅਤੇ ਉਨ੍ਹਾਂ ਦੀਆਂ ਔਰਤਾਂ ਤੇ ਬੱਚੇ, ਘਰਾਂ ਵਿੱਚ ਸਾਫ-ਸਫਾਈ ਦਾ ਕੰਮ ਕਰਦੇ ਹਨ?

ਪਰ ਲਗਦਾ, ਜਿਵੇਂ ਸਾਡੀਆਂ ਨਰਮ ਅਤੇ ਗਰਮ ਖਿਆਲੀ ਧਿਰਾਂ ਨੇ ਪਿਛਲੀਆਂ ਗਲਤੀਆਂ ਤੋਂ ਸਬਕ ਨਾ ਸਿੱਖਣ ਦੀ ਕਸਮ ਹੀ ਖਾਧੀ ਹੋਈ ਹੈ। ਚਾਹੀਦਾ ਤਾਂ ਇਹ ਸੀ ਕਿ ਜੂਨ, 84 ਦੀ 40ਵੀਂ ਬਰਸੀ ਮੌਕੇ ਸਾਰੀਆਂ ਧਿਰਾਂ ਸਿਰ ਜੋੜ ਕੇ ਬੈਠਦੀਆਂ ਤੇ ਗੰਭੀਰ ਚਿੰਤਨ ਕਰਦੀਆਂ ਕਿ ਸਾਡੀ ਕੌਮ ਨਾਲ਼ ਜੂਨ, 84 ਜਾਂ ਨਵੰਬਰ, 84 ਵਰਗੇ ਕੁਲਹਿਣੇ ਭਾਣੇ ਕਿਉਂ ਵਾਪਰੇ? ਸਾਡੇ ਵਿਦਵਾਨ ਰਲ਼-ਮਿਲ਼ ਕੇ ਵਿਚਾਰਾਂ ਕਰਦੇ ਕਿ 1947 ਤੋਂ ਬਾਅਦ ਕੌਮ ਵਲੋਂ ਲਗਾਏ ਗਏ, ਅਨੇਕਾਂ ਮੋਰਚਿਆਂ-ਸੰਘਰਸ਼ਾਂ ਵਿੱਚ ਬੇਹੱਦ ਕੁਰਬਾਨੀਆਂ ਕਰਨ ਤੋਂ ਬਾਅਦ ਵੀ ਅਸੀਂ ਕੋਈ ਮਾਣਯੋਗ ਪ੍ਰਾਪਤੀ ਕਿਉਂ ਨਹੀਂ ਕਰ ਸਕੇ? ਅਸੀਂ ਪਿਛਲੇ 75 ਸਾਲ ਤੋਂ ਇਹ ਦਾਅਵਾ ਲਗਾਤਾਰ ਦੁਹਰਾਉਂਦੇ ਆ ਰਹੇ ਹਾਂ ਕਿ ਸਿੱਖਾਂ ਨੇ ਭਾਰਤ ਨੂੰ ਅਜ਼ਾਦ ਕਰਾਉਣ ਲਈ 80% ਤੋਂ ਵੱਧ ਕੁਰਬਾਨੀਆਂ ਕੀਤੀਆਂ, ਫਿਰ ਵੀ ਸਿੱਖਾਂ ਨਾਲ਼ ਦੂਜੇ ਦਰਜੇ ਦੇ ਸ਼ਹਿਰੀਆਂ ਵਾਲ਼ਾ ਵਤੀਰਾ ਹੋ ਰਿਹਾ ਹੈ। ਸਿੱਖਾਂ ਨੂੰ ਇਨਸਾਫ ਨਹੀਂ ਮਿਲ ਰਿਹਾ। ਪਰ ਸਾਡੀ ਲੀਡਰਸ਼ਿਪ ਨੇ ਆਪਣਾ ਕਦੇ ਰੀਵੀਊ ਨਹੀਂ ਕੀਤਾ ਕਿ ਕਿਤੇ ਇਸ ਸਾਰੇ ਵਰਤਾਰੇ ਵਿੱਚ ਮਾੜਾ-ਮੋਟਾ ਦੋਸ਼ ਸਾਡੇ ਵਿੱਚ ਵੀ 'ਤੇ ਨਹੀਂ? ਹੁਣ ਇਸਦੀ ਤਾਜ਼ਾ ਮਿਸਾਲ ਇਥੋਂ ਮਿਲਦੀ ਹੈ ਕਿ ਸਾਡੇ ਤਖਤਾਂ ਦੇ ਪੰਜ ਸਿੰਘ ਸਹਿਬਾਨਾਂ ਵਲੋਂ 18 ਮਈ, 2024 ਨੂੰ 'ਸਿੱਖ ਕੌਮ ਦੇ ਨਾਮ ਇੱਕ ਸੰਦੇਸ਼' ਜਾਰੀ ਕੀਤਾ ਹੈ। ਜਿਸ ਵਿੱਚ ਕੌਮ ਨੂੰ ਬੈਠ ਕੇ ਆਪਣੀਆਂ ਸਮੱਸਿਆਵਾਂ 'ਤੇ ਵਿਚਾਰ ਕਰਨ ਜਾਂ ਜੂਨ, 84 ਵਰਗੇ ਵੱਡੇ ਦੁਖਦਾਈ ਕਾਂਡਾਂ ਦਾ ਰਿਵੀਊ, ਕਰਨ ਦੀ ਅਪੀਲ ਦੀ ਥਾਂ ਇਹ ਕਿਹਾ ਗਿਆ ਹੈ ਕਿ ਇੱਕ ਹਫਤਾ ਕਾਲ਼ੀਆਂ ਪੱਗਾਂ ਬੰਨ੍ਹੋ, ਕਾਲੀਆਂ ਚੁੰਨ੍ਹੀਆਂ ਲਵੋ ਤਾਂ ਕਿ ਦੁਨੀਆਂ ਨੂੰ ਦੱਸਿਆ ਜਾ ਸਕੇ ਕਿ ਸ਼ਾਂਤਮਈ ਕੀਰਤਨ ਸੁਣ ਰਹੀਆਂ ਸੰਗਤਾਂ 'ਤੇ ਭਾਰਤੀ ਫੌਜਾਂ ਨੇ ਟੈਂਕਾਂ-ਤੋਪਾਂ ਨਾਲ਼ ਹਮਲਾ ਕਰਕੇ ਹਜਾਰਾਂ ਬੇਗੁਨਾਹ ਸਿੱਖ ਕਤਲ ਕਰ ਦਿੱਤੇ।ਅਜਿਹੀਆਂ ਸਟੇਟਮੈਂਟਾਂ ਸਾਡੀ ਧਾਰਮਿਕ ਤੇ ਰਾਜਸੀ ਲੀਡਰਸ਼ਿਪ ਪਿਛਲੇ 40 ਸਾਲ ਤੋਂ ਦੇ ਰਹੀ ਹੈ, ਕੀ ਉਸਦਾ ਕੌਮ ਨੂੰ ਕੋਈ ਲਾਭ ਹੋਇਆ ਜਾਂ ਹੋਰ ਨੁਕਸਾਨ ਹੋਇਆ, ਕੀ ਇਸ ਬਾਰੇ ਕਦੇ ਅਸੀਂ ਗੰਭੀਰ ਹੋਵਾਂਗੇ? ਬੜੀ ਹੈਰਾਨੀ ਹੋ ਰਹੀ ਹੈ ਕਿ ਅਜਿਹੇ ਸੰਵੇਦਨਸ਼ੀਲ ਮੁੱਦੇ 'ਤੇ ਗੰਭੀਰ ਚਰਚਾ ਕਰਕੇ ਕੌਮ ਨੂੰ ਭਵਿੱਖ ਲਈ ਕੋਈ ਪ੍ਰੋਗਰਾਮ ਦੇਣ ਦੀ ਥਾਂ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਹੋਰ ਪੰਥਕ ਦਲ, ਭਾਰਤ ਵਿੱਚ ਚੱਲ ਰਹੀਆਂ ਪਾਰਲੀਮਾਨੀ ਵੋਟਾਂ ਵਿੱਚ ਇਸ ਦੁਖਾਦਾਈ ਘਟਨਾ ਤੋਂ ਸਿਆਸੀ ਲਾਹਾ ਲੈਣ ਲਈ ਵਰਤ ਰਹੇ ਹਨ।

ਕੀ ਅਜਿਹੀ ਬਲੇਮ ਗੇਮ ਅਸੀਂ ਅਨੰਤ ਕਾਲ ਤੱਕ ਖੇਡੀ ਜਾਣੀ ਹੈ? ਕੀ ਅਸੀਂ ਕਦੇ ਆਪਣੀ ਨੌਜਵਾਨ ਪੀੜ੍ਹੀ ਅੱਗੇ 21ਵੀਂ ਸਦੀ ਦੀਆਂ ਗੁੰਝਲਦਾਰ ਚੁਣੌਤੀਆਂ ਦਾ ਸਾਹਮਣਾ ਕਰਨ ਬਾਰੇ ਕੋਈ ਪ੍ਰੋਗਰਾਮ ਪੇਸ਼ ਕਰਾਂਗੇ? ਅਸੀਂ ਕਦੋਂ ਇਨ੍ਹਾਂ ਧਿਰਾਂ ਨੂੰ ਸਵਾਲ ਕਰਾਂਗੇ ਕਿ ਅਕਾਲੀਆਂ ਦੇ 'ਸ਼ਾਂਤਮਈ ਧਰਮ ਯੁੱਧ ਮੋਰਚੇ' ਵਿੱਚ ਹਿੰਸਾ ਤੇ ਕਤਲੋ-ਗਾਰਤ ਕਿਸਦੇ ਇਸ਼ਾਰੇ 'ਤੇ ਵਾੜੀ ਗਈ? ਜਦੋਂ ਹਰਿਮੰਦਰ ਸਾਹਿਬ ਨੂੰ ਚਾਰੇ ਪਾਸਿਆਂ ਤੋਂ ਸਰਕਾਰੀ ਫੋਰਸਾਂ ਨੇ ਘੇਰਾ ਪਾਇਆ ਹੋਇਆ ਸੀ ਤਾਂ ਕੰਪਲੈਕਸ ਅੰਦਰ ਕਿਸਦੀ ਮੱਦਦ ਨਾਲ਼ ਮਿਲਟਰੀ ਦੀਆਂ ਤੋਪਾਂ ਉਡਾਉਣ ਵਾਲ਼ੇ ਮਾਰੂ ਹਥਿਆਰ ਪਹੁੰਚੇ? ਸ਼ਾਂਤਮਈ ਮੋਰਚੇ ਵਿੱਚ ਅਜਿਹੇ ਮੋਰਚੇ ਕਿਉਂ ਬਣਾਏ ਗਏ, ਜਿਵੇਂ ਕਿ ਕਿਸੇ ਦੇਸ਼ ਦੀ ਫੌਜ ਨਾਲ਼ ਜੰਗ ਲੜਨੀ ਹੋਵੇ? ਜੇ ਮੋਰਚੇ ਬਣਾਉਣ ਅਤੇ ਹਥਿਆਰ ਜਮ੍ਹਾਂ ਕਰਨ ਵਾਲ਼ਿਆਂ ਨੂੰ ਪਹਿਲਾਂ ਹੀ ਪਤਾ ਸੀ ਕਿ ਭਾਰਤੀ ਫੌਜ ਹਮਲਾ ਕਰੇਗੀ ਤਾਂ ਫਿਰ ਇਹ ਗੱਲ ਆਮ ਸੰਗਤ ਨੂੰ ਕਿਉਂ ਨਹੀ ਦੱਸੀ ਗਈ ਤਾਂ ਕਿ ਉਹ ਆਪਣੀਆਂ ਜਾਨਾਂ ਬਚਾ ਸਕਦੇ? ਜੇ ਅੰਦਰ ਬੈਠੇ ਖਾੜਕੂਆਂ ਨੂੰ ਪਤਾ ਸੀ ਕਿ ਭਾਰਤੀ ਫੌਜ ਹਮਲਾ ਕਰੇਗੀ ਤਾਂ ਉਹ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਨੂੰ ਬਚਾਉਣ ਲਈ ਬਾਹਰ ਕਿਉਂ ਨਹੀਂ ਚਲੇ ਗਏ ਤਾਂ ਕਿ ਉਥੇ ਹੋਈ ਤਬਾਹੀ ਬਚ ਜਾਂਦੀ? ਕੀ ਉਹ ਭਾਰਤੀ ਫੌਜ ਨੂੰ ਬਾਹਰ ਜਾ ਕੇ ਚੈਲਿੰਜ ਨਹੀਂ ਕਰ ਸਕਦੇ ਸਨ ਤਾਂ ਕਿ ਆਪਣੀ ਬਹਾਦਰੀ ਦਿਖਾ ਸਕਦੇ। ਜੇ ਦਰਬਾਰ ਸਾਹਿਬ ਅੰਦਰ ਬੈਠੇ ਕਈ ਪ੍ਰਮੁੱਖ ਖਾੜਕੂ 1 ਤੋਂ 3 ਜੂਨ ਤੱਕ ਆਪਣੇ ਪਰਿਵਾਰਾਂ ਨੂੰ ਬਾਹਰ ਕੱਢ ਸਕਦੇ ਸਨ ਤਾਂ ਇਸ ਮੌਕੇ ਆਮ ਸ਼ਰਧਾਲੂਆਂ ਨੂੰ ਬਾਹਰ ਜਾਣ ਲਈ ਸਲਾਹ ਕਿਉਂ ਨਾ ਦਿੱਤੀ ਗਈ?

ਪ੍ਰੋ. ਹਰਿੰਦਰ ਸਿੰਘ ਮਹਿਬੂਬ, 'ਭਾਅ ਜੀ' ਦਲਬੀਰ ਸਿੰਘ ਪੱਤਰਕਾਰ, ਸਿ. ਗੁਰਤੇਜ ਸਿੰਘ, ਡਾ. ਗੁਰਦਰਸ਼ਨ ਸਿੰਘ ਢਿੱਲੋਂ, ਪੱਤਰਕਾਰ ਕਰਮਜੀਤ ਸਿੰਘ ਅਤੇ ਖਾਸਕਰ ਸ. ਅਜਮੇਰ ਸਿੰਘ ਵਰਗੇ ਕਿਤਨੇ ਹੀ ਹੋਰ ਅਹਿਮ ਸਿੱਖ ਚਿੰਤਕ ਅਜਿਹਾ ਰਾਗ ਲਗਾਤਾਰ ਅਲਾਪੀ ਜਾ ਰਹੇ ਹਨ ਕਿ ਬ੍ਰਾਹਮਣਵਾਦੀ ਸਰਕਾਰ ਨੇ ਫੌਜ ਭੇਜ ਕੇ ਸਿੱਖ ਕੌਮ ਨਾਲ਼ ਪੰਜ ਸਦੀਆਂ ਦਾ ਵੈਰ ਪੁਗਾਇਆ ਸੀ? ਆਪਣੀ 1 ਜੂਨ, 2024 ਨੂੰ ਜਾਰੀ ਤਾਜ਼ਾ ਵੀਡੀਓ ਵਿੱਚ ਅਜਮੇਰ ਸਿੰਘ ਜੀ ਨੇ ਜੂਨ, 84 ਦੀ ਘਟਨਾ ਨੂੰ 18ਵੀਂ ਸਦੀ ਵਿੱਚ ਮੁਗਲਾਂ ਜਾਂ ਪਠਾਣਾਂ ਵਲੋਂ ਹਰਿਮੰਦਰ ਸਾਹਿਬ 'ਤੇ ਕੀਤੇ ਹਮਲਿਆਂ ਨਾਲ਼ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਪਤਾ ਨਹੀਂ ਸਾਡੇ ਇਹ ਮਹਾਨ ਇਤਿਹਾਸਕਾਰ ਕਿਵੇਂ 'ਕਹਾਂ ਕੀ ਈਟ, ਕਹਾਂ ਕਾ ਰੋੜਾ, ਭਾਨਮਤੀ ਨੇ ਕੁਨਬਾ ਜੋੜਾ' ਦੀ ਕਹਾਵਤ ਵਾਂਗ ਐਧਰ-ਓਧਰ ਦੀਆਂ ਇਤਿਹਾਸਕ ਘਟਨਾਵਾਂ ਨੂੰ ਚੁੱਕ ਕੇ ਕਿਵੇਂ 2 ਜਮ੍ਹਾਂ 2 ਚਾਰ ਕਰ ਲੈਂਦੇ ਹਨ? 18ਵੀਂ ਸਦੀ ਦੇ ਵਿਦੇਸ਼ੀ ਧਾੜਵੀਆਂ ਮੱਸਾ ਰੰਗੜ, ਜ਼ਕਰੀਆ ਖਾਨ, ਮੀਰ ਮਨੂੰ, ਅਬਦਾਲੀ ਆਦਿ ਨੂੰ 20ਵੀਂ ਸਦੀ ਦੇ ਲੋਕਤੰਤਰੀ ਸਿਸਟਮ ਨਾਲ਼ ਜੋੜਨ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਸਾਡੇ ਵਿਦਵਾਨਾਂ ਦੀ ਸੋਚ ਦਾ ਪੱਧਰ ਕਿੱਥੇ ਖੜਾ ਹੈ? ਸਵਾਲ ਪੈਦਾ ਹੁੰਦਾ ਹੈ ਕਿ ਕੀ 18ਵੀਂ ਸਦੀ ਦੇ ਮੁਗਲ ਜਾਂ ਪਠਾਣ ਹਮਲਾਵਰਾਂ ਨੇ ਹਰਿਮੰਦਰ ਸਾਹਿਬ 'ਤੇ ਹਮਲੇ ਇਸ ਕਰਕੇ ਕਰਦੇ ਸਨ ਕਿ ਇੱਥੇ ਮੁਗਲ ਹਕੂਮਤ ਨਾਲ਼ ਲੜ ਰਹੇ, ਸਿੱਖ ਜੋਧੇ ਛੁਪੇ ਹੋਏ ਸਨ ਜਾਂ ਇਸ ਕਰਕੇ ਕਰਦੇ ਸਨ ਕਿ ਉਨ੍ਹਾਂ ਨੂੰ ਲਗਦਾ ਸੀ ਕਿ ਖਾਲਸਾ ਫੌਜਾਂ ਨੂੰ ਉਨ੍ਹਾਂ ਨਾਲ਼ ਲੜਨ ਲਈ ਸਪਿਰਟ ਹਰਿਮੰਦਰ ਸਾਹਿਬ ਤੋਂ ਮਿਲਦੀ ਹੈ? ਅਫਗਾਨ ਧਾੜਵੀ ਅਹਿਮਦ ਸ਼ਾਹ ਅਬਦਾਲੀ ਨੇ ਹਰਿਮੰਦਰ ਸਾਹਿਬ 'ਤੇ ਤਿੰਨ ਵਾਰ ਹਮਲਾ ਕੀਤਾ, ਕੀ ਉਹ ਹਮਲੇ ਇਸ ਕਰਕੇ ਕੀਤੇ ਗਏ ਸਨ ਕਿ ਮਿਸਲਾਂ ਦੇ ਸਰਦਾਰਾਂ ਨੇ ਅਬਦਾਲੀ ਦੇ ਹਮਲਿਆਂ ਤੋਂ ਬਚਣ ਲਈ ਉਥੇ ਸ਼ਰਨ ਲਈ ਹੋਈ ਸੀ ਜਾਂ ਉਥੇ ਮੋਰਚਾਬੰਦੀ ਕੀਤੀ ਹੋਈ ਸੀ, ਜਿਸ ਤਰ੍ਹਾਂ 1984 ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਦੀ ਅਗਵਾਈ ਵਿੱਚ ਖਾੜਕੂਆਂ ਨੇ ਪਨਾਹ ਲਈ ਹੋਈ ਸੀ ਅਤੇ ਮੋਰਚਬੰਦੀ ਕਰ ਲਈ ਸੀ? ਪਤਾ ਨਹੀਂ ਕਿਸ ਅਧਾਰ 'ਤੇ ਅਜਮੇਰ ਸਿੰਘ ਵਰਗੇ ਸੂਝਵਾਨ ਚਿੰਤਕ ਘਟਨਾਵਾਂ ਦਾ ਜੋੜ ਘਟਾਓ ਕਰਦੇ ਹਨ? ਜਦੋਂ ਵੀ 18ਵੀਂ ਸਦੀ ਵਿੱਚ ਖਾਲਸਾ ਫੌਜਾਂ ਨੇ ਅਬਦਾਲੀ ਜਾਂ ਹੋਰ ਧਾੜਵੀਆਂ ਨਾਲ਼ ਲੜਾਈ ਕੀਤੀ ਤਾਂ ਖਾਲਸਾ ਫੌਜਾਂ ਬਾਹਰੋਂ ਉਨ੍ਹਾਂ ਨਾਲ਼ ਲੜਨ ਆਉਂਦੇ ਸਨ, ਨਾ ਕਿ ਅੰਦਰ ਬੈਠ ਕੇ ਲੜਦੇ ਸਨ। ਕੀ ਜੂਨ, 84 ਵਿੱਚ ਸਭ ਕੁਝ ਇਸ ਤੋਂ ਉਲਟ ਨਹੀਂ ਸੀ? ਮੱਸੇ ਰੰਗੜ ਨੇ ਦਰਬਾਰ ਸਾਹਿਬ 'ਤੇ ਕਬਜਾ ਕਰਕੇ ਕੰਜਰੀਆਂ ਦੇ ਨਾਚ ਕਰਾਉਣੇ ਸ਼ੁਰੂ ਕਰ ਦਿੱਤੇ ਸਨ ਤਾਂ ਸੁੱਖ ਸਿੰਘ, ਮਹਿਤਾਬ ਸਿੰਘ ਉਸਦਾ ਕਬਜਾ ਛੁਡਾਉਣ ਲਈ ਬੀਕਾਨੇਰ ਦੇ ਜੰਗਲਾਂ 'ਚੋਂ ਆਏ ਸਨ। ਸ. ਅਜਮੇਰ ਸਿੰਘ ਜੀ ਅਤੇ ਹੋਰ ਪੰਥਕ ਸਿੱਖ ਵਿਦਵਾਨਾਂ ਨੂੰ ਸਾਡਾ ਬਹੁਤ ਨਿਮਰਤਾ ਸਾਹਿਤ ਸਵਾਲ ਹੈ ਕਿ ਉਹ ਸਿੱਖ ਕੌਮ ਨੂੰ ਦੱਸਣ; ਕੀ 18ਵੀਂ ਸਦੀ ਵਿੱਚ ਕਦੇ ਵੀ ਸਿੱਖਾਂ ਨੇ ਹਰਿਮੰਦਰ ਸਾਹਿਬ ਜਾਂ ਅਕਾਲ ਤਖਤ ਨੂੰ ਆਪਣੇ ਬਚਾ ਲਈ ਢਾਲ਼ ਵਜੋਂ ਵਰਤਿਆ ਸੀ? ਬੇਸ਼ਕ ਸਾਡਾ ਮਕਸਦ ਕਿਸੇ ਧਿਰ ਨੂੰ ਦੋਸ਼ੀ ਬਣਾਉਣ ਜਾਂ ਕਿਸੇ ਨੂੰ ਬਰੀ ਕਰਨਾ ਨਹੀਂ, ਇਹ ਫੈਸਲਾ ਤਾਂ ਸਿੱਖ ਕੌਮ ਨੇ ਕਰਨਾ ਹੈ। ਪਰ ਸਾਡਾ ਸਿੱਖ ਵਿਦਵਾਨਾਂ ਨੂੰ ਵਾਰ-ਵਾਰ ਸਵਾਲ ਹੈ ਕਿ ਉਹ ਕੌਮ ਨੂੰ ਦੱਸਣ ਕਿ ਜੇ ਭਾਰਤੀ ਫੌਜ ਨੇ ਹਰਿਮੰਦਰ ਸਾਹਿਬ ਜਾਂ ਅਕਾਲ ਤਖਤ ਨੂੰ ਢਾਹ ਕੇ 5 ਸਦੀਆਂ ਦਾ ਬ੍ਰਾਹਮਣਵਾਦੀ ਵੈਰ ਹੀ ਪੁਗਾਉਣਾ ਸੀ ਤਾਂ ਕੀ ਉਹ ਮਿਲਟਰੀ ਜਹਾਜ ਨਾਲ਼ 2-4 ਮਿਜ਼ਾਈਲਾਂ ਸੁੱਟ ਕੇ ਤਬਾਹ ਨਹੀਂ ਕਰ ਸਕਦੇ ਸਨ? ਫਿਰ ਉਨ੍ਹਾਂ ਨੂੰ ਤੁਹਾਡੇ ਕਹਿਣ ਮੁਤਾਬਿਕ 10 ਹਜਾਰ ਫੌਜੀ ਮਰਵਾਉਣ ਦੀ ਕੀ ਲੋੜ ਸੀ? ਇਸ ਸਬੰਧੀ ਸਾਬਕਾ ਰਾਅ ਅਫਸਰ ਜੀ ਬੀ ਐਸ ਸਿੱਧੂ ਆਪਣੀ ਕਿਤਾਬ '**ਖਾਲਿਸਤਾਨ ਦੀ ਸਾਜ਼ਿਸ਼**' ਦੇ ਚੈਪਟਰ '**ਹੈਲੀਬੋਰਨ ਕਮਾਂਡੋ ਓਪਰੇਸ਼ਨ ਦੀ ਯੋਜਨਾ ਨੂੰ ਨਾ-ਮਨਜ਼ੂਰੀ**' ਵਿੱਚ ਲਿਖਦੇ ਹਨ ਕਿ ਵੱਖ-ਵੱਖ ਸੁਰੱਖਿਆ ਏਜੰਸੀਆਂ ਨੇ ਪੰਜਾਬ ਵਿੱਚ ਵਧਦੀ ਹਿੰਸਾ ਦੇ ਮੱਦੇ-ਨਜ਼ਰ ਸਰਕਾਰ ਨੂੰ ਨਵੰਬਰ, 1983 ਵਿੱਚ ਸਲਾਹ ਦਿੱਤੀ ਸੀ ਕਿ ਦਰਬਾਰ ਸਾਹਿਬ ਅੰਦਰ ਪੁਲਿਸ ਜਾਂ ਫੌਜ ਭੇਜਣ ਦੀ ਥਾਂ ਸੰਤ ਭਿੰਡਰਾਂਵਾਲ਼ਿਆਂ ਨੂੰ ਛੱਤ ਉਪਰ ਲੈਕਚਰ ਕਰਦਿਆਂ 'ਹੈਲੀਬੋਰਨ ਕਮਾਂਡੋ' ਆਪਣੇ 'ਓਪਰੇਸ਼ਨ ਸੰਨਡਾਊਨ' (ਭਾਵ ਝਪਟਣਾ ਅਤੇ ਫੜਨਾ) ਰਾਹੀਂ ਚੁੱਕ ਲਿਆਉਣਗੇ ਤਾਂ ਮੈਡਮ ਇੰਦਰਾ ਨੇ ਮਨਜੂਰੀ ਨਹੀਂ ਦਿੱਤੀ ਸੀ।ਜੇ ਜੀ ਬੀ ਸਿੱਧੂ ਦੀ ਇਸੇ ਕਿਤਾਬ ਦੇ ਪੰਨਾ 149 ਤੋਂ 152 ਦੇ ਚੈਪਟਰ 'ਇੰਦਰਾ ਗਾਂਧੀ ਨੂੰ ਜਾਣਕਾਰੀ ਦੇਣਾ' ਅਨੁਸਾਰ ਜਦੋਂ ਅਪਰੈਲ, 1984 ਵਿੱਚ ਇੱਕ ਵਾਰ ਫਿਰ ਰਾਅ ਦੇ ਚੀਫ ਆਰ ਐਂ ਕਾਓ ਤੇ ਸੀਨੀਅਰ ਅਫਸਰਾਂ ਨਾਲ਼ '**ਹੈਲੀਬੋਰਨ ਕਮਾਂਡੋ ਓਪਰੇਸ਼ਨ**' ਬਾਰੇ ਦੁਬਾਰਾ ਗੱਲ ਹੋਈ ਤਾਂ ਮੈਡਮ ਗਾਂਧੀ ਨੂੰ ਇਹ ਦੱਸਣ 'ਤੇ ਕਿ ਇਸ ਓਪਰੇਸ਼ਨ ਵਿੱਚ 20 ਕਮਾਂਡੋ ਅਤੇ ਜਿੱਥੋਂ ਕਾਰਵਾਈ ਕਰਕੇ ਸੰਤ ਭਿੰਡਰਾਂਵਾਲ਼ਿਆਂ ਨੂੰ ਚੁੱਕਿਆ ਜਾਣਾ ਸੀ, ਉਥੇ ਬੈਠੀ ਸੰਗਤ ਵਿੱਚੋਂ 20 ਕੁ ਪ੍ਰਤੀਸ਼ਤ ਲੋਕ ਵੀ ਮਾਰੇ ਜਾ ਸਕਦੇ ਹਨ ਤਾਂ ਉਸਨੇ ਇਹ ਕਹਿ ਓਪਰੇਸ਼ਨ ਰੱਦ ਕਰ ਦਿੱਤਾ ਕਿ ਇਤਨੀ ਸੰਗਤ ਦੇ ਮਰਨ ਦੀ ਇਜਾਜ਼ਤ ਨਹੀਂ ਦੇ ਸਕਦੀ।ਜੇ ਜੀ ਬੀ ਸਿੱਧੂ ਦੀ ਸਾਰੀ ਵਾਰਤਾ ਸਹੀ ਹੈ ਤਾਂ ਇਸਦਾ ਮਤਲਬ ਇਹੀ ਬਣਦਾ ਹੈ ਕਿ ਸਰਕਾਰ ਅਤੇ ਏਜੰਸੀਆਂ ਅਪਰੈਲ, 1984 ਤੱਕ ਫੌਜੀ ਹਮਲਾ ਕਰਨਾ ਤਾਂ ਦੂਰ, ਛੋਟਾ ਜਿਹਾ ਓਪਰੇਸ਼ਨ ਕਰਨ ਤੋਂ ਵੀ ਝਿਜਕਦੀਆਂ ਸਨ। ਇਸੇ ਕਿਤਾਬ ਦੇ ਪੰਨਾ 177 ਤੋਂ 179 ਦੇ ਚੈਪਟਰ 'ਨਜ਼ਰ-ਅੰਦਾਜ਼ ਕੀਤਾ ਗਿਆ ਐਸ ਓ ਪੀ (ਸਟੈਂਡਰਡ ਓਪਰੇਟਿੰਗ ਪਰਸੀਜਰ)' ਅਨੁਸਾਰ ਸਪੈਸ਼ਲ ਫਰੰਟੀਅਰ ਫੋਰਸ (SFF) ਦੇ ਡਾਇਰੈਕਟਰ ਜਨਰਲ ਸਕਿਉਰਿਟੀ ਰਾਮ ਟੇਕ ਚੰਦ ਨਿਗਰਾਨੀ ਨੇ ਜੂਨ, 1984 ਦੇ 'ਸਾਕਾ ਨੀਲਾ ਤਾਰਾ' ਦੀ ਕਾਰਵਾਈ ਦੌਰਾਨ ਉਨ੍ਹਾਂ ਨੇ ਜਨਰਲ ਬਰਾੜ ਨੂੰ ਸਲਾਹ ਦਿੱਤੀ ਸੀ ਕਿ ਅਕਾਲ ਤਖਤ ਦੇ ਪਿਛਲੇ ਪਾਸਿਉਂ ਕੰਧ ਕੋਲ਼ ਧਮਾਕਾ ਕਰਕੇ ਕਮਾਂਡੋਆਂ ਦੇ ਅੰਦਰ ਵੜਨ ਲਈ ਛੋਟਾ ਜਿਹਾ ਮਘੋਰਾ ਕਰਕੇ ਗੈਸ ਛੱਡ ਕੇ ਅਮਦਰਲੇ ਖਾੜਕੂਆਂ ਨੂੰ ਫੜਿਆ ਜਾ ਸਕਦਾ ਹੈ।ਪਰ ਇਹ ਸਕੀਮ ਵੀ ਇਸ ਅਧਾਰ 'ਤੇ ਰੱਦ ਕਰ ਦਿੱਤੀ ਗਈ ਕਿ ਅਕਾਲ ਤਖਤ ਦੀ ਇਮਾਰਤ ਨੂੰ ਕਿਸੇ ਵੀ ਕੀਮਤ 'ਤੇ ਨੁਕਸਾਨ ਨਾ ਪਹੁੰਚਾਣ ਦੀਆਂ ਹਦਾਇਤਾਂ ਹਨ। ਇਸ ਚੈਪਟਰ ਦੀ ਸਾਰੀ ਵਾਰਤਾ ਅਨੁਸਾਰ 3 ਜੂਨ ਤੱਕ ਵੀ ਕੋਈ ਫੈਸਲਾ ਨਹੀਂ ਹੋਇਆ ਸੀ ਕਿ ਅਕਾਲ ਤਖਤ 'ਤੇ ਹਮਲਾ ਕੀਤਾ ਜਾਣਾ ਹੈ ਜਾਂ ਨਹੀਂ। ਕੀ ਖਾਲਸਾ ਪੰਥ ਕਦੇ 'ਸਾਕਾ ਨੀਲਾ ਤਾਰਾ' ਬਾਰੇ ਅਜਿਹੀਆਂ ਅੰਦਰੂਨੀ ਸਚਾਈਆਂ ਨੂੰ ਜਾਨਣ ਬਾਰੇ ਕਦੇ ਕੋਈ ਕੋਸ਼ਿਸ਼ ਕਰੇਗਾ ਜਾਂ ਸਵਾਰਥੀ ਤੇ ਮੌਕਾਪ੍ਰਸਤ ਲੀਡਰਾਂ ਵਲੋਂ ਸਿਰਜੇ ਗਏ ਝੂਠੇ ਬਿਰਤਾਂਤਾਂ ਨਾਲ਼ ਗੁੰਮਰਾਹ ਹੋ ਕਿ ਨੁਕਸਾਨ ਹੀ ਉਠਾਉਂਦਾ ਰਹੇਗਾ?

ਬੇਸ਼ੱਕ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਆਪਣੇ ਜੀਵਨ ਦੀਆਂ ਸਾਰੀਆਂ ਲੜਾਈਆਂ ਆਤਮ ਰੱਖਿਆ ਲਈ ਲੜੀਆਂ ਅਤੇ ਆਪ ਕਿਸੇ 'ਤੇ ਹਮਲਾ ਨਹੀਂ ਕੀਤਾ ਸੀ, ਪਰ ਫਿਰ ਵੀ ਕੀ ਕਦੇ ਗੁਰੂ ਸਾਹਿਬਾਨ ਨੇ ਕਦੇ ਹਰਿਮੰਦਰ ਸਾਹਿਬ, ਅਕਾਲ ਤਖਤ ਸਾਹਿਬ ਜਾਂ ਕਿਸੇ ਹੋਰ ਧਾਰਮਿਕ ਅਸਥਾਨ ਨੂੰ ਆਪਣੀ ਰੱਖਿਆ ਲਈ ਢਾਲ਼ ਵਜੋਂ ਵਰਤਿਆ? ਜੇ 18ਵੀਂ ਸਦੀ ਵਿੱਚ ਸਿੱਖ ਮਿਸਲਾਂ ਦੇ ਦੌਰ ਵਿੱਚ ਸ. ਜੱਸਾ ਸਿੰਘ ਆਹਲੂਵਾਲੀਆ, ਸ. ਜੱਸਾ ਸਿੰਘ ਰਾਮਗੜ੍ਹੀਆ, ਨਵਾਬ ਕਪੂਰ ਸਿੰਘ ਆਦਿ ਸਿੱਖ ਸਰਦਾਰਾਂ ਨੇ ਹਰਿਮੰਦਰ ਸਾਹਿਬ ਦੇ ਦੁਆਲ਼ੇ ਮੋਰਚਾਬੰਦੀ ਕੀਤੀ ਜਾਂ ਕਿਲੇ ਵੀ ਬਣਾਏ, ਪਰ ਇਸ ਅਸਥਾਨ ਨੂੰ ਢਾਲ਼ ਵਜੋਂ ਵਰਤਣ ਲਈ ਨਹੀਂ, ਸਗੋਂ ਇਸ ਅਸਥਾਨ ਦੀ ਰੱਖਿਆ ਲਈ ਬਣਾਏ ਸਨ। ਬਾਬਾ ਬੰਦਾ ਸਿੰਘ ਬਹਾਦਰ ਨੇ ਵੀ ਕੱਚੀ ਗੜ੍ਹੀ ਵਿੱਚ ਤਾਂ ਪਨਾਹ ਜਰੂਰ ਲਈ, ਪਰ ਕਿਸੇ ਧਾਰਮਿਕ ਅਸਥਾਨ ਨੂੰ ਆਪਣੀ ਰੱਖਿਆ ਲਈ ਨਹੀਂ ਵਰਤਿਆ। ਹੁਣ ਆਪਣੀ ਤਾਜ਼ਾ ਵੀਡੀਓ ਵਿੱਚ ਅਜਮੇਰ ਸਿੰਘ ਜੀ ਸਿੱਖਾਂ ਮੇਹਣਾ ਮਾਰਦੇ ਹਨ ਕਿ 18ਵੀਂ ਸਦੀ ਵਿੱਚ ਸਿੱਖ ਹਮਲਾਵਰਾਂ ਖਿਲਾਫ ਇੱਕਜੁੱਟ ਹੋ ਕੇ ਲੜਦੇ ਸਨ, ਪਰ 1984 ਦੇ ਹਮਲੇ ਵੇਲੇ ਬਹੁ-ਗਿਣਤੀ ਸਿੱਖ ਹਮਲਾਵਰ ਫੌਜ ਵਿਰੁੱਧ ਨਹੀਂ ਉਠੇ, ਜਿਸ ਤਰ੍ਹਾਂ ਅਬਦਾਲੀ ਵਿਰੁੱਧ ਉਠਦੇ ਸਨ। ਫਿਰ ਉਹ ਆਪ ਹੀ ਆਪਣਾ ਇਤਿਹਾਸਕ ਫੈਸਲਾ ਸੁਣਾਉਂਦੇ ਹਨ ਕਿ ਇਸਦਾ ਕਾਰਣ ਇਹ ਸੀ ਕਿ ਬਹੁ-ਗਿਣਤੀ ਸਿੱਖਾਂ ਨੇ ਭਾਰਤ ਦੀ ਹਿੰਦੂਵਾਦੀ ਸਰਕਾਰ ਦੀ ਸਰੀਰਕ ਤੇ ਮਾਨਸਿਕ ਗੁਲਾਮੀ ਕਬੂਲ ਕਰ ਲਈ ਹੈ ਅਤੇ ਅਜਿਹੇ ਗੁਲਾਮ ਸਿੱਖਾਂ ਦੀ ਗਿਣਤੀ ਪਿਛਲੇ 40 ਸਾਲਾਂ ਵਿੱਚ ਵਧੀ ਹੈ, ਘਟੀ ਨਹੀਂ? ਕੀ ਭਾਈ ਅਜਮੇਰ ਸਿੰਘ ਹੋਰਾਂ ਨੂੰ ਬਹੁ-ਗਿਣਤੀ ਸਿੱਖਾਂ ਨੂੰ ਗੁਲਾਮ ਕਹਿਣ ਤੋਂ ਪਹਿਲਾਂ ਇਹ ਨਹੀਂ ਸੋਚਣਾ ਚਾਹੀਦਾ ਕਿ ਕਿਤੇ ਕੋਈ ਕਮੀ ਉਨ੍ਹਾਂ ਵਿੱਚ ਵੀ ਸੀ, ਜਿਨ੍ਹਾਂ ਨੇ 18ਵੀਂ ਸਦੀ ਦੇ ਜੰਗੀ ਫੈਸਲਿਆਂ ਦੇ ਉਲਟ, ਆਮ ਹਾਲਾਤਾਂ ਵਿੱਚ ਅਕਾਲ ਤਖਤ ਨੂੰ ਆਪਣੇ ਬਚਾਅ ਲਈ ਢਾਲ਼ ਬਣਾ ਲਿਆ ਸੀ ਅਤੇ ਅੰਦਰੋਂ ਅਜਿਹੀਆਂ ਕਾਰਵਾਈਆਂ ਸ਼ੁਰੂ ਕਰ ਦਿੱਤੀਆ ਸਨ, ਜਿਨ੍ਹਾਂ ਨੂੰ ਬਹੁ-ਗਿਣਤੀ ਸਿੱਖ ਪਸੰਦ ਨਹੀਂ ਕਰਦੇ ਸਨ।ਅੰਦਰੋਂ ਕੀਤੀਆਂ ਗਈਆਂ ਕਾਰਵਾਈਆਂ ਦਾ ਵੇਰਵਾ ਅੱਗੇ ਦਿੱਤਾ ਜਾ ਰਿਹਾ ਹੈ।

ਇਸ ਆਰਟੀਕਲ ਨਾਲ਼ ਦਿੱਤੀ ਜਾ ਰਹੀ ਇੱਕ ਤਸਵੀਰ ਅਨੁਸਾਰ ਇੱਕ ਪ੍ਰਚਾਰਕ ਗੁਰਦੁਆਰੇ ਵਿੱਚ ਕਥਾ ਕਰ ਰਿਹਾ ਹੈ ਕਿ ਸਿੱਖ ਬੀਬੀਆਂ ਨੇ ਆਪਣੇ ਸਰੀਰ ਨਾਲ਼ ਬੰਬ ਬੰਨ੍ਹ ਕੇ ਭਾਰਤੀ ਫੌਜ ਦੇ ਕਈ ਟੈਂਕ 20-20 ਫੁੱਟ ਹਵਾ 'ਚ ਉਡਾ ਦਿੱਤੇ। ਇਸੇ ਤਰ੍ਹਾਂ ਸਾਡੇ ਪ੍ਰਚਾਰਕਾਂ ਵਲੋਂ ਕਿਹਾ ਜਾਂਦਾ ਹੈ ਕਿ ਸਿੰਘਾਂ ਨੇ 800 ਤੋਂ ਵੱਧ ਹਵਾਈ ਜਹਾਜ਼ ਰਾਹੀਂ ਉਤਾਰੇ ਜਾ ਰਹੇ ਸਪੈਸ਼ਲ ਕਮਾਂਡੋ ਹਵਾ ਵਿੱਚ ਹੀ ਉਡਾ ਦਿੱਤੇ ਅਤੇ ਉਨ੍ਹਾਂ ਦੀਆਂ ਲਾਸ਼ਾਂ ਦੇ ਟੁਕੜੇ ਪ੍ਰਕਰਮਾਂ ਵਿੱਚ ਖਿਲਰ ਗਏ। ਇਸੇ ਤਰ੍ਹਾਂ ਦੇ ਅਨੇਕਾਂ ਵੱਡੇ-ਵੱਡੇ ਦਾਅਵੇ ਪਿਛਲੇ 40 ਸਾਲ ਤੋਂ ਕੀਤੇ ਜਾ ਰਹੇ ਹਨ ਕਿ ਸਿੰਘਾਂ ਨੇ ਦਸ ਹਜ਼ਾਰ ਤੋਂ ਵੱਧ ਫੌਜੀ ਮਾਰ ਮੁਕਾਏ ਸਨ। ਅਜਿਹੇ ਦਾਅਵੇ ਕਰਦੇ ਵਕਤ ਉਨ੍ਹਾਂ ਨੂੰ ਚੇਤਾ ਭੁੱਲ ਜਾਂਦਾ ਹੈ ਕਿ ਇਤਨੇ ਫੌਜੀ ਤਾਂ ਭਾਰਤੀ ਫੌਜ ਦੇ ਭਾਰਤ-ਪਾਕਿਸਤਾਨ ਤਿੰਨ ਜੰਗਾਂ ਵਿੱਚ ਨਹੀਂ ਮਰੇ ਸਨ। ਫਿਰ ਇੱਕ ਹੋਰ ਸਵਾਲ ਖੜਾ ਹੋ ਜਾਂਦਾ ਹੈ ਕਿ ਜੇ ਸਾਡੇ ਸਿੰਘਾਂ ਕੋਲ਼ ਇਤਨੇ ਮਾਰੂ ਹਥਿਆਰ ਸਨ ਕਿ ਉਹ, ਉਸ ਭਾਰਤੀ ਫੌਜ ਦੇ 10 ਹਜ਼ਾਰ ਫੌਜੀ ਮਾਰ ਸਕਦੇ ਸਨ, ਜਿਸਨੇ ਅਜੇ 13 ਸਾਲ ਪਹਿਲਾਂ 1971 ਦੀ ਜੰਗ ਵਿੱਚ 90 ਹਜ਼ਾਰ ਪਾਕਿਸਤਾਨੀ ਫੌਜ ਤੋਂ ਹਥਿਆਰ ਸੁਟਵਾ ਲਏ ਸਨ ਤਾਂ ਫਿਰ ਸਾਡੇ ਵਲੋਂ ਪੀੜ੍ਹਤ ਬਣਨ ਦੇ ਕੀ ਅਰਥ ਰਹਿ ਜਾਂਦੇ ਹਨ? ਫਿਰ ਸਾਡੇ ਇਸ ਪ੍ਰਚਾਰ ਦੀ ਕੀ ਤੁਕ ਬਣਦੀ ਹੈ ਕਿ ਭਾਰਤ ਸਰਕਾਰ ਨੇ ਗੁਰਪੁਰਬ ਮਨਾ ਰਹੀਆਂ ਨਿਹੱਥੀਆਂ ਸਿੱਖ ਸੰਗਤਾਂ 'ਤੇ ਸਾਜਿਸ਼ ਨਾਲ਼ ਹਮਲਾ ਕਰਕੇ ਪੰਜ ਸਦੀਆਂ ਦਾ ਵੈਰ ਪੁਗਾਇਆ ਸੀ। ਮੈਨੂੰ ਕਦੇ ਸਮਝ ਨਹੀਂ ਆਈ ਕਿ ਗੁਰਦੁਆਰਿਆਂ ਵਿੱਚ ਸਾਡੇ ਪ੍ਰਚਾਰਕ ਅਜਿਹਾ ਝੂਠਾ ਤੇ ਗੁੰਮਰਾਹਕੁੰਨ ਪ੍ਰਚਾਰ ਕਰਕੇ ਹਾਸਿਲ ਕੀ ਕਰਨਾ ਚਾਹੁੰਦੇ ਹਨ? ਸਾਡੀ ਲੀਡਰਸ਼ਿਪ 40 ਸਾਲ ਬਾਅਦ ਵੀ ਇਹ ਫੈਸਲਾ ਨਹੀਂ ਕਰ ਪਾ ਰਹੀ ਕਿ ਅਸੀਂ ਪੀੜ੍ਹਤ ਧਿਰ ਬਣਨਾ ਹੈ ਜਾਂ ਹਮਲਾਵਰ? ਕੀ ਇਸ ਤੋਂ ਸਪੱਸ਼ਟ ਨਹੀਂ ਹੁੰਦਾ ਕਿ ਸਾਡੇ ਲੀਡਰ ਤੇ ਵਿਦਵਾਨ ਹਰ ਪੱਧਰ 'ਤੇ ਦੋਗਲੇਪਨ ਦਾ ਸ਼ਿਕਾਰ ਹਨ?

ਜੇ ਕੈਨੇਡਾ ਵਰਗੇ ਸ਼ਾਂਤ ਦੇਸ਼ ਵਿੱਚ ਪਬਲਿਕ ਵਿੱਚ ਨੰਗਾ ਚਾਕੂ ਰੱਖਣ ਕਰਕੇ ਪੁਲਿਸ ਬੰਦਾ ਮਾਰਨ ਲੱਗੀ ਇੱਕ ਮਿੰਟ ਨਹੀਂ ਲਾਉਂਦੀ ਤਾਂ ਅਸੀਂ ਕਿਉਂ 40 ਸਾਲ ਬਾਅਦ ਵੀ ਇਹ ਗੱਲ ਨਹੀਂ ਸਮਝ ਸਕੇ ਜਾਂ ਸਮਝ ਰਹੇ ਕਿ ਜਦੋਂ ਸਾਰੇ ਪਾਸੇ ਬੇਗੁਨਾਹਾਂ ਦੇ ਕਤਲ ਹੋ ਰਹੇ ਸਨ, ਖਾੜਕੂਆਂ ਕੋਲ਼ ਪਾਕਿਸਤਾਨ ਦੀ ਆਰਮੀ ਤੋਂ ਵੱਧ ਖਤਰਨਾਕ ਹਥਿਆਰ ਸਨ ਤਾਂ ਕੀ ਅਸੀਂ ਸਰਕਾਰ ਨੂੰ ਫੌਜ ਭੇਜਣ ਲਈ ਆਪ ਸੱਦਾ ਨਹੀਂ ਦੇ ਰਹੇ ਸੀ? ਪਿਛਲੇ ਸਾਲ ਖਾੜਕੂ ਧਿਰਾਂ ਨਾਲ਼ ਸਬੰਧਤ ਲੇਖਕ ਬਲਜੀਤ ਸਿੰਘ ਖਾਲਸਾ ਨੇ ਆਪਣੀ ਕਿਤਾਬ '**ਰੌਸ਼ਨ ਦਿਮਾਗ: ਸ਼ਹੀਦ ਭਾਈ ਹਰਮਿੰਦਰ ਸਿੰਘ ਸੰਧੂ**' ਵਿੱਚ ਕਈ ਬੜੇ ਸਨਸਨੀਖੇਜ਼ ਖੁਲਾਸੇ ਕੀਤੇ ਹਨ ਕਿ ਫੈਡਰੇਸ਼ਨ ਆਗੂ ਹਰਮਿੰਦਰ ਸਿੰਘ ਸੰਧੂ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਿੰਘਾਂ ਦੀ ਇੱਕ ਗੁਪਤ ਖਾੜਕੂ ਜਥੇਬੰਦੀ '**ਦਸ਼ਮੇਸ਼ ਰੈਜਮੈਂਟ**' ਬਣਾਈ, ਜਿਸਦੇ ਮਕਸਦ ਬਾਰੇ ਕਿਤਾਬ ਵਿੱਚ ਇਵੇਂ ਲਿਖਿਆ ਹੈ: '**ਫੈਡਰੇਸ਼ਨ ਦੀ ਅਗਵਾਈ ਵਾਲ਼ਾ ਇਹ ਜੁਝਾਰੂ ਵਿੰਗ ਬੰਬ ਧਮਾਕੇ, ਅਤੇ ਹੋਰ ਹਿੰਸਕ ਕਾਰਵਾਈਆਂ ਦੀ ਜਿੰਮੇਵਾਰੀ ਭਾਈ ਸਰਦੂਲ ਸਿੰਘ ਦੇ ਨਕਲੀ ਨਾਮ ਹੇਠ ਲਿਆ ਕਰਨਗੇ**' (ਪੰਨਾ: 63)। ਫੈਡਰੇਸ਼ਨ ਦੇ ਇਹ ਸਾਰੇ ਜੁਝਾਰੂ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਅੰਦਰ ਹੀ ਰਹਿੰਦੇ ਸਨ ਅਤੇ ਇੱਥੋਂ ਵਾਰਦਾਤਾਂ ਕਰਕੇ ਵਾਪਿਸ ਉਥੇ ਹੀ ਆ ਜਾਂਦੇ ਸਨ।ਇਸ ਬਾਰੇ ਹੋਰ ਜਾਣਕਾਰੀ ਇਸੇ ਕਿਤਾਬ ਦੇ ਵੱਖ-ਵੱਖ ਪੰਨਿਆਂ 'ਤੇ ਵੱਖ-ਵੱਖ ਸਿਰਲੇਖਾਂ ਹੇਠ ਇਵੇਂ ਦਰਜ ਕੀਤੀ ਗਈ ਹੈ: '**ਕਾਮਰੇਡਾਂ ਦੀ ਸੁਧਾਈ**: ਕਾਲਿਜਾਂ ਵਿੱਚ ਕਾਮਰੇਡ ਜਥੇਬੰਦੀਆਂ ਨਾਲ਼ ਸਬੰਧਤ ਸਿੱਖ ਨੌਜਵਾਨਾਂ 'ਤੇ ਹਮਲੇ ਕਰਨੇ ਤਾਂ ਕਿ ਦਹਿਸ਼ਤ ਨਾਲ਼ ਸਟੂਡੈਂਟ ਆਪਣੀਆਂ ਯੂਨੀਅਨਾਂ ਬੰਦ ਕਰ ਦੇਣ' (ਪੰਨਾ: 29), '**ਹਿੰਸਕ ਪ੍ਰਤੀਕਰਮ**: ਸੰਤਾਂ ਦੀ ਗ੍ਰਿਫਤਾਰੀ ਦੇ ਰੋਸ ਵਜੋਂ ਜਲੰਧਰ ਦੇ ਇੱਕ ਬਜ਼ਾਰ ਵਿੱਚ 4 ਹਿੰਦੂ ਮਾਰਨੇ ਅਤੇ 12 ਜ਼ਖਮੀ ਕਰਨੇ' (ਪੰਨਾ: 60), '**ਬੰਬ ਧਮਾਕੇ**: 6-10 ਅਕਤੂਬਰ, 1981 ਨੂੰ ਪੰਜਾਬ ਵਿੱਚ ਵੱਖ-ਵੱਖ ਥਾਵਾਂ 'ਤੇ 10 ਬੰਬ ਧਮਾਕੇ ਕੀਤੇ ਗਏ, ਇਸ ਦੌਰਾਨ 2 ਪੁਲਿਸ ਕਰਮਚਾਰੀ, 3 ਨਿਰੰਕਾਰੀ ਤੇ 17 ਹੋਰ ਵਿਅਕਤੀਆਂ ਦੀ ਮੌਤ ਹੋਈ ਅਤੇ 26 ਜ਼ਖਮੀ ਹੋਏ, 4 ਰੇਲਵੇ ਲਾਈਨਾਂ ਤੋੜ ਕੇ ਰੇਲ ਗੱਡੀਆਂ ਉਲਟਾਉਣ ਦੀ ਕੋਸ਼ਿਸ਼ ਕੀਤੀ ਗਈ' (ਪੰਨਾ: 64), '26 **ਜਨਵਰੀ ਦੇ ਐਕਸ਼ਨ**: **26** ਜਨਵਰੀ, 1983 ਨੂੰ ਪੰਜਾਬ ਵਿੱਚ ਵੱਖ-ਵੱਖ ਥਾਵਾਂ ਤੇ ਕਈ ਬੰਬ ਧਮਾਕੇ ਕੀਤੇ ਗਏ' (ਪੰਨਾ: 92), '**ਹੋਰ ਐਕਸ਼ਨ**: ਜਲੰਧਰ ਦੀ ਦੈਨਿਕ ਪ੍ਰਤਾਪ ਅਖ਼ਬਾਰ ਦੇ ਦਫਤਰ ਵਿੱਚ ਬੰਬ ਧਮਾਕੇ ਨਾਲ਼ ਦੋ ਹਿੰਦੂ ਮੁਲਾਜ਼ਮ ਮਰੇ' (ਪੰਨਾ: 103), '**ਐਸ ਐਸ ਪੀ ਡੀ ਆਰ ਭੱਟੀ 'ਤੇ ਹਮਲਾ**' (ਪੰਨਾ: 109), '**ਬੁੱਚੜ ਥਾਣੇਦਾਰ ਬਿਛੂ ਰਾਮ ਦੀ ਸੁਧਾਈ**' (ਪੰਨਾ: 136), '**ਦਿੱਲੀ ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ ਮਨਚੰਦਾ ਦਾ ਕਤਲ**: ਫੈਡਰੇਸ਼ਨ ਆਗੂ ਗੁਰਿੰਦਰ ਸਿੰਘ ਭੋਲਾ, ਵਿਰਸਾ ਸਿੰਘ ਵਲਟੋਹਾ ਤੇ ਅਮਰਜੀਤ ਸਿੰਘ ਚਾਵਲਾ ਨੇ ਦਿੱਲੀ ਜਾ ਕੇ ਕਤਲ ਕੀਤਾ'

(ਪੰਨਾ: 162), **'ਭਾਜਪਾ ਐਮ ਐਲ ਏ, ਹਰਬੰਸ ਲਾਲ ਖੰਨਾ ਦਾ ਕਤਲ'** (ਪੰਨਾ: 164), **'ਕਾਂਗਰਸੀ ਐਮ ਪੀ ਵਿਸ਼ਵ ਨਾਥ ਤਿਵਾੜੀ ਦਾ ਚੰਡੀਗੜ੍ਹ ਕਤਲ**: ਇਹ ਕਤਲ ਹਰਮਿੰਦਰ ਸੰਧੂ ਦੇ ਪਿਸਤੌਲ ਨਾਲ਼ ਕੀਤਾ ਗਿਆ' (ਪੰਨਾ: 166), **'ਹਿੰਦ ਸਮਾਚਾਰ ਅਖ਼ਬਾਰ ਦੇ ਸੰਪਾਦਕ ਰਮੇਸ਼ ਚੰਦਰ ਦਾ ਕਤਲ'** (ਪੰਨਾ: 183)। ਇਸੇ ਕਿਤਾਬ ਦੇ ਪੰਨਾ 164 ਅਨੁਸਾਰ ਹਰਬੰਸ ਲਾਲ ਖੰਨਾ, ਵਿਸ਼ਬ ਨਾਥ ਤਿਵਾੜੀ, ਐਡੀਟਰ ਰਮੇਸ਼ ਚੰਦਰ ਆਦਿ ਵਰਗੇ ਅਨੇਕਾਂ ਕਤਲਾਂ ਨਾਲ਼ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਬੇਹੱਦ ਪ੍ਰੇਸ਼ਾਨ ਹੋ ਗਈ ਸੀ।ਸ਼ਾਇਦ ਅਜਿਹੇ ਕਤਲਾਂ ਕਾਰਨ ਹੀ ਉਸਨੇ ਫੌਜ ਭੇਜਣ ਦਾ ਫੈਸਲਾ ਕੀਤਾ ਸੀ।

ਸੰਤ ਭਿੰਡਰਾਂਵਾਲ਼ਿਆਂ ਵਲੋਂ ਗੁਰੂ ਨਾਨਕ ਨਿਵਾਸ ਛੱਡ ਕੇ ਅਕਾਲ ਤਖਤ 'ਤੇ ਆਉਣ ਤੋਂ ਬਾਅਦ ਪੰਜਾਬ ਭਰ ਵਿੱਚ ਹਿੰਸਕ ਕਾਰਵਾਈਆਂ ਦਾ ਇੱਕ ਜਬਰਦਸਤ ਦੌਰ ਚੱਲ ਪਿਆ ਸੀ, ਜਿਸ ਨਾਲ਼ ਧਰਮ ਯੁੱਧ ਮੋਰਚਾ ਵੀ ਅਕਾਲੀਆਂ ਹੱਥੋਂ ਨਿਕਲ਼ ਚੁੱਕਾ ਸੀ। ਜਿਹੜੇ ਲੋਕ ਅਜੇ ਵੀ ਉਹੀ ਗੱਲਾਂ ਵਾਰ-ਵਾਰ ਦੁਹਰਾਈ ਜਾ ਰਹੇ ਹਨ ਕਿ ਹਿੰਸਕ ਕਾਰਵਾਈਆਂ ਪਿੱਛੇ ਸਰਕਾਰੀ ਏਜੰਸੀਆਂ ਦਾ ਹੱਥ ਸੀ, ਉਨ੍ਹਾਂ ਨੂੰ **'ਰੌਸ਼ਨ ਦਿਮਾਗ: ਹਰਮਿੰਦਰ ਸਿੰਘ ਸੰਧੂ'** ਜਰੂਰ ਵਾਰ-ਵਾਰ ਪੜ੍ਹਨ ਦੀ ਲੋੜ ਹੈ ਕਿ ਜੋ ਹਾਲਾਤ ਪੰਜਾਬ ਵਿੱਚ **ਅਕਤੂਬਰ, 1983 ਦੇ ਢਿੱਲਵਾਂ ਕਾਂਡ** (ਜਿਸ ਵਿੱਚ ਖਾੜਕੂਆਂ ਸੁਰਿੰਦਰ ਸੋਢੀ, ਜਨਰਲ ਲਾਭ ਸਿੰਘ, ਸੁੱਖਾ ਕੱਕੜਾਂ ਆਦਿ ਨੇ 6 ਹਿੰਦੂ ਇੱਕ ਬੱਸ ਵਿੱਚੋਂ ਉਤਾਰ ਕੇ ਮੌਤ ਦੇ ਘਾਟ ਉਤਾਰ ਦਿੱਤੇ ਗਏ ਸਨ: ਹਵਾਲਾ ਕਿਤਾਬ: ਰਿਵਰਜ਼ ਆਨ ਫਾਇਰ-ਲੇਖਕ ਜਗਤਾਰ ਸਿੰਘ ਸੀਨੀਅਰ ਪੱਤਰਕਾਰ) ਤੋਂ ਬਾਅਦ ਬਣ ਗਏ ਸਨ, ਉਨ੍ਹਾਂ ਮੁਤਾਬਿਕ ਜੇ ਸਰਕਾਰ ਵਲੋਂ ਕੀਤੀ ਫੌਜੀ ਕਾਰਵਾਈ ਗਲਤ ਸੀ ਤਾਂ ਸਿੱਖ ਕੌਮ ਇਸ 40ਵੀਂ ਬਰਸੀ 'ਤੇ ਸੋਚੇ ਕਿ ਫਿਰ ਕੀ ਕੀਤਾ ਜਾਣਾ ਸੀ ਚਾਹੀਦਾ ਸੀ? ਜ਼ਰਾ ਸੋਚੋ ਕਿ ਜੇ ਸਿੱਖਾਂ ਦਾ ਰਾਜ ਹੋਵੇ ਅਤੇ ਉਸ ਰਾਜ ਵਿੱਚ ਇਸ ਤਰ੍ਹਾਂ ਦਿਨ-ਦਿਹਾੜੇ ਰੋਜ਼ਾਨਾ ਲਗਾਤਾਰ ਕਤਲ ਹੁੰਦੇ ਹੋਣ ਤਾਂ ਸਾਡੀ ਖਾਲਸਾ ਸਰਕਾਰ ਕੀ ਕਾਰਵਾਈ ਕਰੇਗੀ? ਸ. ਅਜਮੇਰ ਸਿੰਘ ਇੱਕ ਜਗ੍ਹਾ ਕਹਿੰਦੇ ਹਨ ਕਿ ਸਿੱਖਾਂ ਨੇ ਭਾਰਤੀ ਸੰਵਿਧਾਨ ਦੀ ਗੁਲਾਮੀ ਕਬੂਲ ਕਰ ਲਈ ਹੈ, ਕੀ ਬਾਕੀ ਸਾਰੀ ਦੁਨੀਆਂ ਵਿੱਚ ਵਸਦੇ ਸਿੱਖਾਂ ਨੇ ਵੀ ਉਥੇ ਦੇ ਕਾਨੂੰਨਾਂ ਦੀ ਗੁਲਾਮੀ ਨਹੀਂ ਕਬੂਲੀ ਹੋਈ? ਕੀ ਖਾਲਿਸਤਾਨ ਵਿੱਚ ਕੋਈ ਕਨੂੰਨ ਜਾਂ ਸੰਵਿਧਾਨ ਨਹੀਂ ਹੋਵੇਗਾ? ਜਿਸ ਦਿਨ ਸਾਡੀ ਕੌਮ ਅਜਿਹੇ ਸਵਾਲ਼ਾਂ ਦੇ ਜਵਾਬ ਲੱਭਣ ਵਿੱਚ ਸਫਲ ਹੋ ਗਈ, ਸਮਝੋ ਸਾਡੇ ਬਹੁਤੇ ਮਸਲੇ ਹੱਲ ਜਾਣਗੇ।

ਇਸ ਵਿੱਚ ਕੋਈ ਸ਼ੱਕ ਨਹੀਂ, ਪੰਜਾਬੀਆਂ ਅਤੇ ਸਿੱਖਾਂ ਦੀਆਂ ਅਨੇਕਾਂ ਮੰਗਾਂ ਤੇ ਮੁਸ਼ਕਲਾਂ ਹਨ, ਜਿਵੇਂ ਕਿ ਦੁਨੀਆਂ ਦੇ ਹਰੇਕ ਖਿੱਤੇ ਦੇ ਲੋਕਾਂ ਦੀਆਂ ਹੁੰਦੀਆਂ ਹਨ, ਪਰ ਪੰਜਾਬ ਦੀ ਵਸੋਂ ਦੇ ਅਜੋਕੇ ਸਮੀਕਰਨਾਂ ਅਨੁਸਾਰ ਪੰਜਾਬ ਵਿੱਚ 65% ਵਸਦੇ ਹਿੰਦੂਆਂ, ਦਲਿਤਾਂ, ਹੋਰ ਭਾਈਚਾਰਿਆਂ ਦੇ ਲੋਕਾਂ ਨੂੰ ਨਾਲ਼ ਲਏ ਬਿਨਾਂ ਸਿੱਖ ਇਕੱਲੇ ਕਿਵੇਂ ਕੋਈ ਪ੍ਰਾਪਤੀ ਕਰ ਸਕਦੇ ਹਨ? ਸਾਡੀ ਲੀਡਰਸ਼ਿਪ ਵਲੋਂ ਪੰਜਾਬ ਦੇ ਇਕਲੋਤੇ ਵਾਰਿਸ ਬਣਨ ਦੀ ਦੌੜ ਨਾਲ਼ ਲੜੇ ਗਏ ਅਨੇਕਾਂ ਮੋਰਚਿਆਂ, ਸੰਘਰਸ਼ਾਂ ਵਿੱਚੋਂ ਕੀ ਕੋਈ ਪ੍ਰਾਪਤੀ ਹੋਈ ਹੈ? ਅਸੀਂ ਗੁਰਬਾਣੀ ਦੇ ਬੁਨਿਆਦੀ ਸਿਧਾਂਤ; 'ਸਭੇ ਸਾਝੀਵਾਲ਼ ਸਦਾਇਨ ਤੂੰ ਕਿਸੈ ਨਾ ਦਿਸੈ ਬਾਹਰਾ ਜੀਉ' (ਪੰਨਾ: 97) ਤਿਆਗ ਕੇ ਸਿਰਫ ਫਿਰਕੂ ਪਹੁੰਚ ਨਾਲ਼ ਸਿੱਖਾਂ ਦਾ ਕਿਤਨਾ ਕੁ ਭਲਾ ਕਰ ਸਕਾਂਗੇ? ਜੇ ਸਾਨੂੰ ਗੁਰਬਾਣੀ ਦੀ ਸਮਝ ਨਹੀਂ ਲੱਗ ਰਹੀ ਤਾਂ ਬਾਬੇ ਨਾਨਕ ਦੀ ਸਪਿਰਟ ਵਾਲ਼ੇ ਸਮਾਜ ਨੂੰ ਸਮਝਣ ਲਈ ਜਵਬੀਰ ਮੰਡ ਦਾ ਨਾਵਲ 'ਬੋਲ ਮਰਦਾਨਿਆ' ਅਤੇ ਉਘੇ ਲੇਖਕ ਵਰਿਆਮ ਸੰਧੂ ਦੀ ਕਿਤਾਬ 'ਗੁਰੂ ਨਾਨਕ ਪਾਤਸ਼ਾਹ ਨੂੰ ਮਿਲਦਿਆਂ' ਸਭ ਨੂੰ ਜਰੂਰ ਪੜ੍ਹਨੀ ਚਾਹੀਦੀ ਹੈ ਤਾਂ ਕਿ ਅਸੀਂ ਪ੍ਰੋ ਪੂਰਨ ਸਿੰਘ ਦੇ 'ਪੰਜਾਬ ਵਸਦਾ ਗੁਰਾਂ ਦੇ ਨਾਮਸ਼' ਦੇ ਸੁਪਨਿਆਂ ਵਾਲ਼ੇ ਪੰਜਾਬ ਦੀ ਸਿਰਜਨਾ ਕਰ ਸਕੀਏ!

# ਲੇਬਰ ਯੂਨੀਅਨ, ਯੂਓਐਫਟੀ ਦੇ ਵਿਦਿਆਰਥੀ ਬੇਦਖਲੀ ਦੀ ਸਮਾਂ ਸੀਮਾ ਸਮਾਪਤ ਹੋਣ 'ਤੇ ਕੈਂਪ ਵਿੱਚ ਰੈਲੀ : ਸੈਂਟੀਆਗੋ ਹੈਲੋ ਕੁਇੰਟਰੋ

*ਕੈਨੇਡਾ ਦੇ ਕਾਮਿਆਂ ਦੀ ਯੂਨੀਅਨ ਦੀ ਸਮਰੱਥ ਬੇਹੱਦ ਤਾਕਤਵਰ ਹੈ। ਜਿਹੜੀ ਸਮਾਜਵਾਦੀ ਵਿਚਾਰਾਂ ਨੂੰ ਲੈ ਕੇ ਪੂੰਜੀਪਤੀਆਂ ਦੇ ਖਿਲਾਫ਼ ਸੰਘਰਸ਼ ਕਰਦੀ ਹੈ। ਪਿਛਲੇ ਦਿਨੀਂ ਜਦੋਂ ਯੂਨੀਵਰਸਿਟੀ ਆਫ਼ ਟੋਰਾਂਟੋ ਵਿਚੋਂ ਵਿਦਿਆਰਥੀਆਂ ਦੇ ਫਲਸਤੀਨੀ ਦੇ ਸਵਾਲ 'ਤੇ ਲਗਾਏ ਗਏ ਧਰਨੇ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਯੂਨੀਅਨ ਨੇ ਜਿਸ ਵਿਚ ਪ੍ਰੋਫੈਸਰ, ਵਕੀਲ ਅਤੇ ਵੱਖ ਵੱਖ ਖੇਤਰਾਂ ਦੇ ਕਾਮੇ ਸ਼ਾਮਲ ਸਨ। ਉਨ੍ਹਾਂ ਦੀ ਮਦਦ ਦੇ ਨਾਲ ਯੂਨੀਵਰਸਿਟੀ ਅਧਿਕਾਰੀ ਇਸ ਧਰਨੇ ਨੂੰ ਚੁਕਾਉਣ ਤੋਂ ਅਸਮਰਥ ਹੋ ਗਈ। ਇਹ ਹੈ ਇਕਜੁਟ ਵਿਦਿਆਰਥੀ ਅਤੇ ਕਾਮਿਆਂ ਦੀ ਸਾਂਝੀ ਲੜਾਈ ਦੀ ਜਿੱਤ। – ਸੰਪਾਦਕ*





ਟੋਰਾਂਟੋ ਯੂਨੀਵਰਸਿਟੀ ਵਿੱਚ ਫਿਲਸਤੀਨ ਪੱਖੀ ਵਿਦਿਆਰਥੀ ਕੈਂਪ ਸੋਮਵਾਰ ਨੂੰ ਆਪਣੇ 27ਵੇਂ ਦਿਨ ਵਿੱਚ ਦਾਖਲ ਹੋ ਗਿਆ, ਯੂਨੀਵਰਸਿਟੀ ਦੁਆਰਾ ਉਨ੍ਹਾਂ ਨੂੰ ਖਾਲੀ ਕਰਨ ਜਾਂ ਉਲੰਘਣਾ ਦੇ ਦੋਸ਼ਾਂ ਦਾ ਸਾਹਮਣਾ ਕਰਨ ਲਈ ਨਿਰਧਾਰਤ ਕੀਤੀ ਗਈ ਸਮਾਂ ਸੀਮਾ ਨੂੰ ਦਰਸਾਉਂਦਾ ਹੈ। ਜਦੋਂ ਯੂਨੀਵਰਸਿਟੀ ਨੇ ਅਦਾਲਤ ਦੇ ਹੁਕਮ ਦੀ ਮੰਗ ਕੀਤੀ ਅਤੇ ਸੋਮਵਾਰ ਸਵੇਰੇ 8 ਵਜੇ ਦੀ ਸਮਾਂ ਸੀਮਾ ਨੇੜੇ ਆ ਗਈ, ਓਨਟਾਰੀਓ ਫੈਡਰੇਸ਼ਨ ਆਫ ਲੇਬਰ ਨੇਤਾਵਾਂ ਨੇ ਅਲਟੀਮੇਟਮ ਨੂੰ ਟਾਲ ਦਿੱਤਾ ਅਤੇ ਕਿੰਗਜ਼ ਕਾਲਜ ਸਰਕਲ ਕੈਂਪ ਦੇ ਬਾਹਰ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਇੱਕ ਰੈਲੀ ਵਿੱਚ ਸ਼ਾਮਲ ਹੋ ਗਏ। ਅੰਤਮ ਤਾਰੀਖ ਤੋਂ ਪਹਿਲਾਂ, ਓਨਟਾਰੀਓ ਫੈਡਰੇਸ਼ਨ ਆਫ ਲੇਬਰ ਦੀ ਪ੍ਰਧਾਨ ਲੌਰਾ ਵਾਲਟਨ, ਜੋ ਕਿ ਓਨਟਾਰੀਓ ਵਿੱਚ 54 ਯੂਨੀਅਨਾਂ ਅਤੇ 10 ਲੱਖ ਵਰਕਰਾਂ ਦੀ ਨੁਮਾਇੰਦਗੀ ਕਰਦੀ ਹੈ, ਨੇ ਵਿਦਿਆਰਥੀ ਕੈਂਪ ਦੇ ਸਮਰਥਨ ਵਿੱਚ ਇੱਕ ਪੱਤਰ ਜਾਰੀ ਕੀਤਾ, ਇੱਕ ਐਮਰਜੈਂਸੀ ਰੈਲੀ ਦੀ ਮੰਗ ਕੀਤੀ। ਓਨਟਾਰੀਓ ਫੈਡਰੇਸ਼ਨ ਆਫ ਲੇਬਰ ਦੀ ਪ੍ਰਧਾਨ ਲੌਰਾ ਵਾਲਟਨ ਨੇ ਵਰਕਰਾਂ ਨੂੰ ਵਿਦਿਆਰਥੀਆਂ ਦੀ ਸੁਰੱਖਿਆ ਲਈ ਬੁਲਾਇਆ ਓਨਟਾਰੀਓ ਫੈਡਰੇਸ਼ਨ ਆਫ ਲੇਬਰ ਦੀ ਪ੍ਰਧਾਨ ਲੌਰਾ ਵਾਲਟਨ ਨੇ ਵਰਕਰਾਂ ਨੂੰ ਵਿਦਿਆਰਥੀਆਂ ਦੀ ਸੁਰੱਖਿਆ ਲਈ ਬੁਲਾਇਆ ਫੋਟੋ ਕ੍ਰੈਡਿਟ: ਸੈਂਟੀਆਗੋ ਹੇਲੋ ਕੁਇੰਟੇਰੋ ਜਦੋਂ ਕੈਂਪ 'ਤੇ ਭਾਰੀ ਮੀਂਹ ਪਿਆ, ਹਜ਼ਾਰਾਂ ਕਾਰਕੁੰਨ, ਵਿਦਿਆਰਥੀ, ਫੈਕਲਟੀ ਅਤੇ ਸਹਿਯੋਗੀ ਸਨ। ਉਸ ਕਾਲ ਦਾ ਜਵਾਬ ਦੇਣਾ। ਵਾਲਟਨ ਨੇ ਕਿਹਾ, 'ਜਦੋਂ ਅਸੀਂ ਸ਼ੁੱਕਰਵਾਰ ਨੂੰ ਸੁਣਿਆ ਕਿ ਟੋਰਾਂਟੋ ਯੂਨੀਵਰਸਿਟੀ ਦੇ ਸੀਨੀਅਰ ਪ੍ਰਸ਼ਾਸਨ ਨੇ ਇੱਕ ਅਲਟੀਮੇਟਮ ਜਾਰੀ ਕੀਤਾ ਹੈ, ਤਾਂ ਅਸੀਂ ਇਸਨੂੰ ਮਾਨਤਾ ਦਿੱਤੀ' ਵਾਲਟਨ ਨੇ ਕਿਹਾ। 'ਤੁਹਾਨੂੰ ਡਰਾਉਣ ਅਤੇ ਧਮਕਾਉਣ ਦੀ ਕੋਸ਼ਿਸ਼। ਤੁਹਾਨੂੰ ਉਸੇ ਤਰ੍ਹਾਂ ਪਿੱਛੇ ਹਟਣ ਲਈ ਮਜ਼ਬੂਰ ਕਰਨ ਲਈ ਜਿਸ ਤਰ੍ਹਾਂ ਰੁਜ਼ਗਾਰਦਾਤਾ ਅਤੇ ਸਰਕਾਰਾਂ ਸੌਦੇਬਾਜ਼ੀ ਟੇਬਲ ਅਤੇ ਪਿਕੇਟ ਸਾਈਟਾਂ 'ਤੇ ਕਰਮਚਾਰੀਆਂ ਨਾਲ ਕਰਦੀਆਂ ਹਨ।' ਵਾਲਟਨ ਨੇ ਯੂਨੀਵਰਸਿਟੀ ਦੀ ਕਾਨੂੰਨੀ ਕਾਰਵਾਈ ਕਰਨ ਦੀ ਧਮਕੀ ਦੇਣ ਅਤੇ ਵਿਦਿਆਰਥੀਆਂ ਨਾਲ ਚੰਗੇ ਵਿਸ਼ਵਾਸ ਨਾਲ ਗੱਲਬਾਤ ਕਰਨ ਦੀ ਬਜਾਏ ਪੁਲਿਸ ਦੀ ਵਰਤੋਂ ਕਰਨ ਲਈ ਆਲੋਚਨਾ ਕੀਤੀ। ਉਨ੍ਹਾਂ ਕਿਹਾ, 'ਜੇਕਰ ਟੋਰਾਂਟੋ ਯੂਨੀਵਰਸਿਟੀ ਵਿਦਿਆਰਥੀਆਂ ਵਿਰੁੱਧ ਕੋਈ ਕਾਰਵਾਈ ਕਰਦੀ ਹੈ, ਤਾਂ ਉਨ੍ਹਾਂ ਨੂੰ ਪਹਿਲਾਂ ਮਜ਼ਦੂਰਾਂ ਨਾਲ ਨਜਿੱਠਣਾ ਪਵੇਗਾ।' ਵਾਲਟਨ ਨਾਲ ਸੀਯੂਪੀਈ ਓਨਟਾਰੀਓ, ਓਪੀਐਸਈਯੂ/ਐਸਈਐਫਪੀਓ, ਯੂਨਾਈਟਿਡ ਸਟੀਲਵਰਕਰਜ਼ ਅਤੇ ਹੋਰ ਬਹੁਤ ਸਾਰੇ ਮਜ਼ਦੂਰ ਯੂਨੀਅਨਾਂ ਦੇ ਆਗੂ ਸ਼ਾਮਲ ਹੋਏ। ਜੇਪੀ ਹੋਰਨਿਕ ਓਪੀਐਸਈਯੂ/ਐਸਈਐਫਪੀਓ ਦੇ ਪ੍ਰਧਾਨ ਹਨ ਅਤੇ ਉਨ੍ਹਾਂ ਨੇ ਕਿਰਤ ਵਿਭਾਗ ਨੂੰ ਕਿਹਾ ਕਿ ਜੇਕਰ ਪੁਲਿਸ ਨੇ ਕੈਂਪ ਨੂੰ ਖਾਲੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਲਾਸ਼ਾਂ ਨਾਲ ਸੁਰੱਖਿਅਤ ਕੀਤਾ ਜਾਵੇ। ਜੇਪੀ ਹੋਰਨਿਕ ਓਪੀਐਸਈਯੂ/ਐਸਈਐਫਪੀਓ ਦੇ ਪ੍ਰਧਾਨ ਹਨ ਅਤੇ ਉਨ੍ਹਾਂ ਨੇ ਕਿਰਤ ਵਿਭਾਗ ਨੂੰ ਕਿਹਾ ਕਿ ਜੇਕਰ ਪੁਲਿਸ ਨੇ ਕੈਂਪ ਨੂੰ ਖਾਲੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਲਾਸ਼ਾਂ ਨਾਲ ਸੁਰੱਖਿਅਤ ਕੀਤਾ ਜਾਵੇ। ਫੋਟੋ ਕ੍ਰੈਡਿਟ: ਸੈਂਟੀਆਗੋ ਹੈਲੋ ਕੁਇੰਟੇਰੋ ਓਨਟਾਰੀਓ ਪਬਲਿਕ ਸੈਕਟਰ ਇੰਪਲਾਈਜ਼ ਯੂਨੀਅਨ (ਓਪੀਐਸਈਯੂ/ਐਸਈਐਫਪੀਓ) ਦੇ ਪ੍ਰਧਾਨ ਜੇਪੀ ਹੌਰਨਿਕ ਨੇ ਕਿਹਾ ਕਿ ਵਿਦਿਆਰਥੀਆਂ ਦੇ ਮੁੱਦੇ ਮਜ਼ਦੂਰਾਂ ਦੇ ਮੁੱਦੇ ਹਨ ਅਤੇ ਉਨ੍ਹਾਂ ਨੂੰ ਇਕਜੁੱਟਤਾ ਵਿੱਚ ਉਨ੍ਹਾਂ ਨਾਲ ਖੜੇ ਹੋਣਾ ਚਾਹੀਦਾ ਹੈ। 'ਸਾਡਾ ਕੰਮ ਸਾਡੇ ਸਰੀਰ ਨੂੰ ਤੁਹਾਡੇ ਅਤੇ ਕਿਸੇ ਵੀ ਮੁੱਦੇ ਦੇ ਵਿਚਕਾਰ ਰੱਖਣਾ ਹੈ ਜੋ ਪ੍ਰਸ਼ਾਸਨ ਤੁਹਾਡੇ ਲਈ ਲਿਆਉਂਦਾ ਹੈ' ਹੌਰਨਿਕ ਨੇ ਕਿਹਾ। 'ਜੇ ਪੁਲਿਸ ਆਉਂਦੀ ਹੈ, ਤਾਂ ਅਸੀਂ ਤੁਹਾਡੀ ਸੁਰੱਖਿਆ ਦੀ ਲਾਈਨ ਬਣਾਂਗੇ ਅਤੇ ਮੈਂ ਤੁਹਾਨੂੰ ਵਾਅਦਾ ਕਰਦਾ ਹਾਂ ਕਿ ਅਸੀਂ ਉਦੋਂ ਤੱਕ ਇੱਥੇ ਰਹਾਂਗੇ ਜਦੋਂ ਤੱਕ ਇਹ ਯਕੀਨੀ ਨਹੀਂ ਬਣਾਇਆ ਜਾਂਦਾ ਕਿ ਤੁਸੀਂ ਸੁਰੱਖਿਅਤ ਹੋ ਅਤੇ ਤੁਹਾਡੀਆਂ ਸਧਾਰਨ ਮੰਗਾਂ ਪੂਰੀਆਂ ਨਹੀਂ ਹੋ ਜਾਂਦੀਆਂ।' ਮਰੀਅਮ ਖਤੀਬ, ਇੱਕ ਯੂਓਐਫਟੀ ਵਿਦਿਆਰਥੀ ਜਿਸਨੇ ਗਾਜ਼ਾ ਵਿੱਚ ਆਪਣਾ ਪਰਿਵਾਰ ਗੁਆ ਦਿੱਤਾ ਮਰੀਅਮ ਖਤੀਬ ਇੱਕ ਯੂਓਐਫਟੀ ਵਿਦਿਆਰਥੀ ਹੈ ਜਿਸਨੇ ਗਾਜ਼ਾ ਵਿੱਚ ਆਪਣਾ ਪਰਿਵਾਰ ਗੁਆ ਦਿੱਤਾ ਹੈ ਫੋਟੋ ਕ੍ਰੈਡਿਟ: ਸੈਂਟੀਆਗੋ ਹੈਲੋ ਕੁਇੰਟੇਰੋ ਯੂਓਐਫਟੀ ਦੀ ਵਿਦਿਆਰਥਣ ਮਰੀਅਮ ਖਤੀਬ ਗਾਜ਼ਾ ਵਿੱਚ ਆਪਣੇ ਪਰਿਵਾਰ ਨਾਲ ਗਾਜ਼ਾ ਵਿੱਚ ਉਸਦੇ ਪਰਿਵਾਰ ਦੇ ਦੁੱਖਾਂ ਬਾਰੇ ਗੱਲ ਕਰਦੀ ਹੈ। "ਪਿਛਲੇ 234 ਦਿਨਾਂ ਵਿੱਚ, ਉਨ੍ਹਾਂ ਨੂੰ ਇੱਕ ਹਸਪਤਾਲ ਤੋਂ ਦੂਜੇ ਹਸਪਤਾਲ ਵਿੱਚ ਜਾਣ ਲਈ ਮਜ਼ਬੂਰ ਕੀਤਾ ਗਿਆ ਹੈ, ਭਿਆਨਕ ਸਥਿਤੀਆਂ ਵਿੱਚ ਰਹਿਣ ਅਤੇ ਸੌਣ ਲਈ, ਸਹੀ ਭੋਜਨ ਅਤੇ ਪਾਣੀ ਤੱਕ ਸੀਮਤ ਪਹੁੰਚ ਦੇ ਨਾਲ, ਅਤੇ ਸੀਮਤ ਦੂਰਸੰਚਾਰ ਦੇ ਨਾਲ, ਮਤਲਬ ਕਿ ਅਸੀਂ ਮੁਸ਼ਕਿਲ ਨਾਲ ਹੀ ਸੰਪਰਕ ਕਰ ਸਕਦੇ ਹਾਂ। ਉਹ ਇਹ ਪਤਾ ਲਗਾਉਣ ਲਈ ਕਿ ਉਹ ਕਿੱਥੇ ਹਨ, ਉਹ ਕਿਵੇਂ ਹਨ, ਜਾਂ ਇੱਥੋਂ ਤੱਕ ਕਿ ਕੀ ਉਹ ਅਜੇ ਵੀ ਜ਼ਿੰਦਾ ਹਨ, ਖਤੀਬ ਨੇ ਕਿਹਾ। ਉਸਨੇ ਯੂਓਐਫਟੀ ਨੂੰ ਇਜ਼ਰਾਈਲ ਵਿੱਚ ਆਪਣੇ ਨਿਵੇਸ਼ਾਂ ਦਾ ਖੁਲਾਸਾ ਕਰਨ ਅਤੇ ਵੰਡਣ ਲਈ ਕਿਹਾ। 'ਮੈਂ ਕਦੇ ਵੀ ਉਸ ਦੁੱਖ ਦਾ ਅਨੁਭਵ ਨਹੀਂ ਕਰਾਂਗਾ ਜੋ ਮੇਰੇ ਪਰਿਵਾਰ ਅਤੇ ਗਾਜ਼ਾ ਦਾ ਸਾਹਮਣਾ ਕਰ ਰਹੇ ਹਨ, ਪਰ ਘੱਟੋ ਘੱਟ ਮੈਂ ਇੱਕ ਤੰਬੂ ਲਗਾ ਸਕਦਾ ਹਾਂ।' ਏਰਿਨ ਮੈਕਕੀ ਇੱਕ ਯੂਓਐਫਟੀ ਵਿਦਿਆਰਥੀ ਹੈ ਜੋ ਕੈਂਪ ਲਈ ਮੀਡੀਆ ਸੰਪਰਕ ਅਧਿਕਾਰੀ ਹੈ ਏਰਿਨ ਮੈਕਕੀ ਇੱਕ ਯੂਓਐਫਟੀ ਵਿਦਿਆਰਥੀ ਹੈ ਜੋ ਕੈਂਪ ਲਈ ਮੀਡੀਆ ਸੰਪਰਕ ਅਧਿਕਾਰੀ ਹੈ ਫੋਟੋ ਕ੍ਰੈਡਿਟ: ਸੈਂਟੀਆਗੋ ਹੈਲੋ ਕੁਇੰਟੇਰੋ ਏਰਿਨ ਮੈਕਕੀ ਇੱਕ ਯੂਓਐਫਟੀ ਵਿਦਿਆਰਥੀ ਹੈ ਜੋ ਪਿਛਲੇ ਕਈ ਹਫ਼ਤਿਆਂ ਤੋਂ ਕੈਂਪ ਲਈ ਇੱਕ ਨਿਯਮਿਤ ਬੁਲਾਰੇ ਹੈ। ਮੈਕੀ ਨੇ ਕਿਹਾ, 'ਜੇ ਤੁਸੀਂ ਆਪਣੀਆਂ ਅੱਖਾਂ ਖੋਲ੍ਹਦੇ ਹੋ ਕਿ ਰਫਾਹ ਵਿੱਚ ਕੀ ਹੋ ਰਿਹਾ ਹੈ ਅਤੇ ਗਾਜ਼ਾ ਵਿੱਚ ਪਹਿਲਾਂ ਹੀ ਪੱਛਮੀ ਬੈਂਕ ਵਿੱਚ ਕੀ ਹੋ ਰਿਹਾ ਹੈ, ਤਾਂ ਤੁਸੀਂ ਸਮਝ ਜਾਓਗੇ ਕਿ ਸਾਡੇ ਕੋਲ ਉਦੋਂ ਤੱਕ ਗੱਲਬਾਤ ਜਾਰੀ ਰੱਖਣ ਤੋਂ ਇਲਾਵਾ ਕੋਈ ਚਾਰਾ ਕਿਉਂ ਨਹੀਂ ਹੈ ਜਦੋਂ ਤੱਕ ਸਾਡੀਆਂ ਸਾਰੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ।' McKee ਨੇ ਯੂਓਐਫਟੀ ਦੇ ਪ੍ਰਧਾਨ ਮੈਰਿਕ ਗਰਟਲਰ ਦੀ ਵਿਦਿਆਰਥੀਆਂ ਨਾਲ ਗੱਲਬਾਤ ਕਰਨ ਤੋਂ ਇਨਕਾਰ ਕਰਨ ਅਤੇ ਬੰਦ-ਦਰਵਾਜ਼ੇ ਦੀ ਪ੍ਰੈਸ ਕਾਨਫਰੰਸ ਕਰਨ, ਯੂਓਐਫਟੀ ਦੇ ਵਿਦਿਆਰਥੀ ਅਖਬਾਰ 'ਵਰਸਿਟੀ ਦੇ ਪੱਤਰਕਾਰਾਂ ਨੂੰ ਹਾਜ਼ਰ ਹੋਣ ਤੋਂ ਰੋਕਣ ਲਈ ਆਲੋਚਨਾ ਕੀਤੀ। ਉਸਨੇ ਪੁੱਛਿਆ, 'ਰਾਸ਼ਟਰਪਤੀ ਗਰਟਲਰ ਆਪਣੇ ਵਿਦਿਆਰਥੀਆਂ ਨਾਲ ਮਿਲਣ ਤੋਂ ਇਨਕਾਰ ਕਿਉਂ ਕਰਦਾ ਹੈ?' 'ਉਹ ਕਿਸ ਗੱਲ ਤੋਂ ਡਰਦੇ ਹਨ? ਇਹ ਇਸ ਲਈ ਨਹੀਂ ਹੋ ਸਕਦਾ ਕਿਉਂਕਿ ਉਹ ਸਾਨੂੰ ਲੱਭਣ ਵਿੱਚ ਅਸਮਰੱਥ ਹਨ, ਕਿਉਂਕਿ ਅਸੀਂ ਪਿਛਲੇ 25 ਦਿਨਾਂ ਤੋਂ ਹਰ ਰੋਜ਼ ਇੱਥੇ ਹਾਂ।' ਸੁਜ਼ੈਨ ਵੇਇਸ ਫਰਾਂਸ ਦੀ ਇੱਕ ਯਹੂਦੀ ਔਰਤ ਹੈ ਜੋ ਸਰਬਨਾਸ਼ ਤੋਂ ਬਚ ਗਈ ਸੀ ਅਤੇ ਇੱਕ ਸਪੱਸ਼ਟ ਕਾਰਕੁਨ ਹੈ। ਸੁਜ਼ੈਨ ਵੇਇਸ ਫਰਾਂਸ ਦੀ ਇੱਕ ਯਹੂਦੀ ਔਰਤ ਹੈ ਜੋ ਸਰਬਨਾਸ਼ ਤੋਂ ਬਚ ਗਈ ਸੀ ਅਤੇ ਇੱਕ ਸਪੱਸ਼ਟ ਕਾਰਕੁਨ ਹੈ। ਫੋਟੋ ਕ੍ਰੈਡਿਟ: ਸੈਂਟੀਆਗੋ ਹੈਲੋ ਕੁਇੰਟੇਰੋ ਸੁਜ਼ੈਨ ਵੇਸ, ਇੱਕ ਯਹੂਦੀ ਔਰਤ ਜੋ ਸਰਬਨਾਸ਼ ਤੋਂ ਬਚੀ ਸੀ, ਨੇ ਵਿਦਿਆਰਥੀਆਂ ਦੇ ਸਮਰਥਨ ਵਿੱਚ ਰੈਲੀ ਵਿੱਚ ਬੋਲਿਆ। ਉਸ ਦੇ ਪਹੁੰਚਣ 'ਤੇ, ਸਮਰਥਕਾਂ ਦੁਆਰਾ ਦੱਸੇ ਜਾਣ ਤੋਂ ਬਾਅਦ ਕਿ ਉਹ 80 ਸਾਲਾਂ ਦੀ ਹੈ ਅਤੇ ਉਹ ਸੀ

ਨੇਤਾਵਾਂ ਨੇ ਫਲਸਤੀਨੀ ਸਮਰਥਕਾਂ ਦੇ ਵਿਰੁੱਧ ਯਹੂਦੀ ਵਿਰੋਧੀ ਦੇ 'ਹਥਿਆਰੀਕਰਨ' ਦੀ ਆਲੋਚਨਾ ਕੀਤੀ। ਵੇਇਸ ਨੇ ਕਿਹਾ, "ਸਾਡੇ ਯਹੂਦੀਆਂ ਕੋਲ ਨਸਲਵਾਦ ਦਾ ਵਿਰੋਧ ਕਰਨ ਦੀ ਇੱਕ ਲੰਮੀ ਪਰੰਪਰਾ ਹੈ, ਫਿਰ ਵੀ ਸਾਡੇ ਨਾਮ 'ਤੇ ਕਬਜ਼ੇ ਦੀ ਇੱਕ ਯੋਜਨਾਬੱਧ ਜੰਗ, ਬਰਬਾਦੀ ਦੀ ਹੈ। 'ਇਹ ਯਹੂਦੀ ਲੋਕਾਂ ਦੇ ਖਿਲਾਫ ਇੱਕ ਨਾ ਮਾਫਯੋਗ ਅਪਰਾਧ ਹੈ। ਅਸੀਂ ਆਪਣੇ ਮਹਾਨ ਦੱਖਣੀ ਅਫਰੀਕੀ ਨਾਇਕ ਨੈਲਸਨ ਮੰਡੇਲਾ ਨੂੰ ਯਾਦ ਕਰਦੇ ਹਾਂ, ਮੈਂ ਹਵਾਲਾ ਦਿੰਦਾ ਹਾਂ, ਫਲਸਤੀਨ ਦੀ ਆਜ਼ਾਦੀ ਸਾਡੀ ਵੀ ਆਜ਼ਾਦੀ ਹੈ।' ਬੇਸਿਲ ਬੌਂਡ ਫਲਸਤੀਨ ਲਈ ਹੈਲਥ ਵਰਕਰਜ਼ ਗੱਠਜੋੜ ਦਾ ਮੈਂਬਰ ਹੈ ਅਤੇ ਇੱਕ ਮਿਆਰੀ ਮਰੀਜ਼ ਪ੍ਰੋਗਰਾਮ ਦਾ ਇੱਕ ਕਰਮਚਾਰੀ ਹੈ। ਗਾਜ਼ਾ ਵਿੱਚ ਇਜ਼ਰਾਇਲੀ ਹਮਲਿਆਂ ਵਿੱਚ ਉਸਦੇ ਪਰਿਵਾਰ ਦੇ 44 ਮੈਂਬਰ ਮਾਰੇ ਗਏ ਹਨ। ਬੇਸਿਲ ਬੌਂਡ ਫਲਸਤੀਨ ਲਈ ਹੈਲਥ ਵਰਕਰਜ਼ ਗੱਠਜੋੜ ਦਾ ਮੈਂਬਰ ਹੈ ਅਤੇ ਇੱਕ ਮਿਆਰੀ ਮਰੀਜ਼ ਪ੍ਰੋਗਰਾਮ ਦਾ ਇੱਕ ਕਰਮਚਾਰੀ ਹੈ। ਗਾਜ਼ਾ ਵਿੱਚ ਇਜ਼ਰਾਇਲੀ ਹਮਲਿਆਂ ਵਿੱਚ ਉਸਦੇ ਪਰਿਵਾਰ ਦੇ 44 ਮੈਂਬਰ ਮਾਰੇ ਗਏ ਹਨ। ਫੋਟੋ ਕ੍ਰੈਡਿਟ: ਸੈਂਟੀਆਗੋ ਹੈਲੋ ਕੁਇੰਟੇਰੋ ਬੈਸਿਲ ਬੌਂਡ, ਫਲਸਤੀਨ ਲਈ ਹੈਲਥ ਵਰਕਰਜ਼ ਗੱਠਜੋੜ ਦੇ ਇੱਕ ਮੈਂਬਰ ਅਤੇ ਇੱਕ ਮਿਆਰੀ ਮਰੀਜ਼ ਪ੍ਰੋਗਰਾਮ ਦੇ ਇੱਕ ਕਰਮਚਾਰੀ, ਨੇ ਪਿਛਲੇ ਕਈ ਮਹੀਨਿਆਂ ਵਿੱਚ ਉਸਦੇ ਪਰਿਵਾਰ ਨੂੰ ਹੋਏ ਨੁਕਸਾਨ ਦਾ ਵਰਣਨ ਕੀਤਾ। ਇਜ਼ਰਾਈਲੀ ਹਮਲਿਆਂ ਵਿੱਚ ਉਸਦੇ ਪਰਿਵਾਰ ਦੇ 44 ਮੈਂਬਰ ਮਾਰੇ ਗਏ ਹਨ, ਜਿਨ੍ਹਾਂ ਵਿੱਚ ਉਸਦਾ ਚਚੇਰਾ ਭਰਾ ਅਯਾਤ ਫਰਵਾਨਾ, ਇੱਕ 17 ਦਿਨਾਂ ਦਾ ਬੱਚਾ ਅਤੇ ਡਾ. ਉਮਰ ਫਰਵਾਨਾ, ਗਾਜ਼ਾ ਦੀ ਇਸਲਾਮਿਕ ਯੂਨੀਵਰਸਿਟੀ ਵਿੱਚ ਦਵਾਈ ਦੇ ਸਾਬਕਾ ਡੀਨ, ਉਸਦੀ ਪਤਨੀ, ਬੱਚੇ ਅਤੇ ਪੋਤੇ-ਪੋਤੀਆਂ ਸ਼ਾਮਲ ਹਨ। ਬੌਂਡ ਨੇ ਗਾਜ਼ਾ ਵਿੱਚ ਯੂਨੀਵਰਸਿਟੀਆਂ ਦੀ ਤਬਾਹੀ ਅਤੇ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਹੱਤਿਆ ਬਾਰੇ ਯੂਨੀਵਰਸਿਟੀ ਦੀ ਚੁੱਪ ਦੀ ਆਲੋਚਨਾ ਕੀਤੀ। 'ਮੇਰੇ ਕੋਲ ਉਨ੍ਹਾਂ ਲਈ ਕੋਈ ਸ਼ਬਦ ਨਹੀਂ ਹੈ ਜੋ ਜਾਨ ਨਹੀਂ ਲੈਂਦੇ, ਪਰ ਅਜਿਹਾ ਕਰਦੇ ਹਨ। ਸ਼ਰਮ ਕਰੋ' ਬੌਂਡ ਨੇ ਕਿਹਾ। ਓਨਟਾਰੀਓ ਫੈਡਰੇਸ਼ਨ ਆਫ ਲੇਬਰ ਨੇ ਕਿਹਾ ਕਿ ਉਹ ਕੈਂਪ ਵਿਰੁੱਧ ਅਦਾਲਤੀ ਹੁਕਮ ਨੂੰ ਚੁਣੌਤੀ ਦੇਣ ਲਈ ਦਖਲਅੰਦਾਜ਼ੀ ਦਾ ਦਰਜਾ ਦੇਣਗੇ।

# ਪੰਜਾਬ ਦੇ ਸਰੋਕਾਰਾਂ ਦੇ ਅੰਗ-ਸੰਗ ਵਿਚਰਦਿਆਂ ਸੁਰਜੀਤ ਪਾਤਰ



ਰਮਨਦੀਪ ਕੌਰ

ਪੰਜਾਬ ਦੇ ਵਿਰਸੇ ਅਤੇ ਵਿਰਾਸਤ ਵਿਚ ਅਜਿਹਾ ਵਹਾਅ ਹੈ ਜਿਸ ਦੀਆਂ ਪਰਤਾਂ ਵੱਖ-ਵੱਖ ਖੇਤਰਾਂ ਦੇ ਵਿਚ ਵਿਚਰਨ ਵਾਲੇ ਸੰਵੇਦਨਸ਼ੀਲ ਕਵੀ, ਲੇਖਕ, ਪੇਂਟਰ, ਮਿਊਜੀਸ਼ੀਅਨ, ਕਥਾਕਾਰ ਆਪਣੀ ਤੀਸਰੀ ਅੱਖ ਰਾਹੀਂ ਬਹੁਦਿਸ਼ਾਵੀ ਅਤੇ ਬਹੁਪਰਤੀ ਕੰਮ ਕਰਦੇ ਰਹੇ ਹਨ। ਪਰ ਜਿਸ ਕਿਸਮ ਨਾਲ ਸੁਰਜੀਤ ਪਾਤਰ ਨੇ ਪੰਜਾਬ ਦੇ ਵੱਖ-ਵੱਖ ਰੰਗਾਂ ਨੂੰ ਆਪਣੇ ਕਾਵਿ ਸੰਗ੍ਰਹਿਾਂ ਵਿਚ ਸਮੋਇਆ ਹੈ ਜਿਸ ਤਰ੍ਹਾਂ ਉਸ ਦੀ ਸੰਵੇਦਨਸ਼ੀਲ ਕਲਮ ਨੇ ਲਫ਼ਜ਼ਾਂ ਨੂੰ ਫੜ ਕੇ ਮੋਤੀਆਂ ਵਾਂਗ ਚਿਣਿਆ ਹੈ ਉਨ੍ਹਾਂ ਰਾਹੀਂ ਜਿਥੇ ਉਸ ਦੇ ਕਵੀ ਮਨ ਦੀਆਂ ਸੁਹਜਮਈ ਪ੍ਰਵਿਰਤੀਆਂ ਅਤੇ ਆਪਣੇ ਸਮਿਆਂ ਵਿਚ ਵਾਪਰਦੀਆਂ ਤਰਾਸਦੀਆਂ ਬਾਰੇ ਸੋਚਣ ਨੂੰ ਇਕ ਪਾਸੇ ਨਵੀਂ ਦਿਸ਼ਾ ਪ੍ਰਦਾਨ ਕਰਦੀਆਂ ਹਨ, ਉਥੇ ਹੀ ਸਥਿਤੀਆਂ 'ਚੋਂ ਅਗਾਂਹ ਨਿਕਲਣ ਲਈ ਇਕ ਸੁਪਨਮਈ ਵਿਚਾਰਾਂ ਦਾ ਸੰਸਾਰ ਸਿਰਜਣ ਲਈ ਦਿਸ਼ਾ ਵੀ ਪ੍ਰਦਾਨ ਕਰਦੀਆਂ ਹਨ। ਪਾਤਰ ਪੰਜਾਬ ਦੇ ਉਨ੍ਹਾਂ ਸਮਿਆਂ ਅਤੇ ਦਹਾਕਿਆਂ ਵਿਚ ਜੀਵਿਆ ਹੈ ਜਿਹੜੇ ਜੋਖਮਾਂ, ਪੀੜਾਂ ਅਤੇ ਬਗਾਵਤਾਂ ਨਾਲ ਭਰੇ ਹੋਏ ਹਨ। ਹਰੇਕ ਨਵੇਂ ਉੱਭਰਦੇ ਕਵੀ ਵਾਂਗ ਉਨ੍ਹਾਂ ਦੀਆਂ 1970ਵਿਆਂ ਦੀਆਂ ਕਵਿਤਾਵਾਂ ਉਸ ਸਮੇਂ ਦੀ ਬਗਾਵਤੀ ਸੁਰ ਅਤੇ ਧਾਰਾ ਨਾਲ ਵੀ ਸੁਮੇਲ ਕਰਦੀਆਂ ਹਨ ਜਿਸ ਸਮੇਂ ਸੁਰਜੀਤ ਪਾਤਰ ਅਜੇ ਕਲਮ ਉਠਾ ਹੀ ਰਿਹਾ ਸੀ। ਉਸ ਸਮੇਂ ਕਵਿਤਾ ਦੇ ਖੇਤਰ ਵਿਚ ਪਾਸ਼ ਵਰਗੀਆਂ ਕ੍ਰਾਂਤੀਕਾਰੀ ਕਵਿਤਾਵਾਂ ਵੀ ਸਨ ਅਤੇ ਸ਼ਿਵ ਕੁਮਾਰ ਵਰਗੀਆਂ ਰੁਮਾਂਸ ਅਤੇ ਸੁਹਜ ਨੂੰ ਛੂਹ ਰਹੀਆਂ ਕਾਵਿਕ ਵੰਨਗੀਆਂ ਵੀ ਸਨ। ਪੰਜਾਬ ਦੇ ਪ੍ਰਮੁੱਖ ਕਵੀ ਪ੍ਰੋ. ਮੋਹਣ ਤੋਂ ਲੈ ਕੇ ਬਾਵਾ ਬਲਵੰਤ ਤੱਕ ਆਦਰਸ਼ਵਾਦ ਤੋਂ ਸਮਾਜਿਕ ਕ੍ਰਾਂਤੀਆਂ ਦੀ ਇਕ ਲੰਬੀ ਕਾਵਿਕ ਵਿਰਾਸਤ ਨਵੇਂ ਕਵੀਆਂ ਲਈ ਅਗਾਂਹ ਦੀ ਕਵਿਤਾ ਸਿਰਜਣ ਵਾਸਤੇ ਧਰਾਤਲ ਦੇ ਰਹੀ ਸੀ। ਅਜਿਹੀ ਪਿੱਠਭੂਮੀ ਵਿਚੋਂ ਸੁਰਜੀਤ ਪਾਤਰ ਦੀ ਕਲਮ ਜਨਮ ਲੈਂਦੀ ਹੈ, ਜਿਸ ਵਿਚ ਬਗਾਵਤੀ ਸੁਰਾਂ ਦੀ ਪ੍ਰਮੁੱਖਤਾ ਕਵੀ ਦੀ ਕਵਿਤਾ ਦਾ ਅਟੁੱਟ ਅੰਗ ਬਣ ਜਾਂਦੀ ਹੈ। ਜਿਹੜੀ ਰੁਮਾਂਸਿਕ ਦੌਰ ਦੀ ਕਵਿਤਾ ਤੋਂ ਪਰੇ ਹਟ ਕੇ ਸਮਾਜਿਕ ਤਬਦੀਲੀ ਵਾਲੀ ਕਵਿਤਾ ਵਿਚ ਤਬਦੀਲ ਹੋ ਜਾਂਦੀ ਹੈ।

ਪੰਜਾਬ ਦਾ ਇਹ ਦੌਰ ਜੋ ਅਗਾਂਹ ਤਬਦੀਲ ਹੋ ਕੇ ਕਾਲੇ ਸਮਿਆਂ ਵਿਚ ਬਦਲ ਜਾਂਦਾ ਹੈ। ਖੌਫ਼ ਵਰਗੇ ਸ਼ਬਦ 1980 ਤੋਂ 1990 ਤੱਕ ਪੰਜਾਬ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਲੈਂਦੇ ਹਨ। ਇਸ ਦਹਿਸ਼ਤਮਈ ਮਾਹੌਨ ਵਿਚ ਇਕ ਵਾਰੀ ਸੁਰਜੀਤ ਪਾਤਰ ਦੀ ਕਵਿਤਾ ਬੇਚੈਨ ਹੋ ਜਾਂਦੀ ਹੈ। ਸੁਰਜੀਤ ਪਾਤਰ ਦੀ ਕਵਿਤਾ ਪੰਜਾਬ ਦੇ ਹਾਲਾਤਾਂ ਦੀ ਗਵਾਹੀ ਭਰਦੀ ਹੈ।

1970 ਤੋਂ 1980 ਦੇ ਵਿਚ ਸੁਰਜੀਤ ਪਾਤਰ ਬਗਾਵਤੀ ਸੁਰਾਂ ਦੀ ਕਵਿਤਾ ਲਿਖਦਾ ਹੈ। ਪੰਜਾਬ ਦੇ ਉਸ ਸਮੇਂ ਦੇ ਹਾਲਾਤਾਂ ਤੋਂ ਨਿਰਾਸ਼ਾ ਉਪਜਦੀ ਹੈ ਪਰ ਫਿਰ ਉਹ ਆਸਵੰਦ ਹੋ ਕੇ ਉਮੀਦਾਂ ਦੀ ਕਿਰਨ ਵੱਲ ਦੇਖਦਾ ਹੈ। ਉਸਦੀ ਪਹਿਲੀ ਕਿਤਾਬ 'ਹਵਾ ਵਿਚ ਲਿਖੇ ਹਰਫ਼' ਜੋ ਕਿ 1979 ਵਿਚ ਪਹਿਲੀ ਵਾਰ ਪ੍ਰਕਾਸ਼ਿਤ ਹੋਈ। ਯਥਾਰਥ ਦੇ ਨੇੜੇ ਦੀ ਕਵਿਤਾ ਨਾ ਹੀ ਬਗਾਵਤੀ ਸੁਰ ਰੱਖਦੀ ਹੈ ਬਲਕਿ ਇਕ ਚਿਣਗ ਵੀ ਜਗਾਉਂਦੀ ਹੈ ਜਿਵੇਂ

**"ਮੈਂ ਤਾਂ ਬਸ ਏਨਾ ਕਿਹਾ ਸੀ ਕਿ ਨਾ ਜਲਾਓ ਫੁੱਲ,**
**ਅੱਗ ਮੈਨੂੰ ਫੜ ਕੇ ਲੈ ਗਈ ਕਹਿ ਕੇ ਚੋਰ-ਚੋਰੇ।**
**ਰਾਤ ਮੇਰੀ ਹਿੱਕ ਉੱਤੇ ਲਿਖ ਗਈ ਸੰਗੀਨ**
**ਬੰਦਾ ਬਣ ਜਾ ਪਾਣੀਆਂ ਪੱਥਰ ਨਾ ਸਾਡੇ ਖੋਰ।"**

ਜਦ ਉਹ ਵਰਤਮਾਨ ਨਿਜ਼ਾਮ ਉਤੇ ਕਾਬਿਜ਼ ਸ਼ਕਤੀਆਂ ਦੇ ਦੰਭ ਨੂੰ ਆਪਣੇ ਕਟਾਖਸ਼ ਦਾ ਨਿਸ਼ਾਨਾ ਬਣਾਉਂਦਾ ਹੈ ਤਾਂ ਉਸ ਦੀ ਵਿਅੰਗਾਤਮਕ ਅੰਤਰ ਦ੍ਰਿਸ਼ਟੀ ਆਪਣੇ ਰਚਨਾਤਮਕ ਕਮਾਲ ਦੀਆਂ ਸਿਖਰਾਂ ਛੂਹਦੀ ਨਜ਼ਰ ਆਉਂਦੀ ਹੈ : –

**"ਏਨਾ ਸੱਚ ਨਾ ਬੋਲ ਕਿ ਕੱਲਾ ਰਹਿ ਜਾਵੇਂ**
**ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ।"**

ਧਰਮਾਂ ਦੇ ਨਾਮ 'ਤੇ ਹੁੰਦੇ ਭੇਦ-ਭਾਵ, ਗੁੰਡਾਗਰਦੀ ਅਤੇ ਫਿਰਕਾਪ੍ਰਸਤੀ ਤੇ ਕਵੀ ਨਿਰਾਸ਼ਾਵਾਦੀ ਅਤੇ ਉਦਾਸੀ ਭਰਿਆ ਮਨ ਲੈ ਕੇ ਕਟਾਖਸ ਕਰਦਾ ਹੈ :

**"ਮੇਰੇ ਹਤਿਆਰੇ ਨੇ ਗੰਗਾ 'ਚ ਲਹੂ ਧੋਤਾ**
**ਗੰਗਾ ਦੇ ਪਾਣੀਆਂ ਵਿਚ ਕੁਹਰਾਮ ਨਹੀਂ ਹੈ।**
**ਮਸਜਿਦ ਦੇ ਆਖਣ 'ਤੇ ਕਾਜ਼ੀ ਦੇ ਫਤਵੇ ਤੇ,**
**ਅੱਲਾ ਨੂੰ ਕਤਲ ਕਰਨਾ ਇਲਜ਼ਾਮ ਨਹੀਂ ਹੈ।"**

ਅਜਿਹੇ ਫਿਰਕਾਪ੍ਰਸਤੀ ਵਾਲੇ ਮਾਹੌਲ ਵਿਚ ਕਵੀ ਲੋਕਾਂ ਦੇ ਵਤੀਰੇ ਤੇ ਆਪਣੀ ਨਰਾਜ਼ਗੀ ਜਤਾਉਂਦਾ ਹੈ। ਖੌਫ਼ਜ਼ਦਾ ਮਾਹੌਲ ਵਿਚ ਲੋਕਾਂ ਵਿਚ ਫੈਲੇ ਡਰ, ਸਹਿਮ ਦਾ ਜ਼ਿਕਰ ਕਵੀ ਆਪਣੀ ਕਵਿਤਾ ਵਿਚ ਕਰਦਾ ਹੈ :–

**"ਐਸੀ ਰਾਤ ਵੀ ਕਦੀ ਕਦੀ ਤਾਂ**
**ਮੇਰੇ ਪਿੰਡ ਤੇ ਪੈਂਦੀ ਹੈ**
**ਦੀਵੇ ਹੀ ਬੁਝ ਜਾਣ ਨਾ ਕਿਧਰੇ,**
**ਹਉਕਾ ਲੈਣ ਨਾ ਡਰਦੇ ਲੋਕ**

**ਰਾਜੇ ਪੁੱਤਰਾਂ ਬਾਗ ਉਜਾੜੇ,**
**ਦੋਸ਼ ਹਵਾ ਸਿਰ ਧਰਦੇ ਲੋਕ**
**ਬਾਗ ਤਾਂ ਉੱਜੜੇ, ਜਾਨ ਨਾ ਜਾਵੇ,**
**ਏਸੇ ਗੱਲੋਂ ਡਰਦੇ ਲੋਕ।"**

ਅਜਿਹੇ ਡਰ, ਸਿਤਮ ਅਤੇ ਫਿਰਕਾਪ੍ਰਸਤੀ ਦੇ ਮਾਹੌਲ ਵਿਚ ਵੀ ਕਵੀ ਦਬਦਾ ਨਹੀਂ ਬਲਕਿ ਆਸਵੰਦ ਹੋ ਕੇ ਨਿਕਲਦਾ ਹੈ। ਉਹ ਨਵੀਂ ਸਵੇਰ ਨਵੀਂ ਕਿਰਨ ਵਿਚ ਵਿਸ਼ਵਾਸ ਰੱਖਦਾ ਹੈ : –

**"ਇਸ ਸ਼ਾਮ ਜਹਾਜ਼ਾਂ ਵਾਂਗੂ ਡੁੱਬ ਰਹੇ ਹਾਂ**
**ਫਿਰ ਸੂਰਜ ਵਾਂਗ ਉਦੈ ਹੋਵਾਂਗੇ ਭਲਕੇ।"**

ਕਵੀ ਔਰਤਾਂ ਦੇ ਪੱਖ ਵਿਚ ਖੜ੍ਹਾ ਹੈ। ਉਨ੍ਹਾਂ 'ਤੇ ਹੁੰਦੇ ਅੱਤਿਆਚਾਰਾਂ ਦੇ ਖਿਲਾਫ਼ ਬੋਲਦਾ ਹੈ।

**"ਇਕ ਕੈਦ 'ਚੋਂ ਦੂਜੀ ਕੈਦ 'ਚ ਪਹੁੰਚ ਗਈ ਏਂ**
**ਕੀ ਖੱਟਿਆ ਮਹਿੰਦੀ ਲਾ ਕੇ ਵਟਣਾ ਮਲ ਕੇ।"**

ਸਮਾਜ ਦੀਆਂ ਵੱਖ ਵੱਖ ਸਮੱਸਿਆਵਾਂ ਅਤੇ ਕੁਰੀਤੀਆਂ ਤੇ ਕਵੀ ਚਿੰਤਾ ਜਾਹਿਰ ਕਰਦਾ ਹੈ। ਉਸ ਸਮੇਂ ਦੀਆਂ ਕੁਰੀਤੀਆਂ ਅੱਗੇ ਝੁਕਦਾ ਨਹੀਂ ਖੁੱਲ੍ਹ ਕੇ ਲਿਖਦਾ ਅਤੇ ਬੋਲਦਾ ਹੈ। ਜਿਵੇਂ ਜਿਵੇਂ ਸਮਾਂ ਬੀਤਦਾ ਹੈ, ਪੰਜਾਬ ਵਿਚ ਵੱਖਰੇ-ਵੱਖਰੇ ਦੌਰ ਆਉਂਦੇ ਹਨ ਤਾਂ ਪਾਤਰ ਦੀ ਕਵਿਤਾ ਵੀ ਇਨ੍ਹਾਂ ਦੌਰਾਂ ਵਿਚ ਵਿਚਰਦੀ ਹੈ, ਲੰਘਦੀ ਹੈ, ਘੋਖਦੀ ਹੈ, ਉਦਾਸ ਹੁੰਦੀ ਹੈ, ਚਿੰਤਤ ਹੁੰਦੀ ਹੈ ਅਤੇ ਫਿਰ ਇਕ ਨਵੀਂ ਆਸ ਅਤੇ ਉਮੀਦ ਨਾਲ ਉੱਠਦੀ ਹੈ, ਸਮਿਆਂ ਨੂੰ ਵੰਗਾਰਦੀ ਹੈ। ਸਮਿਆਂ ਦੇ ਨਾਲ-ਨਾਲ ਸੁਰਜੀਤ ਪਾਤਰ ਹੀ ਨਹੀਂ ਤੁਰਦਾ ਉਸਦੀ ਕਵਿਤਾ ਵੀ ਤੁਰਦੀ ਹੈ। ਉਸਦੇ ਵਿਸ਼ੇ ਤਤਕਾਲੀ ਪੰਜਾਬ ਦੇ ਹਾਲਾਤਾਂ ਦੀ ਗਵਾਹੀ ਭਰਦੇ ਹਨ।

ਅਗਲੇ ਦਹਾਕੇ 1980-90 ਦੇ ਦੌਰ ਵਿਚ ਪੰਜਾਬ ਆਤੰਕਵਾਦੀ ਬਿਰਤੀਆਂ ਨੇ ਘੇਰਿਆ ਤਾਂ ਪਾਤਰ ਜਿਵੇਂ ਕੁਰਲਾ ਉੱਠਿਆ। ਇਕ ਮਰਦਾ ਪੰਜਾਬ ਕਵੀ ਤੋਂ ਦੇਖਿਆ ਨਹੀਂ ਜਾ ਰਿਹਾ। ਉਹ ਇਨ੍ਹਾਂ ਹਾਲਾਤਾਂ 'ਤੇ ਨਿਰਾਸ਼ ਹੁੰਦਾ ਹੈ। ਪੰਜਾਬ ਵਿਚ ਬੁਤ ਸਾਰੀਆਂ ਘਟਨਾਵਾਂ ਦਾ ਇਕ ਦਹਾਕਾ ਕਵੀ ਦੇ ਸੁਹਜ ਮਨ ਵਿਚ ਹਲਚਲ ਮਚਾਈ ਰੱਖਦਾ ਹੈ। ਪੰਜਾਬ ਲਈ ਫਿਕਰ ਤੇ ਲਗਾਵ ਉਸ ਵਿਚ ਇਕ ਬੇਚੈਨੀ ਪੈਦਾ ਕਰਦਾ ਹੈ।

ਅਜਿਹੇ ਖੌਫ਼ਨੁਮਾ, ਭਰ ਵਾਲੇ ਹੀ ਮਾਹੌਲ ਵਿਚ ਕ੍ਰਾਂਤੀਕਾਰੀ ਕਵੀ ਪਾਸ਼ ਦੀ ਮੌਤ ਉਸ ਨੂੰ ਹੋਰ ਜ਼ਿਆਦਾ ਹਿਲਾ ਜਾਂਦੀ ਹੈ। ਉਸ ਸਮੇਂ ਉਦਾਸੀ ਦਾ ਮੰਜ਼ਰ ਪਸਰ ਜਾਂਦਾ ਹੈ ਤੇ ਉਸ ਦੀ ਕਲਮ ਇਹ ਬਿਰਹਾ ਬਿਆਨ ਕਰਦੀ ਹੈ :

**"ਇਕ ਲਰਜ਼ਦਾ ਨੀਰ ਸੀ,**
**ਉਹ ਮਰ ਕੇ ਪੱਥਰ ਹੋ ਗਿਆ**
**ਦੂਸਰਾ ਇਸ ਹਾਦਸੇ ਤੋਂ,**
**ਡਰ ਕੇ ਪੱਥਰ ਹੋ ਗਿਆ।"**
**ਤੀਸਰਾ ਇਸ ਹਾਦਸੇ ਨੂੰ ਕਰਨ,**
**ਲੱਗਿਆਂ ਸੀ ਬਿਆਨ**
**ਉਹ ਪੱਥਰ ਦੇ ਘੂਰਨ ਕਰਕੇ**
**ਪੱਥਰ ਹੋ ਗਿਆ**
**ਇਕ ਸ਼ਾਇਰ ਬਚ ਗਿਆ ਸੀ**
**ਸੰਵੇਦਨਾ ਸੰਗ ਲਰਜ਼ਰਾ**
**ਏਨੇ ਪੱਥਰ ਉਹ ਗਿਣਤੀ ਕਰਕੇ,**
**ਪੱਥਰ ਹੋ ਗਿਆ।**

ਇਨ੍ਹਾਂ ਉਦਾਸੀਆਂ ਨਾਲ ਲੜਦੀ ਕਵਿਤਾ ਕਵੀ ਸੰਗ ਇਕ ਉੱਠਦੇ ਲੜਦੇ ਤੇ ਉੱਭਰਦੇ ਪੰਜਾਬ ਦੇ ਰਾਹਾਂ ਵੱਲ ਤੁਰਦੀ ਹੈ। ਅਜਿਹੇ ਹੀ ਦੌਰ ਵਿਚ ਕਵੀ ਦੀਆਂ ਕਿਤਾਬਾਂ 'ਹਨ੍ਹੇਰੇ ਵਿਚ ਸੁਲਗਦੀ ਵਰਨਮਾਲਾ' 'ਲਫ਼ਜਾਂ ਦੀ ਦਰਗਾਹ', ਬਿਰਖ ਅਰਜ ਕਰੇ' ਆਦਿ ਪ੍ਰਕਾਸ਼ਿਤ ਹੁੰਦੀਆਂ ਹਨ। ਹਨ੍ਹੇਰੇ ਵਿਚ ਸੁਲਗਦੀ ਵਰਨਮਾਲਾ ਕਿਤਾਬ ਨੂੰ 1993 ਵਿਚ ਸਾਹਿਤ ਅਕਾਦਮੀ ਦਾ ਪੁਰਸਕਾਰ ਵੀ ਮਿਲਿਆ। ਇਨ੍ਹਾਂ ਦੌਰਾਂ ਵਿਚ ਕਵੀ ਦੀ ਕਵਿਤਾ ਪੰਜਾਬ ਦੇ ਉਭਾਰ ਨੂੰ ਲੈ ਕੇ ਆਸਵੰਦ ਜਾਪਦੀ ਹੈ।

**"ਤੂੰ ਮੈਨੂੰ ਮਿੱਟੀ ਬਣਾਇਆ ਤਾਂ**
**ਇਹ ਅਸੀਸ ਵੀ ਦੇ**
**ਮੈਂ ਉੱਗਦੇ ਬੀਜ ਨੂੰ ਖਿੜਦੇ**
**ਗੁਲਾਬ ਤੱਕ ਦੇਖਾਂ।"**

ਇਸ ਦੌਰ ਵਿਚ ਉਸ ਦੀ ਕਲਮ ਦਾ ਸਫ਼ਰ ਪੰਜਾਬ ਦੇ ਤਤਕਾਲੀ ਹਾਲਾਤਾਂ ਦਾ ਹੁੰਗਾਰਾ ਭਰਦਾ ਹੈ। ਕਵੀ ਦਾ ਸੁਹਜ ਮਨ ਇਨ੍ਹਾਂ ਹਾਲਾਤਾਂ ਵਿਚ ਤੜਫਦਾ ਹੈ।" ਦਹੇਜ ਦੀ ਬਲੀ ਚੜ੍ਹਦੀਆਂ ਨਵ-ਵਿਆਹੀਆਂ, 'ਖੁਦਕੁਸ਼ੀਆਂ' ਅਤੇ ਰੋਜ਼ੀ ਲਈ ਵਿਦੇਸ਼ਾਂ ਨੂੰ ਜਾਂਦੇ ਜਵਾਨਾਂ ਲਈ ਉਸ ਦੀ ਕਲਮ ਰੁਦਨ ਕਰਦੀ ਹੈ।

**ਕੋਈ ਦਸਤਾਰ ਰਤ ਲਿਬੜੀ ਕੋਈ**
**ਤਲਵਾਰ ਆਈ ਹੈ।**
**ਲਿਆਓ ਸਰਦਲਾਂ ਤੋਂ ਚੁੱਕ ਕੇ**
**ਅਖਬਾਰ ਆਈ ਹੈ।**
**ਘਰਾਂ ਦੀ ਅੱਗ ਸਿਆਣੀ ਏ**
**ਤਦ ਇਸ ਦੀ ਪਲੇਟ ਅੰਦਰ,**
**ਬਗਾਨੀ ਧੀ ਹੀ ਆਈ ਹੈ ਕਿ**
**ਜਿੰਨੀ ਵਾਰੀ ਆਈ ਹੈ।"**

**"ਕਿਥੋਂ ਦਿਆ ਪੰਛੀਆਂ ਨੂੰ**
**ਕਿਥੋਂ ਚੋਗਾ ਲੱਭਿਆ**
**ਧੀਆਂ ਦੇ ਵਸੇਬੇ ਲਈ ਬਾਪੂ ਦੇਸ ਛੱਡਿਆ।**
**ਕਿੰਨਾ ਹੈ ਮਹਾਨ ਦੇਸ ਉਦੋਂ ਪਤਾ ਲੱਗਿਆ**
**ਡੂੰਘਾ ਮੇਰੀ ਹਿੱਕ 'ਚ**
**ਤਰੰਗਾ ਗਿਆ ਗੱਡਿਆ।"**

ਪੰਜਾਬ 'ਚ ਵਿਚਰਦਾ ਆਪਣੇ ਆਸੇ-ਪਾਸੇ ਨਿਗ੍ਹਾ ਮਾਰਦਾ ਕਵੀ ਪੰਜਾਬ ਦੇ ਅਜਿਹੇ ਖੁਦਕੁਸ਼ੀਆਂ ਭਰੇ, ਮੌਤਾਂ ਭਰੇ, ਪਰਵਾਸ ਭਰੇ ਮਾਹੌਲ ਵਿਚ ਕਵੀ ਹੋਰ ਸੰਵੇਦਨਸ਼ੀਲਤਾ ਨਾਲ ਸੋਚਦਾ, ਇਨ੍ਹਾਂ ਹਾਲਾਤਾਂ ਤੇ ਝੁਰਦਾ ਲਿਖਦਾ ਹੈ :

**ਲੱਗੀ ਨਜ਼ਰ ਪੰਜਾਬ ਨੂੰ, ਏਦੀ ਨਜ਼ਰ ਉਤਾਰੋ**
**ਲੈ ਕੇ ਮਿਰਚਾਂ ਕੌੜੀਆਂ, ਇਹਦੇ ਸਿਰ ਤੋਂ ਵਾਰੋ**
**ਸਿਰ ਤੋਂ ਵਾਰੋ, ਵਾਰ ਕੇ, ਅੱਗ ਦੇ ਵਿਚ ਸਾੜੋ**
**ਲੱਗੀ ਨਜ਼ਰ ਪੰਜਾਬ ਨੂੰ, ਏਦੀ ਨਜ਼ਰ ਉਤਾਰੋ।**


2000-2010 ਵਿਚ ਪਰਵੇਸ਼ ਕਰਦੀ ਉਸਦੀ ਕਵਿਤਾ ਵੀ ਪੰਜਾਬ ਦੇ ਨਾਲ ਉੱਭਰ ਆਉਂਦੀ ਹੈ ਤੇ ਖੁਸ਼ਹਾਲੀ ਵੱਲ ਵਧਦੀ ਹੈ। ਪਰ ਹਰ ਕ੍ਰਾਂਤੀ ਆਉਣ ਤੋਂ ਬਾਅਦ ਜੋ ਵਾਤਾਵਰਣ ਦਾ ਘਾਣ ਹੋ ਰਿਹਾ ਹੈ ਉਸ ਲਈ ਕਵੀ ਦਾ ਸੰਵੇਦਨਸ਼ੀਲ ਮਨ ਚਿੰਤਤ ਹੁੰਦਾ ਹੈ। ਇਸ ਦੌਰ ਵਿਚ ਆਈਆਂ ਕਵਿਤਾਵਾਂ ਵਿਚ ਕੀ ਵਾਤਾਵਰਣ ਦੇ ਖਾਤਮੇ 'ਤੇ ਚਿਤਤ ਪ੍ਰਤੀਤ ਹੁੰਦਾ ਹੈ।

**"ਰੁੱਖ ਖੜੋਤੇ ਦੇਖਦੇ, ਫੁੱਲ ਖਿੜ ਕੇ ਹੱਸਦੇ**
**ਕੋਲੋਂ ਲੰਘਦੇ ਹੌਂਕਦੇ ਬੰਦਿਆਂ ਦੀ ਰਫ਼ਤਾਰ 'ਤੇ**
**ਸੁੱਕੇ ਪੱਤਿਆਂ ਵਾਂਗਰਾਂ ਕਿਧਰ ਉੱਡਦੇ ਜਾ ਰਹੇ**
**ਕੈਸਾ ਝੱਖੜ ਝੁੱਲਿਆ ਬੰਦਿਆਂ ਦੇ ਸੰਸਾਰ 'ਤੇ।**

ਮਨੁੱਖ ਆਪਣੀ ਤਰੱਕੀ ਦੀ ਦੌੜ ਦੇ ਵਿਚ ਆਪਣਾ ਆਸਾ-ਪਾਸਾ ਉਜਾੜੀ ਜਾ ਰਿਹਾ। ਮਿੱਟੀ, ਪਾਣੀ, ਹਵਾ ਸਭ ਗੰਧਲੇ ਕਰ ਦਿੱਤੇ ਹਨ। ਕਵੀ ਮਨੁੱਖ ਦੀ ਇਸ ਦੌੜ ਤੇ ਚਿੰਤਤ ਪ੍ਰਤੀਤ ਹੁੰਦਾ ਹੈ। ਇਸ ਦਹਾਕੇ ਤੋਂ ਜਦ ਮਨੁੱਖਤਾ ਅਗਲੇ ਦਹਾਕੇ ਵੱਲ ਵਧਦੀ ਹੈ ਭਾਵ 2010-2014-15 ਤੱਕ ਪੰਜਾਬ ਵਿਚ ਵਧਦਾ ਵਿਦੇਸ਼ ਜਾਣ ਦਾ ਰੁਝਾਨ ਕਵੀ ਦੇ ਮਨ ਵਿਚ ਚੀਸ ਪੈਦਾ ਕਰਦਾ ਹੈ। ਪੰਜਾਬ ਤੋਂ ਪਰਵਾਸ ਕਰਨ ਲਈ ਨੌਜਵਾਨ ਪੀੜ੍ਹੀ ਦਾ ਅੰਗਰੇਜ਼ੀ ਭਾਸ਼ਾ ਵੱਲ ਵਧਦਾ ਰੁਝਾਨ ਕਵੀ ਨੂੰ ਚਿੰਤਤ ਕਰਦਾ ਹੈ। ਉਹ ਲਿਖਦਾ ਹੈ :

**"ਕਦੀ ਕਦੀ ਤਾਂ ਡਰ ਲੱਗਦਾ ਹੈ**
**ਕਿੱਧਰ ਉੱਡਦੀਆਂ ਜਾਂਦੀਆਂ ਨੇ ਦਸਤਾਰਾਂ"**

ਕਵੀ ਮਰ ਰਹੀ ਭਾਸ਼ਾ ਲਈ ਚਿੰਤਤ ਹੁੰਦਾ ਹੈ ਤੇ ਫਿਰ ਸੋਚਦਾ ਹੈ ਮਾਂ ਬੋਲੀ ਦਾ ਸਾਡੇ ਰਿਜਕ ਨਾਲ ਡੂੰਘਾ ਸਬੰਧ ਹੁੰਦਾ ਹੈ। ਅੱਜ ਪੰਜਾਬੀ ਵਿਦੇਸ਼ਾਂ 'ਚ ਰਿਜਕ ਭਾਲਦੇ ਨੇ ਤਾਂ ਵਿਦੇਸ਼ੀ ਭਾਸ਼ਾ ਦਾ ਰੁਝਾਨ ਹੈ। ਇਸੇ ਤਰ੍ਹਾਂ ਤਾਂ ਪੰਜਾਬ 'ਚ ਹੋ ਰਿਹਾ ਹੈ :



**"ਊੜਾ ਐੜਾ ਲਿਖ ਰਹੀ**
**ਬੇਟੀ ਨੰਦ ਕਿਸ਼ੋਰ ਦੀ**
**ਕਿੰਨਾ ਗੂੜਾ ਸਾਕ ਹੈ**
**ਅੱਖਰ ਅਤੇ ਰਿਜਕ ਦਾ"**

ਇਸ ਦੌਰ ਤੋਂ ਬਾਅਦ ਕਵੀ ਦੀ ਕਵਿਤਾ ਇਕ ਵਿਦਰੋਹੀ ਅਤੇ ਅੰਦੋਲਨਕਰੀ ਰੁਖ ਅਪਨਾਉਂਦੀ ਹੈ। ਕਿਸਾਨੀ ਵਿਦਰੋਹ ਵਿਚ ਉਸ ਦੀ ਕਵਿਤਾ ਇਕ ਵਿਦਰੋਹ ਰੁਖ ਆਪਣਉਂਦੀ ਹੈ ਤੇ ਸਰਕਾਰਾਂ ਤੋਂ ਆਪਣੇ ਹੱਕ ਦੀ ਮੰਗ ਕਰਦੀ ਹੈ ਅਤੇ ਕਿਸਾਨਾਂ ਨੂੰ ਉਤਸ਼ਾਹ ਦਿੰਦਾ ਹੈ:

**"ਮੰਨਿਆ ਕਿ ਰਾਜ ਨ੍ਹੇਰੇ ਦਾ ਹਠੀਲਾ**
**ਪਰ ਅਜੇ ਜਿਉਂਦਾ ਹੈ ਕਿਰਨਾਂ ਦਾ ਕਬੀਲਾ**
**ਕਾਲਿਆਂ ਸਫਿਆਂ ਤੇ ਸਤਰਾਂ ਲਾਲ ਰੱਤੀਆਂ**
**ਉੱਠ ਜਗਾ ਦੇ ਮੋਮਬੱਤੀਆਂ।"**

ਕਿਸਾਨ ਅੰਦੋਲਨ ਵਿਚ ਉਹ ਕਿਸਾਨਾਂ ਦੇ ਪੱਖ ਵਿਚ ਖੜ੍ਹਦਾ ਹੈ ਤੇ ਸਰਕਾਰਾਂ ਨੂੰ ਵੰਗਾਰਦਾ ਹੈ। ਦਿੱਲੀ ਸਰਕਾਰ ਨੂੰ ਵੰਗਾਰਦਾ ਹੋਇਆ ਆਪਣੇ ਹੱਕਾਂ ਦੀ ਮੰਗ ਕਰਦਾ ਹੈ। ਕਿਸਾਨਾਂ ਦੇ ਪੱਖ 'ਚ ਖੜ੍ਹਦਾ ਉਹ ਪੰਜਾਬ ਲਈ ਦੁਆਵਾਂ ਮੰਗਦਾ ਹੈ।

**"ਇਹ ਬਾਤ ਨਿਰੀ ਏਨੀ ਹੀ ਨਹੀਂ**
**ਨਾ ਇਹ ਮਸਲਾ ਸਿਰਫ਼ ਕਿਸਾਨ ਦਾ ਏ।**
**ਇਹ ਪਿੰਡ ਦੇ ਵਸਦੇ ਰਹਿਣ ਦਾ ਏ**
**ਜਿਹਨੂੰ ਤੌਖਲਾ ਉੱਜੜ ਜਾਣ ਦਾ ਏ।"**

ਉਦਾਸੀਆਂ, ਬਿਰਹਾ, ਵਿਦਰੋਹਾਂ ਅਤੇ ਔਖੇ ਸਮਿਆਂ 'ਚੋਂ ਗੁਜ਼ਰਦੀ ਉਸਦੀ ਕਵਿਤਾ ਇਕ ਵਿਦਰੋਹੀ ਰੁਖ ਫੜਦੀ ਹੈ। ਉਹ ਕਿਸਾਨਾਂ ਦੇ ਪੱਖ 'ਚ, ਪੰਜਾਬ ਦੇ ਪੱਖ 'ਚ ਖੜ੍ਹਦਾ ਹੈ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸੁਰਜੀਤ ਪਾਤਰ ਦੀ ਕਵਿਤਾ ਸਿਰਫ਼ ਪਾਤਰ ਦੀ ਕਵਿਤਾ ਨ ਹੋ ਕੇ ਪੰਜਾਬ ਦੀ ਕਵਿਤਾ ਹੈ। ਉਹ ਪੰਜਾਬ ਦੇ ਹਾਲਾਤਾਂ ਅਤੇ ਹਾਲਤਾਂ ਨੂੰ ਬਿਆਨ ਕਰਦੀ ਹੈ। ਪੰਜਾਬ ਨਾਲ ਦੁਖੀ ਹੁੰਦੀ, ਸਹਿੰਦੀ, ਢਹਿੰਦੀ, ਲੜਦੀ ਅਤੇ ਉਭਰਦੀ ਹੈ। ਪਾਤਰ ਦੀ ਕਵਿਤਾ ਪੰਜਾਬ ਦੀ ਕਵਿਤਾ ਹੈ। ਪਾਤਰ ਦੀ ਕਵਿਤਾ ਵਿਚੋਂ ਪੰਜਾਬ ਝਲਕਦਾ ਹੈ। ਉਸ ਦੀਆਂ ਕਵਿਤਾਵਾਂ ਵਿਚੋਂ ਪੰਜਾਬ ਦੇ ਸਮਾਜਿਕ, ਰਾਜਨੀਤਕ, ਆਰਥਿਕ ਆਦਿ ਸਭ ਹਾਲਾਤਾਂ ਦੀ ਝਲਕ ਮਿਲਦੀ ਹੈ। ਸੁਰਜੀਤ ਪਾਤਰ ਦੇ ਨਾਲ ਪੰਜਾਬ ਜੁੜਿਆ ਹੈ ਉਹ ਆਪਣੀਆਂ ਕਵਿਤਾਵਾਂ, ਸਤਰਾਂ ਦੇ ਸ਼ਬਦਾਂ ਵਿਚ ਹਮੇਸ਼ਾ ਜਿੰਦਾ ਰਹੇਗਾ।

**"ਮੈਂ ਤੇ ਨਹੀਂ ਰਹਾਂਗਾ**
**ਮੇਰੇ ਮੀਤ ਰਹਿਣਗੇ**
**ਪਾਣੀ ਨੇ ਮੇਰੇ ਗੀਤ**
**ਤੇ ਮੈਂ ਪਾਣੀ ਤੇ ਲੀਕ ਹਾਂ।"**




# ਕੈਨੇਡਾ ਦੀ ਧਰਤੀ : ਨੌਜਵਾਨ ਕਾਮਿਆਂ ਦਾ ਸੰਘਰਸ਼







**ਮਨਦੀਪ**
+1 438-924-2052

ਪਿਛਲੇ ਕੁਝ ਮਹੀਨਿਆਂ ਤੋਂ ਕੈਨੇਡਾ ਵਿੱਚ ਫੈਡਰਲ ਤੇ ਸੂਬਾ ਸਰਕਾਰਾਂ 'ਪੋਸਟ ਗ੍ਰੈਜੂਏਟ ਵਰਕ ਪਰਮਿਟ' ਨੂੰ ਖਤਮ ਕਰਨ, ਸੀਮਤ ਕਰਨ ਤੇ ਅਸਥਾਈ ਰੋਕ ਲਾਉਣ ਦੇ ਕਦਮ ਚੁੱਕ ਰਹੀਆਂ ਹਨ। ਇਸਤੋਂ ਬਿਨਾਂ ਵੱਖ-ਵੱਖ ਤਰ੍ਹਾਂ ਦੇ ਦਿਹਾਤੀ ਪ੍ਰੋਗਰਾਮ ਬੰਦ ਜਾਂ ਸੀਮਤ ਕਰਨ, ਪੀਐਨਪੀ (ਪ੍ਰੋਵੈਂਨਸ਼ੀਅਲ ਨੌਮਨੀਜ਼ ਪ੍ਰੋਗਰਾਮ) ਤੇ ਪੋਆਂਇੰਟ ਸਿਸਟਮ ਵਿੱਚ ਸੋਧਾਂ ਜਾਂ ਅੜਚਣਾ ਪੈਦਾ ਕੀਤੀਆਂ ਜਾ ਰਹੀਆਂ ਹਨ। ਇਮੀਗ੍ਰੇਸ਼ਨ ਨੀਤੀਆਂ 'ਚ ਇਹ ਤਬਦੀਲੀਆਂ ਵੱਧ ਰਹੇ ਪ੍ਰਵਾਸ ਨੂੰ ਰੋਕਣ ਜਾਂ ਸੀਮਤ ਕਰਨ ਲਈ ਕੀਤੀਆਂ ਜਾ ਰਹੀਆਂ ਹਨ। ਇਸਦੇ ਪਿੱਛੇ ਸਰਕਾਰੀ ਕਾਰਨ ਰਿਹਾਇਸ਼ੀ ਘਰਾਂ ਦੀ ਘਾਟ, ਖਾਸ ਕਿੱਤਿਆਂ ਵਿੱਚ ਨੌਕਰੀਆਂ ਦੀ ਕਮੀ ਤੇ ਦਿਹਾਤੀ ਵਸੋਂ ਦਾ ਸਮਤੋਲ ਦੱਸਿਆ ਜਾ ਰਿਹਾ ਹੈ। ਇਹ ਸਭ ਫੈਸਲੇ ਕੈਨੇਡਾ ਵਿੱਚ ਬਣ ਰਹੇ ਇੱਕ ਖਾਸ ਸਮਾਜਿਕ-ਆਰਥਿਕ ਤੇ ਸਿਆਸੀ ਹਾਲਾਤਾਂ ਵਿੱਚ ਲਏ ਜਾ ਰਹੇ ਹਨ। ਸਰਕਾਰ ਦਾ ਟੀਚਾ ਆਉਂਦੇ ਤਿੰਨ ਸਾਲਾਂ ਵਿੱਚ ਪ੍ਰਵਾਸ ਨੂੰ 5% ਤੱਕ ਘੱਟ ਕਰਨ ਦਾ ਹੈ। ਜਿੱਥੇ ਇਸਦਾ ਸਬੰਧ ਸਥਾਨਕ ਸਿਆਸੀ ਤੇ ਨਸਲੀ ਹਿੱਤਾਂ ਨਾਲ ਹੈ ਉੱਥੇ ਇਸਦੇ ਪਿੱਛੇ ਬਹੁਭਾਂਤੀ ਗਲੋਬਲ ਆਰਥਿਕ ਤੇ ਭੂਸਿਆਸੀ ਹਾਲਾਤ ਵੀ ਕੰਮ ਕਰਦੇ ਹਨ। ਮੌਜੂਦਾ ਸਮੇਂ ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਕੱਚੇ ਕਾਮਿਆਂ ਸਿਰ ਜੋ ਤਲਵਾਰ ਲਟਕ ਰਹੀ ਹੈ ਇਹ ਵਰਤਾਰਾ ਸੰਸਾਰ ਦੇ ਬਾਕੀ ਵਿਕਸਿਤ ਦੇਸ਼ਾਂ ਵਿੱਚ ਵੀ ਵਾਪਰ ਰਿਹਾ ਹੈ। ਯੂ. ਕੇ., ਆਸਟ੍ਰੇਲੀਆ, ਅਮਰੀਕਾ, ਜਰਮਨੀ ਆਦਿ ਮੁਲਕ ਆਏ ਦਿਨ ਇਮੀਗ੍ਰੇਸ਼ਨ ਨੀਤੀਆਂ ਵਿੱਚ ਤਿੱਖੀਆਂ ਸੋਧਾਂ/ਤਬਦੀਲੀਆਂ ਕਰਕੇ ਪ੍ਰਵਾਸੀ ਕਾਮਿਆਂ ਉੱਤੇ ਬੇਲੋੜਾ ਬੋਝ ਪਾ ਰਹੇ ਹਨ। ਕੈਨੇਡਾ ਸਮੇਤ ਸਾਰੇ ਵਿਕਸਿਤ ਮੁਲਕਾਂ (ਜਿੰਨਾ ਵੱਲ ਪ੍ਰਵਾਸ ਦਾ ਵਹਿਣ ਵਹਿ ਰਿਹਾ ਹੈ) ਵਿੱਚ ਕੱਚੇ ਜਾਂ ਅਸਥਾਈ ਕਾਮਿਆਂ (ਕਾਨੂੰਨੀ/ਗੈਰ ਕਾਨੂੰਨੀ) ਨੂੰ ਸਥਾਈ ਨਿਵਾਸੀਆਂ ਦਾ ਦਰਜਾ ਨਾ ਦੇਣਾ ਇੱਕ ਗੈਰ ਮਨੁੱਖੀ, ਗੈਰ ਬਰਾਬਰ, ਵਿਤਕਰੇ ਵਾਲਾ ਤੇ ਅਨੈਤਿਕ ਵਰਤਾਰਾ ਹੈ। ਕਿਸੇ ਮਨੁੱਖ ਤੋਂ ਉਸਦੇ 'ਦਰਜੇ' (ਸਟੇਟਸ) ਕਰਕੇ ਉਸਦੇ ਬਰਾਬਰ ਦੇ ਮਨੁੱਖੀ ਅਧਿਕਾਰ ਅਤੇ ਸੁਰੱਖਿਆ ਖੋਹਣੀ ਕਿਸੇ ਵੀ ਪੱਖ ਤੋਂ ਵਾਜਬ ਨਹੀਂ ਹੈ। ਇਹਨਾਂ ਅਧਿਕਾਰਾਂ ਨਾਲ ਉਸਦੀ ਸਿਹਤ, ਸਿੱਖਿਆ, ਰੁਜ਼ਗਾਰ, ਰਿਹਾਇਸ਼ ਤੇ ਸਮਾਜਿਕ ਸਨਮਾਨ ਦੀਆਂ ਬੁਨਿਆਦੀ ਜ਼ਰੂਰਤਾਂ ਜੁੜੀਆਂ ਹੁੰਦੀਆਂ ਹਨ।

ਕੈਨੇਡਾ, ਜਿੱਥੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਹੈ ਉੱਥੇ ਇਹ ਸ਼ਰਨਾਰਥੀਆਂ ਲਈ ਵੀ ਵੱਡੀ ਪਨਾਹਗਾਹ ਬਣਿਆ ਹੋਇਆ ਹੈ। ਕੈਨੇਡਾ ਵਿੱਚ ਪੜ੍ਹਾਈ ਪੂਰੀ ਕਰਨ ਬਾਅਦ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ 'ਪੋਸਟ ਗ੍ਰੈਜੂਏਟ ਵਰਕ ਪਰਮਿਟ' ਦਿੱਤਾ ਜਾਂਦਾ ਹੈ ਤੇ ਵੱਖ-ਵੱਖ ਸੂਬਿਆਂ ਵਿੱਚ ਕੁਝ ਨਿਸ਼ਚਿਤ ਸਮੇਂ ਲਈ ਵੱਖ-ਵੱਖ ਕਿੱਤਿਆਂ ਵਿੱਚ 6 ਮਹੀਨੇ ਤੋਂ ਇੱਕ ਸਾਲ ਤੱਕ ਦਾ ਤਜ਼ਰਬਾ ਹਾਸਲ ਕਰਨ ਬਾਅਦ ਉਹ ਪੀਐਨਪੀ ਲਈ ਅਪਲਾਈ ਕਰਦੇ ਹਨ। ਪੀਐਨਪੀ ਹਾਸਲ ਕਰਨ ਬਾਅਦ ਅੰਗਰੇਜੀ ਭਾਸ਼ਾ ਦੀ ਮੁਹਾਰਤ ਵਾਲਾ ਆਇਲੈਟਸ ਕੋਰਸ, ਉਮਰ, ਕੰਮ ਦਾ ਤਰਜ਼ਬਾ ਆਦਿ ਦਾ ਜਮ੍ਹਾਜੋੜ ਕਰਕੇ ਕੁਝ ਨਿਸ਼ਚਿਤ ਅੰਕਾਂ ਦੇ ਅਧਾਰ ਤੇ ਕੈਨੇਡਾ ਦੀ ਪੀਆਰ ਦਿੱਤੀ ਜਾਂਦੀ ਹੈ। ਪਰ ਹੁਣ ਸਰਕਾਰ ਵੱਲੋਂ ਪੀਆਰ ਲਈ ਜਰੂਰੀ ਪੀਐਨਪੀ ਪ੍ਰੋਗਰਾਮ ਵਿੱਚ ਅਚਨਚੇਤ ਤਬਦੀਲੀਆਂ ਕਰਕੇ ਵਿਦਿਆਰਥੀਆਂ ਦੇ ਭਵਿੱਖ ਨੂੰ ਧੁੰਦਲਾ ਕੀਤਾ ਜਾ ਰਿਹਾ ਹੈ। ਅਚਾਨਕ ਹੋਈਆਂ ਤਬਦੀਲੀਆਂ ਨੇ ਜਿੱਥੇ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਦੇ ਸੁਪਨੇ ਤੋੜ ਦਿੱਤੇ ਹਨ ਉੱਥੇ ਉਹਨਾਂ ਅੰਦਰ ਚਿੰਤਾ ਤੇ ਸਹਿਮ ਦਾ ਮਹੌਲ ਪੈਦਾ ਕਰ ਦਿੱਤਾ ਹੈ। ਨੌਜਵਾਨ ਕਾਮਿਆਂ ਕੋਲ ਸੁਪਨਿਆਂ ਨੂੰ ਪੂਰਾ ਕਰਨ ਲਈ ਕੋਈ ਵਿਕਲਪ ਨਾ ਬਚਦਾ ਹੋਣ ਕਰਕੇ ਉਹ ਪੱਕਿਆਂ ਨਾਲ ਵਿਆਹ ਕਰਵਾਉਣ, ਮਹਿੰਗੇ ਮੁੱਲ ਤਾਰ ਕੇ ਐਲਐਮਆਈ (Labour Market Impact Assessment (LMIA) ਲੈਣ ਅਤੇ ਸ਼ਰਨਾਰਥੀ ਕੇਸ ਦਰਜ ਕਰਨ ਲਈ ਮਜ਼ਬੂਰ ਹਨ। ਇਹਨਾਂ ਤਬਦੀਲੀਆਂ ਬਾਅਦ ਕੈਨੇਡਾ ਵਿੱਚ ਯਕਦਮ ਸ਼ਰਨਾਰਥੀ ਕੇਸ਼ਾਂ ਵਿੱਚ 1500% ਦਾ ਵਾਧਾ ਹੋ ਗਿਆ ਅਤੇ ਸਰਕਾਰ ਬਿਆਨ ਦੇ ਰਹੀ ਹੈ ਕਿ 28000 ਤੋਂ ਵੱਧ ਕੇਸ ਫਰਜ਼ੀ ਪੇਪਰਾਂ ਤੇ ਅਧਾਰਿਤ ਹਨ ਅਤੇ ਉਹਨਾਂ ਉੱਤੇ ਜਲਦ ਹੀ ਕਾਰਵਾਈ ਕੀਤੀ ਜਾਵੇਗੀ। ਪੀਐਨਪੀ ਪ੍ਰੋਗਰਾਮ ਵਿੱਚ ਅਲਬਰਟਾ, ਬੀ. ਸੀ., ਪ੍ਰਿੰਸ ਐਡਵਰਡ ਆਈਲੈਂਡ, ਨੋਵਾ ਸਕੌਸ਼ੀਆ, ਯੂਕੌਨ, ਓਨਟਾਰਿਓ ਆਦਿ ਸੂਬਿਆਂ ਨੇ ਇਮੀਗ੍ਰੇਸ਼ਨ ਨੀਤੀਆਂ ਵਿੱਚ ਤਬਦੀਲੀਆਂ ਕੀਤੀਆਂ ਹਨ। ਇਹਨਾਂ ਤਬਦੀਲੀਆਂ ਵਿਰੁੱਧ ਨੌਜਵਾਨ ਕਾਮੇ ਲਗਾਤਾਰ ਸੰਘਰਸ਼ ਕਰ ਰਹੇ ਹਨ। ਇਸ ਦੌਰਾਨ ਕੱਚੇ-ਪੱਕੇ ਅਤੇ ਕੈਨੇਡੀਅਨ ਨਾਗਰਿਕਾਂ ਵਿੱਚ ਆਪਸੀ ਤਣਾਅ ਪਣਪਨਾ ਸ਼ੁਰੂ ਹੋ ਗਿਆ ਹੈ ਜੋ ਭਵਿੱਖ ਵਿੱਚ ਨਸਲੀ ਨਫ਼ਰਤ ਤੇ ਹਮਲਿਆਂ ਨੂੰ ਜਨਮ ਦੇਣ ਦਾ ਅਧਾਰ ਬਣ ਸਕਦਾ ਹੈ।

ਧਰਤੀ ਦੇ ਕਿਸੇ ਵੀ ਟੋਟੇ ਤੇ ਵੱਸਦੇ ਹਰੇਕ ਬਸ਼ਿੰਦੇ ਨੂੰ ਜਨਤਕ ਸਿਹਤ ਸੰਭਾਲ ਅਤੇ ਬੁਨਿਆਦੀ ਮਨੁੱਖੀ ਤੇ ਕਾਨੂੰਨੀ ਅਧਿਕਾਰਾਂ ਦੀ ਬਰਾਬਰ ਜ਼ਰੂਰਤ ਹੁੰਦੀ ਹੈ ਪਰ 'ਬਿਨ ਦਰਜੇ' ਵਾਲਾ ਵਿਅਕਤੀ ਇਹਨਾਂ ਬੁਨਿਆਦੀ ਸਹੂਲਤਾਂ ਦੀ ਬਰਾਬਰ ਪਹੁੰਚ ਤੋਂ ਵਾਂਝਾ ਰਹਿੰਦਾ ਹੈ। 'ਰੁਤਬਾ ਰਹਿਤ' ਇਹ ਲੋਕ ਭੋਜਨ, ਊਰਜਾ, ਸੇਵਾਵਾਂ, ਟਰਾਂਸਪੋਰਟ, ਖੇਤੀਬਾੜੀ, ਉਸਾਰੀ, ਅਤੇ ਦੇਖਭਾਲ ਵਰਗੇ ਵੱਖ-ਵੱਖ ਖੇਤਰਾਂ ਵਿੱਚ ਆਪਣੀ ਸਸਤੀ ਕਿਰਤ ਸ਼ਕਤੀ ਰਾਹੀਂ ਕੈਨੇਡਾ ਦੀ ਆਰਥਿਕਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਕੱਚੇ ਜਾਂ ਅਸਥਾਈ ਕਾਮੇ ਆਪਣੇ ਦਰਜੇ ਕਰਕੇ ਘੱਟ ਤਨਖਾਹ, ਮਾੜੀਆਂ ਕੰਮ ਹਾਲਤਾਂ, ਗਾਲੀ-ਗਲੋਚ, ਧਮਕੀਆਂ, ਤੇ ਤਨਖਾਹਾਂ ਦੱਬੇ ਜਾਣ ਦੀ ਸੂਰਤ 'ਚ ਕਾਨੂੰਨ ਦਾ ਆਸਰਾ ਲੈਣ ਤੋਂ ਵਿਰਵੇ ਹੁੰਦੇ ਹਨ ਜਿਸ ਕਰਕੇ ਉਹ ਥਾਂ-ਥਾਂ ਤੇ ਮਾਨਵੀ ਤੇ ਆਰਥਿਕ ਹਿੱਤਾਂ ਦਾ ਸ਼ੋਸ਼ਣ ਕਰਵਾਉਣ ਲਈ ਸਰਾਪੇ ਜਾਂਦੇ ਹਨ। ਇਸ ਸਮੇਂ ਲੱਗਭੱਗ 26 ਲੱਖ ਤੋਂ ਵੱਧ ਲੋਕ (ਅੰਤਰਰਾਸ਼ਟਰੀ ਵਿਦਿਆਰਥੀ, ਸ਼ਰਨਾਰਥੀ, ਵਿਦੇਸ਼ੀ ਕਾਮੇ ਆਦਿ) ਬਿਨਾ ਸਥਾਈ ਨਿਵਾਸ ਦੇ ਕੈਨੇਡਾ ਵਿੱਚ ਰਹਿੰਦੇ ਹਨ ਜੋ ਕੈਨੇਡਾ ਦੇ ਵੱਖ-ਵੱਖ ਖੇਤਰਾਂ ਲਈ ਸਸਤੀ ਲੇਬਰ ਦਾ ਸਭ ਤੋਂ ਵੱਡਾ ਸ੍ਰੋਤ ਹਨ। ਇਹ ਲੋਕ ਫਿਲਹਾਲ ਵੋਟ ਪਰਚੀ ਨਹੀਂ ਹਨ ਤੇ ਹਾਸ਼ੀਏ ਉੱਤੇ ਧੱਕੇ ਹੋਏ ਹਨ। ਇਹਨਾਂ ਅੱਗੇ ਆਪਣੇ ਹੱਕਾਂ ਲਈ ਅਵਾਜ਼ ਉਠਾਉਣ ਤੋਂ ਸੰਘਰਸ਼ ਕਰਨ ਦੇ ਮਾਨਵੀ ਹੱਕ ਦੀ ਵਰਤੋਂ ਕਰਨ ਦੇ ਅੜਿੱਕੇ ਹਨ।

ਵੱਖ ਵੱਖ ਮੁਲਕਾਂ ਦੇ ਵਿਗੜ ਰਹੇ ਆਰਥਿਕ, ਸਿਆਸੀ ਤੇ ਸਮਾਜਿਕ ਮਹੌਲ ਕਰਕੇ ਪ੍ਰਵਾਸ ਤੇ ਉਜਾੜਾ ਲਗਾਤਾਰ ਵੱਧ ਰਿਹਾ ਹੈ। ਜੰਗਾਂ ਇਸਨੂੰ ਹੋਰ ਜ਼ਰਬਾਂ ਦੇ ਰਹੀਆਂ ਹਨ। ਵਿਸ਼ਵਵਿਆਪੀ ਸੰਕਟਾਂ, ਕੂਟਨੀਤਿਕ ਸੰਬੰਧਾਂ ਕਰਕੇ ਵੀ ਸ਼ਰਨਾਰਥੀਆਂ ਦਾ ਦਾਖਲਾ ਲਗਾਤਾਰ ਵਧਿਆ ਹੈ। ਕੈਨੇਡਾ ਸਿੱਖਿਆ ਦੇ ਨਾਲ-ਨਾਲ ਸ਼ਰਨਾਰਥੀ ਪੁਨਰਵਾਸ ਲਈ ਦੁਨੀਆ ਦੇ ਸਭ ਤੋਂ ਮੋਹਰੀ ਦੇਸ਼ਾਂ ਵਿੱਚੋਂ ਇੱਕ ਹੈ। ਇਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ (IRCC) ਦੇ 2023 ਵਿੱਚ ਉਪਲਬਧ ਸਭ ਤੋਂ ਤਾਜ਼ਾ ਅੰਕੜਿਆਂ ਅਨੁਸਾਰ, ਕੈਨੇਡਾ ਵਿੱਚ ਸ਼ਰਨਾਰਥੀਆਂ ਅਤੇ ਪਨਾਹ ਮੰਗਣ ਵਾਲਿਆਂ ਦੀ ਗਿਣਤੀ ਲਗਭਗ 118,000 ਹੈ। ਇਸ ਵਿੱਚ ਸਰਕਾਰੀ ਸਹਾਇਤਾ ਪ੍ਰਾਪਤ ਸ਼ਰਨਾਰਥੀ ਅਤੇ ਨਿੱਜੀ ਤੌਰ 'ਤੇ ਸਪਾਂਸਰ ਕੀਤੇ ਗਏ ਸ਼ਰਨਾਰਥੀ ਦੋਵੇਂ ਸ਼ਾਮਲ ਹਨ। ਸਾਲ 2023 ਵਿੱਚ ਕੈਨੇਡਾ ਵਿੱਚ ਲਗਭਗ 70,000 ਲੋਕਾਂ ਨੇ ਸ਼ਰਨ ਲਈ ਹੈ। 2022 ਵਿੱਚ ਪੁਨਰਵਾਸੀਆਂ ਦੀ ਇਹ ਗਿਣਤੀ 20,000 ਸੀ। 2024 ਦੇ ਸ਼ੁਰੂ ਵਿੱਚ, ਕੈਨੇਡਾ ਨੇ ਰੂਸ-ਯੂਕਰੇਨ ਜੰਗ ਕਰਕੇ ਯੂਕਰੇਨੀ ਸ਼ਰਨਾਰਥੀਆਂ ਨੂੰ 'ਐਮਰਜੈਂਸੀ ਯਾਤਰਾ ਲਈ ਕੈਨੇਡਾ-ਯੂਕਰੇਨ ਅਧਿਕਾਰ' (CUAET)' ਪ੍ਰੋਗਰਾਮ ਤਹਿਤ 'ਅਣਗਿਣਤ' ਯੂਕਰੇਨੀਆਂ ਨੂੰ ਕੈਨੇਡਾ ਵਿੱਚ ਅਸਥਾਈ ਨਿਵਾਸ ਲਈ ਅਰਜ਼ੀ ਦੇਣ ਦੀ ਇਜਾਜ਼ਤ ਦਿੱਤੀ ਹੈ। ਇਹਨਾਂ ਅਸਥਾਈ ਵੀਜ਼ਿਆਂ ਤਹਿਤ ਯੂਕਰੇਨੀਆਂ ਨੂੰ ਤਿੰਨ ਸਾਲਾਂ ਤੱਕ ਕੈਨੇਡਾ ਵਿੱਚ ਰਹਿਣ, ਕੰਮ ਕਰਨ ਅਤੇ ਪੜ੍ਹਾਈ ਕਰਨ ਦੀ ਇਜਾਜ਼ਤ ਹੈ। 2024 ਦੀ ਸ਼ੁਰੂਆਤ ਤੱਕ, ਕੈਨੇਡਾ ਨੇ CUAET ਰਾਹੀਂ 800,000 ਤੋਂ ਵੱਧ ਅਰਜ਼ੀਆਂ ਪ੍ਰਾਪਤ ਕੀਤੀਆਂ ਤੇ ਲਗਭਗ 620,000 ਵੀਜ਼ੇ ਜਾਰੀ ਕੀਤੇ। ਇਸ ਸਾਲ ਕੈਨੇਡਾ ਨੇ CUAET ਪ੍ਰੋਗਰਾਮ ਤਹਿਤ 190,000 ਤੋਂ ਵੱਧ ਯੂਕਰੇਨੀ ਸ਼ਰਨਾਰਥੀਆਂ ਦਾ ਸਵਾਗਤ ਕਰਨ ਦਾ ਟੀਚਾ ਰੱਖਿਆ ਹੈ। ਇਸਤੋਂ ਬਿਨਾਂ ਕੈਨੇਡਾ ਨੇ ਯੂਕਰੇਨੀ ਸ਼ਰਨਾਰਥੀਆਂ ਲਈ ਵਿੱਤੀ ਸਹਾਇਤਾ, ਬੰਦੋਬਸਤ ਸੇਵਾਵਾਂ, ਅਤੇ ਸਿਹਤ ਸੰਭਾਲ ਅਤੇ ਸਿੱਖਿਆ ਤੱਕ ਪਹੁੰਚ ਵੀ ਪ੍ਰਦਾਨ ਕੀਤੀ ਹੈ। ਇਹ ਸਭ ਸਿਆਸੀ ਤੇ ਕੂਟਨੀਤਿਕ ਲਾਹੇ ਤਹਿਤ ਵਾਪਰ ਰਿਹਾ ਹੈ। ਇੱਕ ਪਾਸੇ ਰਿਹਾਇਸ਼ ਤੇ ਵਸੋਂ ਦੀ ਸਮੱਸਿਆ ਦੇ ਬਹਾਨੇ ਹੇਠ ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਨੌਜਵਾਨ ਪ੍ਰਵਾਸੀ ਕਾਮਿਆਂ ਨੂੰ ਦੇਸ਼ 'ਚੋਂ ਬਾਹਰ ਕਰਨ ਦੀਆਂ ਤਿਆਰੀਆਂ ਹਨ ਤੇ ਦੂਜੇ ਪਾਸੇ 'ਅਣਗਿਣਤ' ਯੂਕਰੇਨੀ ਸ਼ਰਨਾਰਥੀਆਂ ਨੂੰ ਸੱਦ ਕੇ ਕੂਟਨੀਤਿਕ ਹਥਿਆਰ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ। ਯੂਕਰੇਨੀ ਸ਼ਰਨਾਰਥੀਆਂ ਨੂੰ ਪਨਾਹ ਦੇਣਾ ਗਲਤ ਨਹੀਂ ਹੈ ਪਰ ਇਸ ਲਈ ਨੌਜਵਾਨ ਪ੍ਰਵਾਸੀ ਕਾਮਿਆਂ ਦੀ ਬਲੀ ਲੈਣੀ ਕਿਸੇ ਵੀ ਪੱਖ ਤੋਂ ਜਾਇਜ਼ ਨਹੀਂ ਹੈ। ਕੈਨੇਡੀਅਨ ਇਮੀਗ੍ਰੇਸ਼ਨ ਦੀ ਇਹ ਵਿਤਕਰੇਬਾਜ਼ੀ ਮਹਿਜ਼ ਪ੍ਰਵਾਸੀ ਕਾਮਿਆਂ ਪ੍ਰਤੀ ਹੀ ਨਹੀਂ ਬਲਕਿ ਫਲਸਤੀਨੀ ਸ਼ਰਨਾਰਥੀਆਂ ਪ੍ਰਤੀ ਵੀ ਹੈ। ਇਸ ਸਮੇਂ ਫਲਸਤੀਨ ਭਿਆਨਕ ਜੰਗੀ ਤਬਾਹੀ ਹੇਠ ਹੈ ਅਤੇ ਫਲਸਤੀਨੀ ਸ਼ਰਨਾਰਥੀ ਉਜੜ ਕੇ ਮੱਧ ਪੂਰਬੀ ਤੇ ਯੂਰਪੀ ਦੇਸ਼ਾਂ ਵੱਲ ਹਿਜ਼ਰਤ ਕਰ ਰਹੇ ਹਨ। ਫਲਸਤੀਨੀ ਸ਼ਰਨਾਰਥੀਆਂ ਲਈ ਕੈਨੇਡੀਅਨ ਸਰਕਾਰ ਦੀ ਮਾਨਵੀ ਭਾਵਨਾ ਸਮਾਨਤਾ ਵਾਲੀ ਨਹੀਂ ਹੈ। ਉਲਟਾ ਕੈਨੇਡਾ ਵੱਲੋਂ ਇਜ਼ਰਾਇਲ ਨੂੰ ਜੰਗ ਲਈ ਲੱਖਾਂ ਡਾਲਰਾਂ ਦੀ ਸਹਾਇਤਾ ਦਿੱਤੀ ਜਾਂਦੀ ਹੈ ਜੋ ਇੱਕ ਪਾਸੇ ਫਲਸਤੀਨੀ ਲੋਕਾਂ ਦੇ ਉਜਾੜੇ ਦਾ ਇੱਕ ਕਾਰਨ ਬਣਦੀ ਹੈ ਤੇ ਦੂਜੇ ਪਾਸੇ ਕੈਨੇਡਾ ਦੇ ਆਮ ਲੋਕਾਂ ਤੇ ਇਸਦਾ ਬੋਝ ਪੈਂਦਾ ਹੈ।

ਵਿਸ਼ਵਵਿਆਪੀ ਸ਼ਰਨਾਰਥੀ ਸੰਕਟ ਇੱਕ ਗਤੀਸ਼ੀਲ ਅਤੇ ਗੁੰਝਲਦਾਰ ਵਰਤਾਰਾ ਹੈ ਜੋ ਭਵਿੱਖ ਵਿੱਚ ਹੋਰ ਗਹਿਰਾ ਹੋਣ ਦੇ ਅਸਾਰ ਹਨ। ਸੰਯੁਕਤ ਰਾਸ਼ਟਰ ਦੇ ਸ਼ਰਨਾਰਥੀ ਹਾਈ ਕਮਿਸ਼ਨਰ (UNHCR) ਅਨੁਸਾਰ, 2023 ਦੇ ਅੱਧ ਤੱਕ, ਦੁਨੀਆ ਭਰ ਵਿੱਚ ਲਗਭਗ 35.3 ਮਿਲੀਅਨ ਸ਼ਰਨਾਰਥੀ ਸਨ ਤੇ ਸ਼ਰਣ ਮੰਗਣ ਵਾਲਿਆਂ ਦੀ ਕੁੱਲ ਗਿਣਤੀ 108 ਮਿਲੀਅਨ ਤੋਂ ਵੱਧ ਹੈ। ਇਸ ਵਿੱਚ ਉਹ ਲੋਕ ਵੀ ਸ਼ਾਮਲ ਹਨ ਜੋ ਅੱਤਿਆਚਾਰਾਂ, ਸੰਘਰਸ਼, ਕੁਦਰਤੀ ਆਫਤਾਂ, ਜੰਗ, ਹਿੰਸਾ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਕੇ ਆਪਣੇ ਦੇਸ਼ ਛੱਡਣ ਲਈ ਮਜਬੂਰ ਹੋਏ।


ਸਿਹਤਮੰਦ ਤੇ ਉਸਾਰੂ ਸਮਾਜਿਕ ਭਾਈਚਾਰਕ ਸਾਂਝ ਵਿੱਚ ਕੱਚੇ ਜਾਂ ਗੈਰ ਕਾਨੂੰਨੀ ਹੋਣ ਦਾ ਡਰ ਚੰਗੇ ਭਵਿੱਖ ਤੇ ਸਮਾਜ ਦੀ ਉਸਾਰੀ ਨਹੀਂ ਕਰ ਸਕਦਾ। ਸਮਾਜ ਵਿੱਚ ਕੱਚਿਆਂ, ਪੱਕਿਆਂ ਤੇ ਨਾਗਰਿਕਾਂ ਵਿੱਚਕਾਰ ਦਰਜਾਬੰਦੀ ਸਮਾਜਿਕ ਵੰਡ ਪੈਦਾ ਕਰਦੀ ਹੈ ਜਿਸ ਨਾਲ ਸਮਾਜ ਵਿੱਚ ਰਹਿੰਦੇ ਲੋਕਾਂ ਵਿੱਚ ਦਰਜੇ ਤੇ ਮਾਨਵਤਾ ਦੇ ਅਧਾਰ ਤੇ ਵੰਡੀਆਂ, ਨਫ਼ਰਤ ਤੇ ਨਸਲੀ ਜ਼ਹਿਰ ਪਣਪਦੀ ਹੈ। ਨਸਲੀ ਤੇ ਵਿਤਕਰੇ ਭਰੀ ਇਮੀਗ੍ਰੇਸ਼ਨ ਦੀ ਬਜਾਇ ਬਰਾਬਰ ਇਮੀਗ੍ਰੇਸ਼ਨ ਹੋਣੀ ਚਾਹੀਦੀ ਹੈ ਬਲਕਿ ਇਸਤੋਂ ਵੀ ਅੱਗੇ 'ਸਰਹੱਦ ਮੁਕਤ' ਸੰਸਾਰ ਦਾ ਸੰਕਲਪ ਹੋਣਾ ਚਾਹੀਦਾ ਹੈ ਜੋ ਵਿਸ਼ਵ ਭਾਈਚਾਰੇ 'ਚ ਆਪਸੀ ਸਹਿਣਸ਼ੀਲਤਾ, ਸਾਂਝੀਵਲਤਾ, ਸ਼ਾਂਤੀ ਤੇ ਏਕਤਾ ਦਾ ਅਧਾਰ ਬਣ ਸਕੇ। ਇਸ ਲਈ ਕੈਨੇਡਾ ਵਿੱਚ ਪ੍ਰਵਾਸੀ ਕੱਚੇ ਕਾਮਿਆਂ ਨੂੰ 'ਸਭ ਲਈ ਦਰਜੇ' (Status for all) ਦੀ ਮੰਗ ਨੂੰ ਲੈ ਕੇ ਸੰਘਰਸ਼ ਲੜ੍ਹਨਾ ਚਾਹੀਦਾ ਹੈ। ਸਰਬ ਸਾਂਝੀਵਾਲਤਾ ਦੇ ਇਸ ਸੰਕਲਪ ਨਾਲ ਇੱਕ ਤਾਂ ਉਹਨਾਂ ਦੇ ਸੰਘਰਸ਼ ਦਾ ਘੇਰਾ ਵਧੇਗਾ ਤੇ ਦੂਸਰਾ ਸਭਨਾ ਭਾਈਚਾਰਿਆਂ ਨਾਲ ਏਕਤਾ ਤੇ ਸਮਾਜ 'ਚ ਸੰਘਰਸ਼ ਦੇ ਉੱਚੇ ਮਨੋਰਥ ਦਾ ਸੁਨੇਹਾ ਜਾਵੇਗਾ। ਕੈਨੇਡਾ ਸਰਕਾਰ ਦੀਆਂ ਗੈਰ ਯੋਜਨਾਬੱਧ ਆਰਥਿਕ ਤੇ ਇਮੀਗ੍ਰੇਸ਼ਨ ਨੀਤੀਆਂ ਕਰਕੇ ਦੇਸ਼ ਵਿੱਚ ਵੱਧਦੀ ਮਹਿੰਗਾਈ, ਵੱਧਦੇ ਰਿਹਾਇਸ਼ੀ ਕਿਰਾਏ, ਟੈਕਸਾਂ ਵਿੱਚ ਹੁੰਦਾ ਵਾਧਾ, ਨੌਕਰੀਆਂ ਦੇ ਘੱਟ ਰਹੇ ਮੌਕੇ ਆਦਿ ਵੱਡੀਆਂ ਸਮਾਜਿਕ ਸਮੱਸਿਆਵਾਂ ਖੜੀਆਂ ਹੋ ਰਹੀਆਂ ਹਨ। ਇਹਨਾਂ ਸਮੱਸਿਆਵਾਂ ਦਾ ਹੱਲ ਲਈ ਵੱਡੀ ਸਮਾਜਿਕ ਚੇਤਨਾ, ਏਕਤਾ ਅਤੇ ਸੰਘਰਸ਼ ਦੀ ਜ਼ਰੂਰਤ ਹੈ।


Best Mobile Signs
All kinds of mobile sign board
best mobile sign call for yours
Kamal Sidhu
403-966-7167 bestmobilesigns@gmail.com


GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

# ਸ਼ਾਨਦਾਰ ਉਦਮ : ਪੰਜਾਬੀ ਅਖਬਾਰ ਕੈਨੇਡਾ ਦਰਪਣ ਦੀ ਆਰਕਾਈਵ ਦੀ ਸ਼ੁਰੂਆਤ

**ਹਰਪ੍ਰੀਤ ਸੇਖਾ**









26 ਮਈ 2024 ਨੂੰ ਸਰੀ ਫਲੀਟਵੁੱਡ ਲਇਬਰੇਰੀ ਵਿੱਚ ਪੰਜਾਬੀ ਅਖਬਾਰ ਕੈਨੇਡਾ ਦਰਪਣ ਦੀ ਆਰਕਾਈਵ ਲਾਂਚ ਕੀਤੀ ਗਈ। ਕੈਨੇਡਾ ਦਰਪਣ ਨਵੰਬਰ 1982 ਤੋਂ ਲੈ ਕੇ ਫਰਵਰੀ 1989 ਤੱਕ ਵੈਨਕੂਵਰ/ਸਰੀ ਤੋਂ ਹਫਤਾਵਾਰੀ/ਪੰਦਰਵਾੜਾ ਤੌਰ 'ਤੇ ਦਰਸ਼ਨ ਗਿੱਲ ਦੀ ਸੰਪਾਦਨਾ ਵਿੱਚ ਛਪਦਾ ਹੁੰਦਾ ਸੀ। ਇਸ ਸਮੇਂ ਦੌਰਾਨ ਇਸ ਦੇ 250 ਕੁ ਦੇ ਕਰੀਬ ਅੰਕ ਪ੍ਰਕਾਸ਼ਤ ਹੋਏ। ਇਹਨਾਂ 250 ਅੰਕਾਂ ਵਿੱਚੋਂ ਬਹੁਗਿਣਤੀ ਅੰਕ ਇਸ ਦੀ ਆਰਕਾਈਵ 'ਤੇ ਅਪਲੋਡ ਕਰ ਦਿੱਤੇ ਗਏ ਹਨ, ਜਿਹਨਾਂ ਨੂੰ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਵਸਣ ਵਾਲਾ ਵਿਅਕਤੀ ਇੰਟਰਨੈੱਟ 'ਤੇ ਪੜ੍ਹ ਸਕਦਾ ਹੈ। ਇਹ ਆਰਕਾਈਵ ਸੁਖਵੰਤ ਹੁੰਦਲ ਦੇ ਯਤਨਾਂ ਨਾਲ ਹੋਂਦ ਵਿੱਚ ਆਈ। ਸੁਖਵੰਤ ਹੁੰਦਲ ਹੋਰੀਂ ਇਸ ਤੋਂ ਪਹਿਲਾਂ ਸਾਹਿਤਕ ਰਸਾਲੇ ਸਿਰਜਣਾ ਦੀ ਵੀ ਆਰਕਾਈਵ ਤਿਆਰ ਕਰ ਚੁੱਕੇ ਹਨ।

ਲਾਂਚ ਸਮਾਗਮ ਦੇ ਸ਼ੁਰੂ ਵਿੱਚ ਸਾਧੂ ਬਿਨਿੰਗ ਨੇ ਵੈਨਕੂਵਰ ਸੱਥ ਵਲੋਂ 50 ਕੁ ਦੇ ਕਰੀਬ ਆਏ ਸ੍ਰੋਤਿਆਂ ਨੂੰ ਜੀ ਆਇਆਂ ਕਿਹਾ। ਉਹਨਾਂ ਕਿਹਾ ਕਿ ਕੈਨੇਡਾ ਦਰਪਣ ਅਖਬਾਰ ਦੀ ਆਰਕਾਈਵ ਦਾ ਬਣਨਾ ਸਾਡੇ ਭੂਤ ਅਤੇ ਭਵਿੱਖ ਨਾਲ ਸੰਬੰਧਿਤ ਹੈ। ਇਹ ਇਕ ਤਰੀਕਾ ਹੈ ਜਿਸ ਨਾਲ ਅਸੀਂ ਆਪਣੇ ਭੂਤ ਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਜੋੜ ਰਹੇ ਹਾਂ ਜੋ ਕਿ ਇਕ ਮਹੱਤਵਪੂਰਨ ਗੱਲ ਹੈ। ਉਹਨਾਂ ਕੈਨੇਡਾ ਦਰਪਣ ਦੇ ਛਪਣ ਦੇ ਵਰ੍ਹਿਆਂ ਦੀ ਗੱਲ ਕਰਦਿਆਂ ਕਿਹਾ ਕਿ ਉਹਨਾਂ ਸਮਿਆਂ ਵਿੱਚ ਕੈਨੇਡਾ ਵਿੱਚੋਂ ਪੰਜਾਬੀ ਦਾ ਇਸ ਤਰ੍ਹਾਂ ਦਾ ਅਖਬਾਰ ਕੱਢਣਾ ਬਹੁਤ ਮੁਸ਼ਕਿਲ ਕੰਮ ਸੀ। ਦਰਸ਼ਨ ਗਿੱਲ ਅਤੇ ਉਹਨਾਂ ਦੀ ਪਤਨੀ ਚਰਨਜੀਤ ਕੌਰ ਗਿੱਲ ਨੇ ਉਸ ਸਮੇਂ ਕੈਨੇਡਾ ਦਰਪਣ ਨੂੰ ਕੱਢਣ ਦਾ ਕੰਮ ਬਹੁਤ ਹੌਂਸਲੇ ਅਤੇ ਦ੍ਰਿੜਤਾ ਨਾਲ ਕੀਤਾ, ਜਿਸ ਲਈ ਅਸੀਂ ਉਹਨਾਂ ਦੇ ਸ਼ੁਕਰਗੁਜ਼ਾਰ ਹਾਂ। ਉਹਨਾਂ ਅੱਗੇ ਕਿਹਾ ਕਿ ਬੇਸ਼ੱਕ ਉਸ ਸਮੇਂ ਸਾਨੂੰ ਇਸ ਅਖਬਾਰ ਦੀ ਅਹਿਮੀਅਤ ਦਾ ਪੂਰਾ ਅਹਿਸਾਸ ਨਹੀਂ ਸੀ, ਪਰ ਹੁਣ 40 ਸਾਲਾਂ ਬਾਅਦ ਜਦੋਂ ਅਸੀਂ ਇਸ ਦੀ ਆਰਕਾਈਵ ਚਾਲੂ ਕਰ ਰਹੇ ਹਾਂ ਤਾਂ ਅਸੀਂ ਦੇਖ ਸਕਦੇ ਹਾਂ ਕਿ ਉਹਨਾਂ ਸਮਿਆਂ ਵਿੱਚ ਇਸ ਅਖਬਾਰ ਦਾ ਨਿਕਲਣਾ ਕਿੰਨਾ ਜ਼ਰੂਰੀ ਅਤੇ ਮਹੱਤਵਪੂਰਨ ਸੀ।

ਉਹਨਾਂ ਤੋਂ ਬਾਅਦ ਸੁਖਵੰਤ ਹੁੰਦਲ ਨੇ ਸ੍ਰੋਤਿਆਂ ਨੂੰ ਇਸ ਆਰਕਾਈਵ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਆਰਕਾਈਵ ਦੇ ਪੇਜ ਨੂੰ ਪ੍ਰੋਜੈਕਟਰ 'ਤੇ ਉਜਾਗਰ ਕਰ ਕੇ ਇਸ ਵਿੱਚ ਮੌਜੂਦ ਸਮਗਰੀ ਸ੍ਰੋਤਿਆਂ ਨੂੰ ਦਿਖਾਈ। ਉਹਨਾਂ ਨੇ ਕਿਹਾ ਕਿ ਇਸ ਆਰਕਾਈਵ ਬਾਰੇ ਯਾਦ ਰੱਖਣ ਵਾਲੀ ਸਭ ਤੋਂ ਪਹਿਲੀ ਗੱਲ ਇਹ ਹੈ ਕਿ ਇਹ ਆਰਕਾਈਵ ਤਾਂ ਹੋਂਦ ਵਿੱਚ ਆਈ ਹੈ ਕਿਉਂਕਿ ਦਰਸ਼ਨ ਗਿੱਲ ਅਤੇ ਚਰਨਜੀਤ ਕੌਰ ਗਿੱਲ ਨੇ1982-1989 ਵਿੱਚਕਾਰ ਇਹ ਅਖਬਾਰ ਕੱਢਿਆ ਸੀ। ਇਸ ਲਈ ਅੱਜ ਅਸੀਂ ਉਹਨਾਂ ਵਲੋਂ ਕੀਤੇ ਕੰਮ ਨੂੰ ਸਲਾਮ ਕਰਨ ਲਈ ਅਤੇ ਉਸ ਕੰਮ ਨੂੰ ਅੱਜ ਦੇ ਪੰਜਾਬੀਆਂ ਨਾਲ ਸਾਂਝੇ ਕਰਨ ਲਈ ਇਕੱਠੇ ਹੋਏ ਹਾਂ।

ਫਿਰ ਉਹਨਾਂ ਨੇ ਕੈਨੇਡਾ ਦਰਪਣ ਦੇ ਨਵੰਬਰ 1982 ਵਿੱਚ ਛਪੇ ਪਹਿਲੇ ਅੰਕ ਦੀ ਸੰਪਾਦਕੀ ਦੇ ਕੁੱਝ ਹਿੱਸੇ ਸ੍ਰੋਤਿਆਂ ਨੂੰ ਪੜ੍ਹ ਕੇ ਸੁਣਾਏ। ਸੰਪਾਦਕੀ - ਆਖਰ ਕੈਨੇਡਾ ਦਰਪਣ ਦੀ ਲੋੜ ਕਿਉਂ ? ਵਿੱਚ ਕੈਨੇਡਾ ਦਰਪਣ ਕੱਢਣ ਦੇ ਮਕਸਦ ਬਾਰੇ ਦੱਸਦਿਆਂ ਇਸ ਦੇ ਸੰਪਾਦਕ ਦਰਸ਼ਨ ਗਿੱਲ ਨੇ ਲਿਖਿਆ ਸੀ, "ਅਖਬਾਰ ਅਜਿਹਾ ਮਾਧਿਅਮ ਜਾਂ ਵਸੀਲਾ ਹਨ ਜਿਨ੍ਹਾਂ ਰਾਹੀ ਮਨੁੱਖ ਦੀਆਂ ਮਾਨਸਿਕ, ਰਾਜਨੀਤਕ, ਆਰਥਕ, ਸਾਹਿਤਕ, ਸਮਾਜਕ ਤੇ ਸਭਿਆਚਾਰਕ ਲੋੜਾਂ ਸੰਬੰਧਤ ਹਨ। ਧਰਮ ਇਕ ਸਮਾਜਕ ਕਰਮ ਹੈ, ਇਸ ਲਈ ਉਹ ਸਮਾਜਕ ਪਹਿਲੂ ਵਿੱਚ ਹੀ ਸਮੋਇਆ ਜਾ ਸਕਦਾ ਹੈ। ਅਖਬਾਰ ਬਹੁਤੀ ਵਾਰ ਇਨ੍ਹਾਂ ਉਪ੍ਰੋਕਤ ਪਹਿਲੂਆਂ ਨੂੰ ਸਮੁੱਚੇ ਰੂਪ ਵਿੱਚ ਪੇਸ਼ ਕਰਨ ਦੀ ਥਾਂ ਅਕਸਰ ਇਹ ਟਪਲਾ ਖਾ ਜਾਂਦੇ ਹਨ ਤੇ ਉਨ੍ਹਾਂ ਦੇ ਵੱਖ ਵੱਖ ਪ੍ਰਭਾਵ ਬਣ ਜਾਂਦੇ ਹਨ। ਕਈ ਅਖਬਾਰ ਕੇਵਲ ਮਜ਼੍ਹਬੀ ਪਹਿਲੂ ਨੂੰ ਉਭਾਰਕੇ - ਇਸ ਨੂੰ ਸਮਾਜਕ ਕਰਮ ਨਾਲੋਂ ਨਿਖੇੜ ਕੇ, ਲੋਕਾਂ ਵਿੱਚ ਕੇਵਲ ਮਜ਼੍ਹਬੀ ਰੰਗ ਦਾ ਪ੍ਰਚਾਰ ਕਰਨ ਦਾ ਵਸੀਲਾ ਬਣਦੇ ਹਨ ਤੇ ਉਹ ਰਾਜਨੀਤਕ ਪਹਿਲੂ ਨੂੰ ਵੀ ਮਜ਼੍ਹਬੀ ਰੰਗਣ ਦੇ ਦਿੰਦੇ ਹਨ। ਇਸ ਕਾਰਨ ਉਹ ਅਖਬਾਰ ਨੂੰ ਅਜਿਹਾ ਸਾਧਨ ਬਣਾ ਲੈਂਦੇ ਹਨ ਕਿ ਮਜ਼੍ਹਬ ਵਿੱਚ ਬਾਕੀ ਰੰਗ ਸਮਾ ਜਾਂਦੇ ਹਨ। ਇਹ ਮਨੁੱਖ ਨੂੰ ਸਮੁੱਚੇ ਰੂਪ ਵਿੱਚ ਪੇਸ਼ ਕਰਨ ਦੀ ਥਾਂ ਕੇਵਲ ਉਸ ਦੇ ਇਕ ਪੱਖ ਨੂੰ ਹੀ ਉਭਾਰ ਕੇ ਪੇਸ਼ ਕਰਨਾ ਆਪਣਾ ਅਕੀਦਾ ਮਿੱਥ ਲੈਂਦੇ ਹਨ।... ਅਸੀਂ "ਕੈਨੇਡਾ ਦਰਪਣ" ਨੂੰ ਅਜਿਹੇ ਰੂਪ ਵਿਚ ਚਿਤਵਿਆ ਹੈ ਜੋ ਰੰਗ, ਨਸਲ, ਮਜ਼੍ਹਬ ਤੋਂ ਉੱਪਰ ਉੱਠ ਕੇ ਸਮੁੱਚੀ ਮਨੁੱਖੀ ਸ਼ਖਸੀਅਤ ਦਾ ਪ੍ਰਗਟਾਵਾ ਬਣ ਸਕੇ। ਮਨੁੱਖ, ਮਨੁੱਖ ਹੈ ਤੇ ਇਹ ਮਨੁੱਖਤਾ ਹੀ ਮਨੁੱਖ ਦਾ ਅਸਲੀ ਖਾਸਾ ਹੈ। ਜੋ ਮਨੁੱਖੀ ਸ਼ਖਸੀਅਤ ਦਾ ਸ਼ੀਸ਼ਾ ਨਹੀਂ ਬਣ ਸਕਦਾ, ਉਸ ਨੂੰ ਅਖਬਾਰ ਕਹਿਣਾ ਗਲਤ ਹੋਵੇਗਾ।

ਇਸ ਆਰਕਾਈਵ ਨੂੰ ਬਣਾਉਣ ਦੇ ਮਕਸਦ ਬਾਰੇ ਦਸਦਿਆਂ ਸੁਖਵੰਤ ਹੁੰਦਲ ਨੇ ਕਿਹਾ ਕਿ ਵਰਤਮਾਨ ਸਮੇਂ ਵਿੱਚ ਮੀਡੀਆ ਸੰਚਾਰ ਦੇ ਇਕ ਸਾਧਨ ਵਜੋਂ ਕੰਮ ਕਰਦਾ ਹੈ। ਇਹ ਸਾਨੂੰ ਅੱਜ ਜੋ ਕੁੱਝ ਵਾਪਰ ਰਿਹਾ ਹੈ ਉਸ ਬਾਰੇ ਦਸਦਾ ਹੈ ਕਿ ਉਹ ਕਿੱਥੇ ਹੋ ਰਿਹਾ ਹੈ, ਕਿਸ ਵਲੋਂ ਹੋ ਰਿਹਾ ਹੈ ਅਤੇ ਕਿਉਂ ਹੋ ਰਿਹਾ ਹੈ। ਇਸ ਦੇ ਨਾਲ ਨਾਲ ਮੀਡੀਆ ਵਰਤਮਾਨ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਦਾ ਰਿਕਾਰਡ ਵੀ ਤਿਆਰ ਕਰਦਾ ਹੈ। ਭਵਿੱਖ ਵਿੱਚ ਜਦੋਂ ਲੋਕ ਜੋ ਕੁੱਝ ਅੱਜ ਹੋ ਰਿਹਾ ਹੈ, ਉਸ ਬਾਰੇ ਜਾਣਨਾ ਚਾਹੁਣਗੇ ਤਾਂ ਜੇ ਉਹਨਾਂ ਕੋਲ ਅੱਜ ਦੇ ਮੀਡੀਏ ਤੱਕ ਪਹੁੰਚ ਹੋਵੇਗੀ ਤਾਂ ਉਹ ਇਸ ਮੀਡੀਆ ਰਾਹੀਂ ਅੱਜ ਦੇ ਸਮਾਜ ਬਾਰੇ ਬਹੁਤ ਕੁੱਝ ਜਾਣ ਅਤੇ ਸਮਝ ਸਕਣਗੇ। ਇਸ ਤਰ੍ਹਾਂ 40 ਸਾਲ ਪਹਿਲਾਂ ਨਿਕਲਦੇ ਰਹੇ ਕੈਨੇਡਾ ਦਰਪਣ ਦੀ ਇਹ ਆਰਕਾਈਵ ਅੱਜ ਸਾਨੂੰ ਕੈਨੇਡਾ ਵਿੱਚ 40 ਸਾਲ ਪਹਿਲਾਂ ਦੇ ਪੰਜਾਬੀ ਸਮਾਜ ਨੂੰ ਸਮਝਣ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀ ਹੈ ਅਤੇ ਅਗਾਂਹ ਦੀਆਂ ਪੀੜ੍ਹੀਆਂ ਨੂੰ ਉਸ ਸਮੇਂ ਦੇ ਸਮਾਜ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਰਹੇਗੀ।

ਇਸ ਤੋਂ ਬਾਅਦ ਸੁਖਵੰਤ ਹੁੰਦਲ ਨੇ ਇਸ ਆਰਕਾਈਵ ਨੂੰ ਬਣਾਉਣ ਵਿੱਚ ਚਰਨਜੀਤ ਕੌਰ ਗਿੱਲ ਵਲੋਂ ਮਿਲੇ ਸਹਿਯੋਗ ਦਾ ਜ਼ਿਕਰ ਕੀਤਾ। ਉਹਨਾਂ ਨੇ ਇਹ ਆਰਕਾਈਵ ਬਣਾਉਣ ਲਈ ਚਰਨਜੀਤ ਕੌਰ ਗਿੱਲ ਵਲੋਂ ਕੈਨੇਡਾ ਦਰਪਣ ਦੇ ਅੰਕ ਮੁਹੱਈਆ ਕਰਨ ਅਤੇ ਕੈਨੇਡਾ ਦਰਪਣ ਵਿੱਚ ਛਪੀਆਂ ਖਬਰਾਂ/ਲਿਖਤਾਂ ਦੀ ਸੂਚੀ ਤਿਆਰ ਕਰਨ ਲਈ ਕੀਤੇ ਕੰਮ ਲਈ ਉਹਨਾਂ ਦਾ ਧੰਨਵਾਦ ਕੀਤਾ।

ਪ੍ਰੋਗਰਾਮ ਦੇ ਇਸ ਪੜਾਅ 'ਤੇ ਸੁਖਵੰਤ ਹੁੰਦਲ ਅਤੇ ਚਰਨਜੀਤ ਕੌਰ ਗਿੱਲ ਨੇ ਇਸ ਆਰਕਾਈਵ ਨੂੰ ਜਨਤਕ ਤੌਰ 'ਤੇ ਲਾਂਚ ਕਰਨ ਲਈ ਇਸ ਬਾਰੇ ਸੋਸ਼ਲ ਮੀਡੀਏ 'ਤੇ ਪਾਈ ਖਬਰ ਦੀ ਪ੍ਰਾਈਵੇਟ ਸੈਟਿੰਗ ਨੂੰ ਪਬਲਿਕ ਸੈਟਿੰਗ ਵਿੱਚ ਤਬਦੀਲ ਕੀਤਾ ਅਤੇ ਮਾਊਸ ਦੀ ਇਕ ਕਲਿੱਕ ਨਾਲ ਇਸ ਖਬਰ ਨੂੰ ਸੋਸ਼ਲ ਮੀਡੀਏ 'ਤੇ ਸਾਂਝੀ ਕੀਤਾ। ਇਸ ਤਰ੍ਹਾਂ ਆਰਕਾਈਵ ਸਾਰੇ ਲੋਕਾਂ ਲਈ ਲਾਂਚ ਹੋ ਗਈ।



ਅਗਲੇ ਬੁਲਾਰੇ ਨੂੰ ਸੱਦਣ ਤੋਂ ਪਹਿਲਾਂ ਸਾਧੂ ਬਿਨਿੰਗ ਨੇ ਇਸ ਕਲਿੱਕ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਸੁਖਵੰਤ ਹੁੰਦਲ ਅਤੇ ਚਰਨਜੀਤ ਕੌਰ ਗਿੱਲ ਵਲੋਂ ਕੀਤਾ ਇਹ ਕਲਿੱਕ ਇਕ 'ਇਤਿਹਾਸਕ ਕਲਿੱਕ' ਹੈ ਅਤੇ ਇਸ ਕਲਿੱਕ ਨਾਲ ਇਸ ਆਰਕਾਈਵ ਤੱਕ ਸਾਰੇ ਪੰਜਾਬੀਆਂ ਦੀ ਪਹੁੰਚ ਹੋ ਜਾਣੀ ਇਕ 'ਇਨਕਲਾਬੀ ਕਦਮ' ਹੈ। ਫਿਰ ਉਹਨਾਂ ਨੇ ਅਗਲੇ ਬੁਲਾਰੇ ਡਾ: ਅਜੇ ਭਾਰਦਵਾਜ ਨੂੰ 'ਹਿਸਟਰੀ ਐਕਟਵਿਜ਼ਮ' 'ਤੇ ਆਪਣਾ ਕੁੰਜੀਵਤ ਲੈਕਚਰ ਦੇਣ ਲਈ ਸੱਦਾ ਦਿੱਤਾ।

ਡਾ: ਅਜੇ ਭਾਰਦਵਾਜ ਨੇ ਆਪਣੇ ਲੈਕਚਰ ਵਿੱਚ ਕਿਹਾ ਕਿ 'ਹਿਸਟਰੀ ਐਕਟਵਿਜਮ' ਦਾ ਮਕਸਦ 'ਜੱਦੋਜਹਿਦਾਂ ਦੇ ਇਤਿਹਾਸ ਨੂੰ ਜੱਦੋਜਹਿਦਾਂ ਦਾ ਹਿੱਸਾ ਬਣਾਉਣਾ ਹੈ -ਮੇਕਿੰਗ ਹਿਸਟਰੀ ਆਫ ਸਟਰਗਲ, ਪਾਰਟ ਆਫ ਸਟਰਗਲ।' ਉਹਨਾਂ ਦੱਸਿਆ ਕਿ ਇਸ ਤਰ੍ਹਾਂ ਦੇ ਕੰਮ ਦੀ ਪਰੰਪਰਾ ਬਹੁਤ ਪੁਰਾਣੀ ਹੈ ਅਤੇ ਦੁਨੀਆ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਹਿਸਟਰੀ ਐਕਟਵਿਸਟ ਇਸ ਕਾਰਜ ਵਿੱਚ ਲੱਗੇ ਹੋਏ ਹਨ। ਉਹ ਆਪਣੀ ਖੋਜ, ਨੁਮਾਇਸ਼ਾਂ ਅਤੇ ਇਸ ਤਰ੍ਹਾਂ ਦੇ ਹੋਰ ਸਭਿਆਚਾਰਕ ਕਾਰਜਾਂ ਨਾਲ ਅਤੀਤ ਦੀਆਂ ਜੱਦੋਜਹਿਦਾਂ ਦੇ ਇਤਿਹਾਸ ਨੂੰ ਮੁੜ ਸਥਾਪਤ ਕਰ ਰਹੇ ਹਨ ਤਾਂ ਕਿ ਇਹ ਇਤਿਹਾਸ ਅੱਜ ਅਤੇ ਭਵਿੱਖ ਦੀਆਂ ਜੱਦੋਜਹਿਦਾਂ ਨੂੰ ਸ਼ਕਤੀ ਪ੍ਰਦਾਨ ਕਰ ਸਕੇ ਅਤੇ ਇਹਨਾਂ ਜੱਦੋਜਹਿਦਾਂ ਲਈ ਪ੍ਰੇਰਨਾ ਦਾ ਸ੍ਰੋਤ ਬਣ ਸਕੇ। ਉਹਨਾਂ ਅਨੁਸਾਰ ਕੈਨੇਡਾ ਦਰਪਣ ਦੀ ਆਰਕਾਈਵ ਦਾ ਬਣਾਏ ਜਾਣਾ ਵੀ 'ਹਿਸਟਰੀ ਐਕਟਵਿਜ਼ਮ' ਦੀ ਪਰੰਪਰਾ ਦਾ ਹੀ ਹਿੱਸਾ ਹੈ। ਡਾ: ਭਾਰਦਵਾਜ ਦੇ ਲੈਕਚਰ ਤੋਂ ਬਾਅਦ ਹਾਜ਼ਰ ਸ੍ਰੋਤਿਆਂ ਵਿੱਚੋਂ ਮੱਖਣ ਟੁੱਟ, ਹਰਦੇਵ ਸਿੱਧੂ, ਡਾ: ਸਾਧੂ ਸਿੰਘ, ਸੁਰਿੰਦਰ ਸੰਘਾ, ਉੱਜਲ ਦੁਸਾਂਝ, ਅਜਮੇਰ ਰੋਡੇ, ਹਰਪ੍ਰੀਤ ਸੇਖਾ, ਜਰਨੈਲ ਸਿੰਘ ਸੇਖਾ, ਹਰਿੰਦਰ ਮਾਹਲ, ਸੁਰਜੀਤ ਕਲਸੀ, ਸੁਖਵਿੰਦਰ ਚੋਲ੍ਹਾ ਅਤੇ ਫੌਜੀਆ ਰਫੀਕ ਨੇ ਸੰਖੇਪ ਵਿੱਚ ਆਪਣੇ ਵਿਚਾਰ ਪ੍ਰਗਟਾਏ। ਉਹਨਾਂ ਸਾਰਿਆਂ ਨੇ ਦਰਸ਼ਨ ਗਿੱਲ ਅਤੇ ਉਹਨਾਂ ਦੇ ਕੰਮ ਨੂੰ ਯਾਦ ਕੀਤਾ ਅਤੇ ਇਹ ਆਰਕਾਈਵ ਬਣਾਏ ਜਾਣ ਦੇ ਕਾਰਜ ਦੀ ਸ਼ਲਾਘਾ ਕੀਤੀ।


ਅੰਤ ਵਿੱਚ ਸਾਧੂ ਬਿਨਿੰਗ ਨੇ ਨਵਜੋਤ ਢਿੱਲੋਂ ਦਾ ਇਸ ਆਰਕਾਈਵ ਬਾਰੇ ਸੁਖਵੰਤ ਹੁੰਦਲ ਨਾਲ ਇੰਟਰਵਿਊ ਕਰਨ ਅਤੇ ਆਪਣੇ ਯੂ ਟਿਊਬ ਚੈਨਲ 'ਤੇ ਪਾਉਣ ਲਈ ਧੰਨਵਾਦ ਕੀਤਾ ਅਤੇ ਬਾਕੀ ਸਾਰੇ ਸ੍ਰੋਤਿਆਂ ਦਾ ਆਉਣ ਲਈ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਤੁਸੀਂ ਸਾਰਿਆਂ ਨੇ ਸਾਡੀ ਉਮੀਦ ਤੋਂ ਦੁੱਗਣੀ ਗਿਣਤੀ ਵਿੱਚ ਹਾਜ਼ਰ ਹੋ ਕੇ ਸਾਨੂੰ ਇਕ ਖ਼ੁਸ਼ੀ ਭਰਿਆ ਸਰਪਰਾਈਜ਼ ਦਿੱਤਾ ਹੈ। ਇਸ ਲਈ ਅਸੀਂ ਤੁਹਾਡੇ ਸ਼ੁਕਰਗੁਜ਼ਾਰ ਹਾਂ।


ਕੈਨੇਡਾ ਦਰਪਣ ਦੀ ਇਹ ਆਰਕਾਈਵ https://canadadarpan.wordpress.com/ 'ਤੇ ਦੇਖੀ ਜਾ ਸਕਦੀ ਹੈ।








# ਰੈਲੀ : ਅਮਰੀਕਾ ਵਲੋਂ ਕਿਊਬਨ ਲੋਕਾਂ ’ਤੇ ਲਾਈਆਂ ਪਾਬੰਦੀਆਂ ਦੇ ਵਿਰੋਧ ਵਿਚ













ਸਰੀ, (ਪਰਮਿੰਦਰ ਸਵੈਚ) : 26 ਮਈ, 2024 ਨੂੰ ਕੈਨੇਡੀਅਨ ਕਿਊਬਨ ਫ੍ਰੈਂਡਸ਼ਿੱਪ ਐਸੋਸ਼ੀਏਸ਼ਨ ਵਲੋਂ ਕਿਊਬਾ ਦੇ ਲੋਕਾਂ ਦੇ ਹੱਕ ਵਿੱਚ ਸਰ੍ਹੀ ਸੈਂਟਰ ‘ਤੇ ਇੱਕ ਮਜ਼ਾਹਰਾ ਕੀਤਾ ਗਿਆ ਜਿਸ ਵਿੱਚ ਕਾਫ਼ੀ ਲੋਕਾਂ ਨੇ ਹਿੱਸਾ ਲਿਆ। ਉਨ੍ਹਾਂ ਦੇ ਹੱਥਾਂ ਵਿੱਚ Let Cuba Live, End the Blockade Now ਆਦਿ ਦੇ ਪਲੈਕ ਫੜ੍ਹੇ ਹੋਏ ਸਨ। ਇਹ ਲੋਕ ਕਿਊਬਨ ਲੋਕਾਂ ਦੇ ਹੱਕਾਂ ਲਈ ਇਕੱਠੇ ਹੋਏ ਸਨ ਕਿਉਂਕਿ ਅਮਰੀਕਾ ਵਲੋਂ 64 ਸਾਲਾਂ ਤੋਂ ਪਾਬੰਦੀਆਂ ਲਾਈਆਂ ਗਈਆਂ ਹਨ ਜਿਨ੍ਹਾਂ ਕਰਕੇ ਲੋਕਾਂ ਦੀਆਂ ਹਾਲਤਾਂ ਭਿਆਨਕਤਾ ਦਾ ਰੂਪ ਲੈ ਰਹੀਆਂ ਹਨ। ਅਮਰੀਕਾ ਵਲੋਂ ਆਪਣੀ ਸਾਮਰਾਜੀ ਧੌਂਸ ਸਦਕਾ ਕਿਊਬਾ ਦਾ ਦੂਸਰੇ ਦੇਸ਼ਾਂ ਨਾਲੋਂ ਨਾਤਾ ਤੋੜ ਕੇ ਉਸਦੇ ਆਰਥਿਕ ਹਾਲਾਤਾਂ ਨੂੰ ਥੱਲੇ ਸੁੱਟ ਕੇ ਉਸਨੂੰ ਭੁੱਖਮਰੀ, ਨਿਰਾਸ਼ਾ ਤੇ ਲੋਕ ਜਮਹੂਰੀ ਸਰਕਾਰ ਨੂੰ ਪਲਟਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਹੀ ਤਾਕਤਾਂ ਜਿਨ੍ਹਾਂ ਨੇ ਰੋਕਾਂ ਲਾਈਆਂ ਹਨ ਉਹ ਕਿਊਬਾ ਦੀ ਸਰਕਾਰ ਤੇ ਇਲਜ਼ਾਮ ਲਾ ਰਹੀਆਂ ਹਨ ਕਿ ਦਵਾਈਆਂ, ਮੈਡੀਕਲ ਉਪਕਰਣ, ਭੋਜਨ ਉਤਪਾਦਨ, ਆਵਾਜਾਈ ਸਾਧਨ, ਸਹੂਲਤਾਂ ਤੇ ਹੋਰ ਉਤਪਾਦਨਾਂ ਲਈ ਸਰਕਾਰ ਜ਼ਿੰਮੇਵਾਰ ਹੈ ਜਦਕਿ ਇਸ ਸਮੇਂ ਕੋਈ ਵੀ ਅਜਿਹਾ ਦੇਸ਼ ਨਹੀਂ ਜੋ ਆਤਮ ਨਿਰਭਰ ਹੋਵੇ। ਸਭ ਨੂੰ ਦੂਸਰਿਆਂ ਨਾਲ ਆਯਾਤ ਨਿਰਯਾਤ ਕਰਨੀ ਪੈਂਦੀ ਹੈ।

ਇਹ ਵੀ ਦੇਖਣ ਵਾਲੀ ਗੱਲ ਹੈ ਕਿ ਡੋਨਲਡ ਟਰੰਪ ਨੇ ਆਪਣੀ ਪ੍ਰਧਾਨਗੀ ਦੇ ਅਖੀਰਲੇ ਸਮੇਂ ਵਿੱਚ 243 ਹੋਰ ਪਾਬੰਦੀਆਂ ਲਾ ਕੇ ਇੱਕ ਛੋਟੇ ਜਿਹੇ ਟਾਪੂ ਕਿਊਬਾ ਤੇ ਵਸਦੇ ਲੋਕਾਂ ਨੂੰ ਹੋਰ ਦੁਖੀ ਕਰਨ ਲਈ ਲਾ ਦਿੱਤੀਆਂ ਸਨ। ਭਾਵੇਂ ਜੋ ਬਾਈਡਨ ਨੇ ਸਤ੍ਹਾ ਤੇ ਆਉਣ ਤੋਂ ਪਹਿਲਾਂ ਇਹ ਵਾਅਦਾ ਕੀਤਾ ਸੀ ਕਿ ਉਹ ਇਹ ਸਾਰੀਆਂ ਪਾਬੰਦੀਆਂ ਹਟਾਵੇਗਾ ਪਰ ਅਜੇ ਤੱਕ ਉਹ ਜਿਉਂ ਦੀਆਂ ਤਿਉਂ ਹਨ। ਟਰੰਪ ਦੇ ਮਾਪਦੰਡਾਂ ਅਨੁਸਾਰ ਕਿਊਬਾ ਉਨ੍ਹਾਂ ਦੇਸ਼ਾਂ ਦੀ ਲਿਸਟ ਵਿੱਚ ਹੈ ਜੋ State Sponsers of Terrorism ਕਰਦੇ ਹਨ। ਇਸਦੇ ਉਲਟ ਹਾਲ ਹੀ ਵਿੱਚ ਅਮਰੀਕਨ ਸਰਕਾਰ ਨੇ ਕਿਊਬਾ ਨੂੰ ਇਸ ਲਿਸਟ ਵਿੱਚੋਂ ਬਾਹਰ ਕੱਢਿਆ ਹੈ ਕਿ ਇਹ ਅਮਰੀਕਾ ਦੀਆਂ ਅੱਤਵਾਦ ਵਿਰੋਧੀ ਕੋਸ਼ਿਸ਼ਾਂ ਵਿੱਚ ਸਹਿਯੋਗ ਨਹੀਂ ਦੇ ਰਿਹਾ। ਅਮਰੀਕਾ ਦੀਆਂ ਆਪਾ ਵਿਰੋਧੀ ਨੀਤੀਆਂ ਸਮਝ ਤੋਂ ਬਾਹਰ ਹਨ ਕਿ ਉਹ ਕਿਊਬਾ ਨੂੰ ਕਿਸ ਲਿਸਟ ਵਿੱਚ ਸ਼ਾਮਲ ਕਰਦੀ ਹੈ ਤੇ ਕਿਸ ਵਿੱਚੋਂ ਬਾਹਰ ਕੱਢਦੀ ਹੈ।




ਕੈਨੇਡਾ ਵਿੱਚ ਅਮਰੀਕਾ ਵਲੋਂ ਲਾਈਆਂ ਗਈਆਂ ਪਾਬੰਦੀਆਂ ਦਾ ਅਸਰ ਹੋ ਰਿਹਾ ਹੈ। ਉਦਾਹਰਣ ਦੇ ਤੌਰ ’ਤੇ ਟੋਰਾਂਟੋ ਵਿੱਚ Little Havana Café ਇੱਕ ਛੋਟਾ ਬਿਜ਼ਨਿਸ ਹੈ ਉਸ ਨੂੰ ਕਿਊਬਨ ਕੌਫ਼ੀ ਵੇਚਣ ਤੇ ਸਜ਼ਾ ਦਿੱਤੀ ਗਈ ਹੈ।


ਦਾ ਯੂਨਾਈਟਿਡ ਨੇਸ਼ਨਜ਼ ਦੀ ਜਨਰਲ ਅਸੈਂਬਲੀ 1992 ਤੋਂ ਮਤਾ ਪਾਸ ਕਰਦੀ ਆ ਰਹੀ ਹੈ ਕਿ ਅਮਰੀਕਾ ਵਲੋਂ ਕਿਊਬਾ ’ਤੇ ਲਾਈਆਂ ਪਾਬੰਦੀਆਂ ਖ਼ਤਮ ਕੀਤੀਆਂ ਜਾਣ ਪਰ ਇਜ਼ਰਾਈਲ ਤੇ ਅਮਰੀਕਾ ਦੋਨੋਂ ਇਸ ਮਤੇ ਦੇ ਉਲਟ ਵੋਟ ਪਾਉਂਦੇ ਰਹੇ ਹਨ। ਜਦਕਿ ਅਮਰੀਕਾ ਆਪਣੇ ਆਪ ਨੂੰ ਦੁਨੀਆਂ ਦਾ ਫੈਸਲੇ ਦੇਣ ਵਾਲਾ ਸਭ ਤੋਂ ਵੱਡਾ ਲੋਕਤੰਤਰ ਥੰਮ ਦੱਸਦਾ ਹੈ। ਅਮਰੀਕਾ ਦੁਆਰਾ ਲਾਈਆਂ ਪਾਬੰਦੀਆਂ ਅਣਮਨੁੱਖੀ ਤੇ ਗੈਰਕਾਨੂੰਨੀ ਹਨ ਕਿਉਂਕਿ ਕਿਊਬਾ ਨੇ ਅਮਰੀਕਾ ਦੀ ਈਨ ਨਹੀਂ ਮੰਨੀ ਤੇ ਆਪਣਾ ਵੱਖਰਾ ਰਾਹ ਚੁਣਿਆ ਹੈ। ਕਿਊਬਨਾਂ ਤੇ ਲਾਈਆਂ ਗਈਆਂ ਪਾਬੰਦੀਆਂ ਉਨ੍ਹਾਂ ਦੀ ਸਰਕਾਰ ਨੂੰ ਉਲਟਾਉਣ ਲਈ ਨਿਸ਼ਾਨੇ ਬਿੰਨ੍ਹ ਰਹੀਆਂ ਹਨ। ਫਿਰ ਵੀ ਇਸ ਗੰਭੀਰ ਹਾਲਤਾਂ ਵਿੱਚ ਵੀ ਕਿਊਬਾ ਵਿੱਚ ਕੋਈ ਭੁੱਖਾ ਨਹੀਂ ਮਰ ਰਿਹਾ, ਨਾ ਬੇਘਰਾ ਹੈ, ਸਭ ਕੋਲ ਸਿੱਖਿਆ ਤੇ ਸਿਹਤ ਸੇਵਾਵਾਂ ਮਿਲ ਰਹੀਆਂ ਹਨ। ਕਿਊਬਾ ਦੀ ਸਰਕਾਰ ਅਤੇ ਲੋਕ ਆਪਣੀ ਰਾਸ਼ਟਰਵਾਦੀ ਤੇ ਉੱਤਮ ਪ੍ਰਭੂਸਤ੍ਹਾ ਵਾਲੀ ਇੱਕ ਮਨੁੱਖਤਾਵਾਦੀ, ਲੋਕਤੰਤਰੀ ਤੇ ਬਰਾਬਰੀ ਵਾਲੀ ਸੋਚ ਨਾਲ ਇਸ ਗੌਰਵਮਈ ਰੌਸ਼ਨੀ ਵਿੱਚ ਹਮੇਸ਼ਾਂ ਖੜ੍ਹੇ ਰਹਿਣਗੇ।

ਯਾਦ ਰਹੇ ਕੈਨੇਡੀਅਨ ਕਿਊਬਨ ਫ੍ਰੈਂਡਸ਼ਿੱਪ ਐਸੋਸ਼ੀਏਸ਼ਨ ਬਹੁਤ ਸਾਲਾਂ ਤੋਂ ਕੰਮ ਕਰ ਰਹੀ ਹੈ ਤੇ ਅੱਜ ਵੀ ਸਾਰਿਆਂ ਨੇ ਆਪਣੇ ਭਾਸ਼ਨਾਂ ਵਿੱਚ ਕਿਊਬਾ ਦੇ ਹਾਲਾਤਾਂ ਤੇ ਰੌਸ਼ਨੀ ਪਾਈ ਤੇ ਕਿਊਬਾ ਦੇ ਹੱਕ ਵਿੱਚ ਅਵਾਜ਼ ਬੁਲੰਦ ਕੀਤੀ।

**‘ਇੰਸਪੀਰੇਸ਼ਨਲ ਸਟੈਪਸ-2024’ ਈਵੈਂਟ ਰਿਹਾ ਬੇਹੱਦ ਕਾਮਯਾਬ**

# 1000 ਦੇ ਲਗਭਗ ਦੌੜਾਕਾਂ ਤੇ ਵੱਕਰਾਂ ਨੇ ਹਾਫ਼-ਮੈਰਾਥਨ, 10 ਕਿਲੋਮੀਟਰ ਤੇ 5 ਕਿਲੋਮੀਟਰ ਦੌੜਾਂ ’ਚ ਲਿਆ ਹਿੱਸਾ



ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 26 ਮਈ ਨੂੰ ਬਰੈਂਪਟਨ ਦੇ ਚਿੰਗੂਆਕੂਜ਼ੀ ਪਾਰਕ ਦੇ ਟੈਰੀ ਫ਼ੌਕਸ ਸਟੇਡੀਅਮ ਵਿੱਚ ਵੱਖ-ਵੱਖ ਦੌੜਾਂ ਦੇ ਈਵੈਂਟ ‘ਇੰਸਪੀਰੇਸ਼ਨਲ ਸਟੈੱਪਸ-2024’ ਦਾ ਸਫ਼ਲ ਆਯੋਜਨ ਕੀਤਾ ਗਿਆ। ਇਸ ਈਵੈਂਟ ਵਿੱਚ 1000 ਦੇ ਕਰੀਬ ਦੌੜਾਕਾਂ ਤੇ ਵਾੱਕਰਾਂ ਨੇ ਬੜੇ ਜੋਸ਼ ਤੇ ਉਤਸ਼ਾਹ ਨਾਲ ਹਿੱਸਾ ਲਿਆ। ਪ੍ਰਬੰਧਕਾਂ ਵੱਲੋਂ ਹਾਫ਼-ਮੈਰਾਥਨ, 10 ਕਿਲੋਮੀਟਰ ਤੇ 5 ਕਿਲੋਮੀਟਰ ਦੌੜਾਂ ਦੇ ਮੁਕਾਬਲੇ ਕਰਵਾਏ ਗਏ। ਈਵੈਂਟ ਦੇ ਪ੍ਰਬੰਧਕਾਂ ਵਿੱਚ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ, ਟੀਪੀਏਆਰ ਕਲੱਬ, ਔਨਲਾਈਟ ਕਿੱਡਜ਼, ਸਹਾਇਤਾ, ਪਿੰਗਲਵਾੜਾ, ਡਰੱਗ ਅਵੇਅਰਨੈੱਸ ਸੋਸਾਇਟੀ ਅਤੇ ਤਰਕਸ਼ੀਲ ਸੋਸਾਇਟੀ ਸ਼ਾਮਲ ਸਨ। ਇਸ ਦੇ ਨਾਲ ਹੀ ਇਸ ਈਵੈਂਟ ਨੂੰ ਬਰੈਂਪਟਨ ਦੀ “ਅੰਬਰੇਲਾ-ਐਸੋਸੀਏਸ਼ਨ” ਐਸੋਸੀਏਸ਼ਨ ਸੀਨੀਅਰ ਕਲੱਬਜ਼ ਆਫ਼ ਬਰੈਂਪਟਨ, ਸਮੂਹ ਸੀਨੀਅਰਜ਼ ਕਲੱਬਾਂ, ਰੱਨ ਫ਼ਾਰ ਵੈੱਟਰਨਜ਼ ਅਤੇ ਬਰੈਂਪਟਨ ਬੈਂਨਡਰਜ਼ ਵੱਲੋਂ ਵੀ ਭਰਵਾਂ ਸਹਿਯੋਗ ਪ੍ਰਾਪਤ ਹੋਇਆ।

ਇਹ ਦੌੜਾਂ ਟੈਰੀ ਫ਼ੌਕਸ ਸਿੰਥੈਟਿਕ ਸਟੇਡੀਅਮ ਤੋਂ ਆਰੰਭ ਹੋ ਕੇ ਬਰੈਮਲੀ ਰੋਡ ਉੱਪਰ ਨਾਰਥ ਪਾਰਕਵੇਅ ਤੱਕ ਤੇ ਉੱਥੋਂ ਵਾਪਸੀ ਤੋਂ ਬਾਅਦ ਸਟੇਡੀਅਮ ਵਿੱਚ ਹੀ ਸਮਾਪਤ ਹੋਈਆਂ। ਪੰਜ ਕਿਲੋਮੀਟਰ ਲੰਮੇਂ ਇਸ ਰੂਟ ’ਤੇ ਹਾਫ਼-ਮੈਰਾਥਨ ਲਈ ਦੌੜਾਕਾਂ ਨੇ ਚਾਰ ਚੱਕਰ ਲਗਾਏ। 10 ਕਿਲੋਮੀਟਰ ਦੌੜਨ ਵਾਲਿਆਂ ਨੇ ਇਸ ਰੂਟ ਦੇ ਦੋ ਚੱਕਰ ਅਤੇ ਪੰਜ ਕਿਲੋਮੀਟਰ ਦੌੜਨ ਲਈ ਇੱਕ ਹੀ ਚੱਕਰ ਕੱਟਣਾ ਸੀ। ਹਾਫ਼-ਮੈਰਾਥਨ ਮਿਥੇ ਹੋਏ ਸਮੇਂ 7.45 ‘ਤੇ ਆਰੰਭ ਹੋ ਗਈ, ਜਦ ਕਿ 10 ਕਿਲੋਮੀਟਰ 9.00 ਵਜੇ ਅਤੇ 5 ਕਿਲੋਮੀਟਰ 9.30 ਵਜੇ ਸ਼ੂਰੂ ਕੀਤੀਆਂ ਗਈਆਂ। ਦੌੜਾਕਾਂ ਤੇ ਦਰਸ਼ਕਾਂ ਵਿੱਚ ਇਨ੍ਹਾਂ ਦੇ ਲਈ ਬੜਾ ਉਤਸ਼ਾਹ ਦਿਖਾਈ ਦੇ ਰਿਹਾ ਸੀ। ਵੱਖ-ਵੱਖ ਦੌੜਾਂ ਵਿੱਚੋਂ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ’ਤੇ ਆਉਣ ਵਾਲੇ ਦੌੜਾਕਾਂ ਨੂੰ ਕ੍ਰਮਵਾਰ 500 ਡਾਲਰ, 300 ਡਾਲਰ ਅਤੇ 200 ਡਾਲਰ ਦੇ ਨਕਦ ਇਨਾਮ ਦਿੱਤੇ ਗਏ। ਇਨ੍ਹਾਂ ਤੋਂ ਇਲਾਵਾ ਕਈ ਕੈਟਾਗਰੀਆਂ ਲਈ ਜੇਤੂਆਂ ਨੂੰ ਹੋਰ ਕਈ ਤਰ੍ਹਾਂ ਦੇ ਇਨਾਮ ਵੀ ਦਿੱਤੇ ਗਏ।

ਇਸ ਵਾਰ ਇਸ ‘ਇੰਸਪੀਰੇਸ਼ਨਲ ਸਟੈੱਪਸ 2024’ ਦੀ ਵਿਸ਼ੇਸ਼ਤਾ ਇਹ ਸੀ ਪ੍ਰਬੰਧਕਾਂ ਨੂੰ ਕਿ ਸਿਹਤ ਸਬੰਧੀ ਜਾਗਰੂਕਤਾ ਨਾਲ ਸਬੰਧਿਤ ਇਸ ਈਵੈਂਟ ਵਿਚ ਬਰੈਂਪਟਨ ਸਿਟੀ ਕੌਂਸਲ ਵੱਲੋਂ ਵਿਸ਼ੇਸ਼ ਸਹਿਯੋਗ ਪ੍ਰਾਪਤ ਹੋਇਆ। ਇਸ ਦੇ ਨਾਲ ਹੀ ਪੀਲ ਰੀਜਨਲ ਪੋਲੀਸ ਵੱਲੋਂ ਵੀ ਹਰ ਪ੍ਰਕਾਰ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਗਿਆ ਹੈ। ਦੌੜਾਂ ਦੇ ਰੂਟ ਨੂੰ ਸੁਰੱਖ਼ਿਅਤ ਰੱਖਣ ਲਈ ਪੁਲੀਸ ਵੱਲੋਂ ਸਵੇਰੇ ਸੱਤ ਵਜੇ ਤੋਂ ਸਾਢੇ ਗਿਆਰਾਂ ਵਜੇ ਤੱਕ ਬਰੈਮਲੀ ਰੋਡ ਨੂੰ ਨਾਰਥ ਆਫ਼ ਕੁਈਨ ਸਟਰੀਟ ਤੋਂ ਲੈ ਕੇ ਸਾਊਥ ਆਫ਼ ਨੌਰਥ ਪਾਰਕ ਤੀਕ ਟਰੈਫ਼ਿਕ ਲਈ ਪੂਰੀ ਤਰ੍ਹਾਂ ਬੰਦ ਰੱਖਿਆ ਗਿਆ। ਹਰ ਪ੍ਰਕਾਰ ਦੀ ਸੁਰੱਖ਼ਿਆ ਨੂੰ ਯਕੀਨੀ ਬਨਾਉਣ ਲਈ ਟਰੈਫ਼ਿਕ ਪੋਲੀਸ ਦੇ ਆਫ਼ੀਸਰ ਸੜਕ ‘ਤੇ ਕਈ ਵੱਖ-ਵੱਖ ਥਾਵਾਂ ‘ਤੇ ਤਾਇਨਾਤ ਕੀਤੇ ਗਏ ਸਨ।

ਬਿਜ਼ਨੈੱਸ ਅਦਾਰਿਆਂ ਵੱਲੋਂ ਵੀ ਇਸ ਈਵੈਂਟ ਦੇ ਪ੍ਰਬੰਧਕਾਂ ਨੂੰ ਭਰਪੂਰ ਸਹਿਯੋਗ ਮਿਲਿਆ। ‘ਬੀਵੀਡੀ’ ਗਰੁੱਪ ਇਸ ਈਵੈਂਟ ਦੇ ਟਾਈਟਲ ਸਪਾਂਸਰ ਸਨ ਅਤੇ ਉਨ੍ਹਾਂ ਦੇ ਨਾਲ ਤਿੰਨ ਦਰਜਨ ਦੇ ਕਰੀਬ ਹੋਰ ਸਪਾਂਸਰਾਂ ਵੱਲੋਂ ਵੱਖ-ਵੱਖ ਰੂਪਾਂ ਵਿੱਚ ਇਸ ਈਵੈਂਟ ‘ਚ ਆਪੋ ਆਪਣਾ ਅਹਿਮ ਯੋਗਦਾਨ ਪਾਇਆ ਗਿਆ। ਕਈ ਸਮਾਜ-ਸੇਵੀ ਸੰਸਥਾਵਾਂ ਵੱਲੋਂ ਦੌੜ ਦੇ ਰੂਟ ਵਿੱਚ ਬਰੈਮਲੀ ਰੋਡ ‘ਤੇ ਕਈ ਥਾਈਂ ਵਾਟਰ-ਸਟੇਸ਼ਨ ਕਾਇਮ ਕੀਤੇ ਗਏ ਸਨ ਜਿਨ੍ਹਾਂ ਵਿੱਚ ਬਰੈਂਪਟਨ ਬੈਂਨਡਰਜ਼ ਅਤੇ ਸਾਲਵੇਸ਼ਨ ਆਰਮੀ ਚਰਚ ਦੇ ਨਾਂ ਵਿਸ਼ੇਸ਼ ਤੌਰ ’ਤੇ ਵਰਨਣਯੋਗ ਹਨ। ਇਸ ਦੌਰਾਨ ਵਾਲੰਟੀਅਰਾਂ ਵੱਲੋਂ ਆਪਣੀਆਂ ਡਿਊਟੀਆਂ ਬਾਖ਼ੂਬੀ ਨਿਭਾਈਆਂ ਗਈਆਂ।

ਸਵੇਰੇ ਸਾਢੇ ਸੱਤ ਵਜੇ ਤੋਂ ਬਾਅਦ ਦੁਪਹਿਰ ਬਾਰਾਂ ਵਜੇ ਤੀਕ ਚੱਲੇ ਇਸ ਈਵੈਂਟ ਵਿੱਚ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ, ਡਿਪਟੀ ਮੇਅਰ ਹਰਕੀਰਤ ਸਿੰਘ, ਪਾਰਲੀਮੈਂਟ ਮੈਂਬਰਾਂ ਰੂਬੀ ਸਹੋਤਾ ਤੇ ਸੋਨੀਆ ਸਿੱਧੂ, ਐੱਮ.ਪੀ.ਪੀ. ਹਰਪਦੀਪ ਗਰੇਵਾਲ, ਸਿਟੀ ਕੌਂਸਲਰ ਗੁਰਪ੍ਰਤਾਪ ਤੂਰ ਅਤੇ ਹੋਰ ਕਈ ਸਮਾਜਿਕ ਤੇ ਰਾਜਨੀਤਕਾਂ ਨੇ ਵੱਖ-ਵੱਖ ਸਮੇਂ ਆ ਕੇ ਸੰਬੋਧਨ ਕੀਤਾ ਗਿਆ। ਬਰੈਂਪਟਨ ਵਿੱਚ ਇਹ ਵੱਡਾ ਈਵੈਂਟ ਆਯੋਜਿਤ ਕਰਨ ਲਈ ਉਨ੍ਹਾਂ ਵੱਲੋਂ ਪ੍ਰਬੰਧਕਾਂ ਦੀ ਭਰਪੂਰ ਸਰਾਹਨਾ ਕੀਤੀ ਗਈ ਤੇ ਦੌੜਾਕਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਈਵੈਂਟ ਨੂੰ ‘ਪ੍ਰਾਈਮ ਏਸ਼ੀਆ’, ‘ਹਮਦਰਦ’ ਅਤੇ ਕਈ ਹੋਰ ਟੀ.ਵੀ. ਚੈਨਲਾਂ ਵੱਲੋਂ ਵਧੀਆ ਕੱਵਰੇਜ ਦਿੱਤੀ ਗਈ।

ਸਾਰੇ ਈਵੈਂਟ ਦੌਰਾਨ ਪ੍ਰਬੰਧਕਾ ਅਤੇ ਸਮਾਜ-ਸੇਵੀ ਸੰਸਥਾਵਾਂ ਵੱਲੋਂ ਚਾਹ, ਪਾਣੀ, ਵੇਸਣ, ਪਕੌੜਿਆਂ, ਸਮੋਸਿਆਂ, ਪੀਜ਼ੇ ਤੇ ਫਲ ?-ਫ਼ਰੂਟ ਦਾ ਅਟੁੱਟ ਲੰਗਰ ਚੱਲਦਾ ਰਿਹਾ। ਗਿਆਰਾਂ ਕੁ ਵਜੇ ਓਂਟਾਰੀਓ ਖਾਲਸਾ ਦਰਬਾਰ (ਡਿਕਸੀ ਗੁਰੂ ਘਰ) ਵੱਲੋਂ ‘ਗੁਰੂ ਕਾ ਲੰਗਰ’ ਆਣ ਪਹੁੰਚਿਆ। ਸਮੂਹ ਦੌੜਾਕਾਂ, ਪ੍ਰਬੰਧਕਾਂ ਤੇ ਦਰਸ਼ਕਾਂ ਵੱਲੋਂ ਇਹ ਬੜੀ ਸ਼ਰਧਾ ਤੇ ਸਤਿਕਾਰ ਨਾਲ ਛਕਿਆ ਗਿਆ। ਪ੍ਰਬੰਧਕਾਂ ਵੱਲੋਂ ਸਮੂਹ ਦੌੜਾਕਾਂ, ਪੈਦਲ ਚੱਲਣ ਵਾਲਿਆਂ, ਦਰਸ਼ਕਾਂ ਅਤੇ ਸਪਾਂਸਰਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਇਸ ਈਵੈਂਟ ਨੂੰ ਸਫ਼ਲਤਾ ਪੂਰਵਕ ਸਿਰੇ ਚਾੜ੍ਹਨ ਲਈ ਪ੍ਰਬੰਧਕਾਂ ਨੂੰ ਸਾਰੇ ਪਾਸਿਓਂ ਵਧਾਈਆਂ ਮਿਲ ਰਹੀਆਂ ਹਨ।

# 23 ਜੂਨ 2024 ਨੂੰ ਕੈਲਗਰੀ ਵਿਚ ਨਾਟਕ ਮੇਲਾ



ਕੈਲਗਰੀ, (ਹਰਚਰਨ ਪ੍ਰਹਾਰ) : 13ਵੇਂ 'ਸੋਹਣ ਮਾਨ ਯਾਦਗਾਰੀ ਸਲਾਨਾ ਨਾਟਕ ਮੇਲਾ 2024' ਦੀਆਂ ਤਿਆਰੀਆਂ ਲਈ 'ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ' ਅਤੇ 'ਪ੍ਰੋਗਰੈਸਿਵ ਕਲਾ ਮੰਚ ਕੈਲਗਰੀ' ਦੀ ਸਾਂਝੀ ਮੀਟਿੰਗ ਐਤਵਾਰ ਮਈ 12 ਨੂੰ ਹੋਈ। ਜਿਸਦੇ ਸ਼ੁਰੂ ਵਿੱਚ ਸਾਰੇ ਹਾਜ਼ਰ ਮੈਂਬਰਾਂ ਵਲੋਂ ਪੰਜਾਬੀ ਦੇ ਲੋਕ-ਪੱਖੀ ਨਾਮਵਰ ਸ਼ਾਇਰ ਸੁਰਜੀਤ ਪਾਤਰ ਜੀ ਦੀ ਅਚਾਨਕ ਮੌਤ ਦੇ ਡੂੰਘਾ ਅਫਸੋਸ ਪ੍ਰਗਟ ਕੀਤਾ ਗਿਆ। ਉਨ੍ਹਾਂ ਦੀਆਂ ਪੰਜਾਬੀ ਬੋਲੀ ਲਈ ਅਨੇਕਾਂ ਤਰ੍ਹਾਂ ਦੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ।

ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਇਸ ਸਾਲ ਦਾ ਨਾਟਕ ਮੇਲਾ ਪਿਛਲੇ ਸਾਲਾਂ ਦੀ ਤਰ੍ਹਾਂ ਰੈਡ ਸਟੋਨ ਨਾਰਥ ਈਸਟ ਥੀਏਟਰ ਵਿੱਚ ਐਤਵਾਰ 23 ਜੂਨ, 2024 ਨੂੰ ਹੋਵੇਗਾ। ਇਸ ਨਾਟਕ ਦੀ ਤਿਆਰੀ ਲਈ ਪਿਛਲੇ ਸਾਲਾਂ ਵਾਂਗ ਲੋਕ ਕਲਾ ਮੰਚ, ਮੰਡੀ ਮੁੱਲਾਂਪੁਰ ਤੋਂ ਲੇਖਕ, ਕਲਾਕਾਰ ਤੇ ਨਿਰਦੇਸ਼ਕ, ਹਰਕੇਸ਼ ਚੌਧਰੀ ਜੂਨ ਦੇ ਪਹਿਲੇ ਹਫਤੇ ਕੈਲਗਰੀ ਪਹੁੰਚ ਰਹੇ ਹਨ।

'ਪ੍ਰੋਗਰੈਸਿਵ ਕਲਾ ਮੰਚ, ਕੈਲਗਰੀ' ਨੂੰ ਨਾਟਕਾਂ ਲਈ ਮੇਲ ਕਲਾਕਾਰਾਂ ਦੀ ਲੋੜ ਹੈ, ਜੋ ਕਿ ਇਸ ਨਾਟਕ ਮੇਲੇ ਲਈ ਵਲੰਟੀਅਰ ਸੇਵਾਵਾਂ ਕਰ ਸਕਦੇ ਹੋਣ। ਇਸ ਸਬੰਧੀ ਤੁਸੀਂ ਕਮਲਪ੍ਰੀਤ ਪੰਧੇਰ ਨਾਲ਼ 403-479-4220 ਜਾਂ ਕਮਲ ਸਿੱਧੂ ਨਾਲ਼ 403-966-7167 'ਤੇ ਸੰਪਰਕ ਕਰ ਸਕਦੇ ਹੋ। ਅਗਰ ਤੁਸੀਂ ਕੋਰੀਓਗਰਾਫੀ ਲਈ ਆਪਣੇ ਬੱਚੇ ਸ਼ਾਮਲ ਕਰਾਉਣਾ ਚਾਹੁੰਦੇ ਹੋ, ਤਾਂ ਵੀ ਉਪਰਲੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ।

ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਨਾਟਕ ਮੇਲੇ ਦੀ ਟਿਕਟ ਪਹਿਲਾਂ ਵਾਂਗ ਸਿਰਫ ਦਸ ਡਾਲਰ ਹੀ ਹੋਵੇਗੀ। ਇਸ ਨਾਟਕ ਮੇਲੇ ਨੂੰ ਸਪੌਂਸਰ ਕਰਕੇ ਸਹਿਯੋਗ ਕਰਨ ਜਾਂ ਕਿਸੇ ਹੋਰ ਜਾਣਕਾਰੀ ਲਈ ਤੁਸੀਂ ਮਾਸਟਰ ਭਜਨ ਸਿੰਘ ਨਾਲ਼ 403-455-4220 ਜਾਂ ਹਰਚਰਨ ਪ੍ਰਹਾਰ ਨਾਲ਼ 403-681-8689 'ਤੇ ਸੰਪਰਕ ਕਰ ਸਕਦੇ ਹੋ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਮਾਸਟਰ ਭਜਨ ਸਿੰਘ, ਕਮਲ ਸਿੱਧੂ, ਹਰਚਰਨ ਪ੍ਰਹਾਰ, ਕਮਲਪ੍ਰੀਤ ਪੰਧੇਰ, ਹਰੀਪਾਲ, ਮਨਜੀਤ ਗਿੱਲ, ਨਵਕਿਰਨ ਢੁੱਡੀਕੇ, ਗੋਪਾਲ ਜੱਸਲ ਆਦਿ ਮੈਂਬਰਾਂ ਨੇ ਭਾਗ ਲਿਆ।

# ਅੰਤਰਰਾਸ਼ਟਰੀ ਸਿੱਖ ਵਿਦਿਆਰਥੀ ਐਸੋਸੀਏਸ਼ਨ ਵੱਲੋਂ ਕੈਨੇਡਾ ਅੰਤਰਰਾਸ਼ਟਰੀ ਵਿਦਿਆਰਥੀ ਤੇ ਕਾਮਿਆਂ ਨੂੰ ਨਾਲ ਲੈ ਕੇ ਕੀਤੀ ਕਾਨਫਰੰਸ





ਬਰੈਂਪਟਨ (ਕੈਨੇਡਾ) ਦੇ ਚਿੰਗੂਜੀ ਪਾਰਕ ਵਿੱਚ ਨੌਜਵਾਨ ਸਪੋਰਟ ਨੈੱਟਵਰਕ ਤੇ ਅੰਤਰਰਾਸ਼ਟਰੀ ਸਿੱਖ ਵਿਦਿਆਰਥੀ ਐਸੋਸੀਏਸ਼ਨ ਵੱਲੋਂ ਕੈਨੇਡਾ ਅੰਤਰਰਾਸ਼ਟਰੀ ਵਿਦਿਆਰਥੀ ਤੇ ਕਾਮਿਆਂ ਨੂੰ ਨਾਲ ਲੈ ਕੇ ਕਾਨਫਰੰਸ ਕੀਤੀ ਗਈ। ਜਿਸ ਵਿੱਚ ਵਿਦਿਆਰਥੀ ਤੇ ਵਰਕਰਾਂ ਨੂੰ ਲਗਾਤਾਰ ਆ ਰਹੀਆਂ ਸਮੱਸਿਆਵਾਂ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ। ਜਿਸ ਵਿੱਚ ਅੰਤਰਰਾਸ਼ਟਰੀ ਸਿੱਖ ਵਿਦਿਆਰਥੀ ਐਸੋਸੈਸਨ ਦੇ ਆਗੂ ਜਸਪ੍ਰੀਤ ਸਿੰਘ ਅਤੇ ਨੌਜਵਾਨ ਸਪੋਟ ਨੈੱਟਵਰਕ ਦੇ ਆਗੂਆਂ ਮਹਿਕਦੀਪ ਮਾਨਸਾ, ਸਿਮਰਨ, ਬਿਕਰਮ ਕੁੱਲੇਵਾਲ, ਅਭੀ ਚੌਹਾਨ ਵੱਲੋਂ ਆਪਣੇ ਕਾਨਫਰੰਸ ਦੀਆਂ ਮੰਗਾ ਬਾਰੇ ਵਿਚਾਰ ਪੇਸ਼ ਕੀਤੇ ਗਏ।

ਮੁੱਖ ਮੰਗਾਂ

1.2024-25 ਦੇ ਵਿੱਚ ਜਿਨ੍ਹਾਂ ਪੋਸਟ ਗ੍ਰੈਜੂਏਟ ਵਰਕ ਪਰਮਿਟ ਹੋਲਡਰਾਂ ਦਾ ਵਰਕ ਪਰਮਿਟ ਖਤਮ ਹੋ ਰਿਹਾ ਇਹਨਾਂ ਦੇ ਵਰਕਪਰਮਿਟ ਵਧਾਏ ਜਾਣ।

2. PNP ਤੇ 353 ਦੇ ਡਰਾਅ ਅਲੱਗ ਅਲੱਗ ਕੱਢੇ ਜਾਣ, ਅਤੇ ਇੰਨਾਂ ਦਾ ਸਕੋਰ ਘਟਾਇਆ ਜਾਵੇ।

3. LMI ਦੇ ਨਾਮ ਤੇ ਹੁੰਦੀ ਲੁੱਟ ਬੰਦ ਕੀਤੀ ਜਾਵੇ

4. ਜਿਹੜੇ ਵਿਦਿਆਰਥੀ ਇਸ ਟਾਇਮ ਪੜ ਰਹੇ ਹਨ ਉਹਨਾਂ ਨੂੰ ਤਿੰਨ ਸਾਲ ਦੀ ਬਜਾਏ ਪੰਜ ਸਾਲ ਦਾ ਵਰਕ ਪਰਮਿਟ ਦਿੱਤਾ ਜਾਵੇ।

ਬੁਲਾਰਿਆਂ ਨੇ ਇਨਾਂ ਮੰਗਾਂ ਉੱਪਰ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਇਸ ਸਾਲ ਦੇ ਅੰਤ ਤੱਕ ਕਨੇਡਾ ਵਿੱਚ ਲਗਭਗ 5 ਲੱਖ ਵਰਕਰਾਂ ਵਰਕ ਪਰਮਿਟ ਖਤਮ ਹੋ ਰਿਹਾ ਹੈ ਇਹ ਉਨ੍ਹਾਂ ਲੋਕਾਂ ਲਈ ਗੰਭੀਰ ਮਸਲਾ ਹੈ ਇਸ ਕਰਕੇ ਲਗਾਤਾਰ ਨੌਜਵਾਨ ਡਿਪਰੈਸ਼ਨ ਵਿੱਚ ਜਾ ਰਹੇ ਨੇ ਕੁਝ ਖ਼ੁਦਕੁਸ਼ੀਆਂ ਕਰ ਮਰ ਰਹੇ ਹਨ, ਉਨ੍ਹਾਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕੇ ਇਹਨਾਂ ਸਮੱਸਿਆਵਾਂ ਦੀ ਜੜ ਨੂੰ ਨਿੱਜੀ ਰੂਪ ਵਿੱਚ ਨਾ ਲੈਂਦੇ ਹੋਏ ਇਹ ਪੂਰੇ ਦੇ ਪੂਰੇ ਪ੍ਰਬੰਧ ਨੂੰ ਦੇਖਣਾ ਚਾਹੀਦਾ ਹੈ। ਇਹਨਾਂ ਸਮੱਸਿਆਵਾਂ ਦੇ ਹੱਲ ਲਈ ਆਪਣੇ ਇਤਿਹਾਸਕ ਵਿਰਸੇ ਗੁਰੂ ਸਹਿਬਾਨਾਂ, ਗਦਰੀ ਬਾਬਿਆ, ਭਗਤ ਸਰਾਭਿਆ ਨੂੰ ਤੋਂ ਜਾਣੂ ਹੋਣਾ ਚਾਹੀਦਾ ਉਹਨਾਂ ਵਾਂਗੂ ਜ਼ਿੰਦਗੀ ਦੇ ਬਿਖੜੇ ਪੈਂਡਿਆਂ ਤੇ ਮਜ਼ਬੂਤੀ ਨਾਲ ਅੱਗੇ ਵੱਧ ਕੇ ਸੰਘਰਸ਼ ਦੇ ਰਾਹ ਪੈਣਾ ਚਾਹੀਦਾ ਹੈ। ਸਰਕਾਰ ਤੋ ਮੰਗ ਕੀਤੀ ਕੇ ਜਿਹੜਾ ਸੁਪਨਾ ਉਨ੍ਹਾਂ ਦੇ ਕਾਲਜਾ ਤੇ ਯੂਨੀਵਰਸਿਟੀਆਂ ਨੇ ਅੰਤਰ ਰਾਸ਼ਟਰੀ ਵਿਦਿਆਰਥੀਆਂ ਨੂੰ ਵੇਚਿਆ ਹੁਣ ਉਸ ਨੂੰ ਪੂਰਾ ਵੀ ਕਰੇ।

ਇੱਥੇ ਜ਼ਿਕਰਯੋਗ ਹੈ ਕੇ ਆਰਥਿਕ ਮੰਦੀ (ਰਿਸੈਸ਼ਨ) ਵਧਣ ਨਾਲ ਕਨੇਡਾ ਵਿੱਚ ਰੁਜ਼ਗਾਰ ਦੇ ਮੌਕੇ ਬਹੁਤ ਘੱਟ ਚੁੱਕੇ ਹਨ। ਹਜ਼ਾਰਾਂ ਵਿਦਿਆਰਥੀ ਛੇ ਛੇ ਮਹੀਨਿਆਂ ਤੋ ਵਿਹਲੇ ਬੈਠੇ ਨੇ। ਓਨਟਾਰੀਓ ਤੋ ਇਲਾਵਾ ਇਸ ਤਰਾ ਦੀਆ ਮੰਗਾ ਨੂੰ ਲੈ ਕਿ ਵਿਨੀਪੈੱਗ ਅਤੇ ਪਰਿੰਸਏਡਵਰਡ ਆਈਲੈਂਡ ਤੇ ਵੀ ਹਜ਼ਾਰਾਂ ਵਿਦਿਆਰਥੀ ਜਥੇਬੰਦ ਹੋ ਕੇ ਸ਼ੰਘਰਸ਼ ਦੇ ਮੈਦਾਨ ਵਿੱਚ ਨੇ।

ਇਸ ਕਾਨਫਰੰਸ ਦਰਮਿਆਨ ਹੀ ਫਿਲਪੀਨ ਭਾਈਚਾਰੇ ਨਾਲ ਸੰਬੰਧਿਤ ਜਥੇਬੰਦੀ ਮਗਰਾਂਤੇ ਦੇ ਬੁਲਾਰਿਆਂ ਨੇ ਦੱਸਿਆ ਕੇ ਫਿਲਫੀਨ ਦੇ ਵਿਦਿਆਰਥੀ ਵੀ ਆਪਣੀ ਜ਼ਿੰਦਗੀ ਦੀਆਂ ਤੰਗੀਆਂ ਤੁਰਸ਼ੀਆਂ ਨੂੰ ਹੱਲ ਕਰਨ ਲਈ ਇੱਥੇ ਆ ਕੇ ਜੋ ਸੁਪਨੇ ਲਏ ਗਏ ਸੀ ਉਹ ਚਕਨਾ ਚੂਰ ਹੋ ਰਹੇ ਹਨ ਤੇ ਲਗਾਤਾਰ ਸਾਡੇ ਵਿਦਿਆਰਥੀ ਮੁਸ਼ਕਲਾਂ ਵਿੱਚ ਫਸਦੇ ਜਾ ਰਹੇ ਹਨ। ਉਹਨਾਂ ਨੂੰ ਵੀ ਸੰਘਰਸ਼ ਦਾ ਰਾਹ ਅਖਤਿਆਰ ਕਰਨ ਦਾ ਸੱਦਾ ਦਿੱਤਾ ਗਿਆ।

ਦੋਵੇਂ ਜਥੇਬੰਦੀਆਂ ਦੀ ਆਗੂ ਟੀਮ ਦੀ ਅਗਵਾਈ ਵਿੱਚ ਰੋਡ ਮਾਰਚ ਕਰਦੇ ਹੋਏ ਚੋਂਕ ਵਿੱਚ ਖੜ੍ਹ ਕੇ ਸੈਂਕੜੇ ਨੌਜਵਾਨ ਵਿਦਿਆਰਥੀਆਂ ਕਾਮਿਆਂ ਵੱਲੋਂ ਅਵਾਜ਼ ਬੁਲੰਦ ਕੀਤੀ ਗਈ। ਜਿੱਥੇ ਅਣਗਿਣਤ ਰਾਹਗੀਰਾਂ ਵੱਲੋਂ ਆਪਣੀਆਂ ਗੱਡੀਆਂ ਦੇ ਹਾਰਨ ਮਾਰਕੇ ਸਮੱਰਥਨ ਦਿੱਤੀ ਗਿਆ। ਇਸਦੇ ਨਾਲ ਸਰਕਾਰ ਨੂੰ ਸੁਨੇਹਾ ਦਿੱਤਾ ਕੇ ਅਗਰ ਆਉਣ ਵਾਲੇ ਸਮੇਂ ਵਿੱਚ ਨੌਜਵਾਨ ਵਿਦਿਆਰਥੀਆਂ ਦੀਆਂ ਇਹਨਾਂ ਸਮੱਸਿਆਵਾਂ ਦਾ ਹੱਲ ਨਾ ਕੀਤਾ ਗਿਆ ਤਾਂ ਵੱਡੇ ਸੰਘਰਸ ਵੱਲ ਨੂੰ ਕਦਮ ਲਏ ਜਾਣਗੇ।

**ਬਿਕਰਮ ਕੁੱਲੇਵਾਲ** +16476125161
**ਜਸਪ੍ਰੀਤ ਸਿੰਘ** +1 (289) 440-1699


We Provide Following Insurance Services

- SUPER VISA /TRAVEL INSURANCE
- DISABILITY INSURANCE
- MEDICAL AND DENTAL PLANS
- CRITICAL ILLNESS INSURANCE
- LIFE INSURANCE (TERM OR WHOLE LIFE)
- MORTGAGE OR LOAN INSURANCE
- RESP (CHILDREN EDUCATION PLANS)
- RRSP (RETIREMENT SAVING PLANS)
- INVESTMENTS (SEG FUNDS)
- NO MEDICAL OR FUNERAL INSURANCE

Aman Gill
Financial Security Advisor



2102, 3730-108 Ave. NE Calgary AB T3N 1V8
Cell: 403-919-6962
Email: amandeepbrr440@gmail.com

Desjardins Financial Security Independent Network · CPP · GREAT-WEST · BMO · RBC Royal Bank · Equitable Life of Canada · Manulife Financial · iA Financial Group · Canada Life · Foresters · ivari

BEAUTY BLISS
Mediaesthetics

INSTAGRAM: BOTOXINJECTORYYC_NAV
EMAIL: NAV.BEAUTYBLISS@GMAIL.COM

Contact :
Nav Gill RN BscN
587.971.0052
For
Wrinkle treatment,
Laser Hair Removal,
Skin tightening,
Double chin reduction,
Lip Enhancement, Lip filler

SHAHEED BHAGAT SINGH BOOK CENTRE
Calgary Canada



ਸ਼ਹੀਦ ਭਗਤ ਸਿੰਘ ਬੁੱਕ ਸੈਂਟਰ



A Non-Profit, Volunteer Service to Promote New Readership & Encourage New Writers!
ਵਾਜਿਬ ਕੀਮਤ 'ਤੇ ਕਿਤਾਬਾਂ ਪ੍ਰਿੰਟ ਕਰਵਾਉਣ ਲਈ ਸੰਪਰਕ ਕਰੋ :
Book Exhibition & Sale!
Contact: Master Bhajan Singh at 403-455-4220



Buying | Selling | Investing
HOMELIFE Higher Standards
Homelife/Miracle Realty Ltd. Brokerage
Each Office Independently Owned & Operated
Bill (Baljinder) Bath
Realtor
Dir: 416.567.0008
Email: Bill5670008@gmail.com
821 Bovaird Drive Unit #31, Brampton L6X 0T9

# 13ਵੇਂ ਨਾਟਕ ਸਮਾਗਮ ਦਾ ਪੋਸਟਰ ਰਿਲੀਜ਼ !

## 13ਵਾਂ ਸੋਹਣ ਮਾਨ ਯਾਦਗਾਰੀ ਨਾਟਕ ਸਮਾਗਮ ਮਰਹੂਮ ਲੇਖਕ ਸੁਰਜੀਤ ਪਾਤਰ ਨੂੰ ਸਮਰਪਿਤ ਹੋਵੇਗਾ !

ਕੈਲਗਰੀ, (ਹਰਚਰਨ ਪਰਹਾਰ) : ਪ੍ਰੋਗੈਰਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਹਰ ਸਾਲ ਦੀ ਤਰ੍ਹਾਂ 13ਵਾਂ ਸੋਹਣ ਮਾਨ ਯਾਦਗਾਰੀ ਨਾਟਕ ਸਮਾਗਮ ਐਤਵਾਰ, ਜੂਨ 23 ਨੂੰ ਰੈਡ ਸਟੋਨ ਦੇ ਥੀਏਟਰ ਵਿੱਚ ਕਰਾਵਾਇਆ ਜਾ ਰਿਹਾ ਹੈ। ਇਸ ਸਬੰਧੀ ਨਾਟਕਾਂ ਦੀ ਪ੍ਰਬੰਧਕੀ ਟੀਮ, ਕਲਾਕਾਰਾਂ ਤੇ ਹੋਰ ਪਤਵੰਤੇ ਸੱਜਣਾਂ ਜੈਨੇਸਿਸ ਸੈਂਟਰ ਵਿਖੇ ਪੋਸਟਰ ਰਿਲੀਜ਼ ਕੀਤਾ ਗਿਆ। ਪ੍ਰੋਗਰੈਸਿਵ ਕਲਾ ਮੰਚ ਵੱਲੋਂ ਕਮਲਪ੍ਰੀਤ ਪੰਧੇਰ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਦੋ ਨਾਟਕ ਖੇਡੇ ਜਾਣਗੇ। ਜਿਨ੍ਹਾਂ ਵਿੱਚੋ ਇੱਕ ਨਾਟਕ 'ਅੱਲੜ ਉਮਰਾਂ ਘੁੱਪ ਹਨ੍ਹੇਰੇ' ਨਸ਼ਿਆਂ ਵਿੱਚ ਡੁੱਬ ਰਹੀ ਜਵਾਨੀ ਦੀ ਸਮੱਸਿਆ ਨਾਲ ? ਸਬੰਧਤ ਹੋਵੇਗਾ ਅਤੇ ਦੂਸਰਾ ਨਾਟਕ ਕਨੇਡਾ ਵਿੱਚ ਸਾਡੇ ਭਾਈਚਾਰੇ ਦੀਆਂ ਸਮੱਸਿਆਵਾਂ ਨਾਲ ? ਸਬੰਧਤ ਹੋਵੇਗਾ। ਇਨ੍ਹਾਂ ਨਾਟਕਾਂ ਦੀ ਤਿਆਰੀ ਲਈ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੋਂ ਹਰਜੇਸ਼ ਚੌਧਰੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।



ਪ੍ਰਬੰਧਕਾਂ ਵੱਲੋਂ ਇਹ ਵੀ ਜਾਣਕਾਰੀ ਸਾਂਝੀ ਕੀਤੀ ਗਈ ਕਿ 13ਵਾਂ ਸੋਹਣ ਮਾਨ ਯਾਦਗਾਰੀ ਨਾਟਕ ਸਮਾਗਮ ਮਰਹੂਮ ਲੇਖਕ ਸੁਰਜੀਤ ਪਾਤਰ ਨੂੰ ਸਮਰਪਿਤ ਹੋਵੇਗਾ! ਉਨ੍ਹਾਂ ਦੇ ਗੀਤ, 'ਤੂੰ ਜੰਗਾਂ ਦੇ ਮੋਮਬੱਤੀਆਂ' ਨਾਲ ? ਸ਼ਰਧਾਂਜਲੀ ਭੇਟ ਕੀਤੀ ਜਾਵੇਗੀ।

ਇਸ ਮੌਕੇ ਤੇ ਬੋਲਦਿਆਂ ਮਾਸਟਰ ਭਜਨ ਸਿੰਘ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵੱਲੋਂ ਇਸ ਸਾਲ ਦਾ ਦੂਜਾ ਪੁਸਤਕ ਮੇਲਾ ਪਹਿਲਾਂ ਦੀ ਤਰ੍ਹਾਂ ਗਰੀਨ ਪਲਾਜਾ ਵਿਖੇ ਐਤਵਾਰ 16 ਜੂਨ ਨੂੰ ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ। ਇਸਦਾ ਉਦਘਾਟਨ 11 ਵਜੇ ਮੰਡੀ ਮੁੱਲਾਂਪੁਰ ਤੋਂ ਪਹੁੰਚ ਰਹੇ ਲੇਖਕ, ਐਕਟਰ, ਡਾਇਰੈਕਟਰ ਹਰਕੇਸ਼ ਚੌਧਰੀ ਕਰਨਗੇ। ਇਸ ਮੌਕੇ 'ਤੇ ਪਾਠਕ ਨਾਟਕ ਸਮਾਗਮ ਦੀਆਂ ਟਿਕਟਾਂ ਵੀ ਖਰੀਦ ਸਕਦੇ ਹਨ।

**ਨਾਟਕ ਸਮਾਗਮ ਦਾ ਵੇਰਵਾ:**

Sunday, June 23rd 4:30 pm (Doors Open)
Function from 5:00pm – 8:00pm
Address: Red Stone Theatre;
5 Red Stone Heights NE Calgary
Ticket $10
Contact for more detail:
Harcharan Parhar 403-681-8689
Master Bhajan Singh 403-455-4220
Kamal Pandher 403-479-4220

# ਕੈਨੇਡਾ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਕਾਮਿਆਂ ਵੱਲੋਂ ਸਰਕਾਰੀ ਨੀਤੀਆਂ ਖਿਲਾਫ ਸ਼ੰਘਰਸ਼ ਦਾ ਐਲਾਨ

ਬਰੈਂਪਟਨ : ਬੀਤੇ ਦਿਨੀਂ ਬਰੈਂਪਟਨ ਸਥਿਤ 99 ਗਲਿਡਨ ਰੋਡ ਗੁਰੂ ਘਰ ਵਿਖੇ ਦੋ ਜਥੇਬੰਦੀਆਂ ਨੌਜਵਾਨ ਸੁਪੋਰਟ ਨੈੱਟਵਰਕ (NSN) ਅਤੇ ਇੰਟਰਨੈਸ਼ਨਲ ਸਿੱਖ ਸਟੂਡੈਂਟਸ ਅਸੋਸੀਏਸ਼ਨ (ISSA)ਅਤੇ ਸੀਹਰਾ ਇਮੀਗਰੇਸ਼ਨ ਦੇ ਵੱਲੋਂ Ontario meet ਦੇ ਨਾਮ ਹੇਠ ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਕਾਮਿਆਂ ਦੀ ਇੱਕ ਮੀਟਿੰਗ ਸੱਦੀ ਜਿਸ ਵਿੱਚ 250 ਦੇ ਕਰੀਬ ਲੋਕਾਂ ਨੇ ਹਿੱਸਾ ਲਿਆ। ਮੀਟਿੰਗ ਸੱਦਣ ਦਾ ਮੁੱਖ ਕਾਰਨ ਸੀ ਕੇ ਕੈਨੇਡਾ 2024-2025 ਵਿੱਚ ਹਜ਼ਾਰਾਂ ਬੱਚਿਆਂ ਦੇ ਵੀਜ਼ੇ ਖਤਮ ਹੋ ਰਹੇ ਨੇ ਪਰ ਪੀ ਆਰ ਲਈ ਕੋਈ ਡਰਾਅ ਸਮੇਂ ਸਿਰ ਨਹੀ ਆ ਰਿਹਾ ਜੋ ਵੀ ਰਹੇ ਨੇ ਉਨ੍ਹਾਂ ਦੇ ਸਕੋਰ ਬਹੁਤ ਉੱਪਰ ਨੇ, ਦੂਜਾ ਕਾਫ਼ੀ ਲੋਕਾ ਦੀਆਂ ਪੀਆਰ ਫ਼ਾਈਲਾਂ ਲੱਗੀਆਂ ਹੋਈਆਂ ਨੇ ਪਰ ਉਸ ਦਾ ਨਤੀਜਾ ਸਮੇਂ ਸਿਰ ਨਹੀ ਸਗੋਂ ਕਾਫ਼ੀ ਮਹੀਨਿਆਂ ਬਾਅਦ ਆ ਰਿਹਾ ਤੇ ਉਨ੍ਹਾਂ ਦੇ ਵਰਕ ਪਰਮਿਟ ਖਤਮ ਹੋਣ ਵਾਲੇ ਨੇ ਇਹ ਲੋਕ ਆਪਣਾ ਸਟੇਟਸ ਬਣਾਈ ਰੱਖਣ ਲਈ ਹਜ਼ਾਰਾਂ ਡਾਲਰ ਖਰਚ ਕੇ LMIA ਲੈਣੀ ਪੈ ਰਹੀ ਹੈ ਜਿਸ ਨਾਲ ਦੋ ਸਾਲ ਦਾ ਵੀਜ਼ਾ ਹੋਰ ਮਿਲ ਜਾਂਦਾ ਹੈ।



ਮੀਟਿੰਗ ਨੂੰ ਤਿੰਨ ਬੁਲਾਰਿਆਂ ਜਸਪ੍ਰੀਤ ਸਿੰਘ, ਕਨਵਰ ਸੀਹਰਾ ਅਤੇ ਬਿਕਰਮ ਕੁੱਲੇਵਾਲ ਨੇ ਸੰਬੋਧਨ ਕੀਤਾ ਤੇ ਕਿਹਾ ਕਿ ਇਹੋ ਜਿਹੇ ਹਾਲਾਤ ਵਿੱਚ ਜਦੋਂ ਕਨੇਡਾ ਲਗਾਤਾਰ ਡੂੰਘੇ ਆਰਥਿਕ ਮੰਦਵਾੜੇ ਵੱਲ ਵੱਧ ਰਿਹਾ ਰੋਜ਼ਗਾਰ ਦੇ ਮੌਕੇ ਲਗਾਤਾਰ ਘੱਟ ਰਹੇ ਨੇ ਤੇ ਲੋਕਾਂ ਨੂੰ ਹਜ਼ਾਰਾਂ ਡਾਲਰ ਖਰਚ LMIA ਲੈਣੀ ਪੈ ਰਹੀ ਹੈ ਦੂਜਾ ਜਿਨ੍ਹਾਂ ਕੋਲ ਪੈਸੇ ਨਹੀਂ ਉਹ ਰਫ਼ਿਊਜੀ ਕੇਸ ਲੱਗਾ ਰਹੇ ਨੇ ਤੀਜੇ ਵੀਜਟਰ ਵੀਜ਼ਾ ਅਪਣਾਈ ਕਰ ਰਹੇ ਨੇ ਜਾ ਵੱਡੀ ਗਿਣਤੀ ਵਿੱਚ ਆਉਣ ਵਾਲੇ ਸਮੇਂ 'ਚ ਉਹ ਲੋਕ ਹੋਣਗੇ ਜਿਨਾ ਕੋਲ ਕੋਈ ਵੀਜ਼ਾ ਸਟੇਟਸ ਨਹੀਂ ਬਚੇਗਾ। ਇਨ੍ਹਾਂ ਲੋਕਾ ਵਿੱਚ ਮਾਨਸਿਕ ਤਣਾਅ ਵੱਧ ਰਿਹਾ ਹੈ ਉਨ੍ਹਾਂ ਨੂੰ ਭਵਿੱਖ ਦੀ ਚਿੰਤਾ ਸਤਾ ਰਹੀ ਹੈ। ਇੰਨਾ ਹਾਲਤਾਂ ਲਈ ਜ਼ਿੰਮੇਵਾਰ ਕਨੇਡਾ ਦਾ ਸਿਸਟਮ ਤੇ ਸਰਕਾਰ ਹੈ ਜਿਨ੍ਹਾਂ ਨੇ ਇਨ੍ਹਾਂ ਵਿਦਿਆਰਥੀਆਂ ਕੋਲੋਂ ਲੱਖਾਂ ਡਾਲਰ ਇੱਕੱਠੇ ਕਰ ਕੇ ਅਤੇ ਸਸਤੀ ਲੇਬਰ ਦੇ ਤੌਰ 'ਤੇ ਵਰਤ ਕੇ ਹੁਣ ਇੰਨਾਂ ਨੂੰ ਰੁਲਣ ਲਈ ਛੱਡ ਦਿੱਤਾ ਹੈ।

ਮੀਟਿੰਗ ਵਿੱਚ ਬੁਲਾਰਿਆਂ ਵੱਲੋਂ ਸਮੱਸਿਆ ਦੇ ਕਾਰਨਾਂ ਅਤੇ ਹੱਲ ਲਈ ਇੱਕ ਪ੍ਰਸਤਾਵ ਵੀ ਪੱਤਰ ਵੀ ਪੇਸ਼ ਕੀਤਾ ਗਿਆ ਜਿਸ ਤੇ ਭਰਵੀਂ ਵਿਚਾਰ ਚਰਚਾ ਕਰ ਕੇ ਕੁਝ ਹੋਰ ਮੰਗਾ ਮਸਲੇ ਉਸ ਵਿੱਚ ਸ਼ਾਮਲ ਕੀਤੇ ਗਏ। ਹਾਲ ਵਿੱਚ ਹਾਜ਼ਰ ਲੋਕਾ ਦੇ ਸਵਾਲਾਂ ਦੇ ਜਵਾਨ ਕਨਵਰ ਸੀਹਰਾ ਨੇ ਦਿੱਤੇ ਜੋ ਪਿਛਲੇ ਸਮੇਂ ਤੋ ਸ਼ੋਸ਼ਲ ਮੀਡੀਆ ਉੱਪਰ ਵੀ ਇਸ ਮਸਲੇ ਬਾਰੇ ਲਗਾਤਾਰ ਬੋਲ ਰਹੇ ਹਨ ਤੇ ਇੱਕ ਓਨਲਾਇਨ ਪਟੀਸ਼ਨ ਜਿਸਦਾ ਨਾਮ PGWP 52 ਸੀ ਉਹ ਵੀ ਚਲਾ ਰਹੇ ਹਨ।

ISSA ਦੇ ਜਸਪ੍ਰੀਤ ਸਿੰਘ ਨੇ ਕਿਹਾ ਕੇ ਉਹ ਕਾਫ਼ੀ ਸਮੇਂ ਤੋ ਵੱਖ ਵੱਖ ਪਾਰਟੀਆਂ ਦੇ ਲੀਡਰਾਂ ਨੂੰ ਇਸ ਮਸਲੇ ਦੀ ਗੰਭੀਰਤਾ ਬਾਰੇ ਦੱਸ ਰਹੇ ਹਨ ਉਹ ਰਵੱਈਆ ਹਾਂ ਪੱਖੀ ਨਹੀਂ ਹੈ। NSN ਜਥੇਬੰਦੀ ਦੇ ਬਿਕਰਮ ਕੁੱਲੇਵਾਲ ਨੇ ਕਿਹਾ ਸਰਕਾਰ ਅੰਤਰ ਰਾਸ਼ਟਰੀ ਵਿਦਿਆਰਥੀਆਂ ਨਾਲ ਜੋ ਧੱਕਾ ਕਰ ਰਹੀ ਹੈ ਉਹ ਬਰਦਾਸ਼ਤ ਕਰਨ ਯੋਗ ਨਹੀਂ ਇਸ ਦੇ ਖਿਲਾਫ ਸਾਰੇ ਕਨੇਡਾ ਦੇ ਅੰਤਰ ਰਾਸ਼ਟਰੀ ਕਾਮਿਆਂ ਤੇ ਵਿਦਿਆਰਥੀਆਂ ਨੂੰ ਜਥੇਬੰਦ ਰੂਪ ਵਿੱਚ ਸ਼ੰਘਰਸ਼ ਦੇ ਮੈਦਾਨ ਵਿੱਚ ਨਿੱਤਰਨਾ ਚਾਹੀਦਾ ਹੈ ਜੇ ਸਰਕਾਰ ਨੇ ਇਸ ਮਸਲੇ ਤੇ ਜਲਦ ਕੋਈ ਫੈਸਲਾ ਨਾ ਲਿਆ ਤਾ ਅਗਲੇ ਹਫ਼ਤੇ ਇੱਕ ਵੱਡਾ ਰੋਸ ਪਰਦਰਸ਼ਨ ਕੀਤਾ ਜਾਵੇਗਾ ਤੇ ਸ਼ੰਘਰਸ਼ ਨੂੰ ਹੋਰ ਤੇਜ ਕੀਤਾ ਜਾਵੇਗਾ। ਇੱਥੇ ਇਹ ਵੀ ਦੱਸਣਯੋਗ ਹੈ ਕੇ ਕਨੇਡਾ ਦੇ ਵੱਖ ਹਿੱਸਿਆਂ ਵਿੰਨੀਪੈਗ, ਪ੍ਰਿੰਸਐਡਵਰਡ ਆਈਲੈਂਡ ਵਿੱਚ ਵੀ ਅੰਤਰ ਰਾਸ਼ਟਰੀ ਕਾਮੇ ਅਤੇ ਵਿਦਿਆਰਥੀ ਇਸ ਸਮੱਸਿਆ ਖਿਲਾਫ ਰੋਸ ਪ੍ਰਦਰਸ਼ਨ ਕਰ ਰਹੇ ਹਨ। ਨੌਜਵਾਨ ਸੁਪੋਰਟ ਨੈੱਟਵਰਕ ਅਤੇ ਇੰਟਰਨੈਸ਼ਨਲ ਸਿੱਖ ਸਟੂਡੈਂਟ ਐਸੋਸੀਏਸ਼ਨ ਵੱਲੋਂ ਇੰਨਾਂ ਚੱਲ ਰਹੇ ਸ਼ੰਘਰਸ਼ਾ ਦੀ ਡੱਟ ਕੇ ਹਮਾਇਤ ਕਰਨ ਦਾ ਸੱਦਾ ਵੀ ਦਿੱਤਾ।

**ਬਿਕਰਮ ਕੁਲੇਵਾਲ**
+1 6476125161,
**ਜਸਪ੍ਰੀਤ ਸਿੰਘ**
+1 (289) 440-1699










ਪੁਸਤਕ ਚਰਚਾ

# ਭੁਪਿੰਦਰ ਸਿੰਘ ਭਾਗੋਮਾਜਰਾ ਦੇ ਸਫ਼ਰਨਾਮਾ 'ਮੇਰੀ ਪਹਿਲੀ ਕੈਨੇਡਾ ਯਾਤਰਾ' ਬਾਰੇ ਗੱਲ ਕਰਦਿਆਂ




ਬਲਜਿੰਦਰ ਸੰਘਾ
403-680-3212

ਭੁਪਿੰਦਰ ਸਿੰਘ ਭਾਗੋਮਾਜਰਾ ਸਫ਼ਰਨਾਮਾ 'ਮੇਰੀ ਪਹਿਲੀ ਕੈਨੇਡਾ ਯਾਤਰਾ' ਤੋਂ ਪਹਿਲਾ ਦੋ ਕਿਤਾਬਾਂ ਦਾ ਲੇਖਕ ਹੈ। ਪਹਿਲੀ 'ਯਾਦਾਂ ਦੀ ਖੁਸ਼ਬੋ' ਦੂਸਰੀ 'ਨਾ ਵੇ ਸ਼ਾਸਕਾ' ਦੋਵੇ ਕਾਵਿ-ਸੰਗ੍ਰਹਿ ਹਨ। ਉਹਨਾਂ ਦਾ ਹੱਥਲਾ ਸਫ਼ਰਨਾਮਾ ਸਾਲ 2024 ਵਿਚ ਛਪਿਆ ਹੈ ਜੋ ਉਹਨਾਂ ਦੀ ਪਹਿਲੀ ਕਨੇਡਾ ਫੇਰੀ ਜਦੋਂ ਸਾਲ 2022 ਦੀਆਂ ਗਰਮੀਆਂ ਵਿਚ ਉਹ ਕਨੇਡਾ ਆਏ ਉਸ ਸਮੇਂ ਦੇ ਸਫ਼ਰ ਬਾਰੇ ਹੈ। ਹਰ ਸਫ਼ਰਨਾਮੇ ਦੇ ਅਤੇ ਸਫ਼ਰਨਾਮਾ ਲਿਖ਼ਣ ਵਾਲੇ ਦੇ ਸੁਚੇਤ ਮਨ ਤੇ ਨਿਰਭਰ ਕਰਦਾ ਹੈ ਕਿ ਉਹ ਸਫ਼ ?ਰ ਦੇ ਉਪਰਲੇ ਪ੍ਰਭਾਵ ਲਿਖਣਾ ਚਾਹੁੰਦਾ ਹੈ ਜਾਂ ਦਿਸਦੇ ਦੇ ਪਿੱਛੇ ਅਦਿਸਦੇ ਦੀ ਗੱਲ ਕਰਦਾ ਪਰਤਾਂ ਖੋਲਣਾ ਚਾਹੁੰਦਾ ਹੈ। ਪਰ ਮੋਟੇ ਤੌਰ ਤੇ ਸਫ਼ਰਨਾਮੇ ਸਫ਼ਰ ਕਰਦਿਆਂ ਦੇਖੇ, ਪਰਖੇ ਅਤੇ ਕੁਝ ਹੰਢਾਏ ਪਲਾ ਰਾਹੀਂ ਉਸ ਸਮੇਂ, ਸਥਾਨ, ਹਲਾਤ ਆਦਿ ਨੂੰ ਕੇਂਦਰ ਬਿੰਦੂ ਵਿਚ ਰੱਖਕੇ ਲਿਖੇ ਬਿਰਤਾਂਤ ਹੀ ਹੁੰਦੇ ਹਨ। ਪਰ ਜੇਕਰ ਸਫ਼ਰਨਾਮੇ ਦੇ ਲੇਖਕ ਵਿਚ ਦ੍ਰਿਸ਼ ਸਿਰਜਣ ਦੀ ਕਲਾ ਹੈ, ਸਹੀ ਸ਼ਬਦਾਂ ਦਾ ਭੰਡਾਰ ਹੈ ਤਾਂ ਸਫ਼ਰਨਾਮੇ ਹਰ ਪੜ੍ਹਨ ਵਾਲੇ ਦੀ ਰੌਚਿਕਤਾ ਬਣਾਈ ਰੱਖਦੇ ਹਨ ਅਤੇ ਗਿਆਨ ਵਿਚ ਵੀ ਵਾਧਾ ਕਰਦੇ ਹਨ।

ਭੁਪਿੰਦਰ ਸਿੰਘ ਭਾਗੋਮਾਜਰਾ ਜੀ ਦਾ ਇਹ ਪਹਿਲੀ ਕੈਨੇਡਾ ਯਾਤਰਾ ਬਾਰੇ ਪਹਿਲਾ ਸਫ਼ਰਨਾਮਾ ਹੈ। ਉਹ ਇਸ ਕਿਤਾਬ ਦੇ ਮੁੱਖ ਬੰਦ ਵਿਚ ਲਿਖੇ ਆਪਣੇ ਸ਼ਬਦਾ ਰਾਹੀਂ ਇਹ ਗੱਲ ਸ਼ਪੱਸ਼ਟ ਕਰ ਦਿੰਦੇ ਹਨ ਕਿ ਮੇਰਾ ਇਹ ਸਫ਼ਰਨਾਮਾ ਵਿਜਿ ?ਟਰ ਵੀਜ਼ੇ ਅਤੇ ਉਹਨਾਂ ਵਿਦਿਆਰਥੀਆਂ ਲਈ ਰਾਹ ਦਸੇਰਾ ਬਣੇਗਾ ਜੋ ਕਨੇਡਾ ਜਾਣਾ ਚਾਹੁੰਦੇ ਹਨ। ਇਸ ਤਰ੍ਹਾਂ ਗੱਲ ਸ਼ਪੱਸ਼ਟ ਹੈ ਕਿ ਚਾਹੇ ਲੇਖਕ ਰਿਟਾਇਰਮੈਂਟ ਤੱਕ ਇਤਿਹਾਸ ਦਾ ਲੈਕਚਰਾਰ ਰਿਹਾ ਹੈ, ਸੰਸਾਰ ਦੇ ਮੌਜੂਦਾ ਮਸਲੇ ਅਤੇ ਇਤਿਹਾਸ ਦੀ ਜਾਣਕਾਰੀ ਰੱਖਦਾ ਹੈ। ਮੌਜੂਦਾ ਪੂੰਜੀਵਾਦ ਦੇ ਕਾਰਪੋਰੇਟ ਦਬਦਬੇ ਅਤੇ ਮਨੁੱਖ ਨੂੰ ਰਿਮੋਟ ਦੀ ਤਰਾਂ ਵਰਤਣ ਦੇ ਵਰਤਾਰੇ ਨੂੰ ਸਮਝਦਾ ਹੈ ਕਿ-ਕਿਵੇਂ ਮਨੁੱਖ ਇਸ ਸਮੇਂ ਆਰਥਿਕ ਸਰੋਕਾਰਾਂ ਦੀ ਭਟਕਣਾ ਵਿਚ ਹੈ? ਕਿਵੇਂ ਉਸਦੇ ਬੈਡਰੂਮ ਤੱਕ ਪਹੁੰਚੀ ਮੰਡੀ ਨੇ ਉਸਨੂੰ ਭੋਗੀ-ਭਟਕਣਾ ਅਤੇ ਫੋਕੇ ਸਟੇਟਸ ਸਿੰਬਲ ਵਿਚ ਜਕੜਿਆ ਹੈ? ਕਿਵੇਂ ਕਨੇਡਾ ਵਰਗੇ ਦੇਸ਼ ਬਹੁਤੀ ਵੱਡੀ ਉਦਯੋਗਿਕ ਇਕਾਈ ਨਾ ਹੋਣ ਦੇ ਬਾਵਜੂਦ ਬਹੁਤੇ ਦੇਸ਼ਾਂ ਦੇ ਲੋਕਾਂ ਨੂੰ ਆਪਣੇ ਵੱਲ ਖਿੱਚਣ ਦੀ ਤਾਕਤ ਰੱਖਦੇ ਹਨ ? ਕਿਵੇਂ ਇਹ ਵਿਕਿਸਤ ਅਤੇ ਕਾਨੂੰਨ ਪ੍ਰਧਾਨ ਦੇਸ਼ ਹੋ ਨਿਬੜਦੇ ਹਨ? ਜਿਵੇਂ ਆਪਾ ਘਰ ਖਰੀਦਣ ਲਈ ਲਏ ਕਰਜ਼ੇ ਦੇ ਹਿਸਾਬ ਨਾਲ ਹੀ ਦੇਖੀਏ ਕਿ ਤੀਸਰੀ ਕਿਸ਼ਤ ਟੁੱਟਦਿਆਂ ਹੀ ਨੋਟਿਸ ਆ ਜਾਂਦਾ ਹੈ ਕਿ ਕੀ ਕਾਰਨ ਹੈ ਤੁਹਾਡੀ ਘਰ ਦੀ ਕਿਸ਼ਤ ਸਮੇਂ ਤੇ ਨਹੀਂ ਆਈ। ਜੇਕਰ ਘਰ ਦੀ ਕੀਮਤ ਵੱਧ ਅਤੇ ਕਰਜ਼ਾ ਘੱਟ ਹੈ ਤਾਂ ਅਦਾਲਤ ਵਿਚ ਜਾ ਕੇ ਬੈਂਕਾਂ ਦੀ ਆਪਣੇ ਵਕੀਲਾਂ ਰਾਹੀਂ ਇਹ ਦੌੜ ਹੁੰਦੀ ਹੈ ਕਿ ਜਲਦੀ ਨਾਲ ਰਾਈਸ ਔਰਡਰ (ਭਾਵ ਚੌਲ-ਚੌਲ ਖਾਣ ਦਾ ਹੁਕਮ) ਜਾਰੀ ਕਰਵਾਕੇ ਮਾਲਕ ਨੂੰ ਸਣੇਂ ਸਮਾਨ ਘਰ ਵਿਚੋਂ ਬਾਹਰ ਕੱਢ ਮਾਰਨ। ਪਰ ਜੇਕਰ ਇਹ ਲੱਗੇ ਕਿ ਘਰ ਦੀ ਕੀਮਤ ਹੁਣ ਘੱਟ ਹੈ ਅਤੇ ਕਰਜ਼ਾ ਵੱਧ ਹੈ ਤਾਂ ਲੈਟਰ ਅਤੇ ਆਉਂਦੇ ਹਨ ਕਿ ਸਾਡੇ ਨਾਲ ਸਮਾਂ ਲੈਕੇ ਬੈਠਕੇ ਗੱਲ ਕਰੋ 'ਤੇ ਬੈਂਕਾਂ ਮੋਹਲਤ ਦੇ ਦਿੰਦੀਆਂ ਹਨ ਕਿ ਵਿਆਜ ਵੱਧ ਲੱਗੇਗਾ ਪਰ ਅਸੀਂ ਤੁਹਾਡਾ ਘਰ ਜ਼ਪਤ ਨਹੀਂ ਕਰਦੇ ਅਤੇ ਟੁੱਟੀ ਹੋਈ ਕਿਸ਼ਤ ਹੋਰ ਤਰ੍ਹਾਂ ਅਡਜਸਟ ਕਰਨ ਦੇ ਰਾਹ ਹੁੰਦੇ ਹਨ। ਪਰ ਅਜਿਹਾ ਕੋਈ ਹੀ ਕੇਸ ਹੁੰਦਾ ਹੈ ਨਹੀਂ ਤਾਂ ਜਾਇਦਾਦ ਦੇ ਮੁੱਲ ਤੋਂ ਤੋਂ ਵੱਧ ਕਰਜ਼ਾ ਦੇਣ ਦਾ ਤਾਂ ਕਨੇਡਾ ਦੇ ਮੌਜੂਦਾ ਪ੍ਰਪਰਟੀ ਅਪਰੇਜ਼ਲ ਸਿਸਟਮ ਵਿਚ ਸਵਾਲ ਹੀ ਪੈਦਾ ਨਹੀਂ ਹੁੰਦਾ। ਅਸਲ ਗੱਲ ਇਹੀ ਹੈ ਕਿ ਸਿਰਫ਼ ਸੁਖਾਲੇ ਕਰਜੇ? ਦੇ ਕੇ ਮਨੁੱਖ ਨੂੰ ਇਸ ਤਰਾਂ ਘੇਰ ਲਿਆ ਜਾਂਦਾ ਹੈ ਕਿ ਉਹ ਸਾਰੀ ਉਮਰ ਕਰਜ਼ੇ ਵਿਚ ਵੀ ਵੱਧ ਡੁੱਬਦਾ ਚਲਿਆ ਜਾਂਦਾ ਹੈ, ਬਾਹਰੋਂ ਤਰੱਕੀ ਵੀ ਬਹੁਤ ਦਿੱਸਦੀ ਹੈ ਤੇ ਅਸਲ ਵਿਚ ਪੱਲੇ ਕੁਝ ਬਹੁਤਾ ਹੁੰਦਾ ਵੀ ਨਹੀਂ। ਸਾਰੀ ਉਮਰ ਕੰਮ ਕਰਨ ਵਾਲੇ ਬਜ਼ੁਰਗ ਇਸ ਗੱਲ ਦਾ ਫਿ ?ਕਰ ਕਰਦੇ ਹਨ ਕਿ ਜੇ ਕਰ ਉਹਨਾਂ ਦਾ ਬੁਢਾਪਾ ਲੰਬਾ ਹੋ ਗਿਆ ਤੇ ਜਲਦੀ ਮੌਤ ਨਾ ਆਈ ਤਾਂ ਪੈਨਸ਼ਨ ਤੋਂ ਵੱਧ ਮੁੱਲ ਦੀਆਂ ਦਵਾਈਆਂ ਅਤੇ ਸਾਂਭ-ਸੰਭਾਲ ਦੇ ਬਿੱਲ ਕੌਣ ਲਾਵੇਗਾ? ਵੇਖਣ ਵਾਲੀ ਅੱਖ ਹੋਵੇ ਤਾਂ 5ਲਡ ਏਜ਼ ਘਰਾਂ ਵਿਚ ਬਹੁਤ ਸਾਰੇ ਗੋਰੇ ਬਜ਼ੁਰਗ ਮਿਲਣਗੇ ਜੋ ਇਸ ਫਿ ?ਕਰ ਵਿਚ ਹਨ ਕਿ ਉਹਨਾਂ ਨੇ ਤਾਂ ਰਿਵਰਸ ਮੌਰਟਗੇਜ (ਭਾਵ ਜਿਸ ਘਰ ਜਾਂ ਪ੍ਰਪਾਰਟੀ ਦੀਆਂ ਕਿਸ਼ਤਾਂ ਸਾਰੀ ਉਮਰ ਲਾਹੀਆ ਹਨ ਹੁਣ ਉਸ ਦੇ ਉਲਟ ਬੈਂਕ ਤੋਂ ਡਾਲਰ ਕਿਸ਼ਤਾਂ ਵਿਚ ਵਾਪਸ ਲੈਕੇ ਵੀ ਦਵਾਈਆਂ ਵਿਚ ਲਗਾ ਦਿੱਤੇ ਹਨ ਤੇ ਪ੍ਰਾਪਰਟੀ ਬੈਂਕ ਦੀ ਬਣ ਚੁੱਕੀ ਹੈ) ਰਾਹੀਂ ਸਾਰਾ ਕਮਾਇਆ ਹੋਇਆ ਖਾ ਚੁੱਕੇ ਹਨ ਤੇ ਜੇਕਰ ਜਲਦੀ ਨਾ ਮਰੇ ਤਾਂ ਕੀ ਹੋਵੇਗਾ? ਪਿੱਛੇ ਜਿਹੇ ਕਨੇਡਾ ਦੇ ਇਕ ਸਿਹਤ ਮੰਤਰੀ ਨੇ ਵੀ ਕਿਹਾ ਸੀ ਕਿ ਕਨੇਡਾ ਨੂੰ ਆਰਥਿਕ ਖਤਰਾ ਇਸ ਗੱਲ ਤੋਂ ਜਿ ?ਆਦਾ ਹੈ ਕਿ ਸਾਡੇ ਦੇਸ਼ ਦੇ ਬੁੱਢੇ ਜਿਉਂਦੇ ਬਹੁਤ ਲੰਬਾ ਹਨ। ਇਸ਼ਾਰਾ ਪਿੱਛੋ ਕਾਰਪੋਰੇਟ ਸਿਸਟਮ ਦਾ ਹੀ ਹੁੰਦਾ ਹੈ ਕਿ ਕਿਵੇਂ ਨਾ ਕਿਵੇਂ ਬੁਢਾਪਾ ਪੈਨਸ਼ਨ ਬੰਦ ਕੀਤੀ ਜਾਵੇ ਜਾਂ ਉਮਰ ਕੈਪ ਲਾਇਆ ਜਾਵੇ ਤੇ ਕਟੌਤੀ ਹੋਵੇ। ਇਹ ਤਾਂ ਸੀ ਲੱਗਭੱਗ ਹਰ ਵਿਕਸਤ ਦੇਸ਼ਾਂ ਦੇ ਅਦਰੂੰਨੀ ਤੇ ਆਮ ਬਾਹਰੋਂ ਦੇਖਣ ਵਾਲੇ ਨੂੰ ਨਾ ਦਿੱਸਦੇ ਪੱਖ।

ਪਰ ਜਿਵੇਂ ਕਿ ਭਾਗੋਮਾਜਰਾ ਜੀ ਨੇ ਕਿਹਾ ਹੈ ਕਿ ਉਹਨਾਂ ਦਾ ਸਫ਼ਰਨਾਮਾ ਸਿਰਫ਼ ਨਵੇਂ ਵਿਦੇਸ਼ ਜਾਣ ਵਾਲਿਆਂ ਲਈ ਰਾਹ ਦਸੇਰਾ ਬਣੇਗਾ ਹੁਣ ਗੱਲ ਉਸ ਹਿਸਾਬ ਨਾਲ ਇਸ ਸਫ਼ਰਨਾਮੇ ਦੀ ਕਰਦੇ ਹਾਂ। ਇਸ ਸਫ਼ਰਨਾਮੇ ਵਿਚ ਲੇਖਕ ਨੇ ਵਿਦਿਆਰਥੀ ਬੱਚਿਆਂ ਦੇ ਵਿਦੇਸ਼ ਆਉਣ ਪਿੱਛੋਂ ਮਾਪਿਆਂ ਦੇ ਦਿਲ ਦਾ ਦਰਦ, ਬੱਚਿਆਂ ਦੇ ਵਿਦੇਸ਼ ਆਉਣ ਦੇ ਕਾਰਨ, ਮਾਂ-ਬਾਪ ਦਾ ਉਹਨਾਂ ਦੇ ਪਿੱਛੇ-ਪਿੱਛੇ ਵਿਦੇਸ਼ ਆਉਣਾ, ਸਧਾਰਨ ਆਰਥਿਕਤਾ ਵਾਲੇ ਪਰਿਵਾਰਾਂ ਦਾ ਬੱਚਿਆਂ ਕੋਲ ਬਾਹਰ ਆਉਣ ਦਾ ਚਾਅ ਪਰ ਚਾਅ ਦੇ ਪਿੱਛੇ ਜ਼ਹਾਜਾਂ ਦੇ ਮਹਿੰਗੇ ਕਿਰਾਏ, ਕਦੇ ਏਧਰ-ਕਦੇ ਉਧਰ ਦੀ ਖਿੱਚ, ਵਿਦੇਸ਼ ਜਾਣ ਦੀ ਤਿਆਰੀ, ਏਅਰਪੋਰਟ ਦੇ ਅੰਦਰ ਦੀ ਤਸਵੀਰ, ਜਹਾਜਾਂ ਦਾ ਲੰਬਾ ਤੇ ਥਕਾ ਦੇਸ ਵਾਲਾ ਸਫ਼ਰ, ਸਫ਼ਰ ਵਿਚ ਪੈਂਦੇ ਵਾਹ-ਵਾਸਤੇ, ਕਨੇਡਾ ਪਾਹੁੰਚਣ ਦੇ ਪਲ ਅਤੇ ਖੁਸ਼ੀ, ਕੈਨੇਡਾ ਦੇ ਪੰਜਾਬੀ ਪਰਿਵਾਰਾਂ ਦਾ ਰਹਿਣ-ਸਹਿਣ, ਭਾਈਚਾਰੇ ਦੇ ਭਾਵ, ਨਵਾਂ ਦੇਸ਼ ਤੇ ਅਲੱਗ ਕਾਨੂੰਨ, ਲੱਕੜ ਦੇ ਘਰ, ਸੜਕਾਂ ਦੇ ਆਵਾਜਾਈ ਨਿਯਮ, ਸਾਡੇ ਲੋਕਾਂ ਦੇ ਇਹਨਾਂ ਦੇਸ਼ਾਂ ਵਿਚ ਕੰਮ-ਕਾਰ, ਬਜ਼ੁਰਗਾਂ ਦੀ ਗੱਲਬਾਤ ਅਤੇ ਹਲਾਤ, ਪ੍ਰਾਈਵੇਟਸ਼ਨ ਹੋਣ ਕਾਰਨ ਕੰਮ ਲੱਭਣ ਦੀ ਮੁਸ਼ਕਿਲ, ਲੱਭੇ ਕੰਮ ਦੇ ਖੁੱਸ ਦਾ ਡਰ, ਕਾਰ ਅਤੇ ਕਾਰ ਦਾ ਲਾਇਿਸਸ ਨਾ ਹੋਣ ਕਰਕੇ ਪਹਿਲਾ-ਪਹਿਲਾ ਆਉਂਦੀਆਂ ਮੁਸ਼ਕਲਾਂ, ਦੇਖਣਯੋਗ ਥਾਵਾਂ, ਧਾਰਮਿਕ ਸੰਸਥਾਵਾਂ, ਕੁਝ ਕੁ ਰਾਜਨੀਕਤ ਮਸਲੇ ਆਦਿ ਬਾਰੇ ਬੜੀ ਆਮ, ਰੋਚਕ ਅਤੇ ਸੁਖਾਲੀ ਭਾਸ਼ਾ ਵਿਚ ਗੱਲ ਕੀਤੀ ਹੈ।

ਬਹੁਤ ਥਾਵਾਂ ਤੇ ਕਿਤਾਬ ਵਿਚ ਕਟਾਕਸ਼ ਦਾ ਰੰਗ ਹੈ। ਜਿਵੇਂ ਕਿ ਉਹਨਾਂ ਨੇ ਕਿਹਾ ਕਿ ਮੈਂ ਅੰਗਰੇਜ਼ੀ ਦੇ ਕਈ ਵਾਕ ਪੂਰੇ ਯਾਦ ਕੀਤੇ ਸਨ ਤਾਂ ਕਿ ਆਪਣੇ ਅਟੈਚੀਆਂ ਆਦਿ ਬਾਰੇ ਏਅਰਪੋਟਰ ਤੇ ਪੁੱਛ ਸਕਾ। ਚਾਹੇ ਲੇਖਕ ਖੁਦ ਲੈਕਚਰਾਰ ਦੀ ਪੋਸਟ ਤੋਂ ਰਿਟਾਇਰ ਹੋਇਆ ਹੈ ਇਸ ਕਰਕੇ ਇਹ ਤਾਂ ਨਹੀਂ ਕਿ ਉਹਨਾਂ ਨੂੰ ਅੰਗਰੇਜ਼ੀ ਦੀ ਸਮਝ ਨਹੀਂ ਪਰ ਆਪਾ ਨੂੰ ਆਪਣੇ ਦੇਸ਼ ਵਿਚ ਅੰਗਰੇਜ਼ੀ ਬੋਲਣ ਦੀ ਲੋੜ ਹੀ ਨਾ ਪਈ ਹੋਣ ਕਰਕੇ ਬੋਲਣ ਦੀ ਝਕ ਹੁੰਦੀ ਹੈ ਜਾਂ ਆਦਤ ਨਹੀਂ ਹੁੰਦੀ। ਜਿਵੇਂ ਕਿ ਲੇਖਕ ਕਹਿੰਦਾ ਹੈ ਮੈਂ ਜ਼ਹਾਜ਼ ਤੋਂ ਉੱਤਰਨ ਵੇਲੇ ਏਅਰ ਹੋਸਟ ਨੂੰ ਅੰਗਰੇਜ਼ੀ ਵਿਚ ਪੁੱਛਿਆ ਕਿ 'ਵੇਅਰ ਇੰਜ ਮਾਈ ਸਮਾਲ ਲਗਿੰਜ਼' ਤਾਂ ਅੱਗੋ ਲੜਕੀ ਬੋਲੀ ਅੰਕਲ ਜੀ ਮੈਨੂੰ ਪੰਜਾਬੀ ਬੋਲਣੀ ਆਂਉਂਦੀ ਹੈ। ਇਸੇ ਤਰ੍ਹਾਂ ਜਿਵੇਂ ਕੈਲਗਰੀ ਵਿਚ ਸੈਰ ਕਰਦੇ ਸਮੇਂ ਪਾਕਿਸਤਾਨ ਦੇ ਚੌਧਰੀ ਸਾਹਬ ਨਾਲ ਮੁਲਾਕਤ ਹੁੰਦੀ ਹੈ ਤਾਂ ਲੇਖਕ ਦੱਸਦਾ ਹੈ ਮੈਂ ਉਸ ਨਾਲ ਸੈਰ ਕਰਦਾ ਕਾਫ਼ੀ ਅਗਾਹ ਆ ਗਿਆ ਤੇ ਭੁੱਲਣ ਦੇ ਡਰੋਂ ਪੁੱਛਿਆ ਆਪਾ ਕਿੱਧਰ ਨੂੰ ਜਾ ਰਹੇ ਹਾਂ ਤਾਂ ਅੱਗੋਂ ਚੌਧਰੀ ਸਾਹਬ ਆਂਹਦਾ ਆਹ ਅੱਗੇ ਮੋਗਾ ਈ ਵਸਿਆ ਹੋਇਆ ਬਾਕੀ ਸਾਰੇ ਤਾਂ ਮਸਾਂ ਪੰਜ ਪ੍ਰਤੀਸ਼ਤ ਹੀ ਹਨ।




ਲੇਖਕ ਕੈਲਗਰੀ ਦੇ ਨਗਰ ਕੀਰਤਨ ਦੀ ਗੱਲ ਕਰਦਾ ਇਸ ਨੂੰ ਜਿੱਥੇ ਸਿੱਖਾਂ ਦੀ ਆਪਣੇ ਧਰਮ ਪ੍ਰਤੀ ਸ਼ਰਧਾ ਅਤੇ ਦਾਨ ਕਰਨ ਦੀ ਆਦਤ ਦਾ ਵਰਣਨ ਕਰਦਾ ਹੈ। ਉੱਥੇ ਹੀ ਨਗਰ ਕੀਰਤਨ ਨੂੰ ਦੇਖ ਕੇ ਇਹ ਮਹਿਸੂਸ ਕਰਦਾ ਹੈ ਕਿ ਇਹ ਨਗਰ ਕੀਰਤਨ ਨਾ ਹੋਕੇ ਛਪਾਰ ਦਾ ਮੇਲਾ ਜਾਂ ਕੁਰਾਲੀ ਮਾਤਾ ਦਾ ਮੇਲਾ ਹੀ ਹੈ। ਇੱਥੇ ਇਹ ਸਿਰਫ਼ ਇਸ ਸਫ਼ਰਨਾਮੇ ਦੇ ਲੇਖਕ ਦੀ ਗੱਲ ਨਹੀਂ ਬਲਕਿ ਹਰ ਜਾਗਰੁਕ ਇਨਸਾਨ ਇਹੀ ਕਹਿੰਦਾ ਹੈ ਜੇਕਰ ਅਸੀਂ ਨਗਰ ਕੀਰਤਨ ਨੂੰ ਮੇਲੇ ਦਾ ਰੂਪ ਦਿੱਤਾ ਹੀ ਹੈ ਤਾਂ ਕੀ ਇਸ ਦਾ ਨਾਮ ਬਦਲ ਕੇ 'ਸਿੱਖ ਸਾਜਨਾ ਸਾਲਾਨਾ ਰੋਡ ਮੇਲਾ' ਨਹੀਂ ਰੱਖਿਆ ਜਾ ਸਕਦਾ? ਕਿਉਂ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਨਗਰ ਕੀਰਤਨ ਦੀ ਪ੍ਰੀਭਾਸ਼ਾ ਹੀ ਬਦਲ ਰਹੇ ਹਾਂ। ਇੱਕ ਵਾਰ ਮੈਂ ਖੁਦ ਇਕ ਬੱਚੇ ਨੂੰ ਕੈਲਗਰੀ ਵਿਚਲੀ ਟੀ ਵੀ ਤੇ ਚੱਲਦੀ ਸਟੈਂਪਡ ਪਰੇਡ ਬਾਰੇ ਪੁੱਛਿਆ ਕਿ ਇਹ ਕੀ ਹੈ ਤਾਂ ਉਹ ਕਹਿੰਦਾ ਗੋਰਿਆਂ ਦਾ ਨਗਰ ਕੀਰਤਨ। ਸੋ ਬਦਲਦੇ ਸਮੇਂ ਨਾਲ ਬਦਲਾਅ ਨਾ ਕਰਨ ਵਾਲੀਆਂ ਕੌਮਾਂ ਦੇ ਪਹਿਰੇਦਾਰ ਖੜੇ ਰਹਿ ਜਾਂਦੇ ਹਨ ਅਤੇ ਲੋਕ ਅੱਗੇ ਨਿੱਕਲ ਜਾਂਦੇ ਹਨ। ਘੱਟੋ-ਘੱਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਇਹ ਐਲਾਨ ਕਰ ਦੇਵੇ ਕੇ ਸੜਕਾਂ ਤੇ ਜਾਣ ਵਾਲੇ ਹਰ ਸਿੱਖੀ ਜਲੂਸ ਨੂੰ ਨਗਰ ਕੀਰਤਨ ਨਹੀਂ ਬਲਕਿ 'ਸਿੱਖ ਸਾਜਨਾ ਸਲਾਨਾ ਰੋਡ ਮੇਲਾ' ਆਖਿਆ ਜਾਵੇ ਤਾਂ ਨਾਮ ਬਦਲਣ ਨਾਲ ਇਸਦਾ ਇਹ ਹੱਲ ਤਾਂ ਘੱਟੋ-ਘੱਟ ਹੋ ਜਾਵੇਗਾ ਕਿ ਨਗਰ ਕੀਰਤਨ ਅਤੇ ਮੇਲੇ ਦੀ ਰਲਗਡ ਨਾਲ ਪੈਦਾ ਹੁੰਦੇ ਵਿਵਾਦ ਖ਼ਤਮ ਹੋ ਜਾਣਗੇ ਤੇ ਜਾਂ ਫਿਰ ਇਹ ਹੋਵੇ ਕਿ ਇਸ ਨੂੰ ਪਿਛਲੇ ਸਮੇਂ ਅਨੁਸਾਰ ਪੂਰਨ ਰੂਪ ਵਿਚ ਨਗਰ ਕੀਰਤਨ ਦਾ ਸਹੀ ਰੂਪ ਦਿੱਤਾ ਜਾਵੇ। ਸਫ਼ਰਨਾਮਾ ਲੇਖਕ ਦੀ ਪਾਰਖੂ ਅੱਖ ਅਤੇ ਵਿਸ਼ਲੇਸ਼ਕ ਸੋਚ ਦਾ ਕੈਲਗਰੀ ਵਿਚ ਦੇਖੇ, ਸਮਝੇ ਨਗਰ ਕੀਰਤਨ ਦੀ ਤੁਲਨਾ ਮੇਲੇ ਨਾਲ ਕਰਨਾ ਗਲਤ ਨਹੀਂ। ਇਸ ਤੋਂ ਬਿਨਾ ਲੇਖਕ ਇਸ ਨਗਰ ਕੀਰਤਨ ਦੇ ਹੋਰ ਪੱਖ ਵੀ ਆਪਣੇ ਲੇਖ ਵਿਚ ਦੱਸਦਾ ਹੈ।

ਆਪਾ ਪੰਜਾਬੀ ਜਿਹਨਾਂ ਨੇ ਮੀਹਾਂ ਦੇ ਦਿਨਾਂ ਵਿਚ ਪੁਰਾਣੇ ਲੱਕੜ ਦੇ ਦਰਵਾਜਿ ?ਆ, ਚੁਗਾਠਾਂ ਵਿਚੋਂ ਸਿਉਂਕ ਨਿਕਲਦੀ ਦੇਖੀ ਹੈ ਅਤੇ ਸਾਰੀ ਉਮਰ ਲੱਕੜ ਪ੍ਰਤੀ ਇਹੀ ਧਾਰਨਾਂ ਰਹੀ ਹੈ ਕਿ ਇਹ ਇੱਟਾਂ ਅਤੇ ਸੀਮਿੰਟ ਦੇ ਬਣੇ ਘਰਾਂ ਦੇ ਤਾਂ ਤੁਲਨਾ ਵਿਚ ਹੀ ਨਹੀਂ ਤਾਂ ਲੇਖਕ ਕੈਨੇਡਾ ਦੇ ਲੱਕੜ ਦੇ ਘਰਾਂ ਬਾਰੇ ਲੇਖ ਵਿਚ ਜਾਣਕਾਰੀ ਦਿੰਦਾ ਅਤੇ ਹੈਰਾਨ ਹੁੰਦਾ ਹੈ ਕਿ ਇਹਨਾਂ ਲੱਕੜ ਦੇ ਬਣੇ ਸ਼ਨਾਦਾਰ ਮਹਿਲਾ ਨੁਮਾ ਘਰਾਂ ਵਿਚ ਲੱਗਣ ਵਾਲੀ ਲੱਕੜ ਸਹੀ ਤਰੀਕੇ ਨਾਲ ਟਰੀਟ ਕੀਤੀ ਹੁੰਦੀ ਹੈ। ਇਹਨਾਂ ਘਰਾਂ ਦੀ ਉਮਰ ਕੈਨੇਡਾ ਵਿਚ ਸਹੀ ਦੇਖ-ਭਾਲ ਦੇ ਨਾਲ ਰਹਿਣ ਲਈ 100 ਸਾਲ ਤੱਕ ਸੁਰੱਖਿਅਤ ਮਿਥੀ ਜਾਂਦੀ ਹੈ। ਜਦੋਂ ਕਿ ਸਾਡੀਆਂ ਸੀਮਿੰਟ ਅਤੇ ਇੱਟਾਂ ਦੀਆਂ ਬਣੀਆਂ ਕੋਠੀਆਂ ਵੀਹ ਕੁ ਸਾਲ ਵਿਚ ਹੀ ਪਾਟ ਜਾਂਦੀਆਂ ਹਨ। ਲੇਖਕ ਇਸ ਲੇਖ ਵਿਚ ਇਹ ਵੀ ਜਾਣਕਾਰੀ ਦਿੰਦਾ ਹੈ ਕਿ ਇਹਨਾਂ ਦੇਸ਼ਾਂ ਵਿਚ ਇਹ ਲੱਕੜ ਦੇ ਘਰ ਕਿਉਂਕਿ ਬਣਦੇ ਹਨ। ਇਹ ਤੁਸੀਂ ਇਸ ਕਿਤਾਬ ਨੂੰ ਪੜਕੇ ਜਾਣ ਸਕਦੇ ਹੋ ਕਿਉਂਕਿ ਮੇਰਾ ਇਸ ਕਿਤਾਬ ਬਾਰੇ ਚਰਚਾ ਕਰਨ ਦਾ ਮਤਲਬ ਕਿਤਾਬ ਪ੍ਰਤੀ ਤੁਹਾਨੂੰ ਇਸ਼ਾਰੇ ਕਰਕੇ ਕਿਤਾਬ ਪੜਨ ਲਈ ਰੁਚੀਆਂ ਜਗਾਉਣਾ ਹੈ ਨਾ ਕੇ ਪੂਰਾ ਬਿਆਨ ਕਰਨਾ ਕੀ-ਕਿਵੇਂ ਆਦਿ?

ਲੇਖਕ ਤਿੰਨ ਡਬਲਯੂ ਬਾਰੇ ਲਿਖੇ ਸੰਖੇਪ ਲੇਖ ਵਿਚ ਵੈਦਰ, ਵਰਕ ਅਤੇ ਵਾਈਫ ਦੀ ਗੱਲ ਕਰਦਾ ਹੈ। ਇਸ ਦੇਸ਼ ਵਿਚ ਮੌਸਮ ਦਾ ਪਤਾ ਨਹੀਂ ਕਦੋਂ ਬਦਲ ਜਾਵੇ ਅਤੇ ਘਰ ਤੋਂ ਬਾਹਰ ਜਾਂਦਿਆ ਕੱਪੜਿਆਂ ਦਾ ਹਮੇਸ਼ਾ ਧਿਆਨ ਰੱਖੋ। ਵਰਕ ਦੀ ਗੱਲ ਕਰਦਾ ਕਹਿੰਦਾ ਹੈ ਕਿ ਨੌਕਰੀ ਦੀ ਗਰੰਟੀ ਨਹੀਂ ਹੈ ਕਿਉਂਕਿ ਬਹੁਤਾ ਕੁਝ ਪ੍ਰਾਈਵੇਟ ਹੱਥਾਂ ਵਿਚ ਹੈ ਅਤੇ ਸਸਤੇ ਵਿਚ ਵਧੀਆ ਕਾਮਾ ਮਿਲਣ ਤੇ ਪਹਿਲੇ ਕਾਮੇ ਦੀ ਛੁੱਟੀ ਕਰ ਦਿੱਤੀ ਜਾਂਦੀ ਹੈ। ਵੱਡੇ ਪ੍ਰਈਵੇਟ ਅਦਾਰਿਆਂ ਵਿਚ ਚਾਹੇ ਵਰਕਰ ਯੂਨੀਅਨਾਂ ਕਾਮਿਆਂ ਦੇ ਹੱਕਾਂ ਲਈ ਥੋੜਾ ਬਹੁਤਾ ਦਬਦਬਾ ਰੱਖਦੀਆਂ ਹਨ, ਪਰ ਜਿਵੇਂ ਜਿਵੇਂ ਪ੍ਰਈਵੇਟੇਸ਼ਨ ਵਧ ਰਿਹਾ ਹੈ ਕਾਰਪੋਰੇਟ ਸਿਸਟਮ ਹੋਲੀ-ਹੋਲੀ ਇਹਨਾਂ ਯੂਨੀਅਨਾਂ ਨੂੰ ਖਾ ਰਿਹਾ ਹੈ। ਚਾਹੇ ਖੱਬੇ ਪੱਖੀ ਲੋਕ ਇਸ ਪੂੰਜੀਵਾਦ ਦੇ ਦੈਂਤ ਦਾ ਵਿਰੋਧ ਕਰਦੇ ਅਤੇ ਲੋਕਾਂ ਨੂੰ ਅਗਾਂਹ ਕਰਦੇ ਰਹਿੰਦੇ ਹਨ ਕਿ ਇਹ ਸੁਚੇਤ ਅਤੇ ਜਾਗਰੁਕ ਕਮਿਊਨਿਸਟਵਾਦੀ ਲੋਕਾਂ ਦੀਆਂ ਕੁਰਬਾਨੀਆਂ ਹੀ ਸਨ ਕਿ ਦਿਹਾੜੀ ਅੱਠ ਘੰਟੇ ਦੀ ਹੋਈ। ਪਰ ਆਮ ਲੋਕਾਂ ਇਹਨਾਂ ਦੇਸ਼ਾਂ ਵਿਚ ਵੀ ਧਰਮਾਂ ਵਿਚ ਵੰਡੇ ਅਤੇ ਆਪਣੀ-ਆਪਣੀ ਪੀਪਣੀ ਵਜਾਉਂਦੇ ਹਨ। ਨੇਤਾ ਲੋਕ ਅਸੈਬਲੀਆਂ ਵਿਚ ਲੋਹੜੀਆਂ, ਵਿਸਾਖੀਆਂ, ਦਿਵਾਲੀਆਂ, ਈਦਾ ਮਨਾਂ ਕੇ ਵੋਟ ਲੈਂਦੇ ਹਨ। ਲੰਬੇ ਸਮੇਂ ਦੇ ਮਾਰਗ ਦਰਸ਼ਨ ਕਰਨ ਵਾਲੇ ਕਾਮਰੇਡ ਅਤੇ ਜਾਗੇ ਹੋਏ ਲੋਕ ਵੱਡੇ ਪੂੰਜੀਵਾਦ ਦੇ ਦੈਂਤ ਮੂਹਰੇ ਬਹੁਤ ਨਿੱਕੇ ਹੋਣ ਦੇ ਬਾਵਜੂਦ ਆਪਣਾ ਹੋਕਾ ਦੁਨੀਆਂ ਭਰ ਵਿਚ ਦੇ ਰਹੇ ਹਨ। ਉਪਰੋਤਕ ਲਿਖੇ ਵਾਂਗ ਲੇਖਕ ਇਸ ਲੇਖ ਵਿਚ ਵਾਈਫ਼ ਬਾਰੇ ਕਨੇਡਾ ਦੇ ਹਿਸਾਬ ਨਾਲ ਗੱਲ ਕਰਦਾ ਹੈ ਕਿ ਭਾਰਤੀ ਸਭਿਆਚਾਰ ਵਿਚ ਵਿਆਹਾਂ ਦੀ ਗਰੰਟੀ ਮੰਨੀ ਜਾਂਦੀ ਹੈ ਭਾਰਤੀ ਸਮਾਜ ਵਿਚ ਔਰਤ ਹਮੇਸ਼ਾ ਮਰਦ ਦੇ ਅਧੀਨ ਜਾਣੀ ਜਾਂਦੀ ਹੈ। ਲੇਖਕ ਅਨੁਸਾਰ ਚਾਹੇ ਹੁਣ ਥੋੜਾ ਬਦਲਾਅ ਹੈ ਪਰ ਭਾਰਤ ਵਿਚ ਔਰਤ ਅਜੇ ਵੀ ਪਹਿਲਾ ਪਿਤਾ ਤੇ ਭਰਾਵਾਂ, ਫਿਰ ਪਤੀ ਅਤੇ ਬੱਚਿਆਂ ਦੇ ਅਧੀਨ ਹੈ। ਪਰ ਇੱਥੇ ਔਰਤ ਮਰਦ ਦੀ ਆਰਥਿਕ ਬਰਾਬਰੀ ਕਾਰਨ ਤਲਾਕਾਂ ਅਤੇ ਵਿਆਹਾਂ ਦੀ ਕੋਈ ਸੀਮਾ ਨਹੀਂ ਅਤੇ ਕੋਈ ਕਿਸੇ ਦੇ ਨਿੱਜੀ ਮਸਲਿਆਂ ਵੱਲ ਧਿਆਨ ਵੀ ਨਹੀਂ ਦਿੰਦਾ। ਲੇਖਕ ਇਸ ਅਧਾਰ ਤੇ ਇਸ ਲੇਖ ਵਿਚ ਇਹ ਸਿੱਟਾ ਕੱਢਦਾ ਹੈ ਕਿ ਇੱਥੇ ਸਮਾਜ ਵਿਚ ਵਿਆਹ ਦੇ ਰਿਸ਼ਤੇ ਨੂੰ ਧਾਰਮਿਕ ਰੰਗ ਦੇ ਕੇ ਸੱਤਾ ਜਨਮਾਂ ਦਾ ਬਣਾਉਣ ਦੀਆਂ ਰੂੜੀਵਾਦੀ ਪਰੰਪਰਾਵਾਂ ਨਹੀਂ ਜਿਸ ਵਿਚ ਔਰਤ ਦਾ ਸੋਸ਼ਣ ਹੁੰਦਾ ਹੋਵੇ। ਕਾਨੂੰਨ ਔਰਤ ਦੇ ਹੱਕਾਂ ਦੀ ਰਾਖੀ ਕਰਦੇ ਹਨ ਅਤੇ ਔਰਤ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੈ।

ਲੇਖਕ ਦੀ ਪਾਰਖੂ ਅੱਖ ਹਰ ਗੱਲ ਵੱਲ ਧਿਆਨ ਰੱਖਦੀ ਹੈ, ਜਿੱਥੇ ਉਹ ਪਾਕਿਸਤਾਨ ਨਾਲ ਸਬੰਧਤ ਚੌਧਰੀ ਸਾਹਬ ਰਾਹੀਂ ਕਨੇਡਾ ਦੀ ਪੈਨਸ਼ਨ ਲਾਈਫ਼ ਦਾ ਇਕ ਪੱਖ ਦਿਖਾਉਂਦਾ ਹੈ ਕਿ ਪੈਨਸ਼ਨ ਲੱਗਣ ਤੋਂ ਬਾਆਦ ਜਿ ?ਦਗੀ ਕੁਝ ਸੌਖੀ ਹੈ ਉੱਥੇ ਹੀ ਬਜ਼ੁਰਗ ਮਾਤਾ ਨਾਲ ਗੱਲਬਾਤ ਰਾਹੀਂ ਇਹ ਵੀ ਦਿਖਾਉਂਦਾ ਹੈ ਕਿ ਚਾਹੇ ਪੈਨਸ਼ਨ ਲੱਗ ਗਈ ਹੈ ਪਰ ਬਹੁਤੇ ਘਰਾਂ ਦੇ ਬਜ਼ੁਰਗ ਵਾਪਸ ਜਾ ਕੇ ਆਪਣੇ ਪਿੰਡ ਸ਼ਹਿਰ ਦੇਖਣ ਨੂੰ ਤਰਸਦੇ ਹਨ ਪਰ ਵਾਪਸ ਜਾਣਾ ਨਸੀਬ ਨਹੀਂ। ਕਾਰਨ ਇਹ ਹਨ ਕਿ ਨੂੰਹ-ਪੁੱਤ ਕੰਮ ਤੇ ਚਲੇ ਹਨ ਅਤੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਨੂੰ ਸਾਂਭਣ, ਸਕੂਲ ਛੱਡਣ ਵਿਚ ਸਖ਼ਤ ਡਿਊਟੀਆਂ ਹਨ। ਬਹੁਤੇ ਨੌਜਵਾਨ ਜੋੜੇ ਘਰਾਂ ਦੀਆਂ ਕਿਸ਼ਤਾਂ, ਟੈਕਸ, ਗਰੋਸਰੀਆਂ ਦੇ ਖਰਚੇ ਵਿਚ ਆਪਣੇ ਮਾਪਿਆਂ ਦੀ ਪੈਨਸ਼ਨ ਵੀ ਚਪਟ ਜਾਂਦੇ ਹਨ ਤੇ ਮਾਪਿਆਂ ਕੋਲ ਵਾਪਸ ਆਪਣੇ ਪਿੰਡ ਸ਼ਹਿਰ ਜਾਣ ਲਈ ਟਿਕਟਾਂ ਵਾਸਤੇ ਵੀ ਡਾਲਰ ਨਹੀਂ ਬੱਚਦੇ। ਇਸਦਾ ਇਕ ਦੂਸਰਾ ਪੱਖ ਹੈ ਕਿ ਜਿਹੜੇ ਮਾਪਿਆਂ ਦੇ ਬੱਚੇ ਉਹਨਾਂ ਦੀ ਪੈਨਸ਼ਨ ਘਰ ਦੇ ਖਰਚਿਆਂ ਵਿਚ ਨਹੀਂ ਵਰਤਦੇ ਅਤੇ ਇਹ ਸਮਝ ਕੇ ਆਪਣੀਆਂ ਸਿ ?ਫਟਾਂ ਇਸ ਢੰਗ ਨਾਲ ਕਰਦੇ ਹਨ ਕਿ ਬੱਚੇ ਸਾਭਣਾ-ਪਾਲਣਾ ਸਾਡੀ ਜਿ ?ਮੇਵਾਰੀ ਹੈ ਨਾ ਕਿ ਸਾਡੇ ਮਾਪਿਆਂ ਦੀ। ਉਹਨਾਂ ਦੇ ਮਾਪੇ ਪੈਨਸ਼ਨ ਨਾਲ ਆਪਣੇ ਇੰਡੀਆਂ ਰਹਿੰਦੇ ਪੁੱਤ-ਧੀਆਂ ਨੂੰ ਜਾਇਦਾਦ ਬਣਾ ਦਿੰਦੇ ਹਨ ਅਤੇ ਫਿਰ ਲੜਾਈ ਇਹ ਪੈ ਜਾਂਦੀ ਹੈ ਕਿ ਇਸ ਲਈ ਔਖ ਤਾਂ ਬਾਹਰਲੇ ਬੇਟੇ ਜਾਂ ਬੇਟੀ ਨੇ ਹੰਢਾਈ ਪਰ ਇੰਡੀਆ ਫ਼ਾਇਦਾ ਲੈਣ ਵਾਲੇ ਬਾਹਰਲੇ ਮੁਫ਼ਤ ਦੇ ਡਾਲਰਾਂ ਨਾਲ ਖ਼ਰਚੇ ਵਧਾ ਕੇ ਰਹਿਣ-ਸਹਿਣ ਇੰਨਾ ਉੱਚਾ ਅਤੇ ਅਰਾਮਦਾਇਕ ਕਰ ਲੈਂਦੇ ਹਨ ਜਦੋਂ ਉਹ ਹੱਥ ਝਾੜਨਾ ਬੰਦ ਕਰ ਦੇਣ ਤਾਂ ਮਿਲਣ ਆਇਆ ਦੀ ਬਾਤ ਤੱਕ ਨਹੀਂ ਪੁੱਛਦੇ। ਉਹ ਇਹ ਨਹੀਂ ਸਮਝਦੇ ਕਿ ਜੇਕਰ ਬਜ਼ੁਰਗ ਮਾਪੇ ਕਨੇਡਾ ਵਿਚ ਅਲੱਗ ਰਹਿੰਦੇ ਤਾਂ ਇਸ ਪੈਨਸ਼ਨ ਨਾਲ ਤਾਂ ਉਹਨਾਂ ਤੋਂ ਇੰਡੀਆਂ ਆਉਣ ਦੀ ਟਿਕਟ ਵੀ ਕਈ ਸਾਲ ਨਹੀਂ ਜੁੜਨੀ ਸੀ। ਇਸ ਤਰ੍ਹਾਂ ਉਹ ਆਪਣੇ ਭੈਣ-ਭਰਾਵਾਂ ਨਾਲ ਹੀ ਕਈ ਨਾ ਸੁਲਝਣ ਵਾਲੇ ਝਗੜੇ ਵੀ ਪੈਦਾ ਕਰ ਲੈਂਦੇ ਹਨ।

ਕੈਨੇਡਾ ਦੇ ਮੂਲ ਨਿਵਾਸੀਆਂ ਬਾਰੇ ਲੇਖ ਵਿਚ ਗੱਲ ਕਰਦਾ ਲੇਖਕ ਸੰਸਾ ਪ੍ਰਗਟ ਕਰਦਾ ਹੈ ਕਿ ਜਿਵੇਂ ਇਹਨਾਂ ਨੂੰ ਸਰਕਾਰ ਦੀਆਂ ਮੁਫ਼ਤ ਦੀਆਂ ਸਹੂਲਤਾਂ ਨੇ ਨਸ਼ਈ, ਨਿਕੰਮੇ ਬਣਾ ਰੱਖਿਆ ਹੈ ਇਸੇ ਤਰ੍ਹਾਂ ਭਾਰਤ ਅਤੇ ਵਿਸ਼ੇਸ਼ ਕਰਕੇ ਪੰਜਾਬ ਰਾਜ ਦੀ ਗੱਲ ਕਰਦਾ ਲੇਖਕ ਕਹਿੰਦਾ ਹੈ ਕਿ ਸਰਾਕਰਾਂ ਵੱਲੋਂ ਫ਼ਰੀ ਅਨਾਜ, ਬਿਜਲੀ ਅਤੇ ਹੋਰ ਸਹੂਲਤਾਂ ਕਾਰਨ ਇੱਕ ਪਾਸੇ ਲੋਕ ਨਿਕੰਮੇ ਹੋ ਰਹੇ ਹਨ ਅਤੇ ਦੂਸਰੇ ਪਾਸੇ ਸਰਾਕਰੀ ਆਮਦਨ ਘੱਟਣ ਨਾਲ ਦੇਸ਼ ਦਾ ਆਰਥਿਕ ਢਾਚਾ ਤਹਿਸ-ਨਹਿਸ ਹੋ ਰਿਹਾ ਹੈ। ਇਕ ਦਿਨ ਸਾਡੇ ਦੇਸ਼ ਦੇ ਬਸ਼ਿੰਦੇ ਵੀ ਇਹਨਾਂ ਕੈਨੇਡਾ ਦੇ ਮੂਲ ਨਿਵਾਸੀਆਂ ਵਰਗੇ ਹੋ ਜਾਣਗੇ ਅਤੇ ਗੁਲਾਮੀ ਦਾ ਜੀਵਨ ਭੋਗਣਗੇ। ਇਕ ਆਮ ਮੂਲ ਨਿਵਾਸੀ ਨੂੰ ਕਨੇਡਾ ਵਿਚ ਲੱਗਭੱਗ 2,000 ਡਾਲਰ ਮਹੀਨਾ ਮਿਲਦਾ ਹੈ, ਟੈਕਸ ਵਿਚ ਛੋਟ ਹੈ, ਸਿਹਤ ਸਹੂਲਤਾਂ ਵਿਚ ਛੋਟ ਹੈ, ਹਰ ਤਰ੍ਹਾਂ ਦੇ ਲਾਈਸੰਸ ਦੀ ਫੀਸ ਵਿਚ ਛੋਟ ਹੈ, ਜੀ ਐਸ ਟੀ ਰੀਬੇਟ ਹੈ, ਹਰ ਬੱਚੇ ਨੂੰ 18 ਸਾਲਾਂ ਦਾ ਹੋਣ ਤੇ ਵੀਹ ਹਜ਼ਾਰ ਡਾਲਰ ਦੀ ਰਕਮ ਦਿੱਤੀ ਜਾਂਦੀ ਹੈ ਪਰ ਫਿਰ ਵੀ ਇਹਨਾਂ ਕੋਲ ਆਪਣੇ ਰਹਿਣ ਲਈ ਘਰ ਤੱਕ ਤਾਂ ਕੀ ਨੰਗ ਢਕਣ ਲਈ ਕੱਪੜੇ ਤੱਕ ਨਹੀਂ ਹਨ। ਜਿੱਥੇ ਇਹ ਹਾਰੀਆਂ ਤੇ ਨਸ਼ਈ ਕੌਮਾਂ ਦੀ ਗੱਲ ਹੈ, ਦੂਸਰੇ ਪਾਸੇ ਸਾਡੇ ਕਈ ਧਾਰਮਿਕ ਸ਼ਰਧਾ ਵਾਲੇ ਸੰਸਥਾਵਾਂ ਬਣਾ ਕੇ ਇਹਨਾਂ ਨੂੰ ਫ਼ਰੀ ਖਾਣਾ ਦੇ ਕੇ ਅਚੇਤ ਵਿਚ ਹੀ ਉਹਨਾਂ ਦੇ ਦੁਸ਼ਮਣ ਬਣੇ ਹੋਏ ਹਨ। ਇਸ ਨਾਲੋਂ ਤਾਂ ਚੰਗਾ ਉਹਨਾਂ ਨੂੰ ਜਾਗਰੁਕ ਕਰੋ ਪਰ ਇਸ ਤੋਂ ਡਰਦੇ ਹਨ ਕਿ ਕਿਤੇ ਜਾਗਰੂਕ ਹੋਕੇ ਸਾਨੂੰ ਹੀ ਨਾ ਕੱਢ ਦੇਣ ਕਿ ਇਹ ਦੇਸ਼ ਤਾਂ ਸਾਡਾ ਹੈ। ਇਸਦੀ ਬਜਾਇ ਨਾਲੇ ਪੁੰਨ ਨਾਲੇ ਫਲੀਆਂ ਵਾਲਾ ਸੌਦਾ ਠੀਕ ਹੈ ਤੇ ਦਾਨ-ਪੁੰਨ ਲਈ ਸਰਕਾਰੀ ਗ੍ਰਾਟਾਂ ਵੀ ਲੈਂਦੇ ਹਨ ਅਤੇ ਨਾਲ ਇਹ ਏਜੰਡਾ ਵੀ ਰੱਖਦੇ ਹਨ ਕਿ ਇਸ ਨਾਲ ਕਿਸੇ ਐਮ ਐਲ ਦੇ ਜਾਂ ਐਮ ਪੀ ਦੀ ਸੀਟ ਨੂੰ ਹੱਥ ਪੈ ਇਸ ਰਾਹੇ ਪੈ ਜਾਵੇ ਤਾਂ ਬੱਲੇ-ਬੱਲੇ ਨਹੀਂ ਕਮਿਊਨਟੀ ਦੇ ਪਤਵੰਤਿਆਂ ਵਿਚ ਤਾਂ ਨਾਮ ਆ ਹੀ ਜਾਵੇਗਾ। ਦੂਸਰਾ ਧਾਰਮਿਕ ਕੰਮਾਂ ਰਾਹੀਂ ਰਾਜਨੀਤੀ ਵਿਚ ਜਾਣ ਤੇ ਪੂਰਾ ਛਾਅ ਜਾਣ ਵਾਲਾ ਰਾਹ ਲੋਕਾਂ ਨੂੰ ਜਾਗਰੁਕ ਕਰਕੇ ਅੱਗੇ ਵੱਧਣ ਨਾਲੋਂ ਹਜ਼ਾਰ ਗੁਣਾ ਸਿੱਧਾ ਅਤੇ ਸੌਖਾ ਹੈ।

ਉਪਰੋਤਕ ਤੋਂ ਇਲਾਵਾ ਲੇਖਕ ਕਨੇਡਾ ਦੇ ਅਲਬਰਟਾ ਸੂਬੇ ਦੇ ਮੁੱਖ ਸ਼ਹਿਰ ਕੈਲਗਰੀ, ਐਡਮਿੰਟਨ ਅਤੇ ਆਲੇ ਦੁਆਲੇ ਦੀਆਂ ਘੁੰਮਣ ਵਾਲੀਆਂ ਥਾਂਵਾਂ ਬਾਰੇ ਜਾਣਕਾਰੀ, ਕੈਲਗਰੀ ਦੇ ਸਟੈਂਪਡ ਮੇਲੇ ਬਾਰੇ ਜਾਣਕਾਰੀ, ਵੱਡੇ-ਵੱਡੇ ਮਾਲਾਂ, ਭੰਗ ਦੇ ਸਟੋਰਾਂ, ਸਾਡੀਆਂ ਪੇਂਡੂ ਮਾਈਆਂ ਦੇ ਡਾਕਟਰਾਂ ਕੋਲ ਬਿਮਾਰੀਆਂ ਦੱਸਣ ਦੇ ਢੰਗ ਆਦਿ ਬਾਰੇ ਗੂਗਲ ਤੋਂ ਖੰਘਾਲੀ ਨਹੀਂ ਬਲਕਿ ਅੱਖੀ ਦੇਖੀ ਪਰਖੀ ਜਾਣਕਾਰੀ ਰਾਹੀਂ ਗੱਲ ਕਰਦਾ ਅਤੇ ਦ੍ਰਿਸ਼ ਸਿਰਜਦਾ ਹੈ। ਇਸੇ ਕਰਕੇ ਇਸ ਕਿਤਾਬ ਦੀ ਰੌਚਕਿਤਾ, ਸੁਖਾਲੀ ਭਾਸ਼ਾ ਆਮ ਪਾਠਕ ਤੇ ਛਾਪ ਛੱਡਦੀ ਹੈ। ਭੁਪਿੰਦਰ ਸਿੰਘ ਭਾਗੋਮਾਜਰਾ ਜੀ ਨੂੰ ਇਸ ਕਿਤਾਬ ਦੀ ਬਹੁਤ ਬਹੁਤ ਵਧਾਈ।

# ਮੁਸਲਮਾਨਾਂ ਦੀ ਵਧ ਰਹੀ ਆਬਾਦੀ ਦੇ ਪ੍ਰਚਾਰ ਦਾ ਕੱਚ-ਸੱਚ ?

-ਸੁਭਾਸ਼ ਗਾਤਾੜੇ
ਅਨੁ.: ਬੂਟਾ ਸਿੰਘ ਮਹਿਮੂਦਪੁਰ

ਅੱਧਾ-ਅਧੂਰਾ ਗਿਆਨ ਹਮੇਸ਼ਾ ਖ਼ਤਰਨਾਕ ਹੁੰਦਾ ਹੈ। ਮੋਦੀ ਸਰਕਾਰ, ਜੋ 2021 ਦੀ ਮਰਦਮਸ਼ੁਮਾਰੀ ਕਰਨ 'ਚ ਨਿਖਿਧ ਸਾਬਤ ਹੋਈ, ਦੀ ਇਕਨਾਮਿਕ ਐਡਵਾਈਜ਼ਰੀ ਕੌਂਸਲ ਵੱਲੋਂ ਚੋਣਾਂ ਦਰਮਿਆਨ ਜਾਰੀ ਅੰਕੜੇ ਸ਼ਾਇਦ ਇਹੀ ਕਹਾਣੀ ਕਹਿੰਦੇ ਹਨ। ਇਸ ਰਿਪੋਰਟ ਦੇ ਜ਼ਰੀਏ 1951-2021 ਦੇ ਅਰਸੇ ਦੌਰਾਨ ਵੱਖ-ਵੱਖ ਭਾਈਚਾਰਿਆਂ ਦੀ ਆਬਾਦੀ 'ਚ ਹੋਈਆਂ ਤਬਦੀਲੀਆਂ ਦੇ ਅੰਕੜੇ ਪੇਸ਼ ਕੀਤੇ ਗਏ, ਜਿਨ੍ਹਾਂ ਵਿਚ ਹਿੰਦੂਆਂ, ਜੈਨੀਆਂ ਅਤੇ ਹੋਰ ਧਾਰਮਿਕ ਘੱਟਗਿਣਤੀਆਂ ਦੀ ਆਬਾਦੀ ਵਿਚ ਕੁਲ ਗਿਰਾਵਟ ਦੇਖਣ ਨੂੰ ਮਿਲੀ ਹੈ, ਜਦਕਿ ਮੁਸਲਮਾਨਾਂ ਦੀ ਆਬਾਦੀ ਵਧੀ ਹੈ। ਇਸ ਰਿਪੋਰਟ ਨੂੰ ਲੈ ਕੇ ਹੁਕਮਰਾਨ ਪਾਰਟੀ ਦੇ ਬੁਲਾਰਿਆਂ ਨੇ ਅਤੇ ਮੁੱਖਧਾਰਾ ਦੇ ਗੋਦੀ ਚੈਨਲਾਂ ਨੇ ਆਬਾਦੀ ਦਾ ਹਊਆ ਬਣਾ ਕੇ ਬਹਿਸ ਛੇੜਨ ਦੀ ਕੋਸ਼ਿਸ਼ ਕੀਤੀ ਹੈ।

**ਪੀਟੀਆਈ ਵੱਲੋਂ ਜਾਰੀ ਕੀਤੇ ਇਹ ਅੰਕੜੇ ਇਸ ਤਰ੍ਹਾਂ ਸਨ:**

ਸੰਨ 1951 ਤੋਂ 2015 ਦਰਮਿਆਨ ਹਿੰਦੂਆਂ ਦੀ ਆਬਾਦੀ 'ਚ 7.8% ਕਮੀ ਆਈ ਜਦਕਿ ਮੁਸਲਮਾਨਾਂ ਦੀ ਆਬਾਦੀ 43.1% ਵਧੀ। ਜੇ ਅਸੀਂ ਅੰਕੜਿਆਂ ਨੂੰ ਨਿਖੇੜੀਏ ਤਾਂ 1950 'ਚ ਜਿੱਥੇ ਆਬਾਦੀ 'ਚ ਹਿੰਦੂਆਂ ਦੀ ਗਿਣਤੀ 84.68% ਸੀ ਤਾਂ ਉਹ 2015 'ਚ 78.06% ਤੱਕ ਆ ਗਈ ਸੀ, ਜਦਕਿ ਮੁਸਲਮਾਨਾਂ ਦੀ ਆਬਾਦੀ ਜਿੱਥੇ 1950 'ਚ ਕੁਲ ਆਬਾਦੀ ਦਾ 9.84% ਸੀ ਜੋ 2015 'ਚ 14.09% ਤੱਕ ਪਹੁੰਚ ਗਈ। ਭਾਰਤ ਦੇ ਜੈਨ ਫਿਰਕੇ ਦੇ ਬਾਰੇ ਵੀ ਦੱਸਿਆ ਗਿਆ ਕਿ ਉਨ੍ਹਾਂ ਦੀ ਆਬਾਦੀ ਦੇਸ਼ ਦੀ ਕੁਲ ਆਬਾਦੀ ਦੇ 0.45% ਤੋਂ ਘਟਕੇ 0.36% ਹੋ ਗਈ ਹੈ।

**ਪੁਰਾਣੇ ਅੰਕੜੇ-ਨਵਾਂ ਰੰਗਰੋਗਨ ?**

ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਇਕਨਾਮਿਕ ਐਡਵਾਇਜ਼ਰੀ ਕੌਂਸਲ ਵੱਲੋਂ ਜਾਰੀ ਇਨ੍ਹਾਂ ਅੰਕੜਿਆਂ ਵਿਚ ਨਵਾਂ ਕੁਝ ਵੀ ਨਹੀਂ ਹੈ। 2011 ਤੱਕ ਜੋ ਮਰਦਮਸ਼ੁਮਾਰੀ ਦਾ ਬਾਕਾਇਦਾ ਸਿਲਸਿਲਾ ਚੱਲਿਆ ਸੀ, ਉਸ ਤੋਂ ਬਾਅਦ ਇਹ ਅੰਕੜੇ ਪਹਿਲਾਂ ਹੀ ਚਰਚਾ 'ਚ ਰਹੇ ਹਨ। ਮਿਸਾਲ ਵਜੋਂ, ਜੇ ਅਸੀਂ ਹਾਲ ਹੀ ਵਿਚ ਛਪੀ ਕਿਤਾਬ 'ਲਵ ਜਿਹਾਦ ਐਂਡ ਅਦਰ ਫਿਕਸ਼ਨਜ: ਸਿੰਪਲ ਫੈਕਟਸ ਟੂ ਕਾਊਂਟਰ ਵਾਇਰਲ ਫਾਲਸਹੁੱਡ' ਨੂੰ ਪੜ੍ਹੀਏ, ਜਿਸ ਦੇ ਲੇਖਕ ਮਸ਼ਹੂਰ ਪੱਤਰਕਾਰ ਸ਼੍ਰੀਨਿਵਾਸ ਜੈਨ, ਮਰੀਅਮ ਅਲਵੀ ਅਤੇ ਸੁਪ੍ਰਿਯਾ ਸ਼ਰਮਾ ਹਨ, ਉਸ ਵਿਚ ਇਹ ਅੰਕੜੇ ਮਿਲ ਜਾਣਗੇ।

ਕਹਿਣ ਦਾ ਭਾਵ ਇਹ ਹੈ ਕਿ ਐਨ ਚੋਣਾਂ ਦਰਮਿਆਨ, ਜਦੋਂ ਖ਼ੁਦ ਪ੍ਰਧਾਨ ਮੰਤਰੀ ਮੋਦੀ ਮੁਸਲਮਾਨਾਂ ਬਾਬਤ ਥਾਂ-ਥਾਂ ਦਿੱਤੇ ਵਿਵਾਦਪੂਰਨ ਬਿਆਨਾਂ ਕਾਰਨ ਸੁਰਖ਼ੀਆਂ 'ਚ ਹੈ ਅਤੇ ਵਿਰੋਧੀ-ਧਿਰ ਦੀਆਂ ਪਾਰਟੀਆਂ ਨੇ ਇਸ ਬਾਰੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਵੀ ਕੀਤੀ ਹੈ ਤੇ ਅਦਾਲਤਾਂ ਦਾ ਬੂਹਾ ਵੀ ਖੜਕਾਇਆ ਹੈ, ਉਸ ਵਕਤ ਪੁਰਾਣੇ ਅੰਕੜਿਆਂ ਨੂੰ ਜਾਰੀ ਕਰਨਾ ਇਕ ਖ਼ਾਸ ਮਾਹੌਲ ਸਿਰਜਣ ਦੀ ਕੋਸ਼ਿਸ਼ ਤੋਂ ਸਿਵਾਏ ਹੋਰ ਕੁਝ ਨਹੀਂ ਹੈ। ਵਿਰੋਧੀ ਧਿਰ ਦਾ ਕਹਿਣਾ ਬਿਲਕੁਲ ਸਹੀ ਹੈ ਕਿ ਜਿਹੜੀ ਸਰਕਾਰ 2021 ਦੀ ਮਰਦਮਸ਼ੁਮਾਰੀ ਹੀ ਨਹੀਂ ਕਰਾ ਸਕੀ, ਉਸਦੀ ਸਲਾਹਕਾਰ ਕੌਂਸਲ ਵੱਲੋਂ ਅਜਿਹੇ ਅੰਕੜੇ ਜਾਰੀ ਕਰਨਾ ਗ਼ੈਰਜ਼ਿੰਮੇਵਾਰਾਨਾ ਹਰਕਤ ਹੈ।

ਪਾਪੂਲੇਸ਼ਨ ਫਾਉਂਡੇਸ਼ਨ ਆਫ ਇੰਡੀਆ, ਜੋ ਪਿਛਲੀ ਅੱਧੀ ਸਦੀ ਤੋਂ ਆਬਾਦੀ ਦੀ ਸਿਹਤ ਅਤੇ ਵਿਕਾਸ ਯੁੱਧਨੀਤੀਆਂ ਦੀ ਗੱਲ ਕਰਦੀ ਰਹੀ ਹੈ, ਨੇ ਵੀ ਇਹੀ ਕਿਹਾ ਹੈ ਕਿ ਇਨ੍ਹਾਂ ਅੰਕੜਿਆਂ ਦੇ ਆਧਾਰ 'ਤੇ ਖ਼ਾਸ ਫਿਰਕਿਆਂ ਦੇ ਵਿਰੁੱਧ ਡਰ ਅਤੇ ਭੇਦਭਾਵ ਦੀ ਹਾਲਤ ਪੈਦਾ ਕਰਨਾ ਨਿਹਾਇਤ ਗ਼ਲਤ ਹੈ। ਉਨ੍ਹਾਂ ਨੇ ਮਸਲੇ ਉੱਪਰ ਚਾਨਣਾ ਪਾਉਂਦਿਆਂ ਦੋ ਮਹੱਤਵਪੂਰਨ ਪਹਿਲੂਆਂ ਵੱਲ ਧਿਆਨ ਦਿਵਾਉਣ ਦੀ ਕੋਸ਼ਿਸ਼ ਕੀਤੀ:

ਇਕ, ਪ੍ਰਜਨਨ ਦਰ/ਫਰਟੀਲਿਟੀ ਰੇਟ; ਦੋ, ਮਰਦਮਸ਼ੁਮਾਰੀ ਦੇ ਅੰਕੜਿਆਂ ਤੋਂ ਸਾਬਤ ਹੁੰਦਾ ਸੱਚ।

ਫਾਊਂਡੇਸ਼ਨ ਦਾ ਕਹਿਣਾ ਸੀ ਕਿ ਪ੍ਰਜਨਨ ਦਰ ਹਮੇਸ਼ਾ ਸਿੱਖਿਆ ਅਤੇ ਆਮਦਨ ਦੇ ਪੱਧਰ ਨਾਲ ਬਹੁਤ ਨੇੜਿਓਂ ਜੁੜੀ ਹੁੰਦੀ ਹੈ, ਨਾ ਕਿ ਧਰਮ ਨਾਲ। ਕੇਰਲਾ ਅਤੇ ਤਾਮਿਲਨਾਡੂ ਵਰਗੇ ਰਾਜ ਜਿੱਥੇ ਸਿੱਖਿਆ, ਸਿਹਤ ਸੇਵਾਵਾਂ ਅਤੇ ਸਮਾਜਿਕ-ਆਰਥਕ ਵਿਕਾਸ ਪਹੁੰਚ ਵਿਚ ਹੈ, ਉੱਥੇ ਸਾਰੇ ਧਾਰਮਿਕ ਸਮੂਹਾਂ ਵਿਚ ਪ੍ਰਜਨਨ ਦਰ ਘੱਟ ਦਿਖਾਈ ਦਿੰਦੀ ਹੈ। ਮਰਦਮਸ਼ੁਮਾਰੀ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਫਾਊਂਡੇਸ਼ਨ ਵੱਲੋਂ ਕਿਹਾ ਗਿਆ ਕਿ ਮੁਸਲਮਾਨਾਂ ਦੀ ਆਬਾਦੀ 1981 ਤੋਂ 1991 ਦਰਮਿਆਨ ਜਿੱਥੇ 32.9% ਦਰ ਨਾਲ ਵਧੀ ਉੱਥੇ 2001 ਅਤੇ 2011 ਦਰਮਿਆਨ ਇਹ ਦਰ 24.6% ਰਹੀ। ਹਿੰਦੂਆਂ ਵਿਚ ਇਹੀ ਅੰਕੜੇ 22.7% ਤੋਂ 16.8% ਰਹੇ ਹਨ। ਕਹਿਣ ਦਾ ਭਾਵ ਅਧਿਐਨ ਅਤੇ ਗਣਨਾ ਦੇ ਅੰਕੜੇ ਇਹੀ ਸਾਬਤ ਕਰਦੇ ਹਨ ਕਿ ਮਰਦਮਸ਼ੁਮਾਰੀ ਧਰਮ ਤੋਂ ਨਿਰਲੇਪ ਹੁੰਦੀ ਹੈ ਜਦਕਿ ਸੰਕੀਰਣ ਤਾਕਤਾਂ ਉਸ ਨੂੰ ਆਪਣੇ ਪੱਖ 'ਚ ਭੁਗਤਾਉਣ ਦੀ ਕੋਸ਼ਿਸ਼ 'ਚ ਰਹਿੰਦੀਆਂ ਹਨ। ਇਹ ਤੈਅ ਹੈ ਕਿ 2021 ਦੀ ਮਰਦਮਸ਼ੁਮਾਰੀ ਦੇ ਅੰਕੜੇ ਸਾਹਮਣੇ ਆਉਂਦੇ ਤਾਂ ਅਜਿਹੇ ਸ਼ਰਾਰਤੀ ਤਰੀਕੇ ਨਾਲ ਹਊਆ ਖੜ੍ਹਾ ਕਰਨ ਦੀ ਕੋਸ਼ਿਸ਼ ਅਸੰਭਵ ਹੋਣੀ ਸੀ।



**ਪ੍ਰਜਨਨ ਸਮਰਥਾ - ਧਰਮ ਦੀ ਕੋਈ ਜਗ੍ਹਾ ਨਹੀਂ!**

ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਅਜਿਹੀ ਸ਼ਰਾਰਤੀ ਕੋਸ਼ਿਸ਼ ਵਾਰ-ਵਾਰ ਸਾਹਮਣੇ ਆਉਂਦੀ ਰਹਿੰਦੀ ਹੈ। ਚੇਤੇ ਕਰ ਸਕਦੇ ਹਾਂ ਕਿ ਖ਼ੁਦ ਪ੍ਰਧਾਨ ਮੰਤਰੀ ਮੋਦੀ ਨੇ, ਜੋ ਇਸ ਤੋਂ ਪਹਿਲਾਂ ਗੁਜਰਾਤ ਦਾ ਮੁੱਖ ਮੰਤਰੀ ਸੀ, ਆਪਣੇ ਉਸ ਕਾਰਜ-ਕਾਲ 'ਚ ਵੀ ਆਬਾਦੀ ਨੂੰ ਲੈ ਕੇ ਅਜਿਹਾ ਭਰਮ ਬਥੇਰਾ ਫੈਲਾਇਆ ਸੀ। ਇਕ ਪਾਸੇ ਉਸ ਨੇ ਸ਼ਰਣਾਰਥੀ ਕੈਂਪਾਂ ਵਿਚ ਰਹਿਣ ਲਈ ਮਜਬੂਰ ਪੀੜਤ ਮੁਸਲਮਾਨਾਂ ਦਾ ਮਜ਼ਾਕ ਉਡਾਇਆ ਸੀ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਸ਼ਰਣਾਰਥੀ ਕੈਂਪਾਂ ਨੂੰ 'ਬੱਚੇ ਜੰਮਣ ਵਾਲੀਆਂ ਫੈਕਟਰੀਆਂ' ਬਣਾ ਦਿੱਤਾ ਹੈ। ਉਦੋਂ/2002 'ਚ ਉਸਨੇ ਮੁਸਲਮਾਨਾਂ ਵਿਰੁੱਧ ਮਾਹੌਲ ਭੜਕਾਉਣ ਲਈ 'ਹਮ ਦੋ, ਹਮਾਰੇ ਦੋ; ਵੋਹ ਪਾਂਚ, ਉਨਕੇ ਪੱਚੀਸ' ਦਾ ਭੜਕਾਊ ਨਾਅਰਾ ਵੀ ਖ਼ੂਬ ਉਛਾਲਿਆ ਸੀ।

ਦਿਲਚਸਪ ਗੱਲ ਇਹ ਹੈ ਕਿ ਮੋਦੀ ਸਰਕਾਰ ਦੇ ਸੱਤਾਧਾਰੀ ਹੋਣ/2014 ਤੋਂ ਪਹਿਲਾਂ ਆਰਐੱਸਐੱਸ ਦੇ ਆਹਲਾ ਆਗੂਆਂ ਵੱਲੋਂ ਇਸ ਮਸਲੇ ਨੂੰ ਵੱਖਰੇ ਤਰੀਕੇ ਨਾਲ ਚੁੱਕਿਆ ਗਿਆ ਸੀ, ਜਿਸ ਵਿਚ ਇਸੇ ਤਰ੍ਹਾਂ ਹਿੰਦੂਆਂ ਦੀ ਘਟਦੀ ਆਬਾਦੀ ਦੀ ਗੱਲ ਕਰਦੇ ਹੋਏ ਕਿਹਾ ਗਿਆ ਸੀ ਕਿ ਉਨ੍ਹਾਂ ਨੂੰ ਚਾਹੀਦਾ ਹੈ ਕਿ ਵੱਧ ਬੱਚੇ ਜੰਮਣ ਅਤੇ ਪਰਿਵਾਰ-ਨਿਯੋਜਨ ਦੀਆਂ ਨੀਤੀਆਂ ਤੋਂ ਤੌਬਾ ਕਰਨ। ਉਨੀਂ ਦਿਨੀਂ ਦੇਸ਼ ਦੇ ਇਕ ਵੱਡੇ ਅਖ਼ਬਾਰ (ਡੀਐੱਨਏ) ਨੇ ਇਸ ਮਸਲੇ ਉੱਪਰ ਤਮਾਮ ਮਾਹਰਾਂ ਨਾਲ ਗੱਲ ਕੀਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ 'ਚਾਹੇ ਮੁਸਲਮਾਨਾਂ ਦੀ ਵਾਧਾ ਦਰ ਹਿੰਦੂਆਂ ਦੇ ਮੁਕਾਬਲੇ ਥੋੜ੍ਹੀ ਵੱਧ ਹੈ, ਹਕੀਕਤ ਇਹੀ ਹੈ ਕਿ ਬੀਤੇ ਕੁਝ ਸਾਲਾਂ 'ਚ ਉਸ ਵਿਚ ਗਿਰਾਵਟ ਦੇਖੀ ਜਾ ਸਕਦੀ ਹੈ। ਸੰਘ ਨੇ ਇਸ ਮਾਮਲੇ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਹੈ ਅਤੇ 'ਆਬਾਦੀ ਅਸੰਤੁਲਨ' ਨੂੰ ਲੈ ਕੇ ਨਵਾਜਬ ਚਿੰਤਾ ਪ੍ਰਗਟਾਈ ਹੈ।

ਆਬਾਦੀ ਵਿਗਿਆਨ ਦੀ ਅੰਤਰਰਾਸ਼ਟਰੀ ਸੰਸਥਾ ਦੇ ਪ੍ਰੋਫੈਸਰ ਅਰੋਕੀਆਸਵਾਮੀ ਦੇ ਮੁਤਾਬਿਕ ਮੁਸਲਮਾਨਾਂ 'ਚ ਪ੍ਰਜਨਨ ਸਮਰੱਥਾ ਦੀ ਵਧੇਰੇ ਦਰ ਨੂੰ ਅਸੀਂ ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਤੱਕ ਸੀਮਤ ਨਹੀਂ ਕਰ ਸਕਦੇ, ਇਸ ਪ੍ਰਸੰਗ 'ਚ ਸਮਾਜਿਕ-ਆਰਥਕ ਹਾਲਾਤ ਦੀ ਵੀ ਭੂਮਿਕਾ ਹੁੰਦੀ ਹੈ। ਜ਼ਿਆਦਾਤਰ ਮੁਸਲਿਮ ਔਰਤਾਂ ਲਈ ਗਰਭ-ਰੋਕੂ ਸਾਧਨ ਉਪਲਭਦ ਨਹੀਂ ਹੁੰਦੇ, ਜਿਵੇਂ ਇਹ ਹੋਰ ਭਾਈਚਾਰਿਆਂ ਦੀਆਂ ਵਾਂਝੇ ਹਿੱਸਿਆਂ ਦੀਆਂ ਔਰਤਾਂ ਲਈ ਉਪਲਭਦ ਨਹੀਂ ਹੁੰਦੇ। ਕੇਰਲਾ ਅਤੇ ਜੰਮੂ-ਕਸ਼ਮੀਰ ਦੇ ਮੁਸਲਮਾਨਾਂ ਦੀ ਵਾਧਾ ਦਰ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਕਿਸ ਤਰ੍ਹਾਂ ਉਹ ਭਾਈਚਾਰੇ ਦੀ ਔਸਤ ਵਾਧਾ ਦਰ ਨਾਲੋਂ ਘੱਟ ਹੈ ਜਿਸ ਨੂੰ ਅਸੀਂ ਉਨ੍ਹਾਂ ਦੀ ਬਿਹਤਰ ਸਿੱਖਿਆ ਅਤੇ ਬਿਹਤਰ ਸਮਾਜਿਕ-ਆਰਥਕ ਹਾਲਤ ਨਾਲ ਜੋੜ ਸਕਦੇ ਹਾਂ ਅਤੇ ਉਨ੍ਹਾਂ ਹੀ ਕਾਰਨਾਂ ਕਰਕੇ ਯੂਪੀ ਤੇ ਬਿਹਾਰ ਵਰਗੇ ਘੱਟ ਵਿਕਸਤ ਰਾਜਾਂ ਵਿਚ ਹਿੰਦੂਆਂ ਦੀ ਪ੍ਰਜਨਨ ਸਮਰੱਥਾ ਹੋਰ ਰਾਜਾਂ ਦੇ ਮੁਕਾਬਲੇ ਜ਼ਿਆਦਾ ਹੈ।

ਸੰਯੁਕਤ ਰਾਸ਼ਟਰ ਸੰਘ ਦੇ ਪਾਪੂਲੇਸ਼ਨ ਫੰਡ ਦੇ ਆਹਲਾ ਅਧਿਕਾਰੀ ਨੇ ਇਕ ਵੱਖਰੇ ਪਹਿਲੂ ਨੂੰ ਉਘਾੜਿਆ: "ਧਰਮ ਤੋਂ ਪਾਰ ਜਾ ਕੇ ਪੇਂਡੂ, ਆਦਿਵਾਸੀ ਅਤੇ ਗ਼ਰੀਬ ਪਰਿਵਾਰਾਂ 'ਚ ਹਮੇਸ਼ਾ ਹੀ ਆਬਾਦੀ ਦੀ ਵਾਧਾ ਦਰ ਵਧੇਰੇ ਹੁੰਦੀ ਹੈ ਅਤੇ ਸਾਰੇ ਹੀ ਭਾਈਚਾਰਿਆਂ ਦੇ ਸਰਦੇ-ਪੁੱਜਦੇ ਲੋਕਾਂ ਦੀ ਔਲਾਦ ਦੀ ਗਿਣਤੀ ਘੱਟ ਹੁੰਦੀ ਹੈ।"

**ਇਤਿਹਾਸ ਦੇ ਪੰਨੇ: ਡਰ ਪੈਦਾ ਕਰਨ ਦੀ ਕੋਸ਼ਿਸ਼ !**

ਵੈਸੇ ਇਤਿਹਾਸ ਦੇ ਪੰਨਿਆਂ 'ਤੇ ਨਜ਼ਰ ਮਾਰੀਏ ਤਾਂ ਇਹ ਗੱਲ ਵਾਰ-ਵਾਰ ਦੇਖੀ ਜਾ ਸਕਦੀ ਹੈ। ਬਹੁਤ ਘੱਟ ਲੋਕਾਂ ਨੂੰ ਚੇਤੇ ਹੋਵੇਗਾ ਕਿ 20ਵੀਂ ਸਦੀ ਦੇ ਮੁੱਢ 'ਚ ਕਿਸੇ ਯੂਐੱਨ ਮੁਖਰਜੀ ਵੱਲੋਂ ਲਿਖੀ ਇਕ ਕਿਤਾਬ ਛਪੀ ਸੀ 'ਹਿੰਦੂ: ਏ ਡਾਇੰਗ ਰੇਸ' ਅਰਥਾਤ ਮਰਨ-ਕਿਨਾਰੇ ਕੌਮ। ਇਹ ਉਹੀ ਮੁਖਰਜੀ ਸੀ ਜਿਸ ਨੇ ਬਾਅਦ ਵਿਚ ਪੰਜਾਬ ਹਿੰਦੂ ਮਹਾਸਭਾ ਵੀ ਬਣਾਈ। ਇਹ ਕਿਤਾਬ ਇਸ ਮਾਮਲੇ 'ਚ ਕਲਾਸਿਕ ਕਹੀ ਜਾ ਸਕਦੀ ਹੈ ਕਿ ਉਸ ਨੇ ਬਾਅਦ ਦੀਆਂ ਕੁਲ ਕਿਤਾਬਾਂ 'ਤੇ ਪ੍ਰਭਾਵ ਪਾਇਆ, ਜੋ ਹਿੰਦੂ ਮਹਾਸਭਾ ਨੇ ਲਿਖੀਆਂ। ਮੋਹਨ ਰਾਓ 'ਹਿਮਾਲ' ਰਸਾਲੇ 'ਚ ਆਪਣੇ ਲੇਖ ਵਿਚ ਦੱਸਦੇ ਹਨ ਕਿ 'ਇਸ ਕਿਤਾਬ ਦੀ ਉਨ੍ਹੀਂ ਦਿਨੀਂ ਜਬਰਦਸਤ ਮੰਗ ਸੀ, ਜਿਸ ਨੂੰ ਕਈ ਵਾਰ ਮੁੜ ਛਾਪਣਾ ਪਿਆ ਸੀ ਅਤੇ ਜਿਸ ਨੇ ਹਿੰਦੂ ਫਿਰਕਾਪ੍ਰਸਤੀ ਨੂੰ ਉਸਾਰਨ ਤੇ ਮਜ਼ਬੂਤ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ।

ਇਸ ਕਿਤਾਬ ਦਾ ਉੱਚ ਜਾਤੀ ਦੇ ਹਿੰਦੂ ਫਿਰਕਾਪ੍ਰਸਤਾਂ ਉੱਪਰ ਖ਼ਾਸ ਅਸਰ ਸੀ ਜੋ ਮੁਸਲਮਾਨਾਂ ਅਤੇ ਦਲਿਤਾਂ 'ਚ ਉੱਠ ਰਹੀ ਵੱਖਰੀ ਨੁਮਾਇੰਦਗੀ ਦੀ ਮੰਗ ਦੇ ਮੁਕਾਬਲੇ ਇਕ ਇਕਹਿਰਾ ਹਿੰਦੂ ਭਾਈਚਾਰਾ ਘੜਨਾ ਚਾਹ ਰਹੇ ਸਨ। ਮੁਸਲਮਾਨਾਂ ਨੂੰ ਲੈ ਕੇ ਬੇਹੂਦਾ ਗੱਲਾਂ ਨੂੰ ਉਛਾਲਣ ਨਾਲ ਵੱਖ-ਵੱਖ ਜਾਤੀਆਂ 'ਚ ਵੰਡੇ ਹਿੰਦੂਆਂ ਨੂੰ - ਜਿਨ੍ਹਾਂ 'ਚੋਂ ਕਈਆਂ ਦੇ ਆਪਸ 'ਚ ਵੈਰੀਆਂ ਵਾਲੇ ਸੰਬੰਧ ਸਨ -ਇਕ ਮੰਚ 'ਤੇ ਲਿਆਉਣਾ ਸੌਖਾ ਸੀ।' (ਮਰਡਰਡ ਆਈਡੈਂਟਿਟੀਜ਼ ਐਂਡ ਪਾਪੂਲੇਸ਼ਨ ਪੈਰਾਨੋਇਆ, ਹਿਮਾਲ, ਸਤੰਬਰ 2008)

ਆਪਣੇ ਲੇਖ 'ਚ ਉਨ੍ਹਾਂ ਨੇ ਬਹੁਪਤਨੀ ਪ੍ਰਥਾ ਬਾਰੇ ਵੀ ਤੱਥ ਪੇਸ਼ ਕੀਤੇ ਸਨ:

"ਹੋਰ ਕੁਲ ਗੱਲਾਂ ਤੋਂ ਇਲਾਵਾ ਇਸ ਦੇ ਜ਼ਰੀਏ ਇਹੀ ਕਿਹਾ ਜਾ ਸਕਦਾ ਹੈ ਕਿ ਸਿਵਲ ਕਾਨੂੰਨ ਦੇ ਤਹਿਤ ਜਦਕਿ ਹਿੰਦੂ ਇਕ ਤੋਂ ਵੱਧ ਵਿਆਹ ਨਹੀਂ ਕਰ ਸਕਦੇ ਜਦਕਿ ਮੁਸਲਮਾਨ ਚਾਰ ਵਿਆਹ ਕਰ ਸਕਦੇ ਹਨ। ਇਹ ਇਸ ਗੱਲ ਨੂੰ ਉਜਾਗਰ ਨਹੀਂ ਕਰਦਾ ਕਿ ਅੰਕੜੇ ਇਹੋ ਦੱਸਦੇ ਹਨ ਕਿ ਗ਼ੈਰਕਾਨੂੰਨੀ ਦੋ ਵਿਆਹਾਂ ਜਾਂ ਕਈ ਵਿਆਹਾਂ ਦਾ ਪ੍ਰਚਲਨ ਮੁਸਲਮਾਨਾਂ ਦੇ ਮੁਕਾਬਲੇ ਹਿੰਦੂਆਂ 'ਚ ਜ਼ਿਆਦਾ ਹੈ। ਮਿਸਾਲ ਵਜੋਂ, ਹਾਸਲ ਅੰਕੜਿਆਂ ਮੁਤਾਬਿਕ ਜਿਸਨੂੰ ਬਹੁਪਤਨੀ ਵਿਆਹ ਕਿਹਾ ਜਾ ਸਕਦਾ ਹੈ ਉਸਦੀ ਫ਼ੀਸਦੀ ਹਿੰਦੂਆਂ 'ਚ 5.8% ਹੈ ਜਦਕਿ ਮੁਸਲਮਾਨਾਂ 'ਚ 5.73%।...ਇਸ 'ਚ ਇਸ ਨੂੰ ਵੀ ਅਣਡਿੱਠ ਕੀਤਾ ਜਾਂਦਾ ਹੈ ਕਿ ਹਿੰਦੂਆਂ ਵਾਂਗ ਮੁਸਲਮਾਨ ਵੀ ਇਕਹਿਰੇ ਸਰੂਪ ਵਾਲਾ ਭਾਈਚਾਰਾ ਨਹੀਂ ਹੈ, ਉਨ੍ਹਾਂ 'ਚ ਵੀ ਤਰ੍ਹਾਂ-ਤਰ੍ਹਾਂ ਦੀਆਂ ਵੰਨ-ਸੁਵੰਨਤਾਵਾਂ ਹਨ। ਕੇਰਲਾ ਅਤੇ ਤਾਮਿਲਨਾਡੂ ਜਾਂ ਇੰਞ ਕਹਿ ਲਓ ਦੱਖਣੀ ਭਾਰਤ ਦੇ ਮੁਸਲਮਾਨ ਪਰਿਵਾਰਾਂ ਦੇ ਜੀਆਂ ਦੀ ਗਿਣਤੀ ਉੱਤਰੀ ਭਾਰਤ ਦੇ ਬਿਹਾਰ ਜਾਂ ਯੂਪੀ ਵਰਗੇ ਰਾਜਾਂ ਦੇ ਹਿੰਦੂ ਪਰਿਵਾਰਾਂ ਦੇ ਜੀਆਂ ਦੀ ਗਿਣਤੀ ਦੇ ਮੁਕਾਬਲੇ ਘੱਟ ਮਿਲਦੀ ਹੈ। ਸਪਸ਼ਟ ਹੈ ਕਿ ਇਸ ਵਿਚ ਧਰਮ ਦੀ ਕੋਈ ਭੂਮਿਕਾ ਨਹੀਂ ਹੈ।'

ਇਕ ਗੱਲ ਧਿਆਨ 'ਚ ਰੱਖਣੀ ਹੋਵੇਗੀ ਕਿ ਸੀਮਤ ਜਾਣਕਾਰੀ ਜਾਂ ਅੰਤਰ-ਭਾਈਚਾਰਕ ਆਦਾਨ-ਪ੍ਰਦਾਨ ਦੇ ਘਟਦੇ ਜਾ ਰਹੇ ਮੌਕਿਆਂ ਕਾਰਨ ਜੋ ਧਾਰਨਾਵਾਂ ਬਣਦੀਆਂ ਹਨ, ਉਨ੍ਹਾਂ ਨੂੰ ਵਾਸਤਵਿਕ ਤੱਥਾਂ ਜ਼ਰੀਏ ਸਵਾਲਾਂ ਹੇਠ ਲਿਆਂਦਾ ਜਾ ਸਕਦਾ ਹੈ। ਮਿਸਾਲ ਵਜੋਂ, ਅਜਿਹੇ ਲੋਕ ਜੋ ਖ਼ਾਸ ਭਾਈਚਾਰੇ ਦੀ ਵਧੇਰੇ ਪ੍ਰਜਨਨ ਸਮਰੱਥਾ ਦੀ ਗੱਲ ਕਰਦੇ ਹਨ, ਉਨ੍ਹਾਂ ਨੂੰ ਮੁਸਲਮਾਨ ਭਾਰੂ ਆਬਾਦੀ ਵਾਲੇ ਮੁਲਕਾਂ ਦੇ ਕੁਝ ਤੱਥ ਦੱਸੇ ਜਾ ਸਕਦੇ ਹਨ: ਇਕਨਾਮਿਕ ਐਂਡ ਪੁਲੀਟੀਕਲ ਵੀਕਲੀ ਦੇ ਇਕ ਲੇਖ ਵਿਚ ਆਰ ਬੀ ਭਗਤ (ਫੈਕਟ ਐਂਡ ਫਿਕਸ਼ਨ ਆਲ ਹਿੰਦੂਤਵਾ ਕਲੇਮਜ਼, 25 ਸਤੰਬਰ 2004) ਨੇ ਲਿਖਿਆ ਸੀ, 'ਪਾਪੂਲਰ ਪੱਧਰ 'ਤੇ ਆਮ ਲੋਕਾਂ ਲਈ ਇਸ ਹਕੀਕਤ ਉੱਪਰ ਗ਼ੌਰ ਕਰਨਾ ਜਾਂ ਉਸ ਨੂੰ ਜਜ਼ਬ ਕਰਨਾ ਮੁਸ਼ਕਲ ਹੋ ਜਾਂਦਾ ਹੈ ਜਦੋਂ ਉਨ੍ਹਾਂ ਨੂੰ ਇਹ ਦੱਸਿਆ ਜਾਂਦਾ ਹੈ ਕਿ ਮੁਸਲਮਾਨਾਂ ਦੀ ਭਾਰੂ ਆਬਾਦੀ ਵਾਲੇ ਇੰਡੋਨੇਸ਼ੀਆ ਦੀ ਪ੍ਰਜਨਨ ਸਮਰੱਥਾ (ਕੁਲ ਪ੍ਰਜਨਨ ਸਮਰੱਥਾ ਦਰ 2.6) ਦੀ ਦਰ ਬਹੁਗਿਣਤੀ ਹਿੰਦੂ ਆਬਾਦੀ ਵਾਲੇ ਭਾਰਤ ਦੀ ਤੁਲਨਾ 'ਚ (ਕੁਲ ਪ੍ਰਜਨਨ ਸਮਰੱਥਾ ਦਰ 3.2) ਘੱਟ ਹੈ। ਦਰਅਸਲ, ਇੰਡੋਨੇਸ਼ੀਆ 'ਚ ਪ੍ਰਜਨਨ ਸਮਰੱਥਾ 'ਚ ਕਮੀ ਨੂੰ ਪਰਿਵਾਰ ਨਿਯੋਜਨ ਉੱਪਰ ਕਾਰਗਰ ਅਮਲ, ਜੋ ਮੁਲਕ ਦੀਆਂ ਸਿਹਤ ਸੇਵਾਵਾਂ ਨਾਲ ਅਟੁੱਟ ਰੂਪ 'ਚ ਜੁੜੀ ਹੈ, ਨਾਲ ਜੋੜਿਆ ਜਾ ਸਕਦਾ ਹੈ। ਇਨ੍ਹਾਂ ਸਮਿਆਂ 'ਚ ਬੰਗਲਾਦੇਸ਼ 'ਚ ਵੀ ਪਰਿਵਾਰ ਨਿਯੋਜਨ ਦੇ ਵਧਦੇ ਪੱਧਰ ਕਰਕੇ ਉੱਥੋਂ ਦੀ ਪ੍ਰਜਨਨ ਸਮਰੱਥਾ 'ਚ ਵੀ ਕਾਫ਼ੀ ਤੇਜ਼ੀ ਨਾਲ ਕਮੀ ਦਿਖਾਈ ਦਿੱਤੀ।"

ਉਂਞ ਜੇ ਅਸੀਂ ਯਹੂਦੀ, ਈਸਾਈ, ਇਸਲਾਮਿਕ ਜਾਂ ਸਿੰਹਲਾ ਮੂਲਵਾਦੀ ਆਬਾਦੀ ਬਿਰਤਾਂਤਾਂ ਨੂੰ ਦੇਖੀਏ ਤਾਂ ਉਨ੍ਹਾਂ 'ਚ ਵੀ ਹਿੰਦੂਤਵ ਦੇ ਆਬਾਦੀ ਬਿਰਤਾਂਤ ਦੇ ਤੱਤ ਮਿਲ ਸਕਦੇ ਹਨ। ਮਿਸਰ ਦੀ ਮੁਸਲਿਮ ਬ੍ਰਦਰਹੁੱਡ ਵਰਗੀ ਜਥੇਬੰਦੀ ਗਰਭਨਿਰੋਧਕ ਸਾਧਨਾਂ ਦਾ ਵਿਰੋਧ ਕਰਦੀ ਹੈ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ 'ਔਰਤਾਂ ਦੀ ਅਨਿਯੰਤਰਿਤ ਕਾਮੁਕਤਾ' ਵਧੇਗੀ ਜੋ ਇਸਲਾਮੀ ਸਮਾਜ ਦੇ ਇਖ਼ਲਾਕੀ ਤਾਣੇਬਾਣੇ ਨੂੰ ਕਮਜ਼ੋਰ ਕਰ ਦੇਵੇਗੀ। ਹੋਰ ਇਸਲਾਮਿਕ ਮੂਲਵਾਦੀ ਤਾਕਤਾਂ ਵੀ ਪਰਿਵਾਰ ਨਿਯੋਜਨ ਦਾ ਵਿਰੋਧ ਕਰਦੀਆਂ ਹਨ, ਜਿਨ੍ਹਾਂ ਦੀ ਦਲੀਲ ਇਹ ਹੁੰਦੀ ਹੈ ਕਿ ਇਹ ਯਹੂਦੀਆਂ-ਈਸਾਈਆਂ ਦੀ ਮੁਸਲਿਮ ਜਗਤ ਨੂੰ ਕਮਜ਼ੋਰ ਕਰਨ ਦੀ ਚਾਲ ਹੈ।

ਕੀ ਆਬਾਦੀ ਦੇ ਅੰਕੜਿਆਂ ਉੱਪਰ ਅਲੱਗ ਬਹਿਸ ਖੜ੍ਹੀ ਕਰਨ ਦੀ ਗੁੰਜਾਇਸ਼ ਹੈ ?

2024 ਦੀਆਂ ਆਮ ਚੋਣਾਂ 'ਚ ਮੋਦੀ ਦੀ ਇਕਨਾਮਿਕ ਐਡਵਾਇਜ਼ਰੀ ਕੌਂਸਲ ਵੱਲੋਂ ਜਾਰੀ - ਪਹਿਲਾਂ ਹੀ ਜੱਗ ਜ਼ਾਹਿਰ - ਅੰਕੜਿਆਂ ਜ਼ਰੀਏ ਕੀਤੀ ਜਾ ਰਹੀ ਇਹ ਗ਼ੈਰਜ਼ਿੰਮੇਵਾਰਾਨਾ ਕੋਸ਼ਿਸ਼ ਇਹ ਚੇਤੇ ਕਰਵਾ ਦਿੰਦੀ ਹੈ ਕਿ 2015 'ਚ ਬਿਹਾਰ ਵਿਧਾਨ-ਸਭਾ ਚੋਣਾਂ ਦੇ ਮੌਕੇ ਵੀ ਆਬਾਦੀ ਦੇ ਧਾਰਮਿਕ ਅੰਕੜਿਆਂ ਨੂੰ ਇਸੇ ਤਰ੍ਹਾਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਤਾਂ ਕਿ ਉਸ ਦੇ ਅੰਸ਼ਕ ਨਤੀਜੇ ਉਛਾਲ ਕੇ ਘੱਟਗਿਣਤੀਆਂ ਦੀ 'ਵਧ ਰਹੀ ਆਬਾਦੀ' ਦੇ ਨਾਮ 'ਤੇ ਬਹੁਗਿਣਤੀ ਦੀ ਪਾਲਾਬੰਦੀ ਕੀਤੀ ਜਾ ਸਕੇ। ਵਿਡੰਬਨਾ ਇਹ ਹੈ ਕਿ ਮਰਦਮਸ਼ੁਮਾਰੀ ਦੇ ਜਾਤ ਸੰਬੰਧੀ ਅੰਕੜਿਆਂ ਉੱਪਰ ਉਦੋਂ ਵੀ ਚੁੱਪ ਵੱਟ ਲਈ ਗਈ ਸੀ ਜਿਸ ਦੀ ਮੰਗ ਲੰਮੇ ਸਮੇਂ ਤੋਂ ਹੋ ਰਹੀ ਹੈ।

ਅਤੇ ਮੀਡੀਆ, ਜਿਸ ਨੂੰ ਲੋਕਤੰਤਰ ਦਾ ਪਹਿਰੇਦਾਰ ਕਿਹਾ ਜਾਂਦਾ ਹੈ, ਉਸ ਨੇ ਵੀ ਚੰਦ ਅੱਪਵਾਦਾਂ ਨੂੰ ਛੱਡ ਕੇ, ਇਕ ਤਰ੍ਹਾਂ ਨਾਲ ਇਸੇ ਸੁਰ 'ਚ ਸੁਰ ਮਿਲਾਈ ਸੀ। ਹਾਲਾਂਕਿ 'ਰਾਜਸਥਾਨ ਪੱਤ੍ਰਿਕਾ' ਦੇ ਗੁਜਰਾਤ ਐਡੀਸ਼ਨ ਵਰਗੇ ਕੁਝ ਅੱਪਵਾਦ ਵੀ ਸਨ ਜਿਨ੍ਹਾਂ ਨੇ ਆਬਾਦੀ 'ਚ ਪ੍ਰਮੁੱਖ ਧਰਮਾਂ ਦੀ ਮੌਜੂਦਾ ਫ਼ੀਸਦੀ ਨੂੰ ਪੇਸ਼ ਕਰਦੇ ਹੋਏ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ 'ਮੁਸਲਮਾਨਾਂ ਦੀ ਵਾਧੇ ਦੀ ਦਰ ਪਿਛਲੇ ਦਹਾਕੇ ਦੇ ਮੁਕਾਬਲੇ ਘਟੀ' ਹੈ। 'ਦੀ ਟੈਲੀਗ੍ਰਾਫ਼' ਦੀ ਰਿਪੋਰਟ ਸੀ: 'ਮਰਦਮਸ਼ੁਮਾਰੀ ਦੇ ਅੰਕੜਿਆਂ ਨੇ ਜਾਅਲੀ ਦਹਿਸ਼ਤ ਪੈਦਾ ਕਰਨ ਵਾਲਿਆਂ ਨੂੰ ਨੱਥ ਪਾਈ'।

ਉਦੋਂ ਇਕ ਸਾਰਥਕ ਦਖ਼ਲਅੰਦਾਜ਼ੀ ਦੇ ਰੂਪ 'ਚ 2011 ਦੀ ਮਰਦਮਸ਼ੁਮਾਰੀ ਦੇ ਇਨ੍ਹਾਂ ਅੰਕੜਿਆਂ ਨੂੰ ਦੇਖਣ ਦੀ ਕੋਸ਼ਿਸ਼ ਵੀ ਹੋਈ ਸੀ।

1. ਇਸ ਗੱਲ ਨੂੰ ਰੇਖਾਂਕਿਤ ਕੀਤਾ ਗਿਆ ਸੀ ਕਿ 2001 ਦੀ ਤੁਲਨਾ 'ਚ 2011 ਦੀ ਮਰਦਮਸ਼ੁਮਾਰੀ 'ਚ ਭਾਰਤ ਦੇ ਛੇ ਸਭ ਤੋਂ ਵੱਡੇ ਧਾਰਮਿਕ ਫਿਰਕਿਆਂ 'ਚ ਲਿੰਗ ਅਨੁਪਾਤ ਦੀ ਹਾਲਤ ਬਿਹਤਰ ਹੋਈ ਹੈ, ਜਿਸ ਵਿਚ ਸਭ ਤੋਂ ਬਿਹਤਰ ਸੁਧਾਰ ਮੁਸਲਮਾਨਾਂ 'ਚ (936 ਤੋਂ 951 ਤੱਕ), ਜਦਕਿ ਸਭ ਤੋਂ ਘੱਟ ਸੁਧਾਰ ਹਿੰਦੂਆਂ 'ਚ (931 ਤੋਂ 939 ਤੱਕ) ਦਿਖਾਈ ਦਿੰਦਾ ਹੈ।

2. ਵੱਖ-ਵੱਖ ਧਾਰਮਿਕ ਫਿਰਕਿਆਂ ਦੇ ਲਿੰਗ ਅਨੁਪਾਤ 'ਚ ਕਾਫ਼ੀ ਫ਼ਰਕ ਨਜ਼ਰ ਆਉਂਦਾ ਹੈ, ਜਿਸ ਵਿਚ ਸਭ ਤੋਂ ਮਾੜੀ ਹਾਲਤ ਸਿੱਖਾਂ ਦੀ ਹੈ ਜਿੱਥੇ ਇਕ ਹਜ਼ਾਰ ਮਰਦਾਂ ਦੇ ਮੁਕਾਬਲੇ ਮਹਿਜ਼ 903 ਔਰਤਾਂ ਹਨ, ਜਦਕਿ ਈਸਾਈਆਂ 'ਚ ਇਹ ਅੰਕੜਾ 1023 ਹੈ। ਹੁਣ ਜਿੱਥੋਂ ਤੱਕ ਹਿੰਦੂਆਂ ਦਾ ਸਵਾਲ ਹੈ, ਉੱਤਰ-ਪੂਰਬ ਦੇ ਕਈ ਰਾਜਾਂ 'ਚ ਇਹ ਅੰਕੜਾ 900 ਤੋਂ ਵੀ ਘੱਟ ਹੈ।

3. ਸਭ ਤੋਂ ਦਿਲਚਸਪ ਅੰਕੜਾ ਉਨ੍ਹਾਂ ਲੋਕਾਂ ਬਾਰੇ ਹੈ ਜਿਨ੍ਹਾਂ ਨੇ ਆਪਣੇ ਆਪ ਨੂੰ ਕਿਸੇ ਧਰਮ ਨਾਲ ਜੋੜਨ ਤੋਂ ਇਨਕਾਰ ਕੀਤਾ ਹੈ। ਇਸ 'ਚ ਨਾਸਤਿਕ ਹੋ ਸਕਦੇ ਹਨ, ਤਰਕਸ਼ੀਲ ਹੋ ਸਕਦੇ ਹਨ ਜਾਂ ਕਿਸੇ ਸੰਗਠਿਤ ਧਰਮ ਤੋਂ ਦੂਰ ਰਹਿਣ ਵਾਲੇ ਲੋਕ ਹੋ ਸਕਦੇ ਹਨ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ 2001 ਦੀ ਮਰਦਮਸ਼ੁਮਾਰੀ ਦੇ ਮੁਕਾਬਲੇ 2011 ਦੀ ਮਰਦਮਸ਼ੁਮਾਰੀ 'ਚ ਅਜਿਹੇ ਲੋਕਾਂ ਦੀ ਤਾਦਾਦ 'ਚ 294% ਵਾਧਾ ਦੇਖਿਆ ਗਿਆ ਹੈ। ਨਿਸ਼ਚੇ ਹੀ ਇਨ੍ਹਾਂ ਅੰਕੜਿਆਂ ਬਾਰੇ ਸਮੁੱਚੇ ਸਮਾਜ 'ਚ ਤਕੜੀ ਬਹਿਸ ਖੜ੍ਹੀ ਹੋ ਸਕਦੀ ਸੀ।

ਮਿਸਾਲ ਵਜੋਂ, ਹਿੰਦੂਆਂ ਲਈ ਇਹ ਡੂੰਘੇ ਆਤਮਨਿਰੀਖਣ ਦਾ ਵਿਸ਼ਾ ਹੋ ਸਕਦਾ ਸੀ ਕਿ ਲਿੰਗ ਅਨੁਪਾਤ ਨੂੰ ਲੈ ਕੇ ਸਭ ਤੋਂ ਘੱਟ ਸੁਧਾਰ ਇੱਥੇ ਉਨ੍ਹਾਂ ਦੇ ਹੀ ਕਿਉਂ ਨਜ਼ਰ ਆਉਂਦਾ ਹੈ, ਜਾਂ ਇਹ ਵੀ ਪੁੱਛਿਆ ਜਾ ਸਕਦਾ ਹੈ ਕਿ ਲਿੰਗ ਅਨੁਪਾਤ ਦੇ ਮਾਮਲੇ 'ਚ ਈਸਾਈ ਫਿਰਕੇ ਦਾ ਰਿਕਾਰਡ ਬਾਕੀ ਫਿਰਕਿਆਂ ਦੇ ਮੁਕਾਬਲੇ ਬਿਹਤਰ ਕਿਉਂ ਹੈ? ਸਮਾਜ 'ਚ ਉੱਚ ਸਾਖ਼ਰਤਾ ਦਰ ਕਿਵੇਂ ਇਨ੍ਹਾਂ ਘੱਟਗਿਣਤੀਆਂ ਫਿਰਕਿਆਂ 'ਚ ਆਬਾਦੀ ਦੇ ਵਾਧੇ ਨੂੰ ਪ੍ਰਭਾਵਿਤ ਕਰਦੀ ਹੈ, ਇਹ ਅਸੀਂ ਜੈਨੀ ਲੋਕਾਂ ਉੱਪਰ ਗ਼ੌਰ ਕਰਦੇ ਦੇਖ ਸਕਦੇ ਹਾਂ, ਜੋ ਇਸ ਦਹਾਕੇ 'ਚ ਮਹਿਜ਼ 5.4% ਦੀ ਦਰ ਨਾਲ ਵਧੇ ਹਨ। ਇਕ ਦਹਾਕਾ ਪਹਿਲਾਂ ਉਨ੍ਹਾਂ ਦੀ ਸਾਖ਼ਰਤਾ ਦਰ 90% ਤੋਂ ਘੱਟ ਨੋਟ ਕੀਤੀ ਗਈ ਸੀ।

ਜ਼ਾਹਿਰ ਹੈ, ਮਰਦਮਸ਼ੁਮਾਰੀ ਦੇ ਅੰਕੜੇ ਇਕ ਗਤੀਸ਼ੀਲ ਸਮਾਜ ਦੇ ਤੇਜ਼ੀ ਨਾਲ ਬਦਲਦੇ ਦ੍ਰਿਸ਼ ਨੂੰ ਉਜਾਗਰ ਕਰਦੇ ਰਹਿੰਦੇ ਹਨ। ਅੰਕੜਿਆਂ ਦਾ ਇਹ ਸਮੁੱਚ ਨੀਤੀ-ਘਾੜਿਆਂ ਲਈ ਹੀ ਨਹੀਂ ਸਗੋਂ ਸਮਾਜ ਵਿਗਿਆਨੀਆਂ, ਰਾਜਨੀਤਕ ਵਿਸ਼ਲੇਸ਼ਕਾਂ ਜਾਂ ਸਮਾਜਿਕ-ਰਾਜਨੀਤਕ ਕਾਰਕੁਨਾਂ ਲਈ ਇਕ ਖਜ਼ਾਨੇ ਦੇ ਰੂਪ 'ਚ ਮੌਜੂਦ ਹੁੰਦਾ ਹੈ, ਜਿਸ ਦਾ ਵਿਸ਼ਲੇਸ਼ਣ ਕਰਕੇ ਉਹ ਆਪਣੀ ਸਮਝ ਤੈਅ ਕਰਦੇ ਹਨ ਜਾਂ ਆਪਣੀ ਦਖ਼ਲਅੰਦਾਜ਼ੀ ਦੀ ਰੂਪਰੇਖਾ ਤਿਆਰ ਕਰਦੇ ਹਨ। ਪਰ ਇਹ ਵੀ ਜ਼ਾਹਿਰ ਹੈ ਕਿ ਅੱਧੇ-ਅਧੂਰੇ ਅੰਕੜਿਆਂ ਜ਼ਰੀਏ ਸਮਾਜ 'ਚ ਵਧੇਰੇ ਪਾਟਕ ਅਤੇ ਤਣਾਓ ਵੀ ਪੈਦਾ ਕੀਤਾ ਜਾ ਸਕਦਾ ਹੈ। ਜਿਵੇਂ ਮੋਦੀ ਅਤੇ ਭਾਜਪਾ ਵਾਲੇ ਕਰਨ ਦੀ ਕੋਸ਼ਿਸ਼ 'ਚ ਹਨ।

# Community and union leaders announce legal action, demand Ford declare a moratorium to save the Durham hospital

Toronto, Grey Bruce – The Durham hospital, located in Grey County, dates back to 1910. Its community supported its survival through two World Wars, the Great Depression, amalgamation, and many local hospital boards and provincial governments. Now, after more than a century, it is facing a potentially fatal blow with the imminent closure of all its inpatient beds. The closure is spearheaded by regional hospital executives without any democratic community input, and the Ford government is sitting on its hands letting it happen despite having the power to stop it, said community and health care leaders in a press conference at Queen's Park today.



Echoing the strategy that was used to close the Minden hospital last June, South Grey Bruce hospital executives "blindsided" the regional municipalities when they announced the closure and removal of the inpatient beds just weeks ago. The closure is slated for June 3. Hospital executives claim that the hospital "emergency department" and some diagnostics will remain open. However, their plan is to close and centralize all Durham's remaining inpatient beds to Walkerton and Kincardine, and they have permanently closed the emergency department from 5 p.m. to 7 a.m. daily.

Leaders and residents are calling for both the hospital board to stop and for provincial government intervention. More than 700 local residents flooded a public meeting, hundreds joined a community march and vigil on Tuesday, and petitions are underway. Today, the municipality of West Grey announced it has retained a well-known legal firm from downtown Toronto who will be filing action with the courts and the Ontario Health Coalition demanded that the Ford government declare a moratorium on local hospital cuts and closures. Union leaders representing health professionals, nurses and health care workers have joined in, issuing stern media rebukes and vowing a major fightback.

"The fight to save Durham hospital is about saving access to public health care for all Ontarians, no matter where they live. Residents of small and rural communities deserve high-quality public health care comparable to what's available in large urban centres," said Erin Ariss, RN, President, Ontario Nurses' Association. "ONA is united with community members calling on the Ford government to stop local hospital closures immediately."

"There are two levels of decision makers that are responsible and could stop the hospital closure if they chose: the hospital board and the Ford government," noted Natalie Mehra, Ontario Health Coalition executive director. "Neither has any mandate. No one anywhere voted to close their local hospitals. Previous governments have intervened, found staffing and kept the local hospitals open. The Ford government can - and must - declare a moratorium on hospital closures effective immediately."

"If these decisions are being made without concern for local impacts and needs, and without local input, then sadly we are left to deal with this situation through large urban lawyers," said West Grey Mayor Kevin Eccles. "SBGHC seems to only listen to and take advice from large urban policy makers. So, one must fight fire with fire."

"What's happening at the Durham hospital is just the latest example of the Ford government ignoring the needs of local communities, just as they ignore the needs of workers," concluded JP Hornick, President of OPSEU/SEFPO. "Let us be clear that it is a political choice to systematically undermine our public hospitals and patients and our communities will suffer the consequences."

# New statistics show one third of BC workers don't earn a living wage

## Despite minimum wage increase too many workers struggle to make ends meet

VANCOUVER : The minimum wage may be going up on Saturday, but one third of employed British Columbians are not earning a living wage, show new statistics released by the Canadian Centre for Policy Alternatives, BC Office and Living Wage for Families BC.



Despite the June 1 increase to $17.40 per hour, the minimum wage remains over $3 per hour lower than the lowest living wage in BC (currently $20.64 in Dawson Creek). In BC's largest cities, Metro Vancouver and Greater Victoria, the gap between the minimum wage and the living wage is $8 per hour.

The living wage, calculated by CCPA-BC and Living Wage for Families BC, is the hourly rate that each of two parents working full-time must earn to support a family of four based on the actual costs of living in a particular community. It allows for a modest lifestyle without severe financial stress and the ability to participate in the social, civic and cultural lives of their communities.

Data obtained from Statistics Canada reveal that more than 740,000 BC workers earn less than the living wage in their community. Over 400,000 earn less than $20 per hour, which is lower than the lowest living wage anywhere in the province. Specifically:

413,100 BC workers earned less than $20 per hour in 2023 (18 per cent of all employees in the province).

The majority of workers earning less than $20 per hour are women, 59 per cent.

The majority of workers earning less than $20 per hour are 25 or older (56 per cent), and are not teenagers and young adults as often claimed.

More than half of workers earning less than $20 per hour are racialized (52 per cent) although only 38 per cent of employees in BC are racialized.

Six per cent of workers earning less than $20 per hour identify as Indigenous.

"Hundreds of thousands of people will continue to earn less than a living wage even after the minimum wage increase," says Iglika Ivanova, CCPA-BC senior economist who analyzed the Statistics Canada data.

"The statistics clearly show who these workers are: the majority are over the age of 25, with women and racialized workers disproportionately affected."

Workers should not have to rely on charity to make ends meet but with sky-high rents, elevated food prices and low wages, increasing numbers of working British Columbians are forced to turn to food and rent banks.

"In the current affordability crisis, workers are stuck in the gap between the living wage and the minimum wage and face impossible choices—buy groceries or heat the house, keep up with bills or pay the rent on time." says Anastasia French, Living Wage for Families BC provincial manager.

The result, she explains, can be spiraling debt, constant anxiety and long-term health problems. In many cases it means working long hours, often at multiple jobs, just to pay for basic necessities.

"The government needs to look at what it can do to both lift wages and make life more affordable for people so that we can close the gap between the minimum and the living wage," she adds.

The statistics show that low-wage work is widespread across the province with roughly 18 per cent of workers earning less than $20 per hour in most large urban communities with the exception of Nanaimo and Chilliwack-Hope (the Statistics Canada designation) where a larger share of workers earn less than $20 per hour. Greater Victoria is an outlier with a smaller share of workers earning less than $20 per hour.

In BC's seven economic regions, low-wage work was more prevalent in the Thompson/Okanagan and the Northeast with 20 per cent of workers earning less than $20 an hour. The Kootenays and North Coast/Nechako had the lowest share of low-wage workers with 15 per cent earning under $20 an hour.

Regional summaries are available for Metro Vancouver, Great Victoria, Kelowna, Nanaimo, Prince George, Abbotsford-Mission and Chilliwack-Hope.

For more information and to arrange interviews please contact Jean Kavanagh at 604-802-5729, jean@policyalternatives.ca

# Successful Inaugural Meeting of the Brampton Housing Provider Association





The Brampton Housing Provider Association (BHPA) held its first meeting on June 2, 2024. This was an important event in working towards fair housing practices in Brampton. Many people attended, and the event was very.

The meeting started with the National Anthem and a land acknowledgment. This was to honor the Indigenous people of the area and set a respectful tone.

There were several notable speakers at the event, including Boubah Bah, the Chair of BHPA; Kevin Costain from SOLO; Chris Seepe from the Durham Landlord Association and author of "Landlording In Ontario"; and Weiting Bollu, Co-Founder of OpenRoom. These speakers showed the wide support within the landlord community.

The idea to start BHPA came from a need to address housing issues in a constructive and team-oriented way. The media often shares negative stories about landlords, but many are dedicated and responsible. They care about their tenants and the community. However, landlords also face challenges with tenants not paying rent, damaging property, and seeking cash-for-keys deals, which are also media headlines.

The mission of BHPA is to create a network where Brampton landlords can share best practices, learn about fair housing standards, and work together to find solutions to housing problems.

The group started in January 2024 to fight against the city's rental licensing. They saw the need for an organization to advocate for landlords at the city level. This includes opposition to rules like Residential Rental Licensing (RRL) and pushing the provincial government to fix the Landlord and Tenant Board (LTB). Landlords face challenges with the city's strict approach, especially as Brampton City Hall focuses on corporate rentals and overlooks small landlords' needs.

The core values of BHPA include:

***Creating a Balanced Narrative**: Ensuring fair interactions between landlords and tenants. They advocate for fair treatment from regulatory bodies and address issues that harm housing providers.

***Improving Landlord-Tenant Relationships**: Encouraging clear and honest communication to build trust between landlords, tenants, and authorities.

***Collaboration**: Solving the housing crisis requires teamwork. BHPA brings together landlords, tenants, government agencies, and other groups to find new and inclusive solutions.

**Support**: Helping small and independent housing providers navigate complex rules and financial challenges. They advocate for policies that benefit both landlords and tenants for a fair housing market.

**Advocacy**: Voicing the concerns of Brampton landlords at the city and provincial“levels to ensure fair policies and regulations.

Future actions include organizing a public protest at City Hall where landlords can share their concerns and suggestions about the RRL. They aim to push for fair reforms of the RRL to help good landlords. BHPA is committed to improving the processing times and fairness at the LTB. Working with SOLO and others, they will push for changes to the Residential Tenancies Act. BHPA's e_orts aim to create a positive outcome for both tenants and landlords. Responsible landlords should not be punished for the actions of a few bad ones, and“tenants should live in well-maintained properties. Through these eorts, BHPA hopes to create a supportive and fair housing environment in Brampton.

Small landlords in Brampton are invited to visit the BHPA website at [www.bhpa.ca](http://www.bhpa.ca) to register for free. For assistance, landlords can contact the association at info@bhpa.ca. This association is for small landlords and by the landlords. This is a start of something new.

For more information and updates, please visit the BHPA website or contact them directly. Together, we can make a positive change in Brampton's housing community.

# ਅੱਤਵਾਦ ਦੀ ਤਰਾਸਦੀ : ਇਸ ਤੋਂ ਪਹਿਲਾਂ ਕਿ ਅਸੀਂ ਭੁੱਲ ਜਾਈਏ...

**ਸਰਬਜੀਤ ਸੋਹੀ, ਆਸਟਰੇਲੀਆ**

ਪੰਜਾਬ ਦੀ ਧਰਤੀ ਨੇ ਅਜਿਹੇ ਬਹੁਤ ਦੌਰ ਹੰਢਾਏ ਹਨ, ਜਦੋਂ ਹਮਲਾਵਰਾਂ ਨੇ ਇਹਦੀ ਅਸਮਤ ਨੂੰ ਰੌਂਦਣ ਦੀ ਗੁਸਤਾਖ਼ੀ ਕੀਤੀ ਤੇ ਇਹਦੇ ਜਾਇਆਂ ਹੱਥੋਂ ਮੂੰਹ ਦੀ ਖਾਧੀ। ਪਰ ਇਤਿਹਾਸ ਵਿੱਚ ਕੁੱਝ ਕਾਲੇ ਵਰਕੇ ਐਸੇ ਵੀ ਆਏ ਜਦੋਂ ਇਹਦੇ ਆਪਣੇ ਹੀ ਜਾਇਆਂ ਵੱਲੋਂ ਪੰਜਾਬ ਦੀ ਸਾਂਝੀ ਵਿਰਾਸਤ ਨੂੰ ਲਹੂ-ਲੁਹਾਨ ਕਰਕੇ ਸਦੀਆਂ ਦੀ ਭਾਈਚਾਰਕ ਸਾਂਝ ਨੂੰ ਲੀਰੋ-ਲੀਰ ਕਰਨ ਦੀਆਂ ਕਾਰਵਾਈਆਂ ਨੂੰ ਅੰਜਾਮ ਦਿੱਤਾ ਗਿਆ ਸੀ। ਇਸ ਕਾਲੇ ਦੌਰ ਵਿੱਚ ਵੀ ਪੰਜਾਬ ਦੀ ਸਾਂਝੀ ਮਿੱਟੀ ਦੀ ਮਹਿਕ ਮਰ ਨਹੀਂ ਸਕੀ, ਬਹੁਤ ਸਾਰੇ ਸੂਰਬੀਰ ਯੋਧਿਆਂ ਨੇ ਇਸ ਧਰਤੀ ਦੀ ਕੁਰਬਾਨੀਆਂ ਭਰੀ ਗਾਥਾ ਨੂੰ ਦੁਹਰਾਇਆ ਅਤੇ ਆਖ਼ਰ ਪੰਜਾਬ ਨੇ ਹਿੰਦੂ-ਸਿੱਖ ਏਕਤਾ ਨੂੰ ਕਾਇਮ ਰੱਖਦਿਆਂ ਉਲੂਆਂ ਦੀ ਬਾਦਸ਼ਾਹਤ ਖ਼ਤਮ ਕਰ ਦਿੱਤੀ। ਪਰ ਕੀਰਨਿਆਂ ਦੇ ਮੌਸਮ ਨੂੰ ਦੂਰ ਕਰਦਿਆਂ ਕਰਦਿਆਂ ਕਿੰਨੇ ਹੀ ਜੁਗਨੂੰ ਹਨੇਰੇ ਦੀ ਭੇਂਟ ਚੜ ਗਏ। ਇਸ ਵਾਰ ਮਸਲਾ ਕਸ਼ਮੀਰੀ ਪੰਡਤਾਂ ਦਾ ਨਹੀਂ ਸੀ, ਆਪਣੀ ਹੀ ਮਿੱਟੀ ਦੇ 40 ਪ੍ਰਤੀਸ਼ਤ ਲੋਕਾਂ....... ਸ਼ਾਇਦ ਚਾਲੀ ਤੋਂ ਵੀ ਬਹੁਤ ਜ਼ਿਆਦਾ, ਕਿਉਂਕਿ ਫਿਰਕੂ ਵਹਿਸ਼ੀਆਂ ਨੇ ਪੱਗ-ਦਾੜ੍ਹੀ ਦੀ ਸ਼ਰਤ ਰੱਖ ਕੇ ਲੜਾਈ ਪਹਿਚਾਣ ਤੇ ਹੀ ਕੇਂਦਰਿਤ ਕਰ ਦਿੱਤੀ ਸੀ। ਉਸ ਫਿਰਕੂ ਹਨੇਰੀ ਵਿੱਚ ਪੰਜਾਬ ਦੀ ਸਾਂਝੀ ਵਿਰਾਸਤ ਲਈ ਕੁਰਬਾਨੀਆਂ ਦੇਣ ਵਾਲੇ ਹਜ਼ਾਰਾਂ ਹੀ ਸਿਰਲੱਥ ਸੂਰਮਿਆਂ ਵਿੱਚ ਇਕ ਨਾਮ ਕਾਮਰੇਡ ਦੀਪਕ ਧਵਨ ਦਾ ਹੈ। ਅੱਤਵਾਦ ਦੇ ਦੌਰ ਵਿੱਚ ਤਰਨਤਾਰਨ ਦਾ ਏਰੀਆ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਸੀ। ਉਨ੍ਹੀ ਦਿਨੀਂ ਸ਼ਾਮ ਹੁੰਦਿਆਂ ਹੀ ਤਰਨਤਾਰਨ, ਪੱਟੀ, ਵਲਟੋਹਾ, ਖੇਮਕਰਨ, ਝਬਾਲ, ਭਿੱਖੀਵਿੰਡ, ਚੋਹਲਾ ਸਾਹਿਬ, ਖਡੂਰ ਸਾਹਿਬ ਆਦਿ ਖੇਤਰਾਂ ਵਿੱਚ ਖ਼ਾਲਸਤਾਨ ਬਣ ਜਾਇਆ ਕਰਦਾ ਸੀ। ਪੰਜਾਬੀਆਂ ਨੂੰ ਪਤਾ ਹੀ ਨਾ ਲੱਗਾ 1978 ਵਿੱਚ ਸ਼ੁਰੂ ਹੋਇਆ ਨਿਰੰਕਾਰੀ/ਸਿੱਖ ਵਿਵਾਦ ਕਦੋਂ ਹਿੰਦੂ/ਸਿੱਖ ਵਿਵਾਦ ਬਣ ਗਿਆ। ਜਦੋਂ ਬੇਕਸੂਰ ਹਿੰਦੂ ਜਾਂ ਕੇਸਰਹਿਤ ਲੋਕਾਂ ਦੇ ਲਹੂ ਨਾਲ ਸ਼ਰੇਆਮ ਹੋਲੀ ਖੇਡੀ ਜਾਣ ਲੱਗੀ ਤਾਂ ਪੰਜਾਬ ਵਿੱਚੋਂ ਵੱਡੀ ਗਿਣਤੀ ਵਿੱਚ ਹਿਜਰਤ ਸ਼ੁਰੂ ਹੋ ਗਈ। ਤਰਨਤਾਰਨ ਦੇ ਇਲਾਕੇ ਵਿਚ ਸਭ ਤੋਂ ਵੱਧ ਹਿਜਰਤ ਹੋਈ, ਸਦੀਆਂ ਤੋਂ ਪੰਜਾਬ ਵਿੱਚ ਵੱਸਦੇ ਹਿੰਦੂ ਕੀਮਤੀ ਜ਼ਮੀਨਾਂ ਅਤੇ ਜਾਇਦਾਦਾਂ ਵੇਚ ਕੇ ਪੰਜਾਬ ਛੱਡ ਕੇ ਜਾਣ ਲੱਗੇ। ਇਨ੍ਹਾਂ ਦਹਿਸ਼ਤੀ ਹਵਾਵਾਂ ਵਿੱਚ ਕਾਮਰੇਡ ਦੀਪਕ ਧਵਨ ਵਰਗੇ ਯੋਧਿਆਂ ਦੀ ਆਵਾਜ਼ ਗੂੰਜੀ ਕਿ ਅਸੀਂ ਕਿਸੇ ਵੀ ਕੀਮਤ ਤੇ ਅਖੌਤੀ ਖਾੜਕੂਆਂ ਦੇ ਮਨਸੂਬੇ ਸਫਲ ਨਹੀਂ ਹੋਣ ਦੇਵਾਂਗੇ।

ਕਾਮਰੇਡ ਦੀਪਕ ਧਵਨ ਬਹੁਤ ਹੀ ਛੋਟੀ ਉਮਰ ਵਿੱਚ ਪਾਰਟੀ ਦਾ ਸੂਬਾ ਕਮੇਟੀ ਮੈਂਬਰ ਬਣ ਗਿਆ ਸੀ। 28 ਫ਼ਰਵਰੀ 1955 ਵਿੱਚ ਜਨਮਿਆ ਦੀਪਕ ਧਵਨ ਕਾਲਜ ਦੇ ਦਿਨਾਂ ਤੋਂ ਹੀ ਸਮਾਜਵਾਦੀ ਵਿਚਾਰਧਾਰਾ ਨਾਲ ਜੁੜ ਗਿਆ ਸੀ। ਉਸ ਦੇ ਪਿਤਾ ਜੀ ਡਾ ਸੱਤਿਆਪਾਲ ਧਵਨ ਕਸਬਾ ਖੇਮਕਰਨ ਵਿੱਚ ਡਾਕਟਰੀ ਦੀ ਦੁਕਾਨ ਕਰਿਆ ਕਰਦੇ ਸਨ। ਸੰਨ੍ਹ 1965 ਵਿੱਚ ਹੋਈ ਹਿੰਦ-ਪਾਕ ਜੰਗ ਤੋਂ ਬਾਅਦ ਉਹ ਆਪਣੇ ਪੁਸ਼ਤੈਨੀ ਪਿੰਡ ਗੰਡੀਵਿੰਡ ਸਰਾਂ ਆ ਗਏ। ਇੱਥੇ ਹੀ ਉਸ ਨੇ ਅਠਵੀਂ ਦੀ ਪ੍ਰੀਖਿਆ ਪਾਸ ਕੀਤੀ। ਇਸ ਤੋਂ ਬਾਅਦ 1969 ਵਿੱਚ ਉਨ੍ਹਾ ਦਾ ਪਰਿਵਾਰ ਤਰਨਤਾਰਨ ਸ਼ਹਿਰ ਵਿਖੇ ਆ ਗਿਆ। ਉਸ ਨੇ ਵਿਦਿਆਰਥੀ ਅੰਦੋਲਨ ਵਿੱਚ ਜਿਸ ਤਰ੍ਹਾਂ ਅਗਵਾਈ ਕੀਤੀ ਸੀ, ਉਸਦਾ ਕੋਈ ਸਾਨੀ ਨਹੀਂ। ਉਹ ਪੜ੍ਹਣ ਵਿੱਚ ਬਹੁਤ ਜ਼ਹੀਨ ਸੀ, ਉਸ ਵੇਲੇ ਉਹ ਕੋਈ ਵੀ



ਨੌਕਰੀ ਜੁਆਇਨ ਕਰ ਸਕਦਾ ਸੀ, ਪਰ ਉਸ ਨੇ ਕਾਮਿਆਂ/ਕਿਸਾਨਾਂ ਦੀ ਲੋਕ ਲਹਿਰ ਲਈ ਕੁਲਵਕਤੀ ਬਣਨ ਨੂੰ ਪਹਿਲ ਦਿੱਤੀ। ਇਹ ਗੱਲਾਂ ਕਰਨੀਆਂ ਬਹੁਤ ਸੌਖੀਆਂ ਹਨ, ਪਰ ਕੁਲਵਕਤੀ ਹੋਣ ਲਈ ਜਿਗਰੇ ਵਾਲੇ ਬੰਦੇ ਹੀ ਨਿੱਤਰਦੇ ਹਨ। ਪਾਰਟੀ ਪ੍ਰਤੀ ਉਸ ਦੀ ਵਚਨਬੱਧਤਾ ਦਾ ਇੱਥੋਂ ਪਤਾ ਲੱਗਦਾ ਹੈ ਕਿ ਐਮ ਏ ਅੰਗਰੇਜ਼ੀ ਦਾ ਉਸ ਨੇ ਇਕ ਪੇਪਰ ਹੀ ਦਿੱਤਾ ਸੀ, ਉਸ ਵਿੱਚ ਉਸਦੇ 84% ਨੰਬਰ ਆਏ ਸਨ, ਬਾਕੀ ਦੇ ਪੇਪਰਾਂ ਤੋਂ ਪਹਿਲਾਂ 3 ਛੁੱਟੀਆਂ ਸਨ। ਪਰ ਪਾਰਟੀ ਆਦੇਸ਼ਾਂ ਨੂੰ ਪਹਿਲ ਦਿੰਦਿਆਂ ਉਸ ਨੇ ਬਾਕੀ ਦੇ ਤਿੰਨ ਪੇਪਰ ਦੇਣ ਦੀ ਬਜਾਏ ਅੰਗਰੇਜ਼ੀ ਦੀ ਐਮ ਏ ਹੀ ਛੱਡ ਦਿੱਤੀ। ਪੰਜਾਬ ਯੂਨੀਵਰਸਿਟੀ ਵਿਚ ਐਮ ਏ ਮਨੋਵਿਗਿਆਨ ਕਰਦਿਆਂ ਇਕ ਸੌੜੀ ਸੋਚ ਵਾਲੇ ਪ੍ਰੋਫੈਸ਼ਰ ਨਾਲ ਆਪਣਾ ਧਰਮ ਇਨਸਾਨੀਅਤ ਦੱਸਣ ਕਾਰਨ ਹੋਏ ਵਿਵਾਦ ਕਾਰਨ ਉਸਨੇ ਚੰਡੀਗੜ੍ਹ ਨੂੰ ਵੀ ਅਲਵਿਦਾ ਕਹਿ ਦਿੱਤੀ। ਫਿਰ ਉਸ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਐਮ ਏ ਸਮਾਜ ਵਿਗਿਆਨ ਬਹੁਤ ਵਧੀਆ ਨੰਬਰਾਂ ਨਾਲ ਪਾਸ ਕੀਤੀ ਅਤੇ ਯੂਨੀਵਰਸਿਟੀ ਦੀ ਵਿਦਿਆਰਥੀ ਯੂਨੀਅਨ ਦਾ ਚੁਣਿਆ ਹੋਇਆ ਪ੍ਰਧਾਨ ਬਣਨ ਦਾ ਮਾਣ ਹਾਸਲ ਕੀਤਾ। ਹੁਣ ਤੱਕ ਉਹ ਇਕ ਪਰਪੱਕ ਆਗੂ ਬਣ ਚੁੱਕਾ ਸੀ। 1980-81 ਵਿਚ ਵਿਦਿਆਰਥੀਆਂ ਵੱਲੋਂ ਖੱਬੇ-ਪੱਖੀ ਪਾਰਟੀਆਂ ਦੀ ਅਗਵਾਈ ਵਿੱਚ ਵਧੇ ਹੋਏ ਬੱਸ ਕਿਰਾਏ ਖਿਲਾਫ ਵੱਡੀ ਜੰਗ ਲੜੀ ਗਈ। ਦੀਪਕ ਧਵਨ ਦੀ ਇਸ ਵਿਦਿਆਰਥੀ ਘੋਲ ਵਿੱਚ ਵੀ ਅਹਿਮ ਭੂਮਿਕਾ ਸੀ। ਇਸ ਅੰਦੋਲਨ ਵਿੱਚ ਬਹੁਤ ਸਾਰੇ ਆਗੂਆਂ ਨੂੰ 3-3 ਮਹੀਨੇ ਦੀ ਕੈਦ ਵੀ ਹੋਈ। ਪਰ ਅੰਤ ਵਿੱਚ ਵਿਦਿਆਰਥੀਆਂ ਦੇ ਸੰਘਰਸ਼ ਅੱਗੇ ਸਰਕਾਰ ਨੂੰ ਝੁਕਣਾ ਪਿਆ। ਇਸ ਤੋਂ ਦੀਪਕ ਧਵਨ ਨੇ ਮਜ਼ਦੂਰਾਂ ਅਤੇ ਕਿਸਾਨਾਂ ਦੇ ਮੁਹਾਜ਼ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਪੰਜਾਬ ਦਾ ਮਾਹੌਲ ਵਿਗੜਣਾ ਸ਼ੁਰੂ ਹੋਇਆ ਤਾਂ ਪੰਜਾਬ ਦੀ ਖੱਬੇਪੱਖੀ ਲਹਿਰ ਨੇ ਨਿਰਦੋਸ਼ਾਂ ਦੇ ਕਤਲਾਂ ਦੇ ਖਿਲਾਫ਼ ਜਾਨਾਂ ਦੀ ਪਰਵਾਹ ਕੀਤੇ ਬਿਨਾ ਬੋਲਣਾ ਸ਼ੁਰੂ ਕਰ ਦਿੱਤਾ। ਸਾਕਾ ਨੀਲਾ ਤਾਰਾ ਤੋਂ ਬਾਅਦ ਅਗਲੇ ਦੋ ਸਾਲ ਬਹੁਤ ਘੱਟ ਵਾਰਦਾਤਾਂ ਹੋਈਆਂ, ਪਰ 1986 ਵਿੱਚ ਅਕਾਲ ਤਖ਼ਤ ਵਿਖੇ ਹੋਏ ਸਰਬੱਤ ਖਾਲਸਾ ਵਿੱਚ ਖਾਲਸਤਾਨ ਦੀ ਪ੍ਰਾਪਤੀ ਲਈ ਜ਼ਾਰੀ ਹੋਏ ਐਲਾਨਨਾਮੇ ਤੋਂ ਬਾਅਦ ਫਿਰ ਪੰਜਾਬ ਵਿੱਚ ਫਿਰਕੂ ਹਵਾਵਾਂ ਨੇ ਦਮ ਫੜ ਲਿਆ। ਜੋ ਵੀ ਦਹਿਸ਼ਤਗਰਦਾਂ ਖਿਲਾਫ਼ ਬੋਲਦਾ ਸੀ, ਉਸ ਨੂੰ ਹੀ ਏ ਕੇ ਸੰਤਾਲੀਆਂ ਵਾਲੇ ਚੁੱਪ ਕਰਵਾਉਣ ਲਈ ਆ ਪਹੁੰਚਦੇ। ਇਨ੍ਹਾ ਕਾਇਰਾਨਾ ਕਾਰਵਾਈਆਂ ਤਹਿਤ ਪਿੰਡ ਰਸੂਲਪੁਰ (ਨੇੜੇ ਸੰਘਾ ਪਿੰਡ) ਜ਼ਿਲ੍ਹਾ ਤਰਨ ਤਾਰਨ (ਉਦੋਂ ਅੰਮ੍ਰਿਤਸਰ) ਵਿਖੇ ਮਿਤੀ 19 ਮਈ 1987 ਨੂੰ ਕੁੱਝ ਅਖੌਤੀ ਖਾੜਕੂਆਂ ਨੇ ਸਿਰਫ 32 ਸਾਲ ਦੀ ਉਮਰ ਵਿੱਚ ਇਕ ਨੌਜਵਾਨ ਲੋਕ ਆਗੂ ਗੋਲ ?ੀਆਂ ਮਾਰ ਕੇ ਮਾਰ ਦਿੱਤਾ। ਉਸ ਵੇਲੇ ਵੀ ਉਹ ਕਣਕ ਦੇ ਖ਼ਰਾਬੇ ਲਈ ਮੁਆਵਜ਼ੇ ਦੀ ਮੰਗਾਂ ਲਈ ਮਜ਼ਦੂਰਾਂ ਅਤੇ ਕਿਸਾਨਾਂ ਦੀ ਲਾਮਬੰਦੀ ਕਰ ਰਿਹਾ ਸੀ। ਕਾਮਰੇਡ ਦੀਪਕ ਧਵਨ ਦੀ ਮੌਤ ਇਕ ਵਿਅਕਤੀ ਦੀ ਮੌਤ ਨਹੀਂ ਸੀ, ਤੁਰਦੀ ਫਿਰਦੀ ਸਮਾਜਿਕ ਸੰਸਥਾ ਦਾ ਅੰਤ ਸੀ। ਦਹਾਕਿਆਂ ਬਾਅਦ ਵੀ ਮਾਝੇ ਵਿੱਚ ਪਾਰਟੀ ਨੂੰ ਉਹਦੇ ਵਰਗਾ ਆਗੂ ਨਹੀਂ ਮਿਲ ਸਕਿਆ। ਦੀਪਕ ਧਵਨ ਦੀ ਮੌਤ ਪਾਰਟੀ ਲਈ ਹੀ ਨਹੀਂ, ਹਿੰਦੂ-ਸਿੱਖ ਭਾਈਚਾਰਕ ਸਾਂਝ ਦੇ ਮੁਦੱਈਆਂ ਲਈ ਬਹੁਤ ਹਿਰਦੇਵੇਧਕ ਘਟਨਾ ਸੀ। ਅੱਜ ਦੇ ਦਿਨ ਲੋਕ ਘੋਲਾਂ ਨੂੰ ਪ੍ਰਣਾਏ ਹੋਏ ਨੌਜਵਾਨ ਆਗੂ ਸਾਥੀ ਦੀਪਕ ਧਵਨ ਨੂੰ ਲਾਲ ਸਲਾਮ ਕਰਦੇ ਹਾਂ, ਜਿਨ੍ਹਾਂ ਦੇ ਸਦਕਾ ਪੰਜਾਬ ਨੇ ਕਾਲੇ ਦਿਨਾਂ ਤੋਂ ਮੁਕਤੀ ਪ੍ਰਾਪਤ ਕੀਤੀ ਹੈ। ਕਾਮਨਾ ਕਰਦੇ ਹਾਂ ਕਿ ਪੰਜਾਬ ਮੁੜ ਕਦੀ ਉਹ ਦਿਨ ਨਾ ਵੇਖੇ, ਮੇਰਾ ਪੰਜਾਬ ਜੀਵੇ...... ਸਾਂਝੀਵਾਲਤਾ ਦਾ ਪੈਗ਼ਾਮ ਜੀਵੇ।

# ਉਚੇਰੀ ਸਿੱਖਿਆ ਦੇ ਵਪਾਰੀਕਰਨ ਦਾ ਜਨਸਮੂਹ ’ਤੇ ਅਸਰ



ਡਾ. ਬਲਜਿੰਦਰ
94170-79720
singh.drbaljinder@gmail.com



ਇਹਨੀਂ ਦਿਨੀਂ ਅਮਰੀਕਾ ਅੰਦਰ ਇੱਕ ਨਵੀਂ ਬਹਿਸ ਛਿੜੀ ਹੋਈ ਹੈ ਕਿ ਕੀ ਜ਼ਿੰਦਗੀ ‘ਚ ਅੱਗੇ ਵਧਣ ਲਈ ਉੱਚ-ਵਿੱਦਿਆ ਦੀ ਕੋਈ ਜ਼ਰੂਰਤ ਹੈ ਵੀ ਕਿ ਨਹੀਂ। ਅਮਰੀਕਾ ਦੀ ਇੱਕ ਸੰਸਥਾ ਪੀਊ ਰਿਸਰਚ ਸੈਂਟਰ ਨੇ ਲੋਕਾਂ ਨੂੰ ਸੁਆਲ ਕਰਨ ਉਪਰੰਤ ਇੱਕ ਖੋਜ ਰਿਪੋਰਟ ਤਿਆਰ ਕੀਤੀ ਹੈ। ਆਪਣੀ ਇਸ ਨਵੀਂ ਖੋਜ ਦੇ ਅਮਲ ਦੌਰਾਨ ਉਹਨਾਂ ਨੇ ਲੋਕਾਂ ਤੋਂ ਸੁਆਲ ਪੁੱਛੇ ਕਿ ਕੀ ਉੱਚ ਵਿੱਦਿਆ ਪ੍ਰਦਾਨ ਕਰਨ ਵਾਲੀ ਕਾਲਜ ਡਿਗਰੀ ਸਾਨੂੰ ਵਧੀਆ ਰੋਟੀ ਦੇ ਸਕਦੀ ਹੈ? ਤਾਂ ਬਹੁਤਿਆਂ ਦਾ ਜੁਆਬ ਹਾਂ ਵਿੱਚ ਸੀ।

ਕੁੱਝ ਜੁਆਬਕਰਤਾਂ ਦਾ ਮੰਨਣਾ ਹੈ ਕਿ ਜਦੋਂ ਕਿਸੇ ਡਿਗਰੀ ਤੋਂ ਬਿਨਾਂ ਹੀ ਚੰਗਾ ਰੁਜ਼ਗਾਰ ਮਿਲ ਜਾਂਦਾ ਹੈ ਅਤੇ ਆਰਥਕ ਹਾਲਤ ’ਚ ਸੁਧਾਰ ਆ ਜਾਂਦਾ ਹੈ ਤਾਂ ਬਹੁਤਾ ਪੜ੍ਹ-ਲਿਖਕੇ ਕੀ ਲੈਣਾ? ਗਹਿਰਾਈ ਨਾਲ ਦੇਖਿਆਂ ਪਤਾ ਲੱਗਦਾ ਹੈ ਕਿ ਅਸਲ ’ਚ ਅਜਿਹੀ ਸੋਚ ਵਾਲੇ ਲੋਕਾਂ ਦਾ ਇਹ ਇੱਕ ਅਜਿਹਾ ਗੁੱਟ ਹੈ ਜਿਸਨੂੰ ਪਿਛਲੇ ਦਸ ਸਾਲਾਂ ਅਰਸੇ ਦੌਰਾਨ ਰੁਜ਼ਗਾਰ ਮਿਲਣ ਦੇ ਮੌਕੇ ਵਧੇ ਹਨ ਤੇ ਇਸਨੇ ਆਪਣੀ ਮਾਇਕ ਸਥਿਤੀ ਸੁਧਾਰੀ ਹੈ। ਜਿਹੜੀ ਕਿ ਹੁਣ ਉਹਨਾਂ ਲੋਕਾਂ ਦੇ ਬਰਾਬਰ ਵਰਗੀ ਹੀ ਹੈ ਜਿਹੜੇ ਉੱਚ ਡਿਗਰੀ ਯੋਗਤਾ ਦੇ ਆਧਾਰ ’ਤੇ ਰੁਜ਼ਗਾਰ ’ਚ ਲੱਗੇ ਹੋਏ ਹਨ।

ਬਦਲਦੇ ਆਰਥਕ ਹਾਲਾਤ ਅੰਦਰ ਨਵੀਆਂ ਕਿਸਮ ਦੀਆਂ ਨੌਕਰੀਆਂ ਹੋਂਦ ਹੋ ਆ ਗਈਆਂ ਹਨ। ਮਿਸਾਲ ਦੇ ਤੌਰ ’ਤੇ ਆਈਟੀ ਸੈਕਟਰ ਵਿਚਲੀਆਂ ਨੌਕਰੀਆਂ ’ਤੇ ਝਾਤ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਕਈ ਵਾਰੀ ਥੋੜ੍ਹੀ ਜਿਹੀ ਸਕਿੱਲ ਨਾਲ ਹੀ ਚੰਗੇ ਪੈਸੇ ਵਾਲੀ ਨੌਕਰੀ ਮਿਲ ਜਾਂਦੀ ਹੈ। ਫਾਇਨਾਂਸ ਤੇ ਮਾਰਕਿਟਿੰਗ ਦੇ ਅੱਜਕੱਲ੍ਹ ਦੇ ਯੁੱਗ ਅੰਦਰ ਵੀ ਕੋਈ ਬਹੁਤੀ ਉੱਚ ਵਿੱਦਿਆ ਤੋਂ ਬਿਨਾਂ ਹੀ ਸਰ ਜਾਂਦਾ ਹੈ। ਲਿਹਾਜ਼ਾ ਇੱਕ ਅਜਿਹੀ ਸਮਝ ਵਿਕਸਤ ਹੋ ਰਹੀ ਹੈ ਕਿ ਕਿਸੇ ਵਿਅਕਤੀ ਦੀ ਆਰਥਕ ਹਾਲਤ ’ਚ ਸੁਧਾਰ ਹੋਣ ‘ਚ ਮੋੜਾ ਆਉਣਾ ਉਸ ਵੱਲੋਂ ਉੱਚ ਵਿੱਦਿਆ ਦੀ ਡਿਗਰੀ ਹਾਸਲ ਕਰਨ ਤੋਂ ਬਿਨਾਂ ਵੀ ਸੰਭਵ ਹੈ।

ਅਮਰੀਕਾ ਅੰਦਰ ਵੀ ਅਜਿਹੀ ਸਥਿਤੀ ਹੈ ਕਿ ਇਸ ਗੱਲ ਤੋਂ ਮੁਨਕਰ ਹੀ ਨਹੀਂ ਹੋਇਆ ਜਾ ਸਕਦਾ ਕਿ ਕਾਲਜਾਂ/ਯੂਨੀਵਰਸਿਟੀਆਂ ’ਚ ਦਾਖਲ ਹੋਕੇ ਉੱਚ ਵਿੱਦਿਆ ਹਾਸਲ ਕਰਨਾ ਹਰ ਇੱਕ ਦੇ ਵੱਸ ਦਾ ਰੋਗ ਨਹੀਂ ਰਹਿ ਗਿਆ। ਇਸ ਪੜ੍ਹਾਈ ਦੇ ਖਰਚੇ ਲਗਾਤਾਰਤਾ ਨਾਲ ਵਧਦੇ ਜਾ ਰਹੇ ਹਨ। ਅਤੇ ਲੋਕਾਂ ਲਈ ਉੱਚ ਵਿੱਦਿਆ ਇੱਕ ਬੋਝ ਬਣਕੇ ਰਹਿ ਗਈ ਹੈ। ਵਿਦਿਆਰਥੀਆਂ ਦੀਆਂ ਬੈਂਕ ਦੇਣਦਾਰੀਆਂ ਵਧਦੀਆਂ ਜਾ ਰਹੀਆਂ ਹਨ। ਇਹ ਦੇਣਦਾਰੀਆਂ ਲੰਮੇ ਸਮੇਂ ਵਾਲੀਆਂ ਹਨ। ਇਸ ਪੱਖੋਂ ਵੀ ਇਹ ਲੋਕਾਂ ਲਈ ਇੱਕ ਬੋਝ ਬਣ ਜਾਂਦੀ ਹੈ ਅਤੇ ਉਦੋਂ ਹੋਰ ਵੀ ਗੱਲ ਕਸੂਤੀ ਬਣ ਜਾਂਦੀ ਹੈ ਜਦ ਕਿ ਅੱਜ ਦੇ ਸਰਮਾਏਦਰਾਨਾ ਸੰਕਟ ਦੇ ਦੌਰ ਅੰਦਰ ਇਸ ਪੜ੍ਹਾਈ ਤੋਂ ਬਾਦ ਮਿਲਣ ਵਾਲਾ ਜਾਬ ਜ਼ਰੂਰੀ ਨਹੀਂ ਕਿ ਓਨੇ ਪੈਸੇ ਦੇਣ ਵਾਲਾ ਹੋਵੇ। ਇਹ ਗੱਲ ਵੀ ਪਈ ਹੈ ਕਿ ਕਿੱਤਾ ਮੁਖੀ ਪੜ੍ਹਾਈ ਕਰਨ ਉਪਰੰਤ ਕਿੱਤਾ ਮੁਖੀ ਸਫਲਤਾ ਦੀ ਗਾਰੰਟੀ ਨਹੀਂ ਹੈ।

ਇਸ ਰਿਪੋਰਟ ਦੀ ਇੱਕ ਹੋਰ ਦਿਲਚਸਪ ਗੱਲ ਇਹ ਹੈ ਕਿ ਇਸਨੇ ਪੁੱਛ-ਗਿੱਛ ਦੌਰਾਨ ਵਿਅਕਤੀਆਂ ਤੋਂ ਉਹਨਾਂ ਦੇ ਸਿਆਸੀ ਝੁਕਾਅ ਬਾਰੇ ਵੀ ਪੁੱਛਿਆ ਹੈ। ਡੈਮੋਕਰੇਟਾਂ ਨੇ ਤਾਂ ਉੱਚ ਵਿੱਦਿਆ ਦੀ ਜ਼ਰੂਰਤ ਨੂੰ ਮਹਿਸੂਸ ਕੀਤਾ ਹੈ ਜਦਕਿ ਰਿਪਬਲਕਾਂ ਨੇ ਕਿਹਾ ਹੈ ਕਿ ਕਾਮਯਾਬ ਹੋਣ ਲਈ ਕਿਸੇ ਡਿਗਰੀ ਦੀ ਕੋਈ ਬਹੁਤੀ ਅਹਿਮੀਅਤ ਨਹੀਂ ਹੈ।

**ਰਿਪੋਰਟ ’ਤੇ ਵਿਚਾਰ ਚਰਚਾ ਕਿਉਂ?**

ਮੋਟੇ ਰੂਪ ’ਚ ਇਹ ਰਿਪੋਰਟ ਦੱਸਦੀ ਹੈ ਕਿ ਉੱਚ ਵਿੱਦਿਆ ਦੀ ਅੱਜ ਦੇ ਯੁੱਗ ਅੰਦਰ ਕੋਈ ਪ੍ਰਸੰਗਕਤਾ ਨਹੀ ਰਹਿ ਗਈ ਹੈ। ਅੱਜ ਦੇ ਤਕਨੀਕੀ ਮੁਹਾਰਤ ਵਾਲੇ ਯੁੱਗ ਅੰਦਰ ਥੋੜ੍ਹੀ ਜਿਹੀ ਮੁਹਾਰਤ ਹਾਸਲ ਕਰਨ ਨਾਲ ਹੀ ਵਧੀਆ ਪੈਸੇ ਕਮਾਏ ਜਾ ਸਕਦੇ ਹਨ। ਇਹ ਵੀ ਕਿਹਾ ਗਿਆ ਹੈ ਕਿ ਉੱਚ ਵਿੱਦਿਆ ਦੀਆਂ ਡਿਗਰੀਆਂ ਦੇ ਮੁਕਾਬਲੇ ’ਤੇ ਕਿਸੇ ਕਿੱਤੇ ’ਚ ਲੱਗੇ ਮਾਹਰ ਵਿਅਕਤੀ ਦੇ ਨਾਲ ਕੋਈ ਐਪਰੈਂਟਸਸ਼ਿਪ ਕਰਨ ਨਾਲ ਅਤੇ ਡਿਗਰੀ ਦੀ ਬਜਾਏ ਕੋਈ ਸਰਟੀਫਿਕੇਟ ਕਿਸਮ ਦਾ ਕੋਈ ਕੋਰਸ ਕਰਕੇ ਵੀ ਓਨੇ ਹੀ ਪੈਸੇ ਕਮਾਏ ਜਾ ਸਕਦੇ ਹਨ। ਅਜਿਹੇ ਸਿੱਟੇ ਕੱਢਣ ਲੱਗਿਆਂ ਸਹਾਰਾ ਇਹ ਲਿਆ ਗਿਆ ਹੈ, ਤਰਕ ਇਹ ਦਿੱਤਾ ਗਿਆ ਹੈ ਕਿ ਅਜੋਕੀ ਉੱਚ ਵਿੱਦਿਆ ਮਹਿੰਗੀ ਹੋ ਗਈ ਹੈ, ਲੰਮੇ ਸਮੇਂ ਦੀਆਂ ਬੈਂਕਾਂ ਦੀਆਂ ਦੇਣਦਾਰੀਆਂ ‘ਚ ਵਿਦਿਆਰਥੀ ਬੱਝ ਜਾਂਦਾ ਹੈ। ਅਤੇ ਨਾਲ ਹੀ ਇਹ ਕਿ ਉਹੋ ਜਿਹੀ ਨੌਕਰੀ ਮਿਲਦੀ ਨਹੀਂ।

**ਇਹ ਦਲੀਲਾਂ ਕਿਉਂ?**

ਅੱਜ ਇਗ ਦਲੀਲਾਂ ਕਿਉਂ ਦਿੱਤੀਆਂ ਜਾ ਰਹੀਆਂ ਹਨ ਅਤੇ ਉੱਤ ਵਿੱਦਿਆ ਨੂੰ ਕਿਉਂ ਤੱਦਿਆ ਜਾ ਰਿਹਾ ਹੈ ਇਹਦੇ ਕਾਰਨਾਂ ਨੂੰ ਸਮਝਣ ਦੀ ਲੋੜ ਹੈ। ਯਾਦ ਕਰੀਏ ਉਹ ਸਮਾਂ ਜਦੋਂ ਉੱਚ ਵਿੱਦਿਆ ਦੇ ਅਦਾਰਿਆਂ ’ਤੇ ਸਰਕਾਰੀ ਖਰਚ ਕੀਤਾ ਜਾਂਦਾ ਹੁੰਦਾ ਸੀ। ਹੁਣ ਅੱਜ ਪਹਿਲੀ ਤੇ ਦੂਸਰੀ ਸੰਸਾਰ ਜੰਗ ਤੋਂ ਬਾਅਦ ਦੇ ਦੌਰ ਨਾਲੋਂ ਹਾਲਤ ਵੱਖਰੀ ਹੈ ਕਿ ਸਰਮਾਏਦਾਰੀ ਨੇ ਵੈਲਫੇਅਰ ਸਟੇਟ ਵਾਲੀ ਆਪਣੀ ਦਿੱਖ ਨੂੰ ਵਗਾਹ ਮਾਰਿਆ ਹੈ ਅਤੇ ਹੁਣ ਲੋਕਾਂ ਦੀ ਲੁੱਟ-ਖਸੁੱਟ ਦੇ ਸਾਰੇ ਰਾਸਤੇ ਖੋਹਲ ਲਏ ਹਨ। ਪਹਿਲਾਂ ਲੋਕ ਲਹਿਰਾਂ ਦੇ ਦਬਾਅ ਹੇਠ ਸਟੇਟ ਜਾਂ ਉਹਦੇ ਅੰਗ ਸਰਕਾਰਾਂ ਨੂੰ ਲੋਕਾਂ ਨੂੰ ਕੁੱਝ ਸਹੂਲਤਾਂ ਦੇਣ ਲਈ ਮਜਬੂਰ ਹੋਣਾ ਪੈਂਦਾ ਸੀ। ਪਰ ਪਿਛਲੀ ਸਦੀ ਦੇ ਸੱਠਵਿਆਂ ਦੇ ਦਹਾਕੇ ਬਾਅਦ ਵੈੱਲਫੇਅਰ ਸਟੇਟ ਵਾਲਾ ਇਹ ਪਰਦਾ ਲਾਹ ਕੇ ਪਰ੍ਹਾਂ ਵਗਾਹ ਮਾਰਨਾ ਸ਼ੁਰੂ ਕੀਤਾ ਹੋਇਆ ਹੈ ਜਿਹੜਾ ਕਿ ਕਈ ਹਾਲਤਾਂ ’ਚ ਤਾਂ ਪੂਰੀ ਤਰ੍ਹਾਂ ਹੀ ਚੁੱਕਿਆ ਜਾ ਚੁੱਕਾ ਹੈ। ਪਬਲਿਕ ਟਰਾਂਸਪੋਰਟ, ਮੁੱਢਲੀ ਤੇ ਉੱਚ ਵਿੱਦਿਆ ਤੇ ਕਈ ਹੋਰਨਾਂ ਖੇਤਰਾਂ ਅੰਦਰੋਂ ਤਾਂ ਇਸ ਦੀ ਪੂਰੀ ਤਰ੍ਹਾਂ ਸਫ ਲਪੇਟ ਦਿੱਤੀ ਗਈ ਹੈ। ਉੱਚ ਵਿੱਦਿਆ ਦੇ ਖੇਤਰ ਨੂੰ ਬਹੁਤ ਹੱਦ ਤੱਕ ਨਿੱਜੀ ਮੁਨਾਫਾ ਅਧਾਰਤ ਮਾਡਲ ਬਣਾ ਦਿੱਤਾ ਗਿਆ ਹੈ। ਇਸ ਕਰਕੇ ਹੀ ਇਹ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਗਈ ਹੈ ਅਤੇ ਵਿਦਿਆਰਥੀਆਂ ਨੂੰ ਪੜ੍ਹਣ ਲਈ ਲੰਮੇ ਅਰਸੇ ਵਾਲੀਆਂ ਬੈਂਕ ਦੇਣਦਾਰੀਆਂ ਨਾਲ ਜੂਝਣਾ ਪੈ ਰਿਹਾ ਹੈ। ਕਿਉਂਕਿ ਮੁਨਾਫ਼ਾ ਆਧਾਰਤ ਸਰਮਾਏਦਾਰਾਨਾ ਢਾਂਚੇ ਦੀ ਇਹ ਫਿਤਰਤ ਹੈ ਕਿ ਉਹ ਜਦੋਂ ਕਿਸੇ ਵੀ ਖੇਤਰ ਅੰਦਰ ਨਿਵੇਸ਼ ਕਰਦਾ ਹੈ ਤਾਂ ਸਭ ਤੋਂ ਪਹਿਲਾਂ ਉਹਦੇ ਮਨਸ਼ੇ ਮੁਨਾਫ਼ਾ ਕਮਾਉਣ ਦੇ ਹੁੰਦੇ ਹਨ। ਅਤੇ ਇਓਂ ਸਮੁੱਚਾ ਵਿੱਦਿਅਕ ਖੇਤਰ ਹੀ ਅੱਜਕੱਲ੍ਹ ਇੱਕ ਸਨਅਤ ਦਾ ਰੂਪ ਧਾਰਨ ਕਰ ਚੁੱਕਿਆ ਹੈ। ਲੱਖਾਂ ਵਿਦਿਆਰਥੀਆ ਦਾ ਇੰਗਲੈਂਡ, ਕੈਨੇਡਾ, ਆਸਟਰੇਲੀਆ, ਅਮਰੀਕਾ, ਚੀਨ, ਯੂਕਰੇਨ ਆਦਿ ਮੁਲਕਾਂ ਵੱਲ ਮਹਿੰਗੀ ਵਿੱਦਿਆ ਹਾਸਲ ਕਰਨ ਲਈ ਪ੍ਰਵਾਸ ਕਰਨਾ ਇਸੇ ਵੱਲ ਹੀ ਇਸ਼ਾਰਾ ਕਰਦਾ ਹੈ।

ਇੱਕ ਹੋਰ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਹਮੇਸ਼ਾ ਤੋਂ ਹਾਕਮਾਂ ਦੇ ਮਨਸ਼ੇ ਵਿੱਦਿਆ ਤੋਂ ਲੋਕਾਂ ਨੂੰ ਦੂਰ ਰੱਖਣ ਦੇ ਰਹੇ ਹਨ। ਅੱਜ ਉਹੀ ਮਨਸ਼ੇ ਹਾਕਮ ਜਮਾਤਾਂ ਉੱਚ ਵਿੱਦਿਆ ਮਹਿੰਗੀ ਕਰਕੇ ਪੂਰੇ ਕਰ ਰਹੇ ਹਨ। ਹਾਕਮਾਂ ਦੇ ਮਨਸ਼ੇ ਇਹ ਵੀ ਹਨ ਕਿ ਬਹੁ ਗਿਣਤੀ ਲੋਕ ਮਹਿਜ਼ ਅੱਖਰ ਗਿਆਨ ਹਾਸਲ ਕਰਨ ਵਾਲੇ ਹੀ ਹੋਣ, ਉੱਚ ਵਿੱਦਿਆ ਤੋਂ ਕਿਨਾਰਾ ਕਰਨ ਤੇ ਪੜ੍ਹ-ਲਿਖਕੇ ਉਹ ਕੋਈ ਆਗੂ ਹੈਸੀਅਤ ’ਚ ਨਾ ਅੱਪੜ ਸਕਣ। ਉਹਨਾਂ ਦੇ ਗੁਲਾਮ ਬਣੇ ਰਹਿਣ ਤੇ ਉਹਨਾਂ ਦੀਆਂ ਤਜ਼ੋਰੀਆਂ ਨੂੰ ਭਰਦੇ ਰਹਿਣ। ਅਤੇ ਸਮਾਜ ਦੇ ਹਰ ਪੱਧਰ ’ਤੇ ਉਹਨਾਂ ਦੀ ਆਪਣੀ ਜਮਾਤ ਦੇ ਵਿਅਕਤੀ ਹੀ ਤਾਇਨਾਤ ਹੋਣ ਤੇ ਉਹਨਾਂ ਜਮਾਤਾਂ ਦੀ ਲੁੱਟ ਵਾਲਾ ਢਾਂਚਾ ਹੋਰ ਲਮੇਰੇ ਸਮੇਂ ਤੱਕ ਚੱਲਦਾ ਰਹਿ ਸਕੇ।

**ਉੱਚ ਵਿੱਦਿਆ ਦੀ ਅਹਿਮੀਅਤ**

ਆਮ ਬੋਲਚਾਲ ਦੀ ਭਾਸ਼ਾ ’ਚ ਕਿਹਾ ਜਾਂਦਾ ਹੈ ਕਿ ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦੀ ਹੈ। ਇਹਦੇ ‘ਚ ਕੋਈ ਸ਼ੱਕ ਨਹੀਂ। ਕਿਸੇ ਸਮਾਜ ਦੇ ਵਿਕਾਸ ਦਾ ਪੱਧਰ ਉੱਥੋਂ ਦੇ ਲੋਕਾਂ ਦਾ ਵਿੱਦਿਆ ਨਾਲ ਲੈਸ ਹੋਣ ਦੇ ਪੱਧਰ ਤੋਂ ਹੀ ਤਾਂ ਜਾਣਿਆ ਜਾਂਦਾ ਹੈ। ਜਿੱਥੇ ਹਰ ਪੱਧਰ ਦੀ ਵਿੱਦਿਆ ਦੀ ਆਪੋ-ਆਪਣੀ ਅਹਿਮੀਅਤ ਹੈ, ਉੱਥੇ ਉੱਚ ਵਿੱਦਿਆ ਦਾ ਸਮਾਜ ਨੂੰ ਅੱਗੇ ਲਿਜਾਣ ’ਚ ਬਹੁਤ ਮਹੱਤਵਪੂਰਨ ਰੋਲ ਹੈ। ਉੱਚ ਵਿੱਦਿਆ ਉਹ ਕਪਾਟ ਖੋਲ੍ਹਦੀ ਹੈ ਜਿਹੜੇ ਹੇਠਲੇ ਪੱਧਰ ਦੀ ਵਿੱਦਿਆ ਦੇਖਣ ਤੋਂ ਆਹਰੀ ਹੁੰਦੀ ਹੈ। ਇਹ ਵੱਖ-ਵੱਖ ਵਿਸ਼ਿਆਂ ਦੀ ਇੱਕ ਵਿਸ਼ੇਸ਼ ਮੁਹਾਰਤ ਵਾਲੀ ਵਿਸ਼ੇ ਦੇ ਕਿਸੇ ਇੱਕ ਨੁਕਤੇ ’ਤੇ ਕੇਂਦਰਤ ਕਰਨ ਵਾਲੀ ਹੁੰਦੀ ਹੈ। ਇਹ ਖੋਜ ਕਾਰਜਾਂ ਨੂੰ ਜ਼ਰਬਾਂ ਦਿੰਦਿਆਂ ਗਿਆਨ ਨੂੰ ਅਗਲੇਰੇ ਪੜਾਅ ’ਤੇ ਲਿਜਾਣ ਵਾਲੀ ਹੁੰਦੀ ਹੈ। ਅਤੇ ਸਾਡੀ ਜ਼ਿੰਦਗੀ ’ਚ ਕੰਮ ਆਉਣ ਵਾਲੇ ਸੰਦ-ਸਾਧਨਾਂ ਦੇ ਕੰਮਕਾਰ ਦੇ ਤਰੀਕਿਆਂ ਨੂੰ ਸਮਝਦਿਆਂ ਇਹਨਾਂ ਨੂੰ ਈਜਾਦ ਕਰਦੀ ਹੈ ਅਤੇ ਅੱਗੋਂ ਵੀ ਹੋਰ ਵਿਕਸਤ ਕਰਨ ’ਚ ਸਹਾਈ ਹੁੰਦੀ ਹੈ। ਇਹ ਸਾਡੀ ਜ਼ਿੰਦਗੀ ਦੇ ਬੰਦ ਪਏ ਕੋਨਿਆਂ ’ਚ ਝਾਤੀ ਪੁਆਉਂਦੀ ਹੈ। ਮਨੁੱਖੀ ਸਰੀਰ, ਪੁਲਾੜ, ਬ੍ਰਹਿਮੰਡ, ਧਰਤ ਹੇਠਲਾ ਸੰਸਾਰ, ਪਾਤਾਲ ਦੀਆਂ ਡੂੰਘਾਈਆਂ ’ਚ ਜਾਕੇ ਇਹ ਇਹਨਾਂ ਦਾ ਭੇਤ ਪਾਉਂਦੀ ਹੈ। ਮਨੁੱਖੀ ਮਨ ਦੀਆਂ ਗੁੰਝਲਾਂ ਨੂੰ ਖੋਹਲਦੀ ਹੈ। ਸੂਖਮ ਕਲਾਵਾਂ ਨੂੰ ਬਲ ਬਖਸ਼ਦੀ ਹੈ।ਗੱਲ ਕੀ ਸਮਾਜਕ ਵਿਕਾਸ ਦੇ ਹਰ ਪੜਾਅ ‘ਤੇ ਸਾਡਾ ਰਾਹ ਰੁਸ਼ਨਾਉਂਦੀ ਹੈ।

ਪਰ ਇਤਿਹਾਸਕ ਤੌਰ ’ਤੇ ਦੇਖਿਆਂ ਜਗੀਰਦਾਰੀ ਤੇ ਸਰਮਾਏਦਾਰਾਨਾ ਢਾਂਚਿਆਂ ਅੰਦਰ ਰਾਜ ਕਰਨ ਵਾਲੇ ਵਰਾਗਾਂ ਦਾ ਮੁੱਢ ਤੋਂ ਹੀ ਇਹ ਰੁਝਾਨ ਰਿਹਾ ਹੈ ਕਿ ਆਮ ਲੋਕਾਂ ਨੂੰ ਓਨੇ ਕੁ ਹੀ ਸਿਆਣੇ ਬਣਾਇਆ ਜਾਵੇ ਜਿੰਨੇ ਕੁ ਨਾਲ ਉਹ ਉਹਨਾਂ ਦੇ ਹਿੱਤਾਂ ਦੀ ਪੂਰਤੀ ਕਰਨ ਵਾਲੇ ਸੰਦ ਬਣੇ ਰਹਿਣ ਨਾ ਕਿ ਉਹਨਾਂ ਨੂੰ ਮੋੜਵੇਂ ਸੁਆਲ ਕਰਨ ਵਾਲੇ ਬਣਨ। ਉੱਚ ਵਿੱਦਿਆ ਪ੍ਰਾਪਤੀ ਸਥਾਪਤੀ ‘ਤੇ ਸੁਆਲ ਉਠਾਉਣ ਲਾਉਂਦੀ ਹੈ। ਲੋਕਾਂ ਸਾਹਮਣੇ ਸਮਾਜ ਦੇ ਹਰ ਪੱਖ ਦਾ ਵਿਗਿਆਨਕ ਵਿਸ਼ਲੇਸ਼ਣ ਸਾਹਮਣੇ ਲਿਆਉਂਦੀ ਹੈ। ਇਓਂ ਲੋਕਾਂ ਦੀ ਮੰਦੀ ਹਾਲਤ ਨੂੰ ਵਿਹਿਆਨਕ ਪੱਖ ਤੋਂ ਪਰਖਣ ਵਾਲਾ ਵਿਅਕਤੀ ਲੋਕਾਂ ਨੂੰ ਸੇਧ ਦੇਣ ਦੇ ਕਾਬਲ ਹੋ ਸਕਦਾ ਹੈ ਅਤੇ ਹਾਕਮਾਂ ਲਈ ਭਸੂੜੀ ਸਾਬਤ ਹੋ ਸਕਦਾ ਹੈ। ਆਪਣੇ ਲਈ ਅਜਿਹੀਆਂ ਨਾਖੁਸ਼ਗਵਾਰ ਹਾਲਤਾਂ ਦੇ ਪੈਦਾ ਨਾ ਹੋਣ ਦੇਣ ਲਈ ਹੀ ਉਹ ਉੱਚ ਵਿੱਦਿਆ ਦੇ ਅਦਾਰਿਆਂ ਦੇ ਕਿਵਾੜ ਲੋਕਾਂ ਲਈ ਬੰਦ ਹੀ ਰੱਖਣ ਦੇ ਖਾਹਸ਼ਮੰਦ ਹੁੰਦੇ ਹਨ। ਅਤੇ ਨਾਲ ਹੀ ਉਹ ਇਹ ਸਥਾਪਤ ਕਰਦੇ ਹਨ ਕਿ ਉੱਚ ਪੱਧਰੀ ਲਿਆਕਤ ਤਾਂ ਉੱਚ ਜਾਤੀ ਵਾਲੇ ਉੱਚ ਵਿੱਦਿਆ ਪ੍ਰਾਪਤ ਵਿਅਕਤੀਆਂ ਕੋਲ ਹੀ ਹੋ ਸਕਦੀ ਹੈ। ਬਾਕੀ ਦੇ ਲੋਕ ਤਾਂ ਡੰਗਰ ਹਨ, ਉਹਨਾਂ ਨੂੰ ਧੇਲੇ ਦੀ ਅਕਲ ਨਹੀ ਹੈ। ਉਹਨਾਂ ਨੂੰ ਸਾਡੀ ਗੁਲਾਮੀ ਕਰਨੀ ਹੀ ਪੈਣੀ ਹੈ, ਇਹਨਾਂ ਨੂੰ ਜੁੱਤੀ ਥੱਲੇ ਰੱਖਣਾ ਹੀ ਪੈਣਾ ਹੈ।

ਅਮਰੀਕਾ ਵਾਂਗ ਸਾਡੇ ਮੁਲਕ ਦੇ ਹਾਕਮਾਂ ਨੇ ਵੀ ਨੈਸ਼ਨਲ ਵਿੱਦਿਆ ਨੀਤੀ 2020 ਲਿਆਂਦੀ ਹੈ ਜਿਸ ਨੇ ਉੱਚ ਵਿੱਦਿਆ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਕਰ ਦਿੱਤਾ ਹੈ ਅਤੇ ਲੋਕਾਂ ਦੀ ਵਿੱਦਿਆ ਬਹਾਨੇ ਲੁੱਟ ਕਰਨ ਲਈ ਨਿੱਜੀ ਖੇਤਰ ਦੇ ਦਰਵਾਜ਼ੇ ਖੋਹਲ ਦਿੱਤੇ ਹਨ। ਇਸ ਤੋਂ ਪਹਿਲਾਂ ਵੀ ਨਿੱਜੀਕਰਨ, ਉਦਾਰੀਕਰਨ, ਵਿਸ਼ਵੀਕਰਨ ਦੀਆਂ ਨੀਤੀਆਂ ਤਹਿਤ ਯੂਨੀਵਰਸਿਟੀ ਪੱਧਰ ਦੀ ਵਿੱਦਿਆ ਲਈ ਰਾਖਵੇਂ ਰੱਖੇ ਜਾਣ ਵਾਲੇ ਫੰਡਾਂ ਨੂੰ ਬਹੁਤ ਹੀ ਘਟਾ ਦਿੱਤਾ ਗਿਆ ਹੋਇਆ ਹੈ। ਪੰਜਾਬ ਦੇ ਅੰਕੜਿਆਂ ’ਤੇ ਨਿਗਾਹ ਮਾਰਨ ਨਾਲ ਹੀ ਕਾਫ਼ੀ ਹੱਦ ਤੱਕ ਪਿਕਚਰ ਸਾਫ ਹੋ ਜਾਂਦੀ ਹੈ। ਉੱਚ ਵਿੱਦਿਆ ’ਤੇ ਖਰਚ ਕੀਤੇ ਜਾਣ ਵਾਲਾ ਸਰਕਾਰੀ ਬਜ਼ਟ ਵਿੱਦਿਆ ’ਤੇ ਕੀਤੇ ਜਾਣ ਵਾਲੇ ਕੁੱਲ ਖਰਚ ਦਾ ਪ੍ਰਤੀਸ਼ਤ ਦੇਖਦੇ ਹਾਂ- 1980-81 ’ਚ ਇਹ 25% ਸੀ ਅਤੇ ਜੋ ਨਵੀਆਂ ਆਰਥਕ ਨੀਤੀਆਂ ਦੇ ਆਉਣ ਨਾਲ 1990-91 ’ਚ ਘਟਕੇ 14.33% ਹੀ ਰਹਿ ਗਿਆ ਜੋ ਨੀਤੀਆਂ ਦੀ ਵਧਦੀ ਰਫ਼ਤਾਰ ਦੇ ਮੱਦੇਨਜ਼ਰ ਓਦੂੰ ਵੀ ਘਟਦਾ-ਘਟਦਾ 2014-15 ’ਚ ਜਾਕੇ 8.65% ਹੀ ਰਹਿ ਗਿਆ। ਅੱਜ ਤਾਂ ਇਹ ਏਦੂੰ ਵੀ ਨਿਗੂਣਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਮਾੜੀ ਮਾਇਕ ਹਾਲਤ ਤੋਂ ਖ਼ੈਰ ਪੰਜਾਬ ਦਾ ਕੋਈ ਹੀ ਬਸ਼ਿੰਦਾ ਹੋਵੇਗਾ ਜੋ ਨਾਵਾਕਫ਼ ਹੋਵੇ। ਮੁੱਢਲੇ ਲੋੜੀਂਦੇ ਇਨਫਰਾਸਟਰਕਚਰ ਤੋਂ ਲੈ ਕੇ ਖੋਜ ਕਾਰਜਾਂ ਲਈ ਲੋੜੀਂਦੇ ਫੰਡ ਤੇ ਹੋਰ ਸਹੂਲਤਾਂ ਨੂੰ ਦੇਖਦਿਆਂ ਉੱਚ ਵਿੱਦਿਆ ਦੀ ਪੇਤਲੀ ਹਾਲਤ ਨੂੰ ਬੜੀ ਹੀ ਸੌਖੀ ਤਰ੍ਹਾਂ ਨਾਲ ਸਮਝਿਆ ਜਾ ਸਕਦਾ ਹੈ।

ਸੋ ਅਜਿਹੀਆਂ ਰਿਪੋਰਟਾਂ ਤੇ ਖੋਜ ਕਾਰਜਾਂ ਰਾਹੀਂ ਹਾਕਮ ਆਪਣੇ ਰਾਜ ਨੂੰ ਪੁੱਖਤਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਇੱਕ ਲੋਕਪੱਖੀ ਰਾਜ ਉੱਚ ਵਿੱਦਿਆ ਸਮੇਤ ਹਰ ਪੱਧਰ ਦੀ ਵਿੱਦਿਆ ਪ੍ਰਾਪਤੀ ਦੇ ਦਰਵਾਜ਼ੇ ਹਰ ਕਿਸੇ ਲਈ ਖੁੱਲ੍ਹੇ ਰੱਖਣ ਵਾਲਾ ਹੁੰਦਾ ਹੈ। ਹਰ ਇੱਕ ਵਿਅਕਤੀ ਨੂੰ ਹਰ ਕਿਸਮ ਦੀ ਮਿਆਰੀ ਵਿੱਦਿਆ ਪ੍ਰਾਪਤ ਕਰਨ ਦਾ ਸੰਵਿਧਨਕ ਤੌਰ ‘ਤੇ ਬੁਨਿਆਦੀ ਜਮਹੂਰੀ ਹੱਕ ਹੈ। ਹਾਕਮ ਚਾਹੁੰਦੇ ਹਨ ਲੋਕਾਂ ਨੂੰ ਜਾਣਕਾਰੀ ਤੋਂ ਮਹਿਰੂਮ ਰੱਖਣਾ ਪਰ ਲੋਕਾਂ ਨੇ ਇਹ ਜਾਣਕਾਰੀ ਹਾਸਲ ਕਰਨੀ ਹੀ ਹੈ ਕਿਉਂਕਿ ਇਹਦੇ ਬਾਝੋਂ ਉਹਨਾਂ ਦਾ ਸਰਦਾ ਨਹੀਂ। ਇਸ ਲਈ ਹਰ ਪੱਧਰ ਦੀ ਵਿੱਦਿਆ ਪ੍ਰਾਪਤੀ ਤੇ ਖਾਸਕਰ ਉੱਚ ਵਿੱਦਿਆ ਹਾਸਲ ਕਰਨ ਦੇ ਹੱਕ ਨੂੰ ਅਮਲੀ ਪੱਧਰ ‘ਤੇ ਲਾਗੂ ਕਰਨ ਲਈ ਆਵਾਜ਼ ਉਠਾਉਣਾ ਇਨਸਾਫਪਸੰਦ ਲੋਕਾਂ ਦਾ ਫਰਜ਼ ਬਣਦਾ ਹੈ।

## ਇਕ ਸ਼ਰਧਾਂਜਲੀ

ਬਠਿੰਡਾ : ਬਠਿੰਡੇ ਦੇ ਵਸਨੀਕ ਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਮਲੋਟ ਸਿਟੀ ਥਾਣੇ ਦੇ ਐਸਐਚਓ ਇੰਸਪੈਕਟਰ ਗੁਰਦੀਪ ਸਿੰਘ ਉਰਫ ਪ੍ਰਿੰਸ ਦੀ ਬ੍ਰੇਨ ਹੇਮਰੇਜ ਕਾਰਨ ਕਾਰਨ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ ਗੁਰਦੀਪ ਸਿੰਘ ਨੂੰ ਡਿਊਟੀ ਦੌਰਾਨ ਦਿਲ ਦਾ ਦੌਰਾ ਪਿਆ ਤੇ ਬ੍ਰੇਨ ਹੇਮਰੇਜ ਹੋਇਆ, ਜਿਸ ਤੋਂ ਬਾਅਦ ਉਸ ਦੇ ਸਾਥੀ ਕਰਮਚਾਰੀਆਂ ਨੇ ਉਸ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਇਆ।

ਉਹ 2 ਦਿਨਾਂ ਤੋਂ ਪੀਜੀਆਈ ਵਿੱਚ ਇਲਾਜ ਅਧੀਨ ਸੀ, ਅਪ੍ਰੇਸ਼ਨ ਵੀ ਹੋ ਗਿਆ ਸੀ ਪਰ ਅੱਜ ਇਲਾਜ ਦੌਰਾਨ ਉਸ ਦੀ ਮੌਤ ਹੋ ਹੋ ਗਈ। ਮਲੋਟ ਖੇਤਰ ਦੇ ਡੀਐਸਪੀ ਪਵਨਜੀਤ ਸਿੰਘ ਨੇ ਡਿਊਟੀ ਦੌਰਾਨ ਮੌਤ ਹੋਣ ਦੀ ਪੁਸ਼ਟੀ ਕੀਤੀ ਹੈ। ਮ੍ਰਿਤਕ ਸਿਹਤ ਵਿਗਿਆਨ ਦੇ ਪੰਜਾਬੀ ਲੇਖਕ ਤੇ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਕਮੇਟੀ ਮੈਂਬਰ ਡਾ ਅਜੀਤਪਾਲ ਸਿੰਘ ਦੇ ਕਜਨ ਭਰਾ ਹਨ। ਡਾ. ਅਜੀਤਪਾਲ ਦੇ ਮਾਮਾ ਜੀ ਸ. ਰੱਖਾ ਸਿੰਘ ਜੋਗੀ ਨਗਰ ਬਠਿੰਡੇ ਰਹਿੰਦੇ ਹਨ। ਡਾ. ਸਾਹਿਬ ਨੇ ਦੱਸਿਆ ਕਿ ਐਚਐਚਓ ਗੁਰਦੀਪ ਸਿੰਘ/ਪ੍ਰਿੰਸ ਅੰਤਰਰਾਸ਼ਟਰੀ ਪੱਧਰ ਦੇ ਬਾਕਸਿੰਗ ਖੇਤਰ ਦੇ ਖਿਡਾਰੀ



ਰਹਿ ਚੁੱਕੇ ਸਨ ਅਤੇ ਅਤੀ ਸ਼ਰੀਫ ਇਮਾਨਦਾਰ ਇਨਸਾਨ ਸਨ। ਉਹਨਾਂ ਕਈ ਸਾਲ ਬਠਿੰਡੇ ਨੌਰਕੋਟਿਕ ਸੈੱਲ ਦੇ ਵਿੱਚ ਨੌਕਰੀ ਦੀਆਂ ਸੇਵਾਵਾਂ ਨਿਭਾਈਆਂ ਤੇ ਉਸ ਤੋਂ ਬਾਅਦ ਐਸਐਚ ਓ ਮੋੜ ਮੰਡੀ ਵੀ ਲੱਗੇ ਰਹੇ। ਉਹਨਾਂ ਦੀ ਮ੍ਰਿਤਕ ਦੇਹ ਸਿਵਲ ਹਸਪਤਾਲ ਵਿੱਚ ਰੱਖੀ ਗਈ ਹੈ।

ਕਈ ਸਮਾਜਸੇਵੀ ਸੰਸਥਾਵਾਂ ਤੇ ਮੁਲਾਜ਼ਮ ਜਥੇਬੰਦੀਆਂ ਅਤੇ ‘ਸਰੋਕਾਰਾਂ ਦੀ ਆਵਾਜ਼’ ਨੇ ਐਸਐਚਓ ਗੁਰਦੀਪ ਸਿੰਘ ਦੇ ਅਚਾਨਕ ਵਿਛੋੜੇ ਤੇ ਦੁੱਖ ਦਾ ਇਜ਼ਹਾਰ ਕੀਤਾ ਹੈ ਤੇ ਪ੍ਰੀਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

# ਨੌਜਵਾਨ ਗ਼ਦਰੀ ਯੋਧਾ- ਸ਼ਹੀਦ ਕਰਤਾਰ ਸਿੰਘ ਸਰਾਭਾ



ਮਨਦੀਪ
+54-9381-338-9246
mandeepsaddowal@gmail.com





ਦੇਸ਼ ਦੇ ਕਿਰਤੀ ਲੋਕਾਂ ਦੀ ਬਸਤੀਵਾਦੀ ਗੁਲਾਮੀ ਤੋਂ ਮੁਕਤੀ ਲਈ ਸੰਘਰਸ਼ ਵਿੱਚ ਗ਼ਦਰ ਪਾਰਟੀ ਦਾ ਅਹਿਮ ਇਤਿਹਾਸਕ ਯੋਗਦਾਨ ਰਿਹਾ ਹੈ। ਗ਼ਦਰ ਪਾਰਟੀ ਦੀ ਵਿਚਾਰਧਾਰਾ, ਉਦੇਸ਼ ਅਤੇ ਕੁਰਬਾਨੀਆਂ ਨੇ ਬਰਤਾਨਵੀ ਬਸਤੀਵਾਦੀ ਗੁਲਾਮੀ ਤੋਂ ਮੁਕਤੀ ਦੀ ਇੱਕ ਜਾਨਦਾਰ ਲਹਿਰ ਖੜੀ ਕੀਤੀ। ਪ੍ਰਵਾਸੀ ਕਿਰਤੀ ਕਾਮਿਆਂ ਵੱਲੋਂ ਖੜੀ ਕੀਤੀ ਇਸ ਇਨਕਲਾਬੀ ਗ਼ਦਰ ਪਾਰਟੀ ਵਿੱਚ ਨੌਜਵਾਨ ਕਰਤਾਰ ਸਿੰਘ ਸਰਾਭਾ ਦੀ ਭੂਮਿਕਾ ਅਤੇ ਕੁਰਬਾਨੀ ਬੇਮਿਸਾਲ ਹੈ।

ਕਰਤਾਰ ਸਿੰਘ ਦਾ ਜਨਮ 24 ਮਈ 1896 ਦੇ ਦਿਨ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ ਮਾਤਾ ਸਾਹਿਬ ਕੌਰ ਤੇ ਪਿਤਾ ਮੰਗਲ ਸਿੰਘ ਦੇ ਘਰ ਹੋਇਆ। ਬਚਪਨ 'ਚ ਹੀ ਉਸਦੇ ਮਾਤਾ-ਪਿਤਾ ਦਾ ਦੇਹਾਂਤ ਹੋਣ ਕਾਰਨ ਕਰਤਾਰ ਸਿੰਘ ਤੇ ਭੈਣ ਧੰਨ ਕੌਰ ਦਾ ਪਾਲਣ-ਪੋਸ਼ਣ ਉਹਨਾਂ ਦੇ ਦਾਦਾ ਬਦਨ ਸਿੰਘ ਨੇ ਕੀਤਾ। ਕਰਤਾਰ ਸਿੰਘ ਨੇ ਮੁੱਢਲੀ ਸਿੱਖਿਆ ਪਿੰਡ ਦੇ ਪ੍ਰਾਇਮਰੀ ਸਕੂਲ 'ਚੋਂ ਅੱਵਲ ਰਹਿ ਕੇ ਅਤੇ ਮੈਟ੍ਰਿਕ ਉੜੀਸਾ ਤੋਂ ਪਾਸ ਕੀਤੀ। ਪੰਦਰਾਂ ਸਾਲ ਦੀ ਉਮਰ 'ਚ ਉੜੀਸਾ ਦੇ ਰੇਵਨਸ਼ਾ ਕਾਲਜ ਤੋਂ ਗਿਆਰ੍ਹਵੀਂ ਪਾਸ ਕਰਦਿਆਂ 1 ਜਨਵਰੀ 1912 ਨੂੰ ਅਮਰੀਕਾ ਪਹੁੰਚ ਕੇ ਉੱਥੋਂ ਦੀ ਬਰਕਲੇ ਯੂਨੀਵਰਸਿਟੀ 'ਚ ਕੈਮਿਸਟਰੀ ਦੇ ਵਿਦਿਆਰਥੀ ਵਜੋਂ ਦਾਖ਼ਲਾ ਲਿਆ। ਬਰਕਲੇ ਯੂਨੀਵਰਸਿਟੀ ਦੇ ਹੋਸਟਲ 'ਚ ਰਹਿਣ ਵਾਲੇ ਤੀਹ ਪੰਜਾਬੀ ਤੇ ਬੰਗਾਲੀ ਵਿਦਿਆਰਥੀ ਲਾਲਾ ਹਰਦਿਆਲ ਦੇ ਸੰਪਰਕ ਵਿਚ ਆਏ। ਲਾਲਾ ਹਰਦਿਆਲ ਦੇ ਦੇਸ਼ ਭਗਤੀ ਵਾਲੇ ਵਿਚਾਰਾਂ ਨੇ ਵਿਦਿਆਰਥੀਆਂ ਅੰਦਰ ਕੌਮੀ ਪਹਿਚਾਣ ਤੇ ਸਵੈਮਾਨ ਦਾ ਜਜ਼ਬਾ ਪੈਦਾ ਕੀਤਾ। ਉਸ ਸਮੇਂ ਸੰਸਾਰ ਪੱਧਰੀਆਂ ਸਮਾਜਿਕ ਹਾਲਤਾਂ ਨੇ ਵੀ ਹਿੰਦੋਸਤਾਨੀ ਵਿਦੇਸ਼ੀ ਨੌਜਵਾਨਾਂ ਦੀ ਸੰਵੇਦਨਾ ਨੂੰ ਪ੍ਰਭਾਵਿਤ ਕੀਤਾ। ਉਹਨਾਂ ਨੌਜਵਾਨਾਂ ਅੰਦਰ 1857 ਦੀ ਮਹਾਨ ਬਗ਼ਾਵਤ ਦੀ ਚਿਣਗ ਵੀ ਸੀ ਤੇ ਹਿੰਦੋਸਤਾਨ ਦੀ ਧਰਤੀ 'ਤੇ ਵਾਪਰਦਾ ਬਰਤਾਨਵੀ ਲੁੱਟ-ਜਬਰ ਦਾ ਦਰਦ ਵੀ ਸੀ, ਜੋ ਉਹਨਾਂ ਨੂੰ ਕੁਝ ਕਰ-ਗੁਜ਼ਰਨ ਲਈ ਪ੍ਰੇਰਦਾ। ਇਨ੍ਹਾਂ ਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ 'ਭਾਰਤੀ ਕੁੱਤੇ', 'ਨਖਿੱਧ ਹਿੰਦੂ', 'ਕਾਲੇ ਆਦਮੀ', 'ਗੁਲਾਮ ਭੇਡਾਂ' ਆਦਿ ਵਿਸ਼ੇਸ਼ਣਾਂ ਨਾਲ ਪੁਕਾਰਿਆ ਜਾਂਦਾ। ਵਿਦੇਸ਼ਾਂ 'ਚ ਕਮਾਈਆਂ ਕਰਨ ਗਏ ਭੁੱਜਾਂ ਮਾਰੇ ਭਾਰਤੀ ਤੇ ਸਿੱਖਿਆ ਹਾਸਲ ਕਰਨ ਗਏ ਮੱਧਵਰਗੀ ਵਿਦਿਆਰਥੀ ਦੋਵੇਂ ਯੂਰਪੀ ਦੇਸ਼ਾਂ ਅੰਦਰਲੇ ਰਾਸ਼ਟਰੀ ਚੇਤਨਾ ਅੰਦੋਲਨਾਂ ਤੋਂ ਪ੍ਰਭਾਵਿਤ ਹੋ ਕੇ ਭੁੱਖ-ਨੰਗ ਤੇ ਜ਼ਹਾਲਤ ਨਾਲ ਘੁਲ ਰਹੇ, ਗੁਲਾਮੀ ਦੀਆਂ ਜੰਜ਼ੀਰਾਂ 'ਚ ਜਕੜੇ ਵਤਨ ਨੂੰ ਆਜ਼ਾਦ ਕਰਵਾਉਣ ਦੇ ਸੁਪਨੇ ਤੱਕਣ ਲੱਗੇ।

ਲਾਲਾ ਹਰਦਿਆਲ, ਭਾਈ ਪਰਮਾਨੰਦ, ਸ਼ਿਆਮ ਜੀ, ਕ੍ਰਿਸ਼ਨ ਵਰਮਾ ਵਰਗੇ ਸੰਗਰਾਮੀਆਂ ਦੇ ਸੰਪਰਕ 'ਚ ਆਉਣ 'ਤੇ ਕਰਤਾਰ ਸਿੰਘ ਸਰਾਭਾ ਰਾਜਨੀਤਕ ਗਤੀਵਿਧੀਆਂ 'ਚ ਹਿੱਸਾ ਲੈਣ ਲੱਗਦਾ ਹੈ। ਇੰਗਲੈਂਡ, ਅਮਰੀਕਾ, ਫਰਾਂਸ, ਜਪਾਨ, ਜਰਮਨੀ ਸਮੇਤ ਅਨੇਕਾਂ ਦੇਸ਼ਾਂ ਅੰਦਰ ਬੈਠੇ ਭਾਰਤੀ ਆਜ਼ਾਦੀ ਸੰਗਰਾਮ ਲਈ ਆਪਸੀ ਤਾਲਮੇਲ ਸਥਾਪਿਤ ਕਰਨ, ਲੋਕਾਂ ਤੇ ਉਦੇਸ਼ ਪ੍ਰਾਪਤੀ ਲਈ ਮੁੱਢਲੇ ਰੂਪ ਵਿਚ ਅਨੇਕਾਂ ਭਾਂਤ ਦੇ ਪਰਚੇ ਵੱਖ-ਵੱਖ ਪੱਧਰ 'ਤੇ ਕੱਢੇ ਜਾਣ ਲੱਗੇ। ਇਨ੍ਹਾਂ ਸੰਗਰਾਮੀਆਂ ਵੱਲੋਂ 21 ਅਪ੍ਰੈਲ 1913 ਨੂੰ 'ਹਿੰਦੀ ਐਸੋਸੀਏਸ਼ਨ ਆਫ਼ ਪੈਸਿਫਿਕ ਕੋਸਟ' ਨਾਂ ਦੀ ਜਥੇਬੰਦੀ ਦੀ ਨੀਂਹ ਰੱਖੀ ਗਈ, ਜਿਸ ਵਿਚ ਨੌਜਵਾਨ ਸਰਾਭਾ ਵੀ ਸ਼ਾਮਿਲ ਹੋਇਆ। ਸਰਾਭਾ ਸ਼ੁਰੂ ਤੋਂ ਹੀ ਲੀਡਰਸ਼ਿਪ ਵਾਲੇ ਗੁਣਾਂ ਵਾਲਾ ਹੋਣਹਾਰ ਨੌਜਵਾਨ ਸੀ। ਸਰਾਭਾ ਕ੍ਰਾਂਤੀਕਾਰੀ ਸ਼ਹੀਦ ਭਗਤ ਸਿੰਘ ਦਾ ਪ੍ਰੇਰਨਾ-ਸ੍ਰੋਤ ਵੀ ਰਿਹਾ ਤੇ ਉਸਤੋਂ ਅਗਲੀਆਂ ਪੀੜ੍ਹੀਆਂ ਦਾ ਵੀ।

'ਹਿੰਦੀ ਐਸੋਸੀਏਸ਼ਨ' ਦੇ ਪਹਿਲੇ ਪ੍ਰਧਾਨ ਸੋਹਣ ਸਿੰਘ ਭਕਨਾ, ਉਪ ਪ੍ਰਧਾਨ ਕੇਸਰ ਸਿੰਘ, ਜਨਰਲ ਸਕੱਤਰ ਲਾਲਾ ਹਰਦਿਆਲ, ਜੁਆਇੰਟ ਸਕੱਤਰ ਠਾਕੁਰ ਦਾਸ ਧੁਰਾ ਤੇ ਵਿੱਤ ਸਕੱਤਰ ਪੰਡਤ ਕਾਸ਼ੀ ਰਾਮ ਮੰਡੋਲੀ ਬਣੇ। 1857 ਦੇ ਗ਼ਦਰ ਤੋਂ ਪ੍ਰੇਰਿਤ ਹੋ 'ਗ਼ਦਰ' ਨਾਂ ਦਾ ਅਖ਼ਬਾਰ ਕੱਢਣ ਦੀ ਤਜਵੀਜ਼ ਪਾਸ ਹੋਈ। ਬੰਗਾਲ ਦੀ ਇਨਕਲਾਬੀ ਲਹਿਰ ਤੇ ਅਖ਼ਬਾਰ 'ਯੁਗਾਂਤਰ' ਦੇ ਨਾਮ 'ਤੇ ਸਾਨਫਰਾਂਸਿਸਕੋ 'ਚ 'ਯੁਗਾਂਤਰ ਆਸ਼ਰਮ' ਬਣਾਇਆ ਗਿਆ। ਇਸੇ ਹੈੱਡਕੁਆਟਰ ਤੋਂ 1 ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਦਾ ਪਹਿਲਾ ਅੰਕ ਪ੍ਰਕਾਸ਼ਿਤ ਕੀਤਾ ਗਿਆ। ਜਲਦ ਹੀ ਪੰਜਾਬੀ ਐਡੀਸ਼ਨ ਕੱਢਿਆ ਜਾਣ ਲੱਗਿਆ, ਜਿਸਦਾ ਸੰਪਾਦਕ ਸਰਾਭਾ ਨੂੰ ਬਣਾਇਆ ਗਿਆ। 'ਗ਼ਦਰ' ਅਖ਼ਬਾਰ ਵਿਚ ਸਰਾਭਾ ਦੀ ਸਰਗਰਮ ਭੂਮਿਕਾ ਰਹੀ। ਉਹ ਇਤਿਹਾਸ ਤੇ ਰਾਜਨੀਤਕ ਸੋਝੀ ਵਾਲਾ ਪ੍ਰਤਿਭਾਸ਼ਾਲੀ ਨੌਜਵਾਨ ਸੀ। ਪੜ੍ਹਨ ਗਏ ਉਸ ਗੱਭਰੂ ਨੇ ਦੋ ਸੌ ਡਾਲਰ 'ਗ਼ਦਰ' ਲਈ ਲਾਲਾ ਹਰਦਿਆਲ ਨੂੰ ਸੌਂਪ ਦਿੱਤੇ। ਉਹ ਕੁਲਵਕਤੀ ਵਜੋਂ ਅਖ਼ਬਾਰ ਲਈ ਅਣਥੱਕ ਮਿਹਨਤ ਕਰਦਾ ਤੇ ਭੋਜਨ, ਕੱਪੜਾ ਆਦਿ ਨਿੱਜੀ ਲੋੜਾਂ ਲਈ ਮਹੀਨਾਵਾਰ ਪਾਰਟੀ ਤੋਂ ਸਿਰਫ਼ ਦੋ ਡਾਲਰ ਹਾਸਿਲ ਕਰਦਾ। ਸਤਾਰਾਂ ਸਾਲਾ ਅੱਲੜ੍ਹ ਨੌਜਵਾਨ ਸਰਾਭਾ ਪਾਰਟੀ ਦੇ ਜਥੇਬੰਦਕ ਕੰਮਾਂ ਤੋਂ ਇਲਾਵਾ ਅਖ਼ਬਾਰ ਨੂੰ ਉਰਦੂ ਤੇ ਪੰਜਾਬੀ ਵਿਚ ਅਨੁਵਾਦ ਕਰਨ, ਪਹਿਲਾਂ ਸਾਈਕਲੋਸਟਾਇਲ ਤੇ ਫਿਰ ਮਸ਼ੀਨ 'ਤੇ ਟਾਈਪ ਕਰਨ ਤੇ ਅਖ਼ਬਾਰ ਨੂੰ ਡਾਕ ਰਾਹੀਂ ਭੇਜਣ ਦਾ ਕੰਮ ਪੂਰੇ ਉਤਸ਼ਾਹ ਨਾਲ ਕਰਦਾ। ਸਰਾਭਾ ਨੇ ਨਿਊਯਾਰਕ ਵਿਚ ਹਵਾਈ ਜਹਾਜ਼ ਕੰਪਨੀ ਵਿਚ ਭਰਤੀ ਹੋ ਕੇ ਜਹਾਜ਼ ਚਲਾਉਣ ਦੀ ਟ੍ਰੇਨਿੰਗ ਹਾਸਿਲ ਕੀਤੀ। ਸਰਾਭਾ ਤੇ ਉਸਦੇ ਸਾਥੀਆਂ ਦੀ ਅਣਥੱਕ ਘਾਲਣਾ ਕਾਰਨ ਬਹੁਤ ਥੋੜੇ ਅਰਸੇ ਵਿਚ ਅਖ਼ਬਾਰ ਨੇ ਨਵੀਂ ਤੇ ਤਿੱਖੀ ਹਲਚਲ ਪੈਦਾ ਕਰ ਦਿੱਤੀ।

ਏਨ੍ਹੀਂ ਦਿਨੀਂ ਕਾਮਾਗਾਟਾਮਾਰੂ ਜਹਾਜ਼ ਦੀ ਦਰਦਨਾਕ ਘਟਨਾ ਵਾਪਰੀ। ਮਲਾਇਆ ਦੇ ਅਮੀਰ ਠੇਕੇਦਾਰ ਗੁਰਦਿੱਤ ਸਿੰਘ ਨੇ ਗੁਰੂ ਨਾਨਕ ਨੇਵੀਗੇਸ਼ਨ ਕੰਪਨੀ ਬਣਾ ਕੇ ਕਾਮਾਗਾਟਾਮਾਰੂ ਨਾਂ ਦਾ ਜਹਾਜ਼ ਕਿਰਾਏ 'ਤੇ ਲਿਆ ਤੇ ਭਾਰਤੀਆਂ ਦੀ ਮਦਦ ਲਈ 376 ਯਾਤਰੀਆਂ ਨੂੰ ਲੈ ਕੇ ਹਾਂਗਕਾਂਗ ਤੋਂ ਕੈਨੇਡਾ ਵੱਲ ਨੂੰ ਚੱਲ ਪਏ ਪਰੰਤੂ ਕੈਨੇਡਾ ਸਰਕਾਰ ਨੇ ਉਹਨਾਂ ਨੂੰ ਕੈਨੇਡਾ ਦੀ ਧਰਤੀ ਉੱਪਰ ਨਾ ਉਤਰਨ ਦਿੱਤਾ ਤੇ ਭਾਰਤ ਵਾਪਿਸ ਪਰਤਣ ਲਈ ਮਜ਼ਬੂਰ ਕਰ ਦਿੱਤਾ। ਉਧਰ ਇਹਨਾਂ ਯਾਤਰੀਆਂ ਨੂੰ ਭਾਰਤ ਪੁੱਜਣ 'ਤੇ ਕਲਕੱਤਾ ਦੇ ਬਜਬਜਘਾਟ 'ਤੇ ਬਰਤਾਨਵੀਂ ਹਕੂਮਤ ਦੇ ਕਹਿਰ ਦਾ ਸ਼ਿਕਾਰ ਹੋਣਾ ਪਿਆ। ਵੀਹ ਮੁਸਾਫ਼ਰ ਅੰਗਰੇਜ਼ ਹਕੂਮਤ ਦੀਆਂ ਗੋਲੀਆਂ ਦਾ ਸ਼ਿਕਾਰ ਬਣੇ। 203 ਨੂੰ ਜੇਲ੍ਹ ਅੰਦਰ ਬੰਦ ਕਰ ਦਿੱਤਾ ਗਿਆ। ਇਸ ਜਹਾਜ਼ ਦੇ ਯਾਤਰੀਆਂ ਨਾਲ ਗ਼ਦਰ ਪਾਰਟੀ ਦਾ ਲਗਾਤਾਰ ਸੰਪਰਕ ਰਿਹਾ। ਸਰਾਭਾ ਉਹਨਾਂ ਸਭਨਾਂ ਤੱਕ 'ਗ਼ਦਰ' ਅਖ਼ਬਾਰ ਤੇ ਹਥਿਆਰ ਪਹੁੰਚਾਉਣ ਦਾ ਕੰਮ ਕਰਦਾ। ਇਸ ਘਟਨਾ ਤੋਂ ਬਾਅਦ ਕੈਨੇਡਾ ਤੇ ਅਮਰੀਕਾ ਵਿਚਲੇ ਗ਼ਦਰੀਆਂ ਨੇ ਪਹਿਲੇ ਵਿਸ਼ਵ ਯੁੱਧ ਦੇ ਹਾਲਤਾਂ ਨੂੰ ਅੰਗਦਿਆਂ ਦੇਸ਼ 'ਚ ਹਥਿਆਰਬੰਦ ਗ਼ਦਰ ਕਰਨ ਦਾ ਐਲਾਨ ਕੀਤਾ। ਇਸ ਐਲਾਨ ਨੂੰ ਗ਼ਦਰ ਅਖ਼ਬਾਰ ਵਿਚ ਛਾਪਿਆ ਗਿਆ। ਫਰੈਜ਼ਨੋ ਤੇ ਸੈਕਰਾਮੈਂਟੋ ਵਿਚ ਪੰਜ ਹਜ਼ਾਰ ਭਾਰਤੀਆਂ ਦਾ ਸੰਮੇਲਨ ਕੀਤਾ ਗਿਆ। ਨਵੰਬਰ 1914 ਦੇ ਪਹਿਲੇ ਹਫ਼ਤੇ ਵਤਨ ਵਾਪਸ ਪਰਤ ਪਿੰਡਾਂ ਤੇ ਫੌਜੀ ਛਾਉਣੀਆਂ 'ਚ ਪ੍ਰਚਾਰ-ਪ੍ਰਸਾਰ ਤੇ ਗ਼ਦਰ ਕਰਨ ਦਾ ਖੁੱਲ੍ਹੇਆਮ ਐਲਾਨ ਕਰ ਦਿੱਤਾ ਗਿਆ। ਆਜ਼ਾਦੀ ਦੀ ਚਾਹਤ 'ਚ ਮਤਵਾਲਾ ਹੋਇਆ ਨੌਜਵਾਨ ਸਰਾਭਾ ਅਗਲੇ ਸੰਮੇਲਨਾਂ ਦੀ ਉਡੀਕ ਕੀਤੇ ਬਿਨਾਂ ਮਹੀਨਾ ਪਹਿਲਾਂ ਪਾਰਟੀ ਪ੍ਰਧਾਨ ਨੂੰ ਪੱਤਰ ਲਿਖ ਰੇਘੁਵਰ ਦਿਆਲ ਗੁਪਤਾ ਨੂੰ ਨਾਲ ਲੈ ਕੇ 15-16 ਸਤੰਬਰ 1914 ਨੂੰ ਕੋਲੰਬੋ, ਮਦਰਾਸ ਹੁੰਦਾ ਹੋਇਆ ਪੰਜਾਬ ਪਹੁੰਚ ਗਿਆ।

ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ 'ਤੇ ਗ਼ਦਰ ਪਾਰਟੀ ਦੇ ਐਲਾਨ ਤੋਂ ਬਾਅਦ ਲਗਭਗ ਅੱਠ ਹਜ਼ਾਰ ਭਾਰਤੀ ਵਾਪਿਸ ਵਤਨ ਪਰਤੇ। ਪੁਲਿਸ ਵਤਨ ਮੁੜ ਆਇਆਂ ਨੂੰ ਜਾਂ ਤਾਂ ਪਿੰਡਾਂ ਵਿਚ ਹੀ ਨਜ਼ਰਬੰਦ ਕਰ ਦਿੰਦੀ ਜਾਂ ਫਿਰ ਗ੍ਰਿਫ਼ਤਾਰ ਕਰ ਜੇਲ੍ਹੀਂ ਡੱਕ ਦਿੰਦੀ। ਪੁਲਿਸ ਦੇ ਹੱਥ ਨਾ ਆਉਣ ਵਾਲੇ ਗ਼ਦਰੀਆਂ ਵਿਚ ਕਰਤਾਰ ਸਿੰਘ ਸਰਾਭਾ, ਹਰਨਾਮ ਟੁੰਡੀਲਾਟ, ਨਿਧਾਨ ਸਿੰਘ ਚੁੱਘਾ, ਭਾਈ ਭਗਤ ਸਿੰਘ, ਪ੍ਰਿਥਵੀ ਸਿੰਘ, ਪੰਡਤ ਜਗਤ ਰਾਮ, ਭਾਈ ਪਰਮਾਨੰਦ, ਭਾਈ ਜਗਤ ਸਿੰਘ, ਹਾਫ਼ਜ਼ ਅਬਦੁੱਲਾ ਤੇ ਗ਼ਦਰੀ ਗੁਲਾਬ ਕੌਰ ਆਦਿ ਸਨ। ਅਨੇਕਾਂ ਗ਼ਦਰੀ ਗ੍ਰਿਫ਼ਤਾਰ ਹੋ ਚੁੱਕੇ ਸਨ। ਬਹੁਤੇ ਗ਼ਦਰੀ ਭਾਰਤੀ ਲੋਕਾਂ ਦੀ ਬੇਹਰਕਤੀ ਵਾਲੀ ਹਾਲਤ ਵੇਖ ਕੇ ਨਿਰਾਸ਼ ਹੋ ਗਏ। ਜਾਬਰ ਅੰਗਰੇਜ਼ ਹਕੂਮਤ ਖਿਲਾਫ਼ ਲੜਨ ਲਈ ਭਾਰਤੀ ਲੋਕਾਂ ਵਿਚ ਵਿਦੇਸ਼ ਗਏ ਭਾਰਤੀ ਗ਼ਦਰੀਆਂ ਵਰਗਾ ਉਤਸ਼ਾਹ ਨਹੀਂ ਸੀ। ਉਹ ਗੁਲਾਮੀ ਨੂੰ ਆਪਣੀ ਹੋਣੀ ਮੰਨੀ ਬੈਠੇ ਸਨ ਪਰੰਤੂ ਸਰਾਭੇ ਨੇ ਹਿੰਮਤ ਨਹੀਂ ਹਾਰੀ। 18 ਸਾਲ ਦੀ ਉਮਰ ਵਾਲੇ ਇਸ ਜੋਸ਼ੀਲੇ ਨੌਜਵਾਨ ਨੇ ਗ਼ਦਰੀਆਂ ਦੀ ਅਗਵਾਈ ਕਰਦਿਆਂ ਗੋਰਾਸ਼ਾਹੀ ਦਾ ਫਸਤਾ ਵੱਢਣ ਲਈ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਅਥਾਹ ਸਮਰੱਥਾ ਨਾਲ ਮਿਹਨਤ ਕੀਤੀ। ਉਸਨੇ ਲੁਧਿਆਣੇ ਅੰਦਰ ਵਿਦਿਆਰਥੀਆਂ ਨਾਲ ਸੰਪਰਕ ਕਾਇਮ ਕਰਕੇ ਉਨਾਂ ਨੂੰ ਪਾਰਟੀ ਦੇ ਮਿਸ਼ਨ ਦੁਆਲੇ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਉਹ 'ਗ਼ਦਰ', 'ਗ਼ਦਰ ਦੀ ਗੂੰਜ', 'ਐਲਾਨੇ-ਜੰਗ' ਤੇ ਹੋਰ ਸਾਹਿਤ ਨੂੰ ਛਾਪ ਕੇ ਵਿਦਿਆਰਥੀਆਂ ਵਿਚ ਵੰਡਦਾ। ਕਿਧਰੇ ਬੰਗਾਲ ਦੇ ਇਨਕਲਾਬੀਆਂ ਨਾਲ ਤਾਲਮੇਲ ਕਰਦਾ। ਖ਼ੁਦ ਬੰਗਾਲ ਜਾ ਕੇ ਸੁਰੇਂਦਰ ਨਾਥ ਬੈਨਰਜੀ, ਰਾਸ-ਬਿਹਾਰੀ ਬੋਸ ਤੇ ਸਚਿੰਦਰਨਾਥ ਸਨਿਆਲ ਨਾਲ ਰਾਬਤਾ ਕਾਇਮ ਕੀਤਾ। ਪੰਜਾਬ ਅੰਦਰ ਖੰਨਾ, ਅੰਮ੍ਰਿਤਸਰ, ਜਲੰਧਰ ਤੇ ਮੋਗਾ ਇਲਾਕੇ ਵਿਚ ਮੀਟਿੰਗਾਂ ਕੀਤੀਆਂ ਜਾਣ ਲੱਗੀਆਂ। ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਫੌਜ ਨਾਲ ਮਿਲ ਕੇ ਬਗ਼ਾਵਤ ਕਰਨ ਲਈ ਪ੍ਰੇਰਿਆ ਜਾਂਦਾ।

ਸਰਾਭਾ ਭਾਰਤ ਵਿਚ ਗ਼ਦਰ ਪਾਰਟੀ ਦਾ ਸਾਹਿਤ ਛਾਪਣ ਲਈ ਛਾਪਾਖਾਨਾ ਤੇ ਯੁਗਾਂਤਰ ਆਸ਼ਰਮ ਦੀ ਤਰਜ਼ ਦਾ ਕੋਈ ਟਿਕਾਣਾ ਸਥਾਪਿਤ ਕਰਨਾ ਚਾਹੁੰਦਾ ਸੀ, ਜਿਸਦੀ ਤਜਵੀਜ਼ ਤੇ ਤਿਆਰੀ ਵਿਚ ਉਹ ਲਗਾਤਾਰ ਜੁਟਿਆ ਰਹਿੰਦਾ। ਉਹ ਨੌਜਵਾਨ ਪਾਰਟੀ ਦਾ ਤੂਫ਼ਾਨੀ ਵਰਕਰ ਤੇ ਜੋਸ਼ੀਲਾ ਆਗੂ ਸੀ। ਉਸਦੀ ਨਿਡਰਤਾ ਦੇ ਕਈ ਕਿੱਸੇ ਮਸ਼ਹੂਰ ਹਨ। ਉਹ ਪੁਲਿਸ ਨੂੰ ਟਿੱਚ ਜਾਣਦਾ ਸੀ। ਮੀਆਂਮਾਰ ਛਾਉਣੀ 'ਤੇ ਹਮਲੇ ਦੀ ਘਟਨਾ ਤੋਂ ਪਹਿਲਾਂ (ਜੋ ਸਫ਼ਲ ਨਹੀਂ ਹੋਇਆ) ਉਸਨੇ ਇਕ ਹੌਲਦਾਰ ਨੂੰ ਨਿਧੜਕ ਹੋ ਕੇ ਕਿਹਾ ਕਿ 'ਤੂੰ ਆਪਣੀ ਗੁਲਾਮੀ ਦੀ ਨੌਕਰੀ ਛੱਡ ਕਿਉਂ ਨਹੀਂ ਦਿੰਦਾ ?' ਜਿਸਤੋਂ ਪ੍ਰਭਾਵਿਤ ਹੋ ਕੇ ਉਸ ਹੌਲਦਾਰ ਨੇ ਗ਼ਦਰੀਆਂ ਦਾ ਸਾਥ ਦੇਣ ਦਾ ਇਕਰਾਰ ਵੀ ਕੀਤਾ। ਪਾਰਟੀ ਉੱਪਰ ਸੰਕਟ ਦੇ ਸਮੇਂ ਸਰਾਭਾ ਹੀ ਸਭ ਤੋਂ ਵੱਧ ਉਤਸ਼ਾਹ ਨਾਲ ਅੱਗੇ ਆਉਂਦਾ। ਮੋਗਾ ਵਿਖੇ ਖ਼ਜ਼ਾਨਾ ਲੁੱਟਣ ਦੀ ਘਟਨਾ (ਫੇਰੂ ਸ਼ਹਿਰ ਕਾਂਡ) ਸਮੇਂ ਇਕ ਥਾਣੇਦਾਰ ਨੂੰ ਮਾਰਨ ਉਪਰੰਤ ਪੁਲਿਸ ਹਮਲੇ ਵਿਚ ਮਾਰੇ ਗਏ ਦੋ ਗ਼ਦਰੀਆਂ ਤੇ ਗ੍ਰਿਫ਼ਤਾਰ ਹੋਏ ਸੱਤ ਆਗੂਆਂ (ਜਿਸ ਵਿਚ ਪਹਿਲੇ ਵਿੱਤ ਸਕੱਤਰ ਕਾਸ਼ੀ ਰਾਮ ਮੰਡੋਲੀ ਤੇ ਰਹਿਮਤ ਅਲੀ ਵਰਗੇ ਚੋਟੀ ਦੇ ਆਗੂ ਸ਼ਾਮਿਲ ਸਨ) ਨੂੰ ਫਾਂਸੀ ਦੀ ਸਜ਼ਾ ਹੋਣ ਬਾਅਦ ਵੀ ਸਰਾਭੇ ਨੇ ਹੌਸਲਾ ਕਰਦਿਆਂ ਬੰਗਾਲ ਦੇ ਇਨਕਲਾਬੀਆਂ ਨਾਲ ਤਾਲਮੇਲ ਕਰਨ 'ਚ ਸਰਗਰਮ ਭੂਮਿਕਾ ਨਿਭਾਈ।

ਬਾਬਾ ਸੋਹਣ ਸਿੰਘ ਭਕਨਾ ਦੇ ਵਿਚਾਰ ਕਿ ਪਾਰਟੀ ਨੂੰ ਕੌਮੀ ਪੱਧਰ 'ਤੇ ਪਹੁੰਚਾ ਕੇ ਇਨਕਲਾਬ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ, ਅਨੁਸਾਰ ਵਿਸ਼ਣੂ ਗਣੇਸ਼ ਪਿੰਗਲੇ ਤੇ ਸਰਾਭਾ ਨੇ ਕਲਕੱਤਾ, ਬਨਾਰਸ ਤੇ ਹੋਰਨਾਂ ਥਾਵਾਂ 'ਤੇ ਸਰਗਰਮ ਇਨਕਲਾਬੀਆਂ ਨਾਲ ਸੰਪਰਕ ਕੀਤਾ ਤੇ ਆਪਣਾ ਗ਼ਦਰ ਕਰਨ ਦਾ ਏਜੰਡਾ ਸਾਂਝਾ ਕੀਤਾ। ਇਨਾਂ ਇਨਕਲਾਬੀਆਂ ਨੇ ਸਰਾਭਾ ਨੂੰ ਹਰ ਸੰਭਵ ਸਾਥ ਦੇਣ ਦਾ ਵਾਅਦਾ ਕੀਤਾ, ਜੋ ਪੂਰ ਵੀ ਚੜ੍ਹਾਇਆ। ਸਨਿਆਲ ਨੇ ਪੰਜਾਬ ਦੇ ਗ਼ਦਰੀਆਂ ਨੂੰ ਕੁਝ ਜ਼ਰੂਰੀ ਸੁਝਾਅ ਵੀ ਦਿੱਤੇ। ਉਹਨਾਂ ਦੇ ਸੁਝਾਅ ਮੁਤਾਬਿਕ ਲਾਹੌਰ 'ਚ ਪਾਰਟੀ ਹੈੱਡਕੁਆਟਰ ਸਥਾਪਿਤ ਕੀਤੇ ਗਏ, ਜਿਹਨਾਂ ਵਿਚੋਂ ਇਕ ਘਰ ਗ਼ਦਰੀ ਗੁਲਾਬ ਕੌਰ ਤੇ ਨਾਮ ਤੇ ਲਿਆ ਗਿਆ। ਕੰਮ ਵਿਚ ਇਕ ਵਾਰ ਫਿਰ ਤੇਜੀ ਆਈ। ਲੁਧਿਆਣਾ ਦੇ ਵਿਦਿਆਰਥੀਆਂ ਨਾਲ ਸਰਗਰਮ ਰਾਬਤਾ ਹੋਣ 'ਤੇ ਵੱਡੀ ਗਿਣਤੀ 'ਚ 'ਗ਼ਦਰ' ਦੀਆਂ ਸਾਈਕਲੋਸਟਾਇਲ ਕਾਪੀਆਂ ਵੰਡੀਆਂ ਜਾਂਦੀਆਂ। ਲੁਧਿਆਣਾ ਦੇ ਪਿੰਡ ਝੱਬੇਵਾਲ ਵਿਚ ਬੰਬ ਬਣਾਉਣ ਦਾ ਕਾਰਖਾਨਾ ਸਥਾਪਿਤ ਕੀਤਾ ਗਿਆ, ਜਿਸ ਵਿਚ ਵਿਦਿਆਰਥੀ ਹੱਥ ਵਟਾਉਂਦੇ। ਹਥਿਆਰ ਖਰੀਦਣ ਲਈ ਡਕੈਤੀਆਂ ਪਾਈਆਂ ਗਈਆਂ। (ਕੁੱਲ ਪੰਜ ਡਾਕੇ ਮਾਰੇ ਗਏ, ਜਿਹਨਾਂ ਵਿਚੋਂ ਦੋ ਵਿਚ ਸਰਾਭਾ ਨੇ ਹਿੱਸਾ ਲਿਆ) ਚੰਦਾ ਵੀ ਇਕੱਠਾ ਕੀਤਾ ਜਾਂਦਾ (ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਨੇ ਉਸ ਸਮੇਂ ਇਕ ਹਜ਼ਾਰ ਰੁਪਏ ਚੰਦਾ ਦਿੱਤਾ)।

ਪਿੰਡਾਂ ਤੇ ਫੌਜੀ ਛਾਉਣੀਆਂ ਵਿਚ ਬਗ਼ਾਵਤ ਦੀ ਤਿਆਰੀ ਲਈ ਸਰਾਭਾ ਹਰ ਰੋਜ਼ ਪੰਜਾਹ-ਪੰਜਾਹ ਮੀਲ ਸਾਈਕਲ ਚਲਾਉਂਦਾ। ਇਸਤੋਂ ਇਲਾਵਾ ਸਰਾਭਾ ਨੇ ਪਿੰਗਲੇ ਨਾਲ ਮਿਲ ਕੇ ਮੇਰਠ, ਆਗਰਾ, ਕਾਨ੍ਹਪੁਰ, ਅਲਾਹਾਬਾਦ ਅਤੇ ਬਨਾਰਸ ਦੀਆਂ ਛਾਉਣੀਆਂ ਦਾ ਦੌਰਾ ਕਰਕੇ ਫੌਜੀਆਂ ਨੂੰ ਬਗ਼ਾਵਤ ਲਈ ਤਿਆਰ ਕੀਤਾ।

11 ਫਰਵਰੀ 1915 ਨੂੰ ਸਭ ਥਾਵਾਂ ਤੋਂ ਬਗ਼ਾਵਤਾਂ ਦੀ ਰਿਪੋਰਟ ਇਕੱਠੀ ਕਰਕੇ 21 ਫਰਵਰੀ 1915 ਦਾ ਦਿਨ 'ਗ਼ਦਰ' ਲਈ ਮੁਕਰਰ ਕੀਤਾ ਗਿਆ। 15 ਫਰਵਰੀ ਨੂੰ ਸਾਰੇ ਗ਼ਦਰੀ ਇਨਕਲਾਬੀਆਂ ਦੀਆਂ ਵੱਖ-ਵੱਖ ਬਗ਼ਾਵਤ ਕੇਂਦਰਾਂ 'ਤੇ ਡਿਊਟੀਆਂ ਲਗਾਈਆਂ ਗਈਆਂ। ਫਿਰੋਜ਼ਪੁਰ ਰੈਜੀਮੈਂਟ ਵਿਚ ਬਗ਼ਾਵਤ ਦੀ ਜ਼ਿੰਮੇਵਾਰੀ ਸਰਾਭਾ ਦੀ ਸੀ। ਸਭ ਤਿਆਰੀਆਂ ਮੁਕੰਮਲ ਸਨ ਪਰੰਤੂ ਪਾਰਟੀ ਵਿਚ ਖੁਫ਼ੀਆ ਢੰਗ ਨਾਲ ਸ਼ਾਮਿਲ ਹੋਏ ਸਰਕਾਰੀ ਸੂਹੀਏ ਕ੍ਰਿਪਾਲ ਸਿੰਘ ਨੇ 21 ਫਰਵਰੀ ਨੂੰ ਗ਼ਦਰ ਕਰਨ ਦਾ ਸਾਰਾ ਭੇਦ 14 ਫਰਵਰੀ ਨੂੰ ਹੀ ਡੀ.ਐਸ.ਪੀ. ਲਿਆਕਤ ਹੁਸੈਨ ਨੂੰ ਦੇ ਦਿੱਤਾ। ਉੱਧਰ ਪਾਰਟੀ ਮੈਂਬਰ ਨਿਧਾਨ ਸਿੰਘ (ਜਿਸਦੀ ਸਿਫ਼ਾਰਸ਼ 'ਤੇ ਕ੍ਰਿਪਾਲ ਸਿੰਘ ਨੂੰ ਪਾਰਟੀ ਵਿਚ ਸ਼ਾਮਿਲ ਕੀਤਾ ਗਿਆ ਸੀ) ਨੂੰ ਕ੍ਰਿਪਾਲ ਸਿੰਘ ਦੇ ਪੁਲਿਸ ਸੂਹੀਆ ਹੋਣ ਦਾ ਸ਼ੱਕ ਹੋਣ 'ਤੇ ਗ਼ਦਰ ਦੀ ਤਰੀਖ਼ ਦੋ ਦਿਨ ਪਹਿਲਾਂ ਭਾਵ 19 ਫਰਵਰੀ ਕਰ ਦਿੱਤੀ ਗਈ ਪਰੰਤੂ ਇਸ ਤਰੀਖ਼ ਦੀ ਭਿਣਕ ਵੀ ਕ੍ਰਿਪਾਲ ਸਿੰਘ ਨੂੰ ਲੱਗ ਗਈ। ਅੰਗਰੇਜ਼ ਸਰਕਾਰ ਨੇ ਚੌਕਸੀ ਵਧਾ ਦਿੱਤੀ ਤੇ ਸਾਰੀਆਂ ਛਾਉਣੀਆਂ ਨੂੰ ਵੀ ਚੌਕਸ ਕਰ ਦਿੱਤਾ। ਫਰੰਗੀਆਂ ਵੱਲੋਂ ਗ਼ਦਰੀਆਂ ਦੀਆਂ ਗ੍ਰਿਫ਼ਤਾਰੀਆਂ, ਤਸੀਹੇ, ਜੇਲ੍ਹਾਂ ਤੇ ਸਜ਼ਾਵਾਂ ਦਾ ਕਾਂਡ ਰਚਾਇਆ ਗਿਆ। ਕਰਤਾਰ ਸਿੰਘ ਸਰਾਭਾ, ਅਰਜਨ ਸਿੰਘ ਅਤੇ ਹਰਨਾਮ ਸਿੰਘ ਅੰਡਰ-ਗਰਾਉਂਡ ਹੋ ਲਾਹੌਰ, ਲਾਹੌਰ ਤੋਂ ਅੱਗੇ ਬਨਾਰਸ ਚਲੇ ਗਏ। ਇਥੇ 2 ਮਾਰਚ 1915 ਨੂੰ ਉਹ ਜਗਤ ਸਿੰਘ ਦੇ ਵਾਕਫ਼ ਰਾਜਿੰਦਰ ਸਿੰਘ ਪੈਨਸ਼ਨਰ ਕੋਲ ਗਏ। ਪੈਨਸ਼ਨਰ ਨੇ ਰਿਸਾਲਦਾਰ ਗੰਡਾ ਸਿੰਘ ਨੂੰ ਖ਼ਬਰ ਪਹੁੰਚਾ ਕੇ ਕਰਤਾਰ ਸਿੰਘ ਸਰਾਭਾ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਗ੍ਰਿਫ਼ਤਾਰੀ ਸਮੇਂ ਸਰਾਭਾ ਇਕੱਠੇ ਹੋਏ ਲੋਕਾਂ ਨੂੰ 'ਗ਼ਦਰ ਦੀ ਗੂੰਜ' 'ਚੋਂ ਕਵਿਤਾਵਾਂ ਪੜ੍ਹ ਕੇ ਸੁਣਾ ਰਿਹਾ ਸੀ। ਜਲਦ ਹੀ ਸਰਾਭੇ ਦੇ ਦੂਸਰੇ ਸਾਥੀਆਂ ਦੀ ਵੀ ਗ੍ਰਿਫ਼ਤਾਰੀ ਹੋ ਗਈ। ਸਰਾਭਾ ਤੇ ਪਿੰਗਲੇ ਸਮੇਤ 80 ਗ਼ਦਰੀ ਇਨਕਲਾਬੀਆਂ ਤੇ ਲਾਹੌਰ ਸਾਜ਼ਿਸ਼ ਕੇਸ ਤਹਿਤ ਮੁਕੱਦਮਾ ਚਲਾਇਆ ਗਿਆ। ਗ਼ਦਰ ਲਹਿਰ ਦੇ 150 ਗ਼ਦਰੀ ਇਨਕਲਾਬੀ ਫਾਂਸੀ, ਜੇਲ੍ਹਾਂ, ਭੁੱਖ ਹੜਤਾਲਾਂ ਤੇ ਪੁਲਿਸ ਮੁਕਾਬਲਿਆਂ 'ਚ ਸ਼ਹੀਦ ਹੋਏ। 300 ਨੂੰ ਉਮਰ ਕੈਦ ਤੇ 200 ਗ਼ਦਰੀਆਂ ਨੂੰ ਲੰਮੀਆਂ ਕੈਦਾਂ ਦੀ ਸਜ਼ਾ ਮਿਲੀ। 3000 ਨਜ਼ਰਬੰਦ ਰੱਖੇ ਗਏ।

ਮੁਕੱਦਮੇ ਦੌਰਾਨ ਸਰਾਭਾ ਨੂੰ ਘੱਟ ਉਮਰ ਵਾਲਾ ਖ਼ਤਰਨਾਕ ਮੁਜ਼ਰਿਮ ਮੰਨਿਆ ਗਿਆ। ਜੱਜ ਨੇ ਮੁਕੱਦਮੇ ਸਮੇਂ ਸਰਾਭਾ ਨੂੰ ਸੋਚਣ ਤੇ ਬਿਆਨ ਨਰਮ ਕਰਨ ਲਈ ਕਿਹਾ ਪਰ ਸਰਾਭਾ ਨੇ ਮੋੜਵੇਂ ਰੂਪ 'ਚ ਉਸਤੋਂ ਵੀ ਵੱਧ ਸਖ਼ਤ ਬਿਆਨ ਦੇ ਕੇ ਆਪਣੀਆਂ ਗ਼ਦਰੀ ਸਰਗਰਮੀਆਂ ਨੂੰ ਨਿੰਡਰ ਹੋ ਕੇ ਕਬੂਲਿਆ।




ਗ਼ਦਰ ਅਖ਼ਬਾਰ ਅਤੇ ਹੋਰ ਗ਼ਦਰੀ ਸਾਹਿਤ ਛਾਪਣ ਵਾਲੀ ਪ੍ਰਿੰਟਿੰਗ ਪ੍ਰੈਸ, ਜਿਸ ਨੂੰ ਸਰਾਭਾ ਹੱਥੀਂ ਗੇੜਦਾ ਸੀ।

ਸਰਾਭਾ ਨੇ ਹਾਸੇ-ਠੱਠੇ 'ਤੇ ਪੂਰੇ ਜੋਸ਼ ਨਾਲ ਮੁਕੱਦਮੇ ਦਾ ਸਾਹਮਣਾ ਕੀਤਾ। ਅਦਾਲਤ 'ਚ ਸਰਾਭਾ ਤੋਂ ਜੱਜ ਨੇ ਪੁੱਛਿਆ, "ਕੀ ਤੇਰਾ ਟਿਕਾਣਾ ਅੰਗਰੇਜ਼ ਸਰਕਾਰ ਉਲਟਾਉਣ ਦਾ ਸੀ?" "ਹਾਂ, ਮੈਂ ਜੋ ਵੀ ਕੀਤਾ, ਦੇਸ਼ ਦੀ ਆਜ਼ਾਦੀ ਲਈ ਅਤੇ ਅੰਗਰੇਜ਼ਾਂ ਨੂੰ ਹਿੰਦੋਸਤਾਨ ਵਿਚੋਂ ਬਾਹਰ ਕੱਢਣ ਲਈ ਕੀਤਾ ਹੈ।"

"ਜਾਣਦਾ ਹੈਂ, ਤੇਰੇ ਇਹਨਾਂ ਬਿਆਨਾਂ ਦਾ ਕੀ ਨਤੀਜਾ ਹੋਵੇਗਾ?"

"ਹਾਂ ਜੀ, ਜਾਣਦਾ ਹਾਂ। ਤੁਹਾਡਾ ਕੀ ਖ਼ਿਆਲ ਹੈ ਕਿ ਮੈਨੂੰ ਪਤਾ ਨਹੀਂ ਕਿ ਤੁਸੀਂ ਕੀ ਸਲੂਕ ਕਰੋਗੇ? ਮੈਂ ਤਿਆਰ ਹਾਂ। ਜੇ ਸਾਡਾ ਦਾਅ ਲੱਗ ਜਾਂਦਾ ਤਾਂ ਅਸੀਂ ਤੁਹਾਨੂੰ ਦੱਸ ਦਿੰਦੇ। ਹੁਣ ਜੋ ਤੁਸੀਂ ਕਰਨਾ ਹੈ, ਕਰੋ...ਮੈਨੂੰ ਪਤਾ ਹੈ।"

ਫਾਂਸੀ ਦੀ ਸਜ਼ਾ ਸੁਣਾਏ ਜਾਣ 'ਤੇ ਦਾਦਾ ਜੀ ਤੇ ਪਰਿਵਾਰ ਅਫ਼ਸੋਸ ਕਰਨ ਲੱਗਿਆ ਕਿ ਏਨੀ ਛੋਟੀ ਉਮਰ ਵਿਚ ਉਹ ਜੀਵਨ ਤਿਆਗ ਦੇਵੇਗਾ। ਇਸੇ ਦੌਰਾਨ ਸਰਾਭਾ ਨੇ ਦਾਦੇ ਤੋਂ ਪੁੱਛਿਆ, 'ਆਪਣੇ ਪਿੰਡ ਦੇ....ਸਿੰਘ ਦਾ ਕੀ ਹਾਲ ਹੈ?"

"ਉਹ ਤਾਂ ਕਦੋਂ ਦਾ ਪਲੇਗ ਨਾਲ ਮਰ ਗਿਆ।" ਦਾਦੇ ਨੇ ਦੱਸਿਆ।

"ਅਤੇ ਉਸ ਬਜ਼ੁਰਗ.....ਦਾ ਕੀ ਹਾਲ ਹੈ?" "ਉਹ ਵੀ ਪਿਛਲੀ ਸਰਦੀ ਚੱਲ ਵਸਿਆ।" ਦਾਦੇ ਨੇ ਦੱਸਿਆ।

ਸਰਾਭਾ ਨੇ ਕਿਹਾ, "ਕੀ ਉਨ੍ਹਾਂ ਨੂੰ ਕੋਈ ਯਾਦ ਕਰਦਾ ਹੈ? ਕੋਈ ਪਲੇਗ ਨਾਲ ਮਰਦਾ ਹੈ, ਕੋਈ ਬੁਢਾਪੇ ਨਾਲ ਪਰ ਮੈਂ ਦੇਸ਼ ਲਈ ਸ਼ੇਰਾਂ ਦੀ ਮੌਤ ਮਰ ਰਿਹਾ ਹਾਂ, ਜਿਸ 'ਤੇ ਮੁਲਕ ਫ਼ਖ਼ਰ ਕਰੇਗਾ। ਤੁਹਾਨੂੰ ਵੀ ਇਸ 'ਤੇ ਫ਼ਖ਼ਰ ਕਰਨਾ ਚਾਹੀਦਾ ਹੈ।" ਇਹ ਸੁਣ ਦਾਦਾ ਜੀ ਨੂੰ ਤਸੱਲੀ ਹੋ ਗਈ।

ਇਕ ਵਾਰ ਸਰਾਭਾ ਨੇ ਜੇਲ੍ਹ ਦੀ ਕੰਧ 'ਤੇ ਲਿਖ ਦਿੱਤਾ ਕਿ-'ਸ਼ਹੀਦ ਦਾ ਖ਼ੂਨ ਵਿਅਰਥ ਨਹੀਂ ਜਾਂਦਾ। ਆਖ਼ਰ ਇਹ ਰੰਗ ਲਿਆਵੇਗਾ।' ਬਾਬਾ ਭਕਨਾ ਨੇ ਕਿਹਾ, "ਕਰਤਾਰ ਸਿੰਘ, ਇਥੇ ਜੇਲ੍ਹ ਵਿਚ ਤਾਂ ਹੱਡੀਆਂ ਵੀ ਗਲ? ਜਾਂਦੀਆਂ ਹਨ, ਬਾਹਰ ਕਿਵੇਂ ਖ਼ਬਰ ਜਾਵੇਗੀ ਤੇ ਸ਼ਹੀਦਾਂ ਦਾ ਖ਼ੂਨ ਫਿਰ ਕਿਵੇਂ ਰੰਗ ਲਿਆਵੇਗਾ?" ਸਰਾਭਾ ਦਾ ਜਵਾਬ ਸੀ, "ਪ੍ਰਧਾਨ ਜੀ, ਅੱਜ ਨਹੀਂ ਤਾਂ ਕੱਲ੍ਹ ਜਾਂ ਪਰਸੋਂ ਬਾਹਰ ਜਾ ਕੇ ਖ਼ੂਨ ਰੰਗ ਲਿਆਵੇਗਾ ਹੀ।"

ਫਾਂਸੀ ਵੇਲੇ ਸਰਾਭਾ ਨੇ ਦਰੋਗਾ ਨੂੰ ਕਿਹਾ ਸੀ ਕਿ, "ਦਰੋਗਾ, ਯਿਹ ਨਾ ਸਮਝਨਾ ਕਿ ਕਰਤਾਰ ਸਿੰਘ ਮਰ ਗਿਆ ਹੈ, ਮੇਰੇ ਖ਼ੂਨ ਕੇ ਜਿਤਨੇ ਕਤਰੇ ਹੈਂ, ਉਤਨੇ ਹੀ ਕਰਤਾਰ ਸਿੰਘ ਔਰ ਪੈਦਾ ਹੋਂਗੇ, ਔਰ ਮੁਲਕ ਕੀ ਆਜ਼ਾਦੀ ਕੇ ਲੀਏ ਕਾਮ ਕਰੇਂਗੇ।'

ਗਵਾਹਾਂ ਅਤੇ ਸਰਾਭਾ ਦੇ ਆਪਣੇ ਬਿਆਨਾਂ ਤੋਂ 'ਗ਼ਦਰ' ਅਖ਼ਬਾਰ ਚਲਾਉਣ ਤੋਂ ਲੈ ਕੇ ਭਾਰਤ ਵਿਚ ਕੀਤੀਆਂ ਸਰਗਰਮੀਆਂ ਵਿਚ ਸਰਾਭਾ ਹੀ ਸਭ ਤੋਂ ਵੱਧ ਸਰਗਰਮ ਨਜ਼ਰ ਆਉਂਦਾ। ਉਸਦੀ ਜਰਨੈਲੀ ਪ੍ਰਤਿਭਾ ਕਾਰਨ ਬਰਤਾਨਵੀ ਹਾਕਮ ਉਸਨੂੰ 'ਸਭ ਤੋਂ ਖ਼ਤਰਨਾਕ ਬਾਗ਼ੀ' ਸਮਝਦੇ ਸਨ। ਹੋਮ ਡਿਪਾਰਟਮੈਂਟ ਦੇ ਮੈਂਬਰ ਸਰ ਕਰੋਡਰਾਕ ਨੇ ਸਰਾਭੇ ਬਾਰੇ ਕਿਹਾ ਕਿ "ਇਹ ਭਾਵੇਂ ਨੌਜਵਾਨ ਹੈ ਪਰ ਇਹ ਸਾਰੇ ਸਾਜ਼ਿਸ਼ੀਆਂ ਵਿਚੋਂ ਅੱਤ ਮਹੱਤਵਪੂਰਨ ਵਿਅਕਤੀਆਂ ਵਿਚੋਂ ਇਕ ਹੈ ਅਤੇ ਅਦਾਲਤ ਨੇ ਇਸਨੂੰ ਸਰਾਸਰ ਬੇਕਿਰਕ ਸ਼ੈਤਾਨ, ਜੋ ਆਪਣੀਆਂ ਕਰਤੂਤਾਂ ਤੇ ਫ਼ਖ਼ਰ ਕਰਦਾ ਹੈ, ਕਹਿ ਕੇ ਆਪਣੀ ਰਾਇ ਦਿੱਤੀ ਹੈ, ਭਾਵ ਇਹ ਕਿ ਇਸਦੀ ਸਜ਼ਾ ਘਟਾਉਣ ਦੀ ਤਾਂ ਗੱਲ ਕਰਨੀ ਵੀ ਨਹੀਂ ਬਣਦੀ।"

16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ ਤੇ ਵਿਸ਼ਣੂ ਗਣੇਸ਼ ਪਿੰਗਲੇ ਸਮੇਤ ਸੱਤ ਗ਼ਦਰੀ ਇਨਕਲਾਬੀਆਂ ਨੂੰ ਲਾਹੌਰ ਜੇਲ ਵਿਚ ਫਾਂਸੀ ਦੇ ਦਿੱਤੀ ਗਈ।

ਇਸ ਤਰ੍ਹਾਂ ਭਾਰਤ ਅੰਦਰ ਬਰਤਾਨਵੀ ਹਾਕਮਾਂ ਦੇ ਖਿਲਾਫ਼ ਗ਼ਦਰ ਦੀ ਵਿਉਂਤ ਭਾਵੇਂ ਸਿਰੇ ਨਾ ਚੜ੍ਹ ਸਕੀ ਪਰੰਤੂ ਗ਼ਦਰੀ ਇਨਕਲਾਬੀਆਂ ਦਾ ਲੁੱਟ-ਜਬਰ ਖਿਲਾਫ਼ ਜੱਦੋਜਹਿਦ, ਜੇਲ੍ਹਾਂ, ਤਸੀਹੇ, ਭੁੱਖ ਹੜਤਾਲਾਂ, ਪੁਲਿਸ ਮੁਕਾਬਲਿਆਂ ਤੇ ਫਾਂਸੀ ਦੇ ਤਖ਼ਤੇ 'ਤੇ ਚੜ੍ਹ ਜਾਣ ਦਾ ਜੁਝਾਰੂ ਇਤਿਹਾਸ ਅਤੇ ਲੋਕਾਂ ਅੰਦਰ ਆਜ਼ਾਦੀ ਦੀ ਚੇਤਨਾ ਲਈ ਪ੍ਰਚਾਰ-ਪ੍ਰਸਾਰ ਕਰਨ ਦਾ ਸ਼ਾਨਾਮੱਤਾ ਵਿਰਸਾ ਅੱਜ ਵੀ ਸਾਡੀ ਅਗਾਂਹਵਧੂ ਨੌਜਵਾਨ ਪੀੜ੍ਹੀ ਦਾ ਰਾਹ ਰੁਸ਼ਨਾਉਂਦਾ ਹੈ।

ਚੋਣ ਅਖਾੜਾ

# ਸੰਘਰਸ਼ਸ਼ੀਲ ਅਤੇ ਜਮਹੂਰੀ ਤਾਕਤਾਂ ਇਤਿਹਾਸਕ ਰੋਲ



ਬੂਟਾ ਸਿੰਘ
ਮਹਿਮੂਦਪੁਰ
94634-74342




ਆਰਐੱਸਐੱਸ-ਭਾਜਪਾ ਦਾ ਅਸਲ ਵਿਰੋਧ ਵਿਰੋਧੀ ਧਿਰ ਦੀਆਂ ਪਾਰਟੀਆਂ ਨੇ ਨਹੀਂ ਸਗੋਂ ਲੋਕਾਂ ਦੇ ਜਥੇਬੰਦ ਹਿੱਸਿਆਂ ਨੇ ਕੀਤਾ। ਵਿਰੋਧੀ-ਧਿਰ ਨੇ ਤਾਂ ਇਸ ਵਿਰੋਧ ਦਾ ਇਕ ਤਰੀਕੇ ਨਾਲ ਲਾਹਾ ਹੀ ਲਿਆ। ਵੱਖ-ਵੱਖ ਰਾਜਾਂ ਵਿਚ ਬਹੁਤ ਸਾਰੀਆਂ ਨਾਗਰਿਕ ਜਥੇਬੰਦੀਆਂ, ਲੋਕ ਅੰਦੋਲਨਾਂ ਨੇ ਮਿਲਕੇ ਜਾਂ ਆਪੋ ਆਪਣੇ ਤੌਰ 'ਤੇ ਸੰਘ ਬਰਗੇਡ ਦੇ ਝੂਠ ਨੂੰ ਤੱਥਾਂ ਸਹਿਤ ਬੇਪਰਦ ਕੀਤਾ, ਭਾਜਪਾ ਨੂੰ ਹਰਾ ਕੇ ਲੋਕਤੰਤਰੀ ਮੁੱਲਾਂ ਨੂੰ ਬਚਾਉਣ ਦਾ ਸੱਦਾ ਦਿੱਤਾ ਅਤੇ ਲੋਕਾਂ ਦੇ ਅਸਲ ਮੁੱਦੇ ਉਭਾਰ ਕੇ ਲੋਕ ਰਾਇ ਖੜ੍ਹੀ ਬਣਾਉਣ ਲਈ ਮੁਹਿੰਮਾਂ ਚਲਾਈਆਂ। ਸੰਯੁਕਤ ਕਿਸਾਨ ਮੋਰਚੇ ਨੇ ਕੇਂਦਰੀ ਟਰੇਡ ਯੂਨੀਅਨਾਂ ਨਾਲ ਮਿਲ ਕੇ ਮਜ਼ਦੂਰਾਂ-ਕਿਸਾਨਾਂ ਦੇ ਮੁੱਖ ਮੁੱਦਿਆਂ ਉੱਪਰ ਵੱਡੀ ਲਾਮਬੰਦੀ ਕਰਨ ਦੀ ਯੋਜਨਾ ਬਣਾ ਕੇ ਲਗਾਤਾਰ ਸੱਦੇ ਦੇਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਕੋਸ਼ਿਸ਼ਾਂ ਨਾਲ ਭਾਜਪਾ ਦੇ ਖ਼ਿਲਾਫ਼ ਵਿਰੋਧ ਦੀ ਲਹਿਰ ਉੱਠਣੀ ਸ਼ੁਰੂ ਹੋ ਗਈ। ਇਸ ਦੌਰਾਨ ਡੱਲੇਵਾਲ-ਪੰਧੇਰ ਧੜੇ ਦੇ ਦਿੱਲੀ ਕੂਚ ਨੂੰ ਰੋਕਣ ਲਈ ਸ਼ੰਭੂ-ਖਨੌਰੀ ਬਾਰਡਰਾਂ ਉੱਪਰ ਹਰਿਆਣੇ ਦੀ ਖੱਟਰ ਸਰਕਾਰ ਵੱਲੋਂ ਕੀਤੇ ਬੇਕਿਰਕ ਜਬਰ ਨੇ ਜਿੱਥੇ ਭਾਜਪਾ ਵਿਰੁੱਧ ਆਮ ਲੋਕਾਂ ਅੰਦਰ ਨਫ਼ਰਤ ਵਿਚ ਵਾਧਾ ਕੀਤਾ ਉੱਥੇ ਸੰਘਰਸ਼ਸ਼ੀਲ ਤਾਕਤਾਂ ਨੇ ਵੀ ਇਸ ਨੂੰ ਚੁਣੌਤੀ ਵਜੋਂ ਲਿਆ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 'ਭਾਜਪਾ ਭਜਾਓ, ਭਾਜਪਾ ਨੂੰ ਸਬਕ ਸਿਖਾਓ' ਦਾ ਨਾਅਰਾ ਪੰਜਾਬ ਦੇ ਪਿੰਡਾਂ-ਸ਼ਹਿਰਾਂ 'ਚ ਗੂੰਜਣ ਲੱਗਾ। ਹਰਿਆਣਾ ਦੇ ਬਹੁਤ ਸਾਰੇ ਹਿੱਸਿਆਂ 'ਚ ਵੀ ਭਾਜਪਾ ਤੇ ਇਸ ਦੇ ਜੋਟੀਦਾਰਾਂ ਨੂੰ ਤਿੱਖੇ ਜਨਤਕ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਭਾਜਪਾ ਆਗੂਆਂ ਨੇ ਇਸ ਹੱਕੀ ਵਿਰੋਧ ਨੂੰ ਜਮਹੂਰੀ ਹੱਕ ਉੱਪਰ ਹਮਲਾ ਦੱਸਦਿਆਂ ਖ਼ੁਦ ਨੂੰ 'ਪੀੜਤ' ਬਣਾ ਕੇ ਹਮਦਰਦੀ ਬਟੋਰਨ ਦੀ ਕੋਸ਼ਿਸ਼ ਕੀਤੀ। ਸੰਘਰਸ਼ਸ਼ੀਲ ਤਾਕਤਾਂ ਨੇ ਮੋਦੀ ਰਾਜ ਦੇ ਖ਼ੂਨੀ ਕਾਰਿਆਂ ਦੇ ਤੱਥ ਪੇਸ਼ ਕਰਦਿਆਂ ਇਸ ਭਗਵਾ ਬਿਰਤਾਂਤ ਨੂੰ ਬਖ਼ੂਬੀ ਬੇਪੜਦ ਕੀਤਾ ਕਿ ਜੇ ਕਿਸਾਨ ਅੰਦੋਲਨ ਕਰਨ ਲਈ ਦਿੱਲੀ ਨਹੀਂ ਜਾ ਸਕਦੇ ਤਾਂ ਭਾਜਪਾ ਦੇ ਆਗੂ ਵੀ ਪਿੰਡਾਂ 'ਚ ਨਹੀਂ ਆ ਸਕਦੇ।

ਆਰਐੱਸਐੱਸ-ਭਾਜਪਾ ਨੂੰ ਪਤਾ ਸੀ ਕਿ ਇਤਿਹਾਸਕ ਕਿਸਾਨ ਅੰਦੋਲਨ ਨਾਲ ਬਣੀ ਚੇਤਨਾ ਕਾਰਨ ਪੰਜਾਬ ਦੇ ਜ਼ਿਆਦਾਤਰ ਲੋਕ ਉਨ੍ਹਾਂ ਨੂੰ ਮੂੰਹ ਨਹੀਂ ਲਾਉਣਗੇ। ਤਿੱਖੇ ਵਿਰੋਧ ਨੂੰ ਖਾਰਜ ਕਰਨ ਲਈ ਉਨ੍ਹਾਂ ਨੇ ਸਮਾਜ ਵਿਚਲੇ ਜਾਤਪਾਤੀ ਵਿਰੋਧਾਂ ਦਾ ਲਾਹਾ ਲੈਂਦਿਆਂ ਦਲਿਤ ਪੱਤਾ ਖੇਡਿਆ। ਹੰਸ ਰਾਜ ਹੰਸ ਵਰਗੇ ਦਲਿਤ ਚਿਹਰਿਆਂ ਨੂੰ ਅੱਗੇ ਲਾ ਕੇ ਦਲਿਤ-ਜੱਟ ਵਿਰੋਧ ਭੜਕਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਫ਼ਿਲਹਾਲ ਚੋਣਾਂ ਦੌਰਾਨ ਚਾਹੇ ਇਹ ਵੱਡੇ ਟਕਰਾਅ ਦਾ ਮੁੱਦਾ ਨਹੀਂ ਬਣਿਆ, ਪਰ ਆਪਣੀ ਕੁਟਲਨੀਤੀ ਨਾਲ ਆਰਐੱਸਐੱਸ ਪੰਜਾਬ ਦੇ ਦਲਿਤਾਂ ਦੇ ਇਕ ਹਿੱਸੇ 'ਚ ਆਪਣੀ ਪਾਟਕਪਾਊ ਸਿਆਸਤ ਦਾ ਸੰਚਾਰ ਕਰਨ 'ਚ ਕਾਮਯਾਬ ਹੋ ਗਈ ਹੈ। ਜਿਸ ਦੇ ਦੂਰਗਾਮੀ ਖ਼ਤਰਨਾਕ ਪ੍ਰਭਾਵ ਭਵਿੱਖ 'ਚ ਸਾਹਮਣੇ ਆਉਣਗੇ। ਜਿਸ ਤੋਂ ਚੌਕਸ ਹੋਣਾ ਵੀ ਜ਼ਰੂਰੀ ਹੈ ਅਤੇ ਇਸ ਦਾ ਮੁਕਾਬਲਾ ਕਰਨ ਲਈ ਠੋਸ ਨੀਤੀ ਵੀ ਘੜਨੀ ਪਵੇਗੀ।

ਸੰਘਰਸ਼ਸ਼ੀਲ ਕਿਸਾਨੀ ਦੇ ਰੋਹ ਨੂੰ ਸ਼ਾਂਤ ਕਰਨ ਲਈ ਮੋਦੀ ਨੇ ਸਿੱਖ ਪੱਤਾ ਖੇਡਿਆ। ਸਿਰ 'ਤੇ ਦਸਤਾਰ ਸਜਾ ਕੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸੰਗਤਾਂ ਨੂੰ ਲੰਗਰ ਛਕਾਉਣ ਤੇ ਸੰਗਤ ਦੀ ਸੇਵਾ ਕਰਨ ਦਾ ਨਾਟਕ ਕੀਤਾ ਗਿਆ। ਪੰਜਾਬ ਵਿਚ ਚੋਣ ਰੈਲੀਆਂ ਦੇ ਭਾਸ਼ਣਾਂ 'ਚ ਮੋਦੀ ਵੱਲੋਂ ਪੰਜਾਬ ਅਤੇ ਸਿੱਖ ਧਰਮ ਲਈ ਕੀਤੇ ਕਾਰਜਾਂ ਦੀ ਲੰਮੀ ਸੂਚੀ ਗਿਣਾਈ ਗਈ। ਸਿੱਖ ਧਰਮ ਨਾਲ ਪੁਰਾਣਾ ਰਿਸ਼ਤਾ ਦਿਖਾਉਣ ਲਈ ਇਹ ਦਾਅਵਾ ਵੀ ਕਿਹਾ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਪੰਜ ਪਿਆਰਿਆਂ ਨਾਲ ਵੀ ਉਸ ਦੇ ਪੁਰਖਿਆਂ ਦਾ ਸੰਬੰਧ ਹੈ। ਭਾਜਪਾ ਹਾਈਕਮਾਨ ਨੂੰ ਭਰਮ ਸੀ ਕਿ ਅਜਿਹੇ ਕਪਟੀ ਭਾਸ਼ਣ ਸੁਣਕੇ ਅਤੇ ਦੂਜੀਆਂ ਪਾਰਟੀਆਂ 'ਚੋਂ ਆਏ ਦਲ-ਬਦਲੂ 'ਸਿੱਖ' ਚਿਹਰਿਆਂ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦੇ ਲੋਕ ਭਾਜਪਾ ਹਕੂਮਤ ਦੇ ਜਾਬਰ ਖ਼ੂਨੀ ਕਾਰਿਆਂ ਨੂੰ ਭੁੱਲ ਜਾਣਗੇ। ਇਸ ਦੇ ਉਲਟ, ਹਰ ਥਾਂ ਹੀ ਮੋਦੀ ਸਮੇਤ ਭਾਜਪਾ ਦੇ 'ਸਟਾਰ ਪ੍ਰਚਾਰਕਾਂ' ਦੀਆਂ ਰੈਲੀਆਂ ਨੂੰ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਦਹਿ-ਹਜ਼ਾਰਾਂ ਪੁਲਸੀ ਧਾੜਾਂ, ਬੈਰੀਕੇਡਿੰਗ ਅਤੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਤੇ ਘਰਾਂ 'ਚ ਨਜ਼ਰਬੰਦੀ ਦੀ ਮੱਦਦ ਨਾਲ ਹੀ ਇਹ ਪ੍ਰਚਾਰਕ ਚੋਣ ਰੈਲੀਆਂ 'ਚ ਢੋਏ ਭਾੜੇ ਦੇ ਇਕੱਠਾਂ ਨੂੰ ਸੰਬੋਧਨ ਕਰ ਸਕੇ।

ਇਨਕਲਾਬੀ ਤਾਕਤਾਂ ਵੱਲੋਂ ਆਪਣੀ ਚੋਣਾਂ ਦੇ ਰਾਹ ਨੂੰ ਰੱਦ ਕਰਨ ਦੀ ਨੀਤੀ ਅਨੁਸਾਰ ਵੋਟਾਂ ਨਾਲ ਤਬਦੀਲੀ ਦੀ ਕੋਈ ਉਮੀਦ ਨਾ ਰੱਖਣ ਅਤੇ ਸੰਘਰਸ਼ਾਂ 'ਤੇ ਟੇਕ ਰੱਖਣ ਦੀ ਮੁਹਿੰਮ ਚਲਾਈ ਗਈ। ਚੋਣ ਬਾਈਕਾਟ ਦਾ ਨਾਅਰਾ ਦੇਣ ਵਾਲਿਆਂ ਨੇ ਵੀ ਆਪਣੀ ਸਿਆਸਤ ਦਾ ਪ੍ਰਚਾਰ ਕੀਤਾ। ਆਮ ਲੋਕਾਈ ਦਾ ਅਜੇ ਚੋਣਾਂ ਰਾਹੀਂ ਤਬਦੀਲੀ 'ਚ ਡੂੰਘਾ ਵਿਸ਼ਵਾਸ ਹੋਣ ਕਾਰਨ ਉਹ ਚੋਣਾਂ 'ਚ ਬੇਹੱਦ ਸਰਗਰਮੀ ਨਾਲ ਹਿੱਸਾ ਲੈਂਦੇ ਹਨ ਅਤੇ ਇਨਕਲਾਬੀ ਤਬਦੀਲੀ ਦੀ ਸਿਆਸਤ ਨੂੰ ਹੁੰਗਾਰਾ ਨਹੀਂ ਦਿੰਦੇ। ਇਸ ਕਰਕੇ, ਇਨ੍ਹਾਂ ਚੋਣਾਂ 'ਚ ਵੀ ਇਨਕਲਾਬੀ ਤਾਕਤਾਂ ਦੀ ਰਾਜਨੀਤਕ ਦਖ਼ਲਅੰਦਾਜ਼ੀ ਨਾਮਾਤਰ ਹੀ ਰਹੀ। ਮੁੱਖ ਤੌਰ 'ਤੇ, ਸੰਯੁਕਤ ਕਿਸਾਨ ਮੋਰਚੇ+ਟਰੇਡ ਯੂਨੀਅਨਾਂ ਦੇ 'ਭਾਜਪਾ ਭਜਾਓ' ਦੇ ਸੱਦੇ ਨੇ ਹੀ ਅਵਾਮ ਨੂੰ ਆਰਐੱਸਐੱਸ-ਭਾਜਪਾ ਵਿਰੁੱਧ ਰਾਜਨੀਤਕ ਤੌਰ 'ਤੇ ਲਾਮਬੰਦ ਕਰਨ 'ਚ ਪ੍ਰਭਾਵਸ਼ਾਲੀ ਭੂਮਿਕਾ ਨਿਭਾਈ।

ਚੋਣਾਂ ਦੌਰਾਨ ਸਰਗਰਮੀ ਦੀ ਇਕ ਖ਼ਾਸ ਖ਼ੂਬੀ ਹੈ ਜਮਹੂਰੀ ਵਿਰੋਧ ਅਤੇ ਸਵਾਲ ਕਰਨ ਦਾ ਹਾਂਦਰੂ ਰੁਝਾਨ। ਸੰਘਰਸ਼ਸ਼ੀਲ ਹਿੱਸਿਆਂ ਨੇ ਜਨਤਕ ਤੌਰ 'ਤੇ ਸਵਾਲਾਂ ਰਾਹੀਂ ਚੋਣਵਾਦੀ ਪਾਰਟੀਆਂ ਨੂੰ ਘੇਰਨ ਅਤੇ ਜਵਾਬਦੇਹ ਬਣਾਉਣ ਲਈ ਹੰਭਲਾ ਮਾਰਿਆ। ਇਸ ਸਰਗਰਮੀ ਨੇ ਆਮ ਜਨਤਾ ਨੂੰ ਅੱਗੇ ਆਉਣ ਅਤੇ ਆਪਣੇ ਹੱਕ ਜਤਾਉਣ ਲਈ ਉਤਸ਼ਾਹਤ ਕੀਤਾ। ਇਸ ਦਾ ਤਿੱਖਾ ਸੇਕ 'ਆਪ' ਅਤੇ ਹੋਰ ਪਾਰਟੀਆਂ ਨੂੰ ਵੀ ਝੱਲਣਾ ਪਿਆ। ਇਸ ਜਮਹੂਰੀ ਪਿਰਤ ਨੂੰ ਹੋਰ ਬੱਝਵੀਂ, ਪ੍ਰਭਾਵਸ਼ਾਲੀ ਅਤੇ ਵਿਆਪਕ ਬਣਾਉਣ ਦੀ ਲੋੜ ਹੈ।

# ਭਾਜਪਾ ਦੇ ਸੱਤਾ ਵੱਲ ਵਧਦੇ ਕਦਮ, ਚੁਣੌਤੀਆਂ ਤੇ ਇਸ ਦੇ ਅਰਥ

(ਸਫ਼ਾ 4 ਦੀ ਬਾਕੀ)

ਬਾਵਜੂਦ ਭਾਜਪਾ ਵੱਲੋਂ 2019 ਵਾਲੀ ਕਾਰਗੁਜ਼ਾਰੀ ਨਾ ਦੁਹਰਾ ਸਕਣਾ ਹੰਕਾਰੇ ਹੋਏ ਮੋਦੀ ਲਈ ਵੱਡੀ ਪਛਾੜ ਹੈ ਜੋ ਈਸ਼ਵਰ ਵੱਲੋਂ ਸਦੀਵੀ ਰਾਜ ਕਰਨ ਲਈ ਭੇਜਿਆ ਚੁਣੌਤੀਰਹਿਤ ਸ਼ਹਿਨਸ਼ਾਹ ਬਣਕੇ ਵਿਚਰ ਰਿਹਾ ਸੀ। ਹੁਣ ਹਿੰਦੂਤਵ ਫਾਸ਼ੀਵਾਦ ਦਾ ਬੁਲਡੋਜ਼ਰ ਉਸ ਬੇਕਿਰਕ ਰੂਪ 'ਚ ਅਵਾਮ ਨੂੰ ਨਹੀਂ ਦਰੜ ਸਕੇਗਾ ਜਿਵੇਂ ਇਹ ਭਾਰੀ ਬਹੁਮੱਤ ਵਾਲੀ ਸਰਕਾਰ ਬਣਾ ਕੇ ਬੇਰੋਕ-ਟੋਕ ਫ਼ੈਸਲੇ ਲੈ ਸਕਦਾ ਸੀ। ਇਹ ਭਾਰਤ ਦੇ ਲੋਕਾਂ ਲਈ ਫੌਰੀ ਰਾਹਤ ਹੈ।

ਭਾਜਪਾ/ਮੋਦੀ ਵੱਲੋਂ ਸਿੱਖ ਅਤੇ ਦਲਿਤ ਪੱਤਾ ਖੇਡਣ ਦੇ ਬਾਵਜੂਦ ਪੰਜਾਬ ਦੇ ਲੋਕਾਂ ਨੇ ਭਾਜਪਾ ਉਮੀਦਵਾਰਾਂ ਨੂੰ ਮੂੰਹ ਨਹੀਂ ਲਾਇਆ। ਚਿੰਤਾਜਨਕ ਪੱਖ ਇਹ ਹੈ ਕਿ ਭਾਜਪਾ ਦਲਿਤਾਂ ਦੇ ਇਕ ਹਿੱਸੇ 'ਚ ਆਪਣੀ ਜ਼ਹਿਰੀਲੀ ਸਿਆਸਤ ਦਾ ਸੰਚਾਰ ਕਰਨ 'ਚ ਸਫ਼ਲ ਰਹੀ ਹੈ। ਪੰਜਾਬ ਵਿਚ ਵੋਟਰਾਂ ਦਾ ਫ਼ਤਵਾ ਕਾਂਗਰਸ ਦੇ ਹੱਕ 'ਚ ਨਹੀਂ ਸਗੋਂ 'ਆਮ ਆਦਮੀ ਪਾਰਟੀ' ਦੀ ਵਾਅਦਾਖ਼ਿਲਾਫ਼ੀ ਤੇ ਬੇਹੱਦ ਨਖਿੱਧ ਕਾਰਗੁਜ਼ਾਰੀ ਦੇ ਵਿਰੁੱਧ ਹੈ। ਅਕਾਲੀ ਦਲ ਨੂੰ ਪੰਜਾਬੀ ਪਹਿਲਾਂ ਹੀ ਨਕਾਰ ਚੁੱਕੇ ਹਨ। ਖਡੂਰ ਸਾਹਿਬ ਤੇ ਬਠਿੰਡਾ ਵਿਚ ਵੋਟਰਾਂ ਦਾ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਨੂੰ ਜਿਤਾਉਣਾ ਰਵਾਇਤੀ ਪਾਰਟੀਆਂ ਨੂੰ ਨਕਾਰਨ ਅਤੇ ਨਸ਼ੇ, ਆਰਥਕ ਸੰਕਟ ਤੋਂ ਨਿਜਾਤ ਪਾਉਣ ਦੀ ਤਾਂਘ ਦਾ ਸੰਕੇਤ ਹੈ ਨਾ ਕਿ ਖ਼ਾਲਸਤਾਨੀ ਵਿਚਾਰਧਾਰਾ ਨੂੰ ਹਮਾਇਤ ਦਾ।

ਬੇਸ਼ੱਕ ਭਾਰਤ ਦੀਆਂ ਉਦਾਰ ਖ਼ਿਆਲ ਜਾਗਰੂਕ ਤਾਕਤਾਂ ਦੀ ਸਰਗਰਮ ਹਮਾਇਤ ਨਾਲ 'ਇੰਡੀਆ ਗੱਠਜੋੜ' ਦੀ ਪ੍ਰਚਾਰ ਮੁਹਿੰਮ ਦੀ ਇਸ ਕਾਰਗੁਜ਼ਾਰੀ ਵਿਚ ਗਿਣਨਯੋਗ ਭੂਮਿਕਾ ਹੈ ਪਰ ਮੁੱਖ ਭੂਮਿਕਾ ਭਗਵਾ ਰਾਜ ਤੋਂ ਅਸੰਤੁਸ਼ਟ ਆਮ ਲੋਕਾਂ ਦੀ ਹੈ ਜਿਨ੍ਹਾਂ ਨੇ ਫਾਸ਼ੀਵਾਦੀ ਤਾਕਤ ਦੇ ਜ਼ਹਿਰੀਲੇ ਪ੍ਰਚਾਰ ਨੂੰ ਮੂੰਹ ਨਹੀਂ ਲਾਇਆ। ਇਹ ਤਲਖ਼ ਹਕੀਕਤ ਹੈ ਕਿ 'ਅਟੱਲ ਜਿੱਤ' ਦੇ ਭਗਵਾ ਬਿਰਤਾਂਤ ਨੂੰ ਵਿਰੋਧੀ-ਧਿਰ ਦੀ ਤਰਫ਼ੋਂ ਮੂੰਹ ਤੋੜਵੇਂ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ ਕਿਉਂਕਿ 'ਇੰਡੀਆ' ਗੱਠਜੋੜ ਦੇ ਹੋਂਦ 'ਚ ਆਉਣ ਦੇ ਬਾਵਜੂਦ ਮੌਕਾਪ੍ਰਸਤ ਖ਼ਸਲਤ ਕਾਰਨ ਇਸ ਗੱਠਜੋੜ 'ਚ ਸ਼ਾਮਲ ਪਾਰਟੀਆਂ 'ਚ ਲੋੜੀਂਦੀ ਮਜ਼ਬੂਤ ਏਕਤਾ ਨਹੀਂ ਬਣੀ। ਲੋੜੀਂਦੀ ਏਕਤਾ ਨਾਲ ਇਹ ਭਾਜਪਾ ਨੂੰ ਪੂਰੀ ਤਰ੍ਹਾਂ ਸੱਤਾ ਤੋਂ ਲਾਹ ਸਕਦੇ ਸਨ। ਦਰਅਸਲ, ਇਹ ਰਾਜਨੀਤਕ ਗੁੱਟ ਭਗਵਾ ਹਮਲੇ ਤੋਂ ਆਪਣੀ ਹੋਂਦ ਬਚਾਉਣ ਲਈ ਲੜ ਰਹੇ ਹਨ। ਇਸ ਕਾਰਨ ਇਹ ਹਿੰਦੂਤਵ ਫਾਸ਼ੀਵਾਦ ਵਿਰੁੱਧ ਮਜ਼ਬੂਤ ਫ਼ੈਸਲਾਕੁਨ ਲੜਾਈ ਦੇਣ ਦੀ ਹਾਲਤ 'ਚ ਨਹੀਂ ਹਨ। ਅਗਲੀ ਸਰਕਾਰ ਬਣਨ 'ਤੇ ਇਹ ਗੱਠਜੋੜ ਹਕੂਮਤ ਦੀਆਂ ਨੀਤੀਆਂ ਦਾ ਵਿਰੋਧ ਕਿਹੋ ਜਿਹਾ ਕਰੇਗਾ ਉਸ ਨਾਲ ਹੀ ਇਸ ਦੀ ਭਵਿੱਖੀ ਭੂਮਿਕਾ ਤੈਅ ਹੋਵੇਗੀ। ਇਹ ਹਕੀਕਤ ਧਿਆਨ 'ਚ ਰਹਿਣੀ ਚਾਹੀਦੀ ਹੈ ਕਿ ਕਾਂਗਰਸ ਅਤੇ ਇੰਡੀਆ ਗੱਠਜੋੜ 'ਚ ਸ਼ਾਮਲ ਹੋਰ ਪਾਰਟੀਆਂ ਲੋਕ ਵਿਰੋਧੀ ਹਾਕਮ ਜਮਾਤੀ ਪਾਰਟੀਆਂ ਹਨ ਜਿਨ੍ਹਾਂ ਦਾ ਹਿੰਦੂਤਵ ਨੂੰ ਛੱਡਕੇ ਭਾਜਪਾ ਨਾਲੋਂ ਵੱਖਰਾ ਆਰਥਕ ਨੀਤੀ-ਪ੍ਰੋਗਰਾਮ ਨਹੀਂ ਹੈ। ਲਿਹਾਜ਼ਾ, ਨਾ ਸਿਰਫ਼ ਭਗਵਾ ਹਕੂਮਤ ਵੱਲੋਂ ਫੈਲਾਈ ਫਿਰਕੂ ਜ਼ਹਿਰ ਨੂੰ ਖ਼ਤਮ ਕਰਨ ਲਈ ਸਗੋਂ ਇਸ ਹਕੂਮਤ ਵੱਲੋਂ ਲਏ ਸਾਮਰਾਜ ਅਤੇ ਦੇਸੀ ਕਾਰਪੋਰੇਟ ਹਿਤੈਸ਼ੀ ਫ਼ੈਸਲਿਆਂ ਨੂੰ ਰੱਦ ਕਰਾਉਣ ਲਈ ਵੀ ਖ਼ੁਦ ਅਵਾਮ ਨੂੰ ਹੀ ਤਿੱਖੇ ਸੰਘਰਸ਼ ਕਰਨੇ ਪੈਣਗੇ। ਚਾਹੇ ਉਹ ਆਰਥਕ ਨੀਤੀਆਂ ਦੇ ਫ਼ੈਸਲੇ ਹੋਣ ਜਾਂ ਕਾਲੇ ਕਾਨੂੰਨਾਂ ਦੇ ਰੂਪ 'ਚ।

ਇਹ ਤੈਅ ਹੈ ਕਿ ਆਰਐੱਸਐੱਸ-ਭਾਜਪਾ ਰਾਜ ਪ੍ਰਬੰਧ ਉੱਪਰ ਆਪਣੀ ਜਕੜ ਢਿੱਲੀ ਨਹੀਂ ਪੈਣ ਦੇਵੇਗੀ। ਸਰਕਾਰ ਬਦਲਣ ਦੀ ਕੋਸ਼ਿਸ਼ ਨਾਲ ਨਾਗਰਿਕਾਂ ਦੀ ਫਾਸ਼ੀਵਾਦੀ ਤਾਕਤਾਂ ਨੂੰ ਸੱਤਾ ਤੋਂ ਪਰ੍ਹਾਂ ਰੱਖਣ ਦੀ ਜ਼ਿੰਮੇਵਾਰੀ ਖ਼ਤਮ ਨਹੀਂ ਹੋ ਜਾਂਦੀ। ਬਹੁਮੱਤ ਨਾ ਮਿਲਣ ਦੀ ਸੂਰਤ 'ਚ ਬੇਸ਼ੱਕ ਭਾਜਪਾ ਦੀ ਮਨਮਰਜ਼ੀ ਦੇ ਫ਼ੈਸਲੇ ਲੈਣ ਦੀ ਨਿਰੰਕੁਸ਼ ਤਾਕਤ ਕਮਜ਼ੋਰ ਪੈ ਗਈ ਹੈ ਪਰ ਇਹ ਸੱਤਾ ਉੱਪਰ ਮਜ਼ਬੂਤ ਪਕੜ ਬਣਾਉਣ ਲਈ ਹਰ ਹਰਬਾ ਵਰਤੇਗੀ। ਹੋਰ ਪਾਰਟੀਆਂ ਦੇ ਜੇਤੂ ਉਮੀਦਵਾਰਾਂ ਨੂੰ ਡਰਾ-ਧਮਕਾ ਕੇ ਅਤੇ ਖ਼ਰੀਦ ਕੇ ਬਹੁਮਤ ਹਾਸਲ ਕਰਨ ਦੀ ਸਿਰਤੋੜ ਕੋਸ਼ਿਸ਼ ਕਰੇਗੀ, ਜਿਵੇਂਕਿ ਪਿਛਲਾ ਤਜਰਬਾ ਗਵਾਹ ਹੈ। ਇਸ ਨੇ ਰਾਜ ਪ੍ਰਬੰਧ ਦੇ ਵੱਖ-ਵੱਖ ਅੰਗਾਂ ਵਿਚ ਜਿੰਨੀ ਡੂੰਘੀ ਘੁਸਪੈਠ ਕਰ ਲਈ ਹੈ, ਉਸ ਦੇ ਆਧਾਰ 'ਤੇ ਇਹ ਕਮਜ਼ੋਰ ਹਾਲਤ 'ਚ ਵੀ ਰਾਜਤੰਤਰ ਨੂੰ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਨੂੰ ਅੱਗੇ ਵਧਾਉਣ ਦਾ ਸੰਦ ਬਣਾਏਗੀ। ਚੋਣਾਂ ਦੌਰਾਨ ਹੀ ਫ਼ੌਜ ਮੁਖੀ ਦੀ ਸਰਵਿਸ ਇਕ ਮਹੀਨਾ ਹੋਰ ਵਧਾਉਣ (ਰਿਟਾਇਰਮੈਂਟ ਤੋਂ ਮਹਿਜ਼ ਛੇ ਦਿਨ ਪਹਿਲਾਂ) ਸਮੇਤ ਕੁਝ ਚੋਟੀ ਦੇ ਅਧਿਕਾਰੀਆਂ ਦੀ ਅਤਿ ਮਹੱਤਵਪੂਰਨ ਅਹੁਦਿਆਂ 'ਤੇ ਤਾਇਨਾਤੀ ਇਹੀ ਇਸ਼ਾਰਾ ਕਰਦੀ ਹੈ।

ਅਗਲੀ ਸਰਕਾਰ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਨੂੰ ਅੱਗੇ ਵਧਾਉਣ ਲਈ ਨਿਰਣੇ ਲੈਣ ਦੀ ਕੋਸ਼ਿਸ਼ ਨਹੀਂ ਛੱਡੇਗੀ। ਆਮ ਲੋਕਾਂ ਵਿਰੁੱਧ ਆਰਥਕ ਹਮਲੇ, ਕਾਲੇ ਕਾਨੂੰਨਾਂ ਅਤੇ ਹਕੂਮਤੀ ਦਹਿਸ਼ਤਵਾਦ ਦੇ ਜਾਬਰ ਹੱਲੇ ਵੀ ਤਿੱਖੇ ਰੂਪ 'ਚ ਸਾਹਮਣੇ ਆਉਣਗੇ। ਹੁਣ ਤੱਕ ਗੁਪਤ ਚਲੀ ਆ ਰਹੀ ਤਿਆਰੀ ਹਕੂਮਤੀ ਹਮਲਿਆਂ ਦੇ ਰੂਪ 'ਚ ਸਾਹਮਣੇ ਆ ਜਾਵੇਗੀ। ਮੁਸਲਮਾਨਾਂ, ਈਸਾਈਆਂ, ਦਲਿਤਾਂ ਅਤੇ ਹਾਸ਼ੀਏ 'ਤੇ ਧੱਕੇ ਹੋਰ ਸਮਾਜਿਕ ਹਿੱਸਿਆਂ ਵਿਰੁੱਧ ਝਪਟਣ ਲਈ ਹਿੰਦੂਤਵੀ ਦਹਿਸ਼ਤੀ ਗਰੋਹਾਂ ਨੂੰ ਖੁੱਲ੍ਹੀ ਛੁੱਟੀ ਦੇਣ ਦਾ ਵਰਤਾਰਾ ਵੀ ਬੰਦ ਨਹੀਂ ਹੋਵੇਗਾ। ਭਾਜਪਾ ਵਿਰੁੱਧ ਡਟਣ ਵਾਲੇ ਪੰਜਾਬ ਦੇ ਕਿਸਾਨਾਂ ਤੇ ਹੋਰ ਹਿੱਸਿਆਂ ਨੂੰ ਹਕੂਮਤ ਦੇ ਬਦਲਾਲਊ ਹਮਲਿਆਂ ਦਾ ਸਾਹਮਣਾ ਕਰਨਾ ਪਵੇਗਾ।

ਕੁਲਮਿਲਾਕੇ, ਚੋਣਾਂ ਤੋਂ ਬਾਅਦ ਸੰਘਰਸ਼ਸ਼ੀਲ ਤਾਕਤਾਂ ਅੱਗੇ ਮੁਲਕ ਦੇ ਭਵਿੱਖ ਨੂੰ ਬਚਾਉਣ ਲਈ ਸਖ਼ਤ ਸੰਘਰਸ਼ ਦੀਆਂ ਚੁਣੌਤੀਆਂ ਪ੍ਰਤੱਖ ਹਨ। ਸਮਾਜ ਦੇ ਜਾਗਰੂਕ ਹਿੱਸਿਆਂ ਅਤੇ ਅਵਾਮ ਨੂੰ ਆਪਣੀ ਅਗਲੀ ਭੂਮਿਕਾ ਹੁਣ ਤੋਂ ਹੀ ਤੈਅ ਕਰ ਲੈਣੀ ਚਾਹੀਦੀ ਹੈ। ਸੰਯੁਕਤ ਕਿਸਾਨ ਮੋਰਚੇ ਵੱਲੋਂ ਟਰੇਡ ਯੂਨੀਅਨਾਂ ਅਤੇ ਹੋਰ ਜਮਹੂਰੀ ਤਾਕਤਾਂ ਨਾਲ ਮਿਲਕੇ ਚੋਣਾਂ ਦੌਰਾਨ ਕੀਤੀ ਗਈ ਸਰਗਰਮੀ ਨੂੰ ਫਾਸ਼ੀਵਾਦੀ ਵਿਰੋਧੀ ਮਜ਼ਬੂਤ ਲਹਿਰ 'ਚ ਬਦਲਣ ਦੀਆਂ ਬੇਹੱਦ ਸੰਭਾਵਨਾਵਾਂ ਹਨ ਜਿਨ੍ਹਾਂ ਉੱਪਰ ਖ਼ਰੀਆਂ ਜਮਹੂਰੀ ਤਾਕਤਾਂ ਨੂੰ ਬੇਹੱਦ ਸੰਜੀਦਗੀ ਨਾਲ ਕੰਮ ਕਰਨ ਦੀ ਲੋੜ ਹੈ।

## ਗਰੀਬਾਂ ਦੇ ਹਿੱਸੇ ਆਇਆ ਰੱਬ !

ਸੁੱਖ - ਸਹੂਲਤਾਂ,
ਮੌਜ ਮਸਤੀਆਂ,
ਕੋਠੀਆਂ, ਕਾਰਾਂ,
ਧਨ-ਦੌਲਤਾਂ, ਖੇਤ- ਜ਼ਮੀਨਾਂ!

ਸਣੇ ਹੁਸੀਨਾਂ!
ਸੋਨਾ, ਚਾਂਦੀ,
ਐਸ਼ੋ-ਆਰਾਮ!
ਹਰ ਤਰ੍ਹਾਂ ਦੇ ਫਲ, ਫਰੂਟ,
ਸੁੱਕੇ ਮੇਵੇ, ਸਣੇ ਬਦਾਮ!
ਪੁਜਾਰੀਆਂ ਲਈ, ਵਪਾਰੀਆਂ ਲਈ
ਸਿਆਸਤਦਾਨਾਂ ਲਈ,
ਸ਼ੈਤਾਨਾਂ ਲਈ !
ਕਾਰਪੋਰੇਟਰਾਂ ਲਈ,
ਵੱਡੇ ਇਸਪੈਕਟਰਾਂ ਲਈ !
ਸਾਧਾਂ ਲਈ, ਬਾਬਿਆਂ ਲਈ!
ਤੇ -
ਗਰੀਬਾਂ ਦੇ ਹਿੱਸੇ
ਆਇਆ ਰੱਬ!
ਤਾਹੀਓਂ ਤਾਂ ਉਹ ਆਖਣ-
ਰੱਬ ਹੁੰਦਾ ਯਾਰ ਗਰੀਬਾਂ ਦਾ !
ਭੁੱਖੇ - ਨੰਗੇ ਜ਼ਿੰਦਗੀ ਕੱਟਣ,
ਆਖਣ ਖੇਡ ਨਸੀਬਾਂ ਦਾ!
ਸਮਝ ਸਕੇ ਨਾ ਖੇਡ ਵਿਚਾਰੇ!
ਤਾਹੀਓਂ ਰਹਿੰਦੇ ਬਣੇ ਵਿਚਾਰੇ!
ਰੱਬ ਦਾ ਆਸਰਾ ਤੱਕੀ ਜਾਵਣ,
ਰਹਿਣ ਹਮੇਸ਼ਾ ਹਾਰੇ ਹਾਰੇ!
ਤੁਰ ਜਾਵਣ ਬਸ, ਮਾਰੇ ਮਾਰੇ!
ਸਾਰੀ ਉਮਰੇ, ਰਹਿੰਦੇ ਹਾਰੇ!
ਸਾਰੀ ਉਮਰੇ, ਰਹਿੰਦੇ ਹਾਰੇ!!

-ਸੁਖਦੇਵ ਸਲੇਮਪੁਰੀ
09780620233

## ਦੋ ਗ਼ਜ਼ਲ

ਲੋਕ ਸੜਦੇ ਨੇ ਤਾਂ ਸਾੜੇ ਪੈਂਦੇ ਨੇ।
ਪੈਣ ਦੇ ਜੇਕਰ ਪੁਆੜੇ ਪੈਂਦੇ ਨੇ।
ਸੱਚ ਆਖਣ ਦੀ ਤੈਨੂੰਕੀ ਲੋੜ ਏ,
ਜ਼ਿੰਦਗੀ ਵਿਚ ਲੋਕ ਮਾੜੇ ਪੈਂਦੇ ਨੇ।
ਸਿਰਫ਼ ਤੇਰੇ ਹਾਸੇ ਦੀ ਹੈ ਦਾਸਤਾਂ,
ਟਹਿਣੀਆਂ ਨੂੰ ਫੁੱਲ ਗਾੜੇ ਪੈਂਦੇ ਨੇ।
ਤੈਰ-ਨਾ ਝਾਂਜਰ ਨੂੰ ਝਟਕੇ ਮਾਰ ਕੇ,
ਪਾਣੀਆਂ ਦੇ ਵਿਚ ਪਾੜੇ ਪੈਂਦੇ ਨੇ।
ਤੇਰਿਆਂ ਨੈਣਾਂ 'ਚ ਚੱਲਣ ਬੇੜੀਆਂ,
ਪਾਰ ਜਾਵਣ ਦੇ ਵੀ ਭਾੜੇ ਪੈਂਦੇ ਨੇ।
ਰਿਸ਼ਤਿਆਂ ਅੰਦਰ ਵੀ ਰਿਸ਼ਵਤ ਚਲਦੀ ਏ,
ਕੀਮਤੀ ਖਰਚੇ 'ਚ ਲਾੜੇ ਪੈਂਦੇ ਨੇ।
ਛੂਹ ਨਾ ਐਵੇਂ ਬੱਦਲਾਂ ਦੇ ਜਿਸਮ ਨੂੰ,
ਬਿਜਲੀਆਂ ਦੇ ਵਿਚ ਚਿੰਗਾੜੇ ਪੈਂਦੇ ਨੇ।
'ਬਾਲਮਾਂ' ਫਿਰ ਪਿੰਡ 'ਚ ਤੇਰਾ ਆਵਣਾ,
ਫਿਰ ਨਗਾੜੇ ਤੇ ਨਗਾੜੇ ਪੈਂਦੇ ਨੇ।

• • •

ਪੁਛ ਪੜਤਾਲ 'ਚ ਖੁੱਲ੍ਹ ਕੇ ਗੱਲਾਂ ਹੋਈਆਂ ਨੇ।
ਬਿਨ ਬਾਰਿਸ਼ ਦੇ ਕਿੰਦਾਂ ਛੱਤਾਂ ਚੋਈਆਂ ਨੇ।
ਕੌਣ ਗਿਆ ਹੈ ਰੁਸ ਕੇ ਨੀਵੀਂ ਪਾ-ਪਾ ਕੇ,
ਮੱਛੀ ਵਾਂਗੂੰ ਤੜਪਕੇ ਸਧਰਾਂ ਮੋਈਆਂ ਨੇ।
ਅੱਖਾਂ ਦੇ ਵਿਚ ਏਦਾਂ ਸੁਰਮਾ ਮਟਕ ਰਿਹਾ,
ਵੇਖ ਲਕੀਰਾਂ ਪਾਣੀ ਵਿੱਚ ਖਲੋਈਆਂ ਨੇ।
ਧਰਤੀ ਉਤੇ ਜੰਨਤ ਤੁਰਦੀ ਫਿਰਦੀ ਏ,
ਕਲੀਆਂ ਕਿਸ ਨੇ ਜੂੜੇ ਵਿਚ ਪਿਰੋਈਆਂ ਨੇ।
ਰਸਤੇ ਦੇ ਵਿਚ ਭੁੱਖ ਨਾ ਲੱਗੇ ਦੋ ਰੋਟੀਆ,
ਮਰਨ ਤੋਂ ਪਹਿਲਾਂ ਝੋਝੇ ਵਿੱਚ ਲੁਕੋਈਆਂ ਨੇ।
ਇਕ ਬਚਪਨ ਤੇ ਦੂਜਾ ਠਾਠ ਜਵਾਨੀ ਹੈ,
ਜੀਵਨ ਦੇ ਵਿਚ ਦੋ ਹੀ ਚੀਜ਼ਾਂ ਖੋਈਆਂ ਨੇ।
ਤੂੰ ਕੀ ਅਪਨਾ ਹਾਲ ਸੁਣਾਉਂਦਾ ਏ ਮੈਨੂੰ,
ਬਾਮ ਨੰਗੇ ਪਿੰਡੇ ਕਿਰਚਾ ਢੋਈਆਂ ਨੇ ।

ਬਲਵਿੰਦਰ ਬਾਲਮ ਗੁਰਦਾਸਪੁਰ
98156-25409

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ,
ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

## ਪਾਣੀ

ਜਿਉਂ ਜਿਉਂ
ਮਾਨਵ ਉਚਾ ਹੋ ਰਿਹੈ,
ਤਿਉਂ ਤਿਉਂ
ਪਾਣੀ ਨੀਵਾਂ।

ਫਾਸਲੇ
ਵਧਦੇ ਹੀ ਜਾ ਰਹੇ ਨੇ
ਮਨੁੱਖ ਤੇ ਪਾਣੀ ਵਿਚਕਾਰ
ਫੈਸਲਾ ਮਨੁੱਖ ਨੇ ਕਰਨੈ
ਹੁਣ ਜੀਣਾ ਕਿ ਮਰਨੈ

ਕਿਤੇ ਇੰਝ ਨਾ ਹੋਵੇ
ਕਿ ਪਾਣੀ ਇੰਚ ਨਾ ਹੋਵੇ
ਤੇ ਇਹ ਫ਼ਾਸਲੇ
ਖੋਹ ਲੈਣ ਸਾਥੋਂ
ਫਸਲਾਂ, ਫ਼ਲ ਤੇ ਵੇਲਾਂ-ਬੂਟੇ,
ਧੀ ਰਾਣੀਆਂ ਤੋਂ ਪੀਂਘ ਦੇ ਝੂਟੇ
ਸੱਚਮੁੱਚ
ਜੇ ਕੁਝ ਹੋਇਆ ਇਸ ਤਰ੍ਹਾਂ
ਧਰਤੀ ਮਾਂ ਫਿਰ ਵਿਧਵਾ ਹੋਣੀ,
ਇਹ ਮਾਨਵ ਦੇਹ ਸਵਾਹ ਹੋਣੀ।


ਪਿਤਾ ਸਮਾਨ
ਸਨਮਾਨ ਦਾ ਸਫ਼ਰ ਹੁਣ
ਦਰਿਆਵਾਂ ਤੋਂ ਸਿਮਟ ਕੇ
ਬੋਤਲਾਂ ਵਿਚ ਤੁਲ ਗਿਆ,
ਐ ਨਾਨਕ ਤੇਰਾ ਬੰਦਾ
ਤੇਰੇ ਕਾਇਦੇ ਤੋਂ ਮੁਨਕਰ ਹੋ ਗਿਆ
ਤੇ ਤਾਹੀਓਂ
ਪਾਣੀ ਪਿਤਾ ਨਹੀਂ
ਪਾਣੀ ਕੈਂਸਰ ਹੋ ਗਿਆ!

ਕਾਰਖਾਨਿਆਂ 'ਚ ਵੱਜਦੇ ਸਾਇਰਨ
ਮੈਨੂੰ ਮੌਤ ਦੀ ਘੰਟੀ ਪ੍ਰਤੀਤ ਹੋ ਰਹੇ ਨੇ,

ਸੋਚਿਓ ਕਦੇ ਕਿ
ਆਉਣ ਵਾਲੀਆਂ ਨਸਲਾਂ ਨੂੰ
ਕੀ ਦਿਆਂਗੇ ਜਾਣ ਵੇਲੇ
ਪੀਣ ਲਈ ਕਾਰਖਾਨਿਆਂ 'ਚੋਂ
ਨਿੱਕਲਦਾ ਤੇਜ਼ਾਬ
ਚੱਬਣ ਲਈ ਲੋਹਾ,
ਬੰਜਰ ਧਰਤੀ ਜਾਂ ਫਿਰ
ਪਲ ਪਲ ਮੌਤ ਤਾ ਸਹਿਮ
ਉਂਝ ਉਡੀਕ ਦਾ ਵੇਲਾ ਤਾਂ ਨਹੀਂ
ਕਿਉਂਕਿ
ਪਾਣੀ ਬਚਾਇਆ ਤਾਂ ਜਾ ਸਕਦੈ
ਪਰ ਬਚਾਇਆ ਨਹੀਂ।

ਧਰੁਤ ਦੀ ਹਿੱਕ 'ਤੇ
ਧੜਾਧੜ ਸੁਰਾਖਾਂ ਦਾ ਇਜ਼ਾਫ਼ਾ,
ਇਹ ਕਾਗਜ਼ੀ ਮੁਨਾਫ਼ਾ
ਸਾਡੇ ਸਾਹਾਂ ਨੂੰ ਮਨਫ਼ੀ ਕਰ ਰਿਹੈ,

ਮੁੱਕਦੀ ਗੱਲ
ਸਾਡਾ ਜ਼ਮੀਰ ਡਿੱਗ ਚੁੱਕਿਆ ਏ
ਪਾਣੀ ਤੋਂ ਦੁੱਗਣਾ ਹੇਠਾਂ...



ਅਕਰਮ ਧੂਰਕੋਟ
98156-07290

## ਕਵਿਤਾ

ਜਦੋਂ ਮੈਂ ਫੁੱਲ ਬਣ ਮਹਿਕਿਆ
ਤਾਂ ਆਲੇ ਦੁਆਲੇ ਦੇ ਲੋਕਾਂ ਨੇ
ਮੈਨੂੰ ਆਖਿਆ ਕਿ
ਐਨਾ ਸੱਚ ਨਾ ਬੋਲ
ਥੋੜ੍ਹਾ ਜਿਹਾ ਕੁਫ਼ਰ ਤੋਲ
ਸੌਖਾ ਰਹੇਂਗਾ।
ਮੈਂ ਕਲਮ ਨੂੰ ਪੁੱਛਿਆ
ਲੋਕ ਆਖਦੇ ਨੇ
ਸੱਚ ਨਾ ਬੋਲ
ਸੱਚ ਨਾ ਲਿਖ
ਜਿਹੜੇ ਭਾਅ ਵਿਕਦਾ ਐ ਵਿਕ,
ਚੜ੍ਹ ਜਾ ਸੱਤਾ ਦੇ ਗਲਿਆਰਿਆਂ ਵਿਚ
ਪਾ ਲੈਣ ਗਲੇ ਪੁਰਸਕਾਰਾਂ ਦੇ ਹਾਰ
ਬਚਿਆ ਰਹੇਂਗਾ?
ਤਾਂ ਕਲਮ ਨੇ ਆਖਿਆ
ਮੈਂ ਤਾਂ ਪਹਿਲਾਂ ਹੀ ਸਿਰ
ਕਲਮ ਕਰਵਾ ਦਿੱਤਾ ਹੈ!
ਮਰਨ ਦਾ ਜੱਬ ਮੁਕਾ ਦਿੱਤਾ ਐ!
ਭਲਾ ਦੱਸ ਝੂਠ ਬੋਲਣ ਵਾਲਾ
ਕੋਈ ਬਚਿਆ ਹੈ?
ਸੱਚ ਬੋਲਣ ਵਾਲੇ ਸਦਾ ਜਿਉਂਦੇ ਨੇ!
ਜਿਉਣਾ ਐ ਕਿ ਸਦਾ ਲਈ ਮਰਨਾ ਐ?

ਬੁੱਧ ਸਿੰਘ ਨੀਲੋਂ
94643-70823

## ਕਵਿਤਾ

ਦੇਖਿਆ ਮੈਂ ਦੋਸਤਾਂ ਕਲ ਹਾਲ ਤੇਰੇ ਸ਼ਹਿਰ ਦਾ
ਪੈਸੇ ਲਈ ਹੈ ਹਰ ਬਸ਼ਰ ਬੇਹਾਲ ਤੇਰੇ ਸ਼ਹਿਰ ਦਾ !
ਲੋੜਵੰਦ ਨੂੰ ਦੇਖ ਕੇ ਹਰ ਚੀਜ਼ ਮਹਿੰਗੀ ਹੋ ਗਈ
ਹਰ ਸ਼ਖਸ ਹੈ ਗਿਆ ਦਲਾਲ ਤੇਰੇ ਸ਼ਹਿਰ ਦਾ !
ਹੁਨਰ ਹੈ ਤਨਜ਼ੀਮ ਹੈ ਅਕਲ ਤੇ ਇਨਸਾਨੀਅਤ
ਮਹਿੰਗਾ ਨਾ ਸੋਚ ਸਭ ਮਿਲੂ, ਜਲਾਲ ਤੇਰੇ ਸ਼ਹਿਰ ਦਾ !
ਫੋਕੀਆਂ ਰੰਗੀਨੀਆਂ ਤੇ ਫੋਕੀ ਚਮਕ ਦਮਕ ਹੈ
ਖੋ ਗਈ ਹੈ ਜ਼ਿੰਦਗੀ ਦੀ ਕੁਦਰਤੀ ਜੋ ਰਮਕ ਹੈ !
ਭਾਲਿਆ ਤਾਂ ਦੇਖਿਆ ਰੂਹ ਮਰ ਗਈ ਤੇਰੇ ਸ਼ਹਿਰ ਦੀ
ਜੋ ਲਿਸ਼ਕਦਾ ਸੀ ਭੁਰ ਗਿਆ ਜਮਾਲ ਤੇਰੇ ਸ਼ਹਿਰ ਦਾ !
ਜੋ ਦੇਖਿਆ ਮਹਿਸੂਸ ਕੀਤਾ ਦਿਲ 'ਚ ਆਇਆ ਕਹਿ ਲਿਆ...
ਖੁਦ ਚੋਂ ਮਨਫੀ ਹੋ ਰਿਹਾ ਇਨਸਾਨ ਤੇਰੇ ਸ਼ਹਿਰ ਦਾ !
ਐਵੇਂ ਨਾ ਨਾਰਾਜ਼ ਹੋਵੀ ਐਵੇਂ ਨਾ ਗੁੱਸਾ ਕਰੀ
ਮੈਂ ਤਾਂ ਬਸ ਕੁਝ ਘੜੀਆਂ ਲਈ ਮਹਿਮਾਨ ਤੇਰੇ ਸ਼ਹਿਰ ਦਾ।

- ਪ੍ਰਦੀਪ ਗਰੇਵਾਲ

## ਸੁਰਜੀਤ ਪਾਤਰ ਨੂੰ ਚੇਤੇ ਕਰਦਿਆਂ

ਸੋਗ ਅੰਦਰ ਸੀ ਡੁੱਬਿਆ, ਪੰਜ ਆਬਾਂ ਦਾ ਖ਼ਾਬ
ਵੈਣਾਂ ਦੀ ਭਰਵੀਂ ਫਸਲ ਸੀ, ਗੀਤਾਂ ਦੀ ਸੀ ਤਾਬ

ਪਾਣੀ 'ਤੇ ਉਹ ਲੀਕ ਸੀ, ਪਾਣੀ ਸੀ ਪੰਜ ਆਬ
ਜਿਸ ਦੀ ਚੂਲੀ ਭਰਨ ਨੂੰ, ਹਰ ਕਾਵਿ ਸਤਰ ਬੇਤਾਬ

ਤੁਰ ਗਏ ਦਾ ਸੋਗ ਵੀ, ਜਦ ਆਵੇ ਬਣ ਗੀਤ
ਸਮਝੋ ਸਖ਼ਸ਼ ਨਿਭਾ ਗਿਆ, ਸ਼ਿਵ ਵਾਰਸ ਦੀ ਰੀਤ

ਚੇਤੇ ਵਿਚ ਜੋ ਰੱਖਣਾ, ਕਵਿਤਾ ਦਾ ਅਸਵਾਰ
ਕਰ ਸ਼ਬਦਾਂ ਦੀ ਬੰਦਗੀ, ਲਿਖ ਕੁਝ ਟੁਣੇਹਾਰ

ਹਾਅ ਬਣਿਆਂ ਜੋ ਬਿਰਖ ਦੀ, ਡਾਲੀ ਡਾਲੀ ਮਹਿਕ
ਉਸ ਦੇ ਹਿਰਦੇ ਪ੍ਰੇਮ ਸੀ, ਬੋਲਾਂ ਵਿਚ ਸੀ ਟਹਿਕ

ਜਿਸ ਕੋਲ ਸਹਿਜ ਸਬਰ ਸੀ, ਮਘਦੇ ਸ਼ਾਂਤ ਸੁਖਨ
ਉਹ ਹੀ ਵਿਛੜੇ ਛਿਣ ਜਿਹਾ, ਉਹ ਹੀ ਪਸਰੀ ਸੁੰਨ

ਜਿਸ ਦੀ ਕਵਿਤਾ ਸੱਥ ਬਣੀ, ਪਹੁੰਚੀ ਦਰ ਦਰਬਾਰ
ਉਹ ਸੀ ਪਾਤਰ ਯੁੱਗ ਜਿਹਾ, ਸਮਿਆਂ ਦਾ ਤਕਰਾਰ

ਉਹ ਸੀ ਇਹ ਵੀ ਜਾਣਦਾ, ਗੱਡਿਆਂ ਦਾ ਸਰਦਾਰ
ਵਿਚ ਵਿਦੇਸ਼ਾਂ ਰੁਲ ਰਿਹਾ, ਬੱਸ ਦਾ ਬਣ ਅਸਵਾਰ

ਸਫ਼ਰ ਬਣਾ ਜਿਸ ਤੁਰਦਿਆਂ, ਗਾਹ ਲਏ ਬਹੁ ਅਸਮਾਨ
ਉਸ ਦੇ ਸਿਰ ਸੀ ਸੁਖਨ ਦਾ, ਸੱਜਿਆ ਕਾਵਿ ਅਭਿਮਾਨ

ਕਿਸ ਦਰਿਆ ਦੇ ਸਹਿਜ ਵਿਚ, ਡੁੱਬ ਕੇ ਛੇੜੀ ਤਾਨ
ਕੌਣ ਕਥਾ ਫਿਰ ਛੇੜ ਲਈ, ਕਿਸ ਖੋਹਿਆ ਅਸਮਾਨ

ਪੌਣ ਬਿਰਖ ਜਲ ਰਲ ਗਏ, ਸਿਰਜੇ ਅੱਗ ਦੇ ਗੀਤ
ਬਲਦੇ ਰੱਥ ਵਿਚ ਸੋਚ ਸੀ, ਬਣਦੇ ਰਾਹ ਸਨ ਮੀਤ

ਪਾਤਰ ਚੇਤੇ ਕਰਦਿਆਂ, ਭੁੱਲਣਾ ਪੈਣਾ ਆਪ
ਖ਼ੂਨ ਤੱਤੇ ਵਿਚ ਤਰਦਿਆਂ, ਛੱਡ ਬਹਿਰਾਂ ਦਾ ਜਾਪ

ਜੇ ਪਾਤਰ ਨਾ ਜਨਮਦਾ, ਕਿਵ ਜੰਮਣੇ ਸਨ ਗੀਤ
ਕਿਸ ਯਾਰਾਂ ਦੇ ਦੁੱਖ ਲਈ, ਤੋੜਨੀ ਸੀ ਚੁੱਪ ਰੀਤ

ਪਾਤਰ ਪਾਤਰ ਕੂਕਿਆ, ਜਦ ਸਾਰਾ ਸੰਸਾਰ
ਸੁੱਕੇ ਰੁੱਖ ਵੀ ਫੁੱਟ ਪਏ, ਬਣਗੇ ਸਿਰਜਣਹਾਰ

ਕਾਇਆ ਉਸਦੀ ਇਕਹਿਰੀ, ਅੰਦਰ ਵੱਸਣ ਗੀਤ
ਸ਼ਬਦ ਬਿਰਖ ਤੋਂ ਝੜ ਰਹੇ, ਪੌਣਾਂ ਵਿਚ ਸੰਗੀਤ

ਕੋਸਣ ਵਾਲੇ ਹਿਰਦਿਆਂ, ਅੰਦਰ ਉੱਠਦੀ ਚੀਸ
ਨਫਰਤ ਹੀ ਹਥਿਆਰ ਸੀ, ਨਿੰਦਣ ਦੀ ਸੀ ਟੀਸ

ਗੀਤਾਂ ਅੰਦਰ ਵਿਗਸਦੀ, ਸੋਚ ਸੀ ਪਾਤਰ ਯਾਰ
ਕਵਿਤਾ ਦਾ ਉਹ ਬਿਰਖ ਸੀ ,ਪੌਣ ਜਿਹਾ ਹਥਿਆਰ

ਦੋ ਸਤਰਾਂ ਵਿਚ ਸਾਂਭਣਾ, ਪਾਤਰ ਦਾ ਸੰਸਾਰ
ਕਠਿਨ ਬੜਾ ਹੈ ਦੋਸਤੋ, ਸ਼ਾਇਰ ਦਾ ਵਿਸਥਾਰ

ਉਸ ਤਾਂ ਸੱਚ ਸੀ ਬੋਲਿਆ, ਮੋਢੇ ਹੋਵਣ ਚਾਰ
ਇਹ ਹੜ੍ਹ ਕਿਧਰੋਂ ਆ ਗਿਆ, ਚਹੁੰ ਦੇ ਹੋਏ ਹਜ਼ਾਰ

ਰੁਲਦੇ ਫਿਰਨ ਅਦਾਲਤੀਂ, ਬਣ ਬਿਰਖਾਂ ਦਾ ਗੌਣ
ਸੁੱਕ ਤੇ ਕੁਝ ਮਰ ਮੁੱਕ ਗਏ, ਵਿਰਲਾਪ ਕਰੇਂਦੀ ਪੌਣ

ਬਿਰਖ ਬਣਨ ਦਾ ਸਫ਼ਰ ਕਰ, ਸੁੱਕ ਗਏ ਜੋ ਹਾਰ
ਲੜ ਉਹਨਾਂ ਦੇ ਸਬਰ ਨੂੰ, ਮੱਚਦੇ ਹਿਰਦੇ ਠਾਰ



ਮਲਵਿੰਦਰ
9779591344, 365 994 6744

## ਦਿਲ ਲਗੀ

ਕੋਈ ਦਸਤਕ ਦੇ ਕੇ ਮੁੜ ਗਿਆ, ਦਿਲ ਦੇ ਦਰਵਾਜ਼ੇ,
ਦਿਲ ਰਹਿ ਗਿਆ ਕੁੱਛ ਲਾਂਵਦਾ, ਕਿਆਫ਼ੇ ਅੰਦਾਜ਼ੇ।

ਕੌਣ ਸੀ ਉਹ ਅਜਨਬੀ, ਅਤੇ ਕਿਉਂ ਸੀ ਆਇਆ,
ਸਵਾਲ ਜਵਾਬ ਕਈ ਉੱਭਰਦੇ, ਕੱਸਣ ਆਵਾਜ਼ੇ।

ਕੀ ਕਿਸੇ ਨੇ ਕੀਤੀਆਂ ਕੋਸ਼ਿਸ਼ਾਂ, ਦਿਲਬਰੀ ਦੀਆਂ?
ਜਾਂ ਕਰ ਰਿਹਾ ਸੀ ਦਿਲ ਲਗੀ, ਹੋ ਆਸੇ ਪਾਸੇ?

ਟੁੰਬੀਆਂ ਗਈਆਂ ਕਈ ਸੱਧਰਾਂ, ਪਣਪੀਆਂ ਉਮੀਦਾਂ,
ਸਵਾਦ ਸਵਾਦ ਮਨ ਹੋ ਗਿਆ, ਜਿਵੇਂ ਸ਼ਹਿਦ ਪਤਾਸੇ।

ਸ਼ਹਿ ਮਿਲੀ ਜਜ਼ਬਾਤਾਂ ਨੂੰ, ਫਿਰ ਪ੍ਰਬਲ ਹੋਣ ਦੀ,
ਮਿਲ ਜਾਵਣ ਕਿਤੇ ਰੂਹ ਨੂੰ, ਮੁਸਕਰਾਹਟਾਂ ਹਾਸੇ।

ਹਾਏ! ਆਵੇ ਫੇਰ ਉਹ ਪਰਤ ਕੇ, ਕਿਤੇ ਭੁੱਲ ਭੁਲੇਖੇ,
ਮਿਲ ਜਾਵਣ ਕਿਤੇ ਜਿੰਦ ਨੂੰ, ਤਸੱਲੀਆਂ ਤੇ ਦਿਲਾਸੇ।

ਹੁਣ ਯਾਦ ਹੀ ਬਾਕੀ ਰਹਿ ਗਈ, ਜਾਂ ਭਰਮ ਨੇ ਪੱਲੇ,
ਦਿੰਦਾ ਰਹਿ ਦਿਲਾ ਆਪ ਨੂੰ, ਹੁਣ ਝੂਠੇ ਧਰਵਾਸੇ।

ਜੰਗਲ ਗਏ ਨਾ ਬਹੁੜਦੇ, ਜਾ ਇੱਛਰਾਂ ਨੂੰ ਪੁੱਛੋ,
ਯੋਗ ਸਨ ਜੋ ਦਿਲਾਂ ਦੇ, ਤੋੜ ਗਏ ਪਰਭਾਸੇ।

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ

## ਸੁਫਨੇ

ਭੇਂਟ ਕਰਨਾ ਚਾਹੁੰਦਾ ਹਾਂ
ਇਕ ਦੁਪੱਟਾ ਤੈਨੂੰ
ਬਣਿਆ ਹੋਵੇ ਜੋ
ਮੇਰੇ ਦਿਲ ਦੇ ਧਾਗਿਆਂ ਦਾ
ਗਲ ਵਿੱਚ ਪਾਕੇ ਜਿਸਨੂੰ
ਨਿੱਘ ਹੋਵੇ ਮਹਿਸੂਸ
ਤੈਨੂੰ ਮੇਰੇ ਪਿਆਰ ਦਾ

ਸੋਚਦਾ ਹਾਂ ਕਈ ਵਾਰੀ
ਸਟੱਡੀ ਟੇਬਲ ਉੱਤੇ
ਝੁਕੇ ਹੋਈਏ
'ਗਾਨ ਵਿਦ ਦਾ ਵਿੰਡ' ਲੈਕੇ
ਅਚਾਨਕ ਗੱਲ ਛਿੜੇ
ਨਾਇਕਾ ਬਾਰੇ
ਗੱਲ-ਬਾਤ ਮੁੱਕੇ ਨਾ
ਤੇ ਰਾਤ ਮੁੱਕ ਜਾਏ

ਜਦੋਂ ਜਦੋਂ ਵੀ
ਸਮੁੰਦਰ ਦੇ
ਪਾਣੀ ਵਾਂਗ
ਸ਼ਾਂਤ ਹੋਵਾਂ ਮੈਂ
ਤੂੰ ਲਹਿਰ ਬਣ ਉੱਠੇਂ
ਤੋੜ ਦੇਵੇਂ ਖੜੋਤ
ਭਰ ਜਾਈਏ ਜੀਵਨ ਨਾਲ

ਕੜਕਦੀ ਧੁੱਪ ਵਿੱਚ
ਪਹਾੜਾਂ 'ਚ ਡਿੱਗਦਾ
ਕੋਈ ਝਰਨਾ ਹੋਵਾਂ ਮੈਂ
ਤੇ ਤੂੰ ਮੋਤੀਆਂ ਵਾਂਗ
ਚਮਕਦੀਆਂ ਬੂੰਦਾਂ ਵਿੱਚ
ਸੱਤਰੰਗੀ ਪੀਂਘ ਬਣ
ਘੁੱਲ ਜਾਵੇਂ

ਹਜ਼ਾਰਾਂ ਹੀ ਐਸੇ ਸੁਫਨੇ
ਮੈਂ ਲਕੋਏ ਨੇ
ਦਿੱਲ ਦੀ ਬੁੱਕਲ? ਵਿੱਚ
ਪਰ ਜਦੋਂ ਕਦੇ
ਇਕ ਅੱਧਾ ਸੁਫਨਾ
ਕੱਢਦਾ ਹਾਂ
ਕੋਈ ਲੁਟੇਰਾ
ਸੁਫਨਿਆਂ ਦਾ ਵੈਰੀ
ਮੇਰੇ
ਸਿਰ ਅਤੇ ਮੌਰਾਂ ਤੇ
ਡਾਂਗਾਂ ਕੱਢ ਮਾਰਦਾ ਏ
ਮੈਂ ਭਮੱਤਰ ਜਾਂਦਾ ਹਾਂ
ਮੌਰਾਂ ਦੀ ਸੱਟ ਦੀ ਪੀੜ
ਮੈਨੂੰ ਭੁਲਾ ਦਿੰਦੀ ਏ
ਸੱਭ ਕੁੱਝ
ਫਿਰ ਮੈਂ ਕੁੱਝ ਸਮਾਂ
ਸੁਫਨਾ ਬੁੱਕਲ 'ਚੋਂ
ਕੱਢਣ ਦੀ
ਹਿੰਮਤ ਨਹੀਂ ਕਰਦਾ।

ਪਰ ਸੁਫਨੇ
ਆਉਂਦੇ ਨੇ
ਜਿਉਂਦੇ ਜਾਗਦੇ
ਲੋਕਾਂ ਨੂੰ
ਲਾਸ਼ਾਂ ਨੂੰ ਸੁਫਨੇ
ਨਹੀਂ ਆਉਂਦੇ।

ਬਲਰਾਜ

## ਜੈਸਾ ਰਾਜਾ....

ਦੇਵਤਾ ਹੁੰਦੇ ਨੇ
ਪਾਪ-ਪੁੰਨ ਤੋਂ ਪਰ੍ਹੇ

ਉਵੇਂ ਹੀ
ਰਾਜਾ ਹੁੰਦੈ
ਸੱਚ-ਝੂਠ ਤੋਂ ਉੱਪਰ

ਰਾਜਾ
ਨੁਮਾਇੰਦਾ ਹੁੰਦੈ
ਰੱਬ ਦਾ

ਰਾਜਾ
ਨਾ ਝੂਠ ਬੋਲਦੈ
ਨਾ ਸੱਚ ਬੋਲਦੈ

ਉਹ ਸਿਰਫ਼
ਬੋਲਦਾ ਹੀ ਰਹਿੰਦੈ
ਕਵੀਗਣ ਕੱਢਦੇ ਨੇ
ਅਰਥ
ਚਾਪਲੂਸ ਗਾਉਂਦੇ ਨੇ
ਮਹਿਮਾ

ਪਰਜਾ ਲੱਭਦੀ ਹੈ
ਆਪਣੇ ਅਰਥ
ਦਰਬਾਰੀ ਗਾਉਂਦੇ ਨੇ
ਆਪਣਾ ਰਾਗ
ਜਿਸ ਨੂੰ ਕਿਹਾ ਜਾਂਦੈ
ਰਾਗ ਦਰਬਾਰੀ

ਰਾਜੇ ਲਈ
ਅਰਥ ਦਾ ਅਰਥ
ਹੋਰ
ਰਾਜ ਲਈ
ਬਿਲਕੁੱਲ ਹੋਰ
ਪਰਜਾ ਲਈ
ਮੂਲੋਂ ਹੋਰ

ਜਿਹੜਾ ਰਾਜਾ
ਰਾਸ਼ਨ ਦਿੰਦੈ
ਪੈਸਾ ਦਿੰਦੈ
ਜਾਂ ਵਾਅਦਾ ਕਰਦੈ
ਦੇਣ ਦਾ

ਅਰਥ
ਲੱਭਣਾ ਬਣਦੈ
ਉਸਦੇ ਰਾਸ਼ਨ 'ਚੋਂ
ਨਾਕਿ ਉਸਦੇ ਭਾਸ਼ਣ 'ਚੋਂ

ਜੈਸਾ ਰਾਜਾ
ਤੈਸੀ ਪਰਜਾ

ਮੂਲ ਲੇਖਕ: ਧ੍ਰੁਬ ਨਾਥ
ਅਨੁ.: ਯਸ਼ ਪਾਲ
9814535005

# ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਸੁਨੇਤ ਦੀ ਵਿਲੱਖਣ ਯਾਦਗਾਰ - ਸੁਨੇਤ



ਜਸਵੰਤ ਜੀਰਖ
98151-69825

ਭਾਰਤ ਨੂੰ ਵਿਦੇਸ਼ੀ ਜਰਵਾਣਿਆਂ ਤੋਂ ਮੁਕਤ ਕਰਵਾਉਣ ਲਈ ਉੱਠੀ ਗ਼ਦਰ ਲਹਿਰ ਦੇ ਅਨੇਕਾਂ ਸੂਰਬੀਰ ਸ਼ਹੀਦਾਂ ਦੇ ਦਿਮਾਗ ਵਿੱਚ ਇੱਕ ਅਜਿਹੇ ਸਮਾਜ ਦੀ ਸਿਰਜਣਾ ਦਾ ਸੁਪਨਾ ਸੀ, ਜਿਸ ਵਿੱਚ ਲੁੱਟ, ਜਬਰ, ਬੇਰੋਜ਼ਗਾਰੀ, ਗਰੀਬੀ, ਅਗਿਆਨਤਾ ਲਈ ਕੋਈ ਥਾਂ ਨਾ ਹੋਣੀ ਸੀ। ਅੱਜ ਦੀ ਤਰ੍ਹਾਂ ਜਾਤ-ਪਾਤ, ਧਰਮਾਂ, ਫਿਰਕਿਆਂ ਦੇ ਨਾਂ 'ਤੇ ਮਨੁੱਖਤਾ ਦਾ ਖ਼ੂਨ ਵਹਾਉਣ ਵਾਲੀ ਸਿਆਸਤ ਕਰਨ ਵਾਲਿਆਂ ਦਾ ਨਾਮ ਨਿਸ਼ਾਨ ਖ਼ਤਮ ਕਰਨਾ ਉਹਨਾਂ ਦਾ ਮੁੱਖ ਉਦੇਸ਼ ਸੀ। ਅਜਿਹੇ ਰਾਜ ਪ੍ਰਬੰਧ ਦੀ ਸਥਾਪਤੀ ਕਰਨ ਲਈ ਬਰਤਾਨਵੀ ਸਾਮਰਾਜੀ ਹਕੂਮਤ ਦੇ ਖਿਲਾਫ਼ ਜੰਗ ਵਿੱਢਣ ਦੇ ਮਨਸੂਬੇ ਉਹਨਾਂ ਦੇਸ਼ ਭਗਤਾਂ ਵੱਲੋਂ ਬਣਾਏ ਗਏ, ਜੋ ਆਪਣੀ ਰੋਜ਼ੀ-ਰੋਟੀ ਲਈ ਅਮਰੀਕਾ ਗਏ ਸਨ। ਇਹਨਾਂ ਸਿਰਲੱਥ ਯੋਧਿਆਂ ਵਿੱਚੋਂ ਹੀ ਇੱਕ ਸਨ - ਬਾਬਾ ਭਾਨ ਸਿੰਘ ਸੁਨੇਤ (ਲੁਧਿਆਣਾ) ਜਿਹਨਾਂ ਨੇ ਆਪਣਾ ਸਭ ਕੁਝ ਹੀ ਦੇਸ਼ ਆਜ਼ਾਦ ਕਰਵਾਉਣ ਦੇ ਲੇਖੇ ਲਾ ਕੇ ਆਪ 2 ਮਾਰਚ 1918 ਨੂੰ ਅੰਗਰੇਜ਼ ਹਕੂਮਤ ਵੱਲੋਂ ਦਿੱਤੀ ਉਮਰ ਕੈਦ ਕਾਲ਼ੇ ਪਾਣੀ ਦੀ ਸੈਲੂਲਰ ਜੇਲ੍ਹ (ਅੰਡੇਮਾਨ ਨਿਕੋਬਾਰ) ਵਿੱਚ ਕੱਟਦਿਆਂ ਅਨੇਕਾਂ ਸ਼ਰੀਰਕ ਤਸੀਹੇ ਝੱਲਦਿਆਂ ਸ਼ਹੀਦੀ ਪ੍ਰਾਪਤ ਕਰ ਗਏ।

ਬਾਬਾ ਭਾਨ ਸਿੰਘ ਸੁਨੇਤ ਨੇ ਅੰਗਰੇਜ਼ਾਂ ਦੇ ਘੋੜ ਸਵਾਰ ਰਸਾਲੇ ਦੀ ਨੌਕਰੀ ਨੂੰ ਲੱਤ ਮਾਰ ਕੇ ਸਵੈ ਮਾਣ ਵਾਲੀ ਜ਼ਿੰਦਗੀ ਜਿਉਣ ਨੂੰ ਪਹਿਲ ਦਿੱਤੀ। 1911 ਵਿੱਚ ਨੌਕਰੀ ਛੱਡ ਅਮਰੀਕਾ ਚਲੇ ਗਏ, ਪਰ ਉੱਥੇ ਵੀ ਗੁਲਾਮ ਭਾਰਤ 'ਚੋਂ ਗਏ ਭਾਰਤੀਆਂ ਨਾਲ ਜੋ ਪਸ਼ੂਆਂ ਤੋਂ ਵੀ ਮਾੜਾ ਵਰਤਾਓ ਹੁੰਦਾ ਵੇਖਿਆ ਤਾਂ ਆਪਣੇ ਮੁਲਕ ਨੂੰ ਆਜ਼ਾਦ ਕਰਵਾਉਣ ਦੇ ਜਜ਼ਬੇ ਨੇ ਸਿਰ ਚੁੱਕ ਲਿਆ। ਉੱਥੇ ਇਸੇ ਜਜ਼ਬੇ ਨੂੰ ਪ੍ਰਣਾਏ ਹੋਰ ਪੰਜਾਬੀਆਂ ਕਰਤਾਰ ਸਿੰਘ ਸਰਾਭਾ, ਲਾਲਾ ਹਰਦਿਆਲ, ਬਾਬਾ ਸੋਹਣ ਸਿੰਘ ਭਕਨਾ, ਗੁਰਮਖ ਸਿੰਘ ਲਲਤੋਂ, ਰੁਲੀਆ ਸਿੰਘ ਸਰਾਭਾ ਸਮੇਤ ਕਿੰਨੇ ਹੀ ਹੋਰ ਸੰਗੀ ਸਾਥੀਆਂ ਨਾਲ ਮੇਲ ਹੋਇਆ ਜੋ ਭਾਰਤੀਆਂ ਨਾਲ ਹੋ ਰਹੇ ਵਿਤਕਰੇ ਨੂੰ ਸਹਿਣ ਨਾ ਕਰ ਸਕੇ। ਇਹਨਾਂ ਇੱਥੇ ਹੀ 1913 ਵਿੱਚ ਗ਼ਦਰ ਪਾਰਟੀ ਦੀ ਸਥਾਪਨਾ ਕਰਕੇ ਬ੍ਰਿਟਿਸ ਰਾਜ ਨੂੰ ਉਖਾੜਕੇ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਇੱਕ ਹਥਿਆਰਬੰਦ ਸੰਘਰਸ਼ ਵਿੱਢਣ ਲਈ ਭਾਰਤੀ ਪਰਵਾਸੀਆਂ ਵੱਲੋਂ ਤਿਆਰੀ ਕੀਤੀ ਗਈ। 1914 ਵਿੱਚ ਗ਼ਦਰ ਪਾਰਟੀ ਦੇ ਭਾਰਤ ਵਿੱਚ ਗ਼ਦਰ ਕਰਨ ਦੇ ਪ੍ਰੋਗਰਾਮ ਅਨੁਸਾਰ ਆਪ ਹੋਰ ਸਾਥੀਆਂ ਸਮੇਤ ਤੋਸ਼ਾਮਾਰੂ ਜਹਾਜ਼ ਰਾਹੀਂ ਭਾਰਤ ਪਹੁੰਚੇ, ਪਰ ਇੱਥੇ ਅੰਗਰੇਜ਼ ਹਕੂਮਤ ਵੱਲੋਂ 173 ਸਾਥੀਆਂ ਸਮੇਤ ਫੜੇ ਗਏ। ਹਕੂਮਤ ਖਿਲਾਫ਼ ਬਗਾਵਤ ਕਰਨ ਦੇ ਕੇਸ ਵਿੱਚ 24 ਗ਼ਦਰੀਆਂ ਨੂੰ ਫਾਂਸੀ ਅਤੇ 27 ਨੂੰ ਕਾਲ਼ੇ ਪਾਣੀਆਂ ਦੀ ਉਮਰ ਕੈਦ ਅਤੇ ਕਈਆਂ ਨੂੰ ਹੋਰ ਸਜਾਵਾਂ ਹੋਈਆਂ। ਕਾਲ਼ੇ ਪਾਣੀ ਦੀ ਸੈਲੂਲਰ ਜੇਲ੍ਹ ਹੋਣ ਵਾਲਿਆਂ ਵਿੱਚ ਬਾਬਾ ਭਾਨ ਸਿੰਘ ਵੀ ਇੱਕ ਸਨ।


ਸੈਲੂਲਰ ਜੇਲ੍ਹ ਵਿੱਚ ਕੈਦ ਕੱਟਦਿਆਂ ਬਾਬਾ ਭਾਨ ਸਿੰਘ ਦਾ ਕਈ ਵਾਰ ਜੇਲ੍ਹ ਅਧਿਕਾਰੀਆਂ/ ਮੁਲਾਜਮਾਂ ਦੇ ਗਲਤ ਵਰਤਾਓ ਕਾਰਨ ਝਗੜਾ ਹੋਇਆ। ਕੈਦ ਦੌਰਾਨ ਜਦੋਂ ਇੱਕ ਗੋਰੇ ਸਿਪਾਹੀ ਵੱਲੋਂ ਕੀਤੇ ਨਿਰਾਦਰ ਦਾ ਬਾਬਾ ਭਾਨ ਸਿੰਘ ਵੱਲੋਂ ਤੁਰੰਤ ਉਸੇ ਦੀ ਭਾਸ਼ਾ ਵਿੱਚ ਜਵਾਬ ਦੇ ਕੇ ਮੋੜੀ ਭਾਜੀ ਤੋਂ ਖਾਰ ਖਾ ਕੇ ਜੇਲ੍ਹਰ ਵੱਲੋਂ, ਬਾਬਾ ਭਾਨ ਸਿੰਘ ਨੂੰ 6 ਮਹੀਨੇ ਦੀ ਕੋਠੀ ਬੰਦ ਕੈਦ, ਖੜ੍ਹੀ ਬੇੜੀ ਅਤੇ ਘੱਟ ਖ਼ੁਰਾਕ ਅਤੇ ਹੱਥ ਕੜੀ ਦੀ ਸਖ਼ਤ ਸਜ਼ਾ ਦਿੱਤੀ ਗਈ। ਇਸ ਤੋਂ ਬਿਨ੍ਹਾਂ 2.5x2.5 ਫ਼ੁੱਟ ਦੇ ਪਿੰਜਰੇ ਵਿੱਚ ਬੰਦ ਕਰਕੇ ਅਨੇਕਾਂ ਕਿਸਮ ਦੇ ਸਰੀਰਕ ਤਸੀਹੇ ਵੀ ਦਿੱਤੇ ਗਏ। ਪਰ ਬਾਬਾ ਭਾਨ ਸਿੰਘ ਵੱਲੋਂ ਹਮੇਸ਼ਾ ਹੀ ਉੱਚੀ ਆਵਾਜ਼ ਵਿੱਚ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਅਕਸਰ ਹੀ ਗਾਇਆ ਜਾਂਦਾ ਸੀ। ਜੇਲ੍ਹ ਸੁਪਰਡੈਂਟ ਇਹਨਾਂ ਦੇ ਨਿਡਰ ਸੁਭਾਓ ਅਤੇ ਦਲੇਰੀ ਨਾਲ ਦਿੱਤੇ ਜਾਂਦੇ ਜਵਾਬ ਕਾਰਣ ਹਮੇਸ਼ਾ ਚਿੜ੍ਹਦਾ ਰਹਿੰਦਾ। ਸਿੱਟੇ ਵਜੋਂ ਇਹਨਾਂ ਦੀ ਬੁਰੀ ਤਰ੍ਹਾਂ ਕੁੱਟ ਮਾਰ ਕਰਵਾਈ ਜਾਂਦੀ, ਜਿਸ ਕਾਰਣ ਜੇਲ੍ਹ ਵਿੱਚ ਦਿੱਤੇ ਜਾਂਦੇ ਅਣ-ਮਨੁੱਖੀ ਤਸੀਹਿਆਂ ਕਾਰਣ ਆਪ 2 ਮਾਰਚ, 1918 ਨੂੰ ਜੇਲ੍ਹ ਵਿੱਚ ਹੀ ਸ਼ਹੀਦੀ ਪਾ ਗਏ।

ਪਰ ਅਫ਼ਸੋਸ ਕਿ ਇਹਨਾਂ ਸ਼ਹੀਦਾਂ ਦੇ ਖ਼ੂਨ ਦਾ ਮੁੱਲ ਵੱਟ ਕੇ 1947 ਤੋਂ ਬਾਅਦ ਅੰਗਰੇਜ਼ਾਂ ਵਾਲੀਆਂ ਗੱਦੀਆਂ ਸਾਂਭਣ ਵਾਲੇ ਕਿਸੇ ਵੀ ਅਖੌਤੀ ਲੀਡਰ ਨੇ, ਇਹਨਾਂ ਸ਼ਹੀਦਾਂ ਦਾ ਕੌਡੀ ਮੁੱਲ ਨਾ ਪਾਇਆ। ਬਣਦਾ ਤਾਂ ਇਹ ਸੀ ਕਿ ਉਹਨਾਂ ਦੀਆਂ ਸ਼ਹਾਦਤਾਂ ਨੂੰ ਭਾਰਤੀ ਲੋਕਾਂ ਵਿੱਚ ਵੱਡੀ ਪੱਧਰ 'ਤੇ ਪ੍ਰਚਾਰ ਕੇ ਦੇਸ਼ ਪ੍ਰਤੀ ਜਜ਼ਬਾ ਪੈਦਾ ਕੀਤਾ ਜਾਂਦਾ, ਪਰ ਦੇਸ਼ ਦੇ ਲੀਡਰਾਂ ਨੇ ਅਜਿਹਾ ਨਹੀਂ ਕੀਤਾ, ਜਿਸ ਦੇ ਸਿੱਟੇ ਵਜੋਂ ਦੇਸ਼ ਦੀ ਜੁਆਨੀ ਇਹਨਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਸੇਧ ਲੈਣ ਦੀ ਬਜਾਏ ਆਪਣੇ ਵੱਖਰੇ ਹੀ ਵਹਾ ਵਿੱਚ ਗੋਤੇ ਖਾ ਰਹੀ ਹੈ। ਸੈਲੂਲਰ ਜੇਲ੍ਹ ਦੇ ਬਾਹਰ ਸਾਹਮਣੇ ਬਣੀ ਪਾਰਕ ਵਿੱਚ ਤਾਂ ਭਾਵੇਂ ਬਾਬਾ ਭਾਨ ਸਿੰਘ ਦੀ ਯਾਦਗਾਰ ਇੱਕ ਬੁੱਤ ਦੇ ਰੂਪ ਵਿੱਚ ਸਥਾਪਤ ਹੈ, ਪਰ ਉਹਨਾਂ ਦੇ ਜੱਦੀ ਪਿੰਡ ਸੁਨੇਤ ਜਾਂ ਪੰਜਾਬ ਵਿੱਚ ਕਿਧਰੇ ਵੀ ਉਹਨਾਂ ਦੀ ਕੋਈ ਢੁਕਵੀਂ ਯਾਦਗਾਰ ਬਣਾਉਣ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ। ਇਸ ਘਾਟ ਨੂੰ ਪੂਰਾ ਕਰਨ ਲਈ ਇਸ ਇਲਾਕੇ ਦੇ ਕੁਝ ਅਗਾਂਹਵਧੂ ਉਦਮੀਆਂ ਨੇ ਲਗਾਤਾਰ ਕਈ ਸਾਲ ਇਸ ਸ਼ਹੀਦ ਦੀ ਯਾਦ ਵਿੱਚ ਇੱਕ ਸਮਾਜ ਸੇਵੀ ਸੰਸਥਾ ਮਹਾਂ ਸਭਾ ਲੁਧਿਆਣਾ (ਐਨ ਜੀ ਓ) ਦਾ ਗਠਨ ਕਰਕੇ, ਇਲਾਕੇ ਵਿੱਚ ਇਸ ਗ਼ਦਰੀ ਸ਼ਹੀਦ ਦੀ ਕੁਰਬਾਨੀ ਬਾਰੇ ਸੱਭਿਆਚਾਰਕ ਮੇਲੇ ਕਰਵਾਉਣੇ ਸ਼ੁਰੂ ਕੀਤੇ। ਉਹਨਾਂ ਵਿੱਚ ਗ਼ਦਰ ਲਹਿਰ ਅਤੇ ਬਾਬਾ ਭਾਨ ਸਿੰਘ ਦੀ ਕੁਰਬਾਨੀ ਬਾਰੇ ਲੋਕਾਂ ਨੂੰ ਨਾਟਕਾਂ, ਭਾਸ਼ਣਾਂ ਅਤੇ ਹੋਰ ਵੰਨਗੀਆਂ ਰਾਹੀਂ ਜਾਗ੍ਰਿਤ ਕਰਨਾ ਸ਼ੁਰੂ ਕੀਤਾ। ਇਸ ਦੇ ਹਾਂ ਪੱਖੀ ਸਿੱਟੇ ਸਾਹਮਣੇ ਆਏ, ਜਿਹਨਾਂ ਦੇ ਫਲਸਰੂਪ ਪਿੰਡ ਦੇ ਮੋਹਤਬਰ ਲੋਕਾਂ ਨੇ ਸੁਨੇਤ ਦੇ ਹਾਈ ਸਕੂਲ ਵਿੱਚ ਹੋਏ ਇਕੱਠ ਦੌਰਾਨ ਬਾਬਾ ਭਾਨ ਸਿੰਘ ਦੀ ਯਾਦਗਾਰ ਉਸਾਰਨ ਲਈ ਪਿੰਡ ਦੀ ਖਾਲੀ ਪਈ ਸ਼ਾਮਲਾਟ ਜ਼ਮੀਨ ਮਹਾਂਸਭਾ ਦੇ ਹਵਾਲੇ ਕਰਨ ਦਾ ਮਤਾ ਪਾਸ ਕਰ ਦਿੱਤਾ। ਇਸ ਸਮੇਂ ਸ਼ਹੀਦ ਭਗਤ ਸਿੰਘ ਵਿਚਾਰ ਮੰਚ ਲੁਧਿਆਣਾ ਵੱਲੋਂ ਵੀ ਸ਼ਹੀਦਾਂ ਦੀ ਵਿਚਾਰਧਾਰਾ ਨੂੰ ਪ੍ਰਫੁੱਲਤ ਕਰਨ ਵਿਚ ਬਣਦਾ ਸਹਿਯੋਗ ਕਰਨ ਲਈ ਭਰੋਸਾ ਦਿੱਤਾ ਗਿਆ। ਮਹਾਂ ਸਭਾ ਲੁਧਿਆਣਾ ਵੱਲੋਂ ਗ਼ਦਰ ਪਾਰਟੀ ਦੇ ਚਿਤਵੇ ਇਨਸਾਨੀ ਬਰਾਬਰਤਾ ਅਤੇ ਇਨਸਾਫ਼ 'ਤੇ ਅਧਾਰਤ ਆਜ਼ਾਦੀ ਦੇ ਸੰਕਲਪ ਨੂੰ, ਲੋਕਾਂ ਤੱਕ ਲੈ ਕੇ ਜਾਣ ਦੇ ਮੰਤਵ ਨੂੰ ਪੂਰਾ ਕਰਨ ਦੇ ਹਿੱਤ ਵਿੱਚ ਯਾਦਗਾਰ ਦੀ ਉਸਾਰੀ ਕਰਨ ਲਈ 'ਸ਼ਹੀਦ ਬਾਬਾ ਭਾਨ ਸਿੰਘ ਗ਼ਦਰ ਮੈਮੋਰੀਅਲ ਟਰੱਸਟ' ਦਾ ਗਠਨ ਕਰਕੇ, ਸਭ ਤੋਂ ਪਹਿਲਾਂ ਆਪਣੇ ਅਤੇ ਹੋਰ ਸਹਿਯੋਗੀਆਂ ਕੋਲੋਂ ਫੰਡ ਇਕੱਠਾ ਕਰਕੇ ਯਾਦਗਾਰ ਉਸਾਰਨ ਦਾ ਕੰਮ ਅਰੰਭ ਕੀਤਾ ਗਿਆ। ਇਸ ਯਾਦਗਾਰੀ ਥਾਂ ਦੀ ਭੂ-ਮਾਫ਼ੀਆ ਅਤੇ ਸਿਆਸਤਦਾਨਾਂ ਦੇ ਗੱਠਜੋੜ ਨੇ ਭਾਵੇਂ ਫਰਜ਼ੀ ਰਜਿਸਟਰੀ ਕਰਵਾ ਕੇ ਰਾਤੋ-ਰਾਤ ਨੀਹਾਂ ਭਰ ਕੇ ਨਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਮਹਾਂ ਸਭਾ ਵੱਲੋਂ ਲੋਕਾਂ ਦੇ ਸਹਿਯੋਗ ਨਾਲ ਇਸ ਨੂੰ ਨਾਕਾਮ ਕੀਤਾ ਗਿਆ। ਇਸ ਉਪਰੰਤ ਪਿੱਛਲੇ 20-22 ਸਾਲਾਂ ਤੋਂ ਲਗਾਤਾਰ ਇਸ ਯਾਦਗਾਰ ਦੇ ਵਿਸਥਾਰ ਲਈ ਯਤਨ ਜੁਟਾਏ ਜਾ ਰਹੇ ਹਨ, ਜਿਸ ਦੀ ਬਦੌਲਤ ਅੱਜ ਇਹ ਇੱਕ ਪ੍ਰੇਰਣਾ ਦੇ ਸੋਮੇ ਵਜੋਂ ਵੇਖਣ ਯੋਗ ਯਾਦਗਾਰ ਸਥਾਪਤ ਹੋ ਚੁੱਕੀ ਹੈ। ਇੱਥੇ ਬਾਬਾ ਭਾਨ ਸਿੰਘ ਦਾ 2.5x2.5 ਫ਼ੁੱਟ ਦੇ ਪਿੰਜਰੇ ਅੰਦਰ ਅਤੇ ਛੱਤ ਉੱਪਰ ਘੋੜ ਸਵਾਰ ਬੁੱਤ, ਸ਼ਹੀਦ ਕਰਤਾਰ ਸਿੰਘ ਸਰਾਭਾ ਸਮੇਤ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਆਦਮ ਕੱਦ ਬੁੱਤ ਇਸ ਸ਼ਹੀਦੀ ਯਾਦਗਾਰ ਨੂੰ ਵੇਖਣ ਦੀ ਇੱਛਾ ਵਿੱਚ ਵਾਧਾ ਕਰ ਰਹੇ ਹਨ। ਇੱਥੇ ਹਰ ਮਹੀਨੇ ਲਗਾਤਾਰ ਕੋਈ ਨਾ ਕੋਈ ਸਮਾਜ ਪੱਖੀ ਸਿੱਖਿਆ ਦਾਇਕ ਗੋਸ਼ਟੀ, ਨਾਟਕ, ਸੈਮੀਨਾਰ ਅਕਸਰ ਹੀ ਹੋ ਰਹੇ ਹਨ। ਗ਼ਦਰੀ ਸੂਰਬੀਰਾਂ ਅਤੇ ਹੋਰ ਇਨਕਲਾਬੀਆਂ ਦੀ ਵਿਚਾਰਧਾਰਾ ਨੂੰ ਲੋਕਾਂ ਦੀ ਚੇਤਨਾ ਦਾ ਹਿੱਸਾ ਬਣਾਉਣ ਦੇ ਯਤਨ ਇਸ ਯਾਦਗਾਰ ਤੋਂ ਲਗਾਤਾਰ ਹੋ ਰਹੇ ਹਨ। ਲੋੜਵੰਦ ਔਰਤਾਂ ਲਈ ਆਪਣੇ ਪੈਰਾਂ 'ਤੇ ਖੜੇ ਹੋਣ ਲਈ ਸਿਲਾਈ ਸੈਂਟਰ, ਲਾਇਬ੍ਰੇਰੀ, ਖੁੱਲ੍ਹੀ ਸਟੇਜ ਆਦਿ ਰਾਹੀਂ ਲੋਕਾਂ ਨੂੰ ਜ਼ਿੰਦਗੀ ਜਿਉਣ ਦੇ ਸਹੀ ਮੰਤਵ ਬਾਰੇ ਸ਼ਹੀਦਾਂ ਦੇ ਸੰਦੇਸ਼ ਦੇਣ ਦੇ ਉਪਰਾਲੇ ਲਗਾਤਾਰ ਜਾਰੀ ਹਨ। ਇਹਨਾਂ ਲਗਾਤਾਰ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਵਿੱਚ ਲੋਕਾਂ ਦੀ ਵਧ ਰਹੀ ਆਮਦ ਨੂੰ ਵੇਖਦਿਆਂ 200 ਤੋਂ ਵੱਧ ਦਰਸ਼ਕਾਂ ਦੇ ਬੈਠਣ ਲਈ ਕੁਰਸੀਆਂ ਅਤੇ ਸਮਾਗਮਾਂ ਵਿੱਚ ਲੋੜੀਂਦੇ ਬਾਥਰੂਮਾਂ ਦੀ ਉਸਾਰੀ ਦਾ ਕੰਮ, ਦੇਸ਼-ਵਿਦੇਸ਼ ਵਿੱਚ ਵਸਦੇ ਸਹਿਯੋਗੀਆਂ ਦੀ ਸਹਾਇਤਾ ਨਾਲ ਪੂਰਾ ਕੀਤਾ ਜਾ ਚੁੱਕਾ ਹੈ।

ਹੁਣ ਇਸ ਯਾਦਗਾਰ ਦੀ ਉੱਚੀ ਕੀਤੀ ਚਾਰ ਦਿਵਾਰੀ ਉੱਪਰ ਕਾਲ਼ੇ ਪਾਣੀ (ਅੰਡੇਮਾਨ-ਨਿਕੋਬਾਰ) ਦੀ ਸੈਲੂਲਰ ਜੇਲ੍ਹ ਵਿੱਚ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਦਰਸਾਉਂਦੇ ਚਿੱਤਰ (ਪੇਂਟਿੰਗ) ਅਤੇ ਲਿਖਤੀ ਰੂਪ ਵਿੱਚ ਇਤਿਹਾਸਿਕ ਤੱਥਾਂ ਨੂੰ ਇਕ ਖੁੱਲ੍ਹੇ ਮਿਊਜ਼ੀਅਮ ਦੇ ਰੂਪ ਵਿੱਚ ਵਿਖਾਉਣ ਦੇ ਯਤਨ ਜਾਰੀ ਹਨ, ਤਾਂ ਕਿ ਇਸ ਨੂੰ ਵੇਖਣ ਲਈ ਆਉਣ ਵਾਲੇ ਸਨੇਹੀਆਂ ਅਤੇ ਪਿੰਡ ਵਾਸੀਆਂ ਲਈ ਹੋਰ ਪ੍ਰੇਰਣਾ ਦਾਇਕ ਬਣਾਇਆ ਜਾ ਸਕੇ। ਅੱਜ ਦੇ ਦੌਰ ਵਿੱਚ ਗ਼ਦਰੀ ਸ਼ਹੀਦਾਂ ਵੱਲੋ ਧਰਮਾਂ, ਜਾਤਾਂ, ਫਿਰਕਿਆਂ ਤੋਂ ਉੱਪਰ ਉੱਠ ਕੇ ਦੇਸ਼ ਲਈ ਕੀਤੀਆਂ ਕੁਰਬਾਨੀਆਂ ਤੋਂ ਸਿੱਖਿਆ ਲੈਣ ਦੀ ਬਜਾਏ ਮੌਜੂਦਾ ਸਿਆਸਤਦਾਨਾਂ ਵੱਲੋਂ ਲੋਕਾਂ ਨੂੰ ਇਸ ਵੰਡੀਆਂ ਪਾਉਣ ਦੀ ਰਾਜਨੀਤੀ ਰਾਹੀਂ, ਆਪਣੇ ਰਾਜ ਦੀ ਉਮਰ ਹੋਰ ਲੰਮੀ ਕਰਨ ਦੇ ਦੇਸ਼ ਵਿਰੋਧੀ ਮਨਸੂਬਿਆਂ ਬਾਰੇ ਲੋਕਾਂ ਨੂੰ ਸਮਝਾਉਣ ਲਈ ਅਜੇ ਹੋਰ ਵੀ ਵੱਡੇ ਉਪਰਾਲੇ ਕਰਨ ਦੀ ਲੋੜ ਹੈ। ਆਪਣੀ ਭਾਈਚਾਰਕ ਸਾਂਝ ਬਰਕਰਾਰ ਰੱਖਦਿਆਂ ਦੇਸ਼ ਵਿਰੋਧੀ ਰਾਜਨੀਤੀ ਨੂੰ ਭਾਂਜ ਦੇਣ ਲਈ ਗ਼ਦਰੀ ਸ਼ਹੀਦਾਂ ਅਤੇ ਹੋਰ ਇਨਕਲਾਬੀਆਂ ਦੀ ਵਿਚਾਰਧਾਰਾ ਨੂੰ ਵਿਕਸਤ ਕਰਨ ਦੇ ਯਤਨਾਂ ਦੀ ਬਦੌਲਤ ਹੀ ਇਸ ਇਲਾਕੇ ਦੇ ਨੌਜਵਾਨਾਂ ਵੱਲੋਂ ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਨਾਂ ਦੀ ਸੰਸਥਾ ਬਣਾ ਕੇ ਬਹੁਤ ਹੀ ਸ਼ਲਾਘਾਯੋਗ ਉੱਦਮ ਕੀਤਾ ਹੈ। ਉਪਰੋਕਤ ਨੌਜਵਾਨ ਸਭਾ ਵੱਲੋਂ ਇਲਾਕੇ ਦੇ ਹੋਰ ਨੌਜਵਾਨਾਂ ਨੂੰ ਗ਼ਦਰੀ ਸ਼ਹੀਦਾਂ ਦੀ ਵਿਰਾਸਤ ਅਤੇ ਵਿਚਾਰਧਾਰਾ ਨਾਲ ਜੁੜਨ ਲਈ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਲਿਖਤੀ ਰੂਪ ਵਿੱਚ ਵਿਸ਼ੇਸ਼ ਫਲੈਕਸਾਂ ਇਲਾਕੇ ਵਿੱਚ ਲਗਾ ਕੇ ਨੌਜਵਾਨਾਂ ਨੂੰ ਨਸ਼ਿਆਂ ਖਿਲਾਫ਼ ਲੜਾਈ ਦੇਣ, ਪੜ੍ਹਨ-ਲਿਖਣ ਦਾ ਸੱਭਿਆਚਾਰ ਪੈਦਾ ਕਰਨ, ਨਫ਼ਰਤ ਦੀ ਰਾਜਨੀਤੀ ਤੋਂ ਉੱਪਰ ਉੱਠ ਕੇ ਆਪਸੀ ਭਾਈਚਾਰਕ ਸਾਂਝ ਪੈਦਾ ਕਰਨ, ਹਰ ਕਿਸਮ ਦੀ ਬੇਇਨਸਾਫ਼ੀ ਖਿਲਾਫ਼ ਆਵਾਜ਼ ਬੁਲੰਦ ਕਰਨ ਅਤੇ ਵਾਤਾਵਰਣ ਨੂੰ ਸਾਫ਼ ਰੱਖਣ ਆਦਿ ਲਈ ਜਾਗ੍ਰਿਤ ਕੀਤਾ ਜਾ ਰਿਹਾ ਹੈ। ਸੁਨੇਤ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਨਾਂ ਅਤੇ ਲੁਧਿਆਣਾ ਜਗਰਾਓਂ ਫਿਰੋਜਪੁਰ ਮੁੱਖ ਸੜਕ ਤੋਂ ਪਿੰਡ ਸੁਨੇਤ ਨੂੰ ਜਾਂਦੀ ਸੜਕ ਦਾ ਨਾਂ ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਦੇ ਨਾਂ ਉੱਪਰ ਰੱਖਣ ਦੀ ਮੰਗ ਕੀਤੀ ਗਈ ਹੈ। ਨੌਜਵਾਨਾਂ ਦੇ ਇਸ ਕਦਮ ਨੂੰ ਸ਼ਹੀਦ ਬਾਬਾ ਭਾਨ ਸਿੰਘ ਗ਼ਦਰ ਮੈਮੋਰੀਅਲ ਟਰੱਸਟ ਵੱਲੋਂ ਇਸ ਯਾਦਗਾਰ 'ਤੇ ਹੋ ਰਹੀਆਂ ਗਤੀਵਿਧੀਆਂ ਦੀ ਉਪਜ ਕਰਾਰ ਦਿੱਤਾ। ਟਰੱਸਟ ਦੇ ਪ੍ਰਧਾਨ ਲੈ. ਕਰਨਲ ਜੇ. ਐਸ. ਬਰਾੜ, ਜਨਰਲ ਸਕੱਤਰ ਜਸਵੰਤ ਜੀਰਖ, ਵਿੱਤ ਸਕੱਤਰ ਗੁਰਮੇਲ ਸਿੰਘ ਗਿੱਲ ਸਮੇਤ ਕੈਨੇਡਾ ਵਾਸੀ ਮਾ. ਭਜਨ ਸਿੰਘ ਜਿਹਨਾਂ ਦੇ ਵਿਸ਼ੇਸ਼ ਯਤਨਾਂ ਰਾਹੀਂ ਲਗਾਤਾਰ ਇਸ ਯਾਦਗਾਰ ਨੂੰ ਲੋਕ ਪੱਖੀ ਗਤੀਵਿਧੀਆਂ ਦਾ ਕੇਂਦਰ ਸਥਾਪਤ ਕਰਨ ਦੇ ਯਤਨ ਜਾਰੀ ਹਨ। ਟਰੱਸਟ ਵਿੱਚ ਸ਼ਾਮਲ ਡਾ. ਦਰਸ਼ਨ ਖੇੜੀ, ਮਾ. ਜਰਨੈਲ ਸਿੰਘ, ਐਡਵੋਕੇਟ ਹਰਪ੍ਰੀਤ ਜੀਰਖ, ਬਲਵਿੰਦਰ ਸਿੰਘ, ਰਾਕੇਸ਼ ਆਜ਼ਾਦ ਆਦਿ ਸਮੇਤ ਦੇਸ਼-ਵਿਦੇਸ਼ ਵਸਦੇ ਸੂਝਵਾਨ ਸਹਿਯੋਗੀਆਂ ਵੱਲੋਂ ਇਸ ਯਾਦਗਾਰ ਦੀਆਂ ਗਤੀਵਿਧੀਆਂ ਲਈ ਦਿੱਤੀਆਂ ਜਾ ਰਹੀਆਂ ਸੇਵਾਵਾਂ ਵੀ ਗਿਣਨਯੋਗ ਹਨ।

ਸ਼ਹੀਦ ਬਾਬਾ ਭਾਨ ਸਿੰਘ ਗ਼ਦਰ ਮੈਮੋਰੀਅਲ ਟਰੱਸਟ, ਬਲਬੀਰ ਲੌਂਗੋਵਾਲ ਜੀ ਦਾ ਵਿਸ਼ੇਸ਼ ਧੰਨਵਾਦੀ ਹੈ, ਜਿਹਨਾਂ ਨੇ ਬਹੁਤ ਮਿਹਨਤ ਅਤੇ ਲਗਨ ਨਾਲ ਸ਼ਹੀਦ ਬਾਬਾ ਭਾਨ ਸਿੰਘ ਜੀ ਦੀ ਸ਼ਹੀਦੀ ਨਾਲ ਸਬੰਧਤ ਵੱਖ-ਵੱਖ ਵੇਰਵਿਆਂ ਨੂੰ ਇੱਕ ਕਿਤਾਬ ਦੇ ਰੂਪ ਵਿੱਚ ਇਕੱਠੇ ਕਰਕੇ ਵਡਮੁੱਲਾ ਇਤਿਹਾਸਿਕ ਕੰਮ ਕੀਤਾ। ਨੌਜਵਾਨ ਸਾਥੀ ਅਰੁਣ ਕੁਮਾਰ (ਚਿੰਤਨ ਪ੍ਰਕਾਸ਼ਨ ਲੁਧਿਆਣਾ) ਜਿਹਨਾਂ ਇਸ ਕਿਤਾਬ ਨੂੰ ਛਪਣ ਯੋਗ ਬਣਾਇਆ ਵੱਲੋਂ ਕੀਤੇ ਉਪਰਾਲੇ ਵੀ ਸ਼ਲਾਘਾਯੋਗ ਹਨ।

**ਜਨਰਲ ਸਕੱਤਰ**
**ਸ਼ਹੀਦ ਬਾਬਾ ਭਾਨ ਸਿੰਘ**
**ਗ਼ਦਰ ਮੈਮੋਰੀਅਲ ਟਰੱਸਟ (ਰਜਿ.)-ਸੁਨੇਤ**
**(ਲੁਧਿਆਣਾ)**




**ਇਹ ਕਿਤਾਬ 23 ਜੂਨ ਨੂੰ ਨਾਟਕ ਸਮਾਗਮ ਕੈਲਗਰੀ ਵਿਖੇ ਰਿਲੀਜ਼ ਕੀਤੀ ਜਾਵੇਗੀ**

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

# ਵੋਟ ਬਾਈਕਾਟ : ਸਮਾਜਿਕ ਮਸਲਿਆਂ 'ਤੇ ਪਹਿਲਕਦਮੀ

ਅਖਾੜਾ, (ਸੁਖਵੀਰ ਸਿੰਘ) : ਬੀਤੇ 32 ਦਿਨ ਤੋਂ ਅਖਾੜਾ ਭੰਮੀਪੁਰਾ ਸੜਕ ਤੇ ਉਸਾਰੀ ਅਧੀਨ ਬਾਈਓ ਗੈਸ ਫੈਕਟਰੀ ਬੰਦ ਕਰਾਉਣ ਦੀ ਮੰਗ ਨੂੰ ਲੈ ਕੇ ਚੱਲ ਰਿਹਾ ਲੋਕ ਸੰਘਰਸ਼ ਅੱਜ ਵਿਰਾਟ ਰੂਪ ਧਾਰਨ ਕਰ ਗਿਆ। ਇੱਕ ਮਹੀਨੇ ਤੋਂ ਉੱਪਰ ਸਮੇਂ ਤੋਂ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸਾਸ਼ਨ ਵਲੋਂ ਮਸਲੇ ਪ੍ਰਤੀ ਧਾਰੀਂ ਸਾਜ਼ਸ਼ੀ ਚੁੱਪ ਤੇ ਲੋਕ ਵਿਰੋਧੀ ਰਵੱਈਏ ਨੇ ਲੋਕਾਂ ਨੂੰ ਵੋਟ ਪ੍ਰਬੰਧ ਤੋਂ ਬਾਗ਼ੀ ਹੋਣ ਦੇ ਰਾਹ ਤੋਰ ਦਿੱਤਾ। ਹਾਲਾਤ ਦਾ ਦੁਖਦ ਪਹਿਲੂ ਇਹ ਹੈ ਕਿ ਮਸਲੇ ਦਾ ਪੱਕਾ ਹੱਲ ਕਰਨ ਦੀ ਥਾਂ ਲੋਕਲ ਪ੍ਰਸ਼ਾਸ਼ਨ ਥੁੱਕ ਨਾਲ ਵੜੇ ਪਕਾਉਂਦਾ ਰਿਹਾ।



ਅਖਾੜਾ ਪਿੰਡ ਦੇ ਲੋਕਾਂ ਨੇ ਸਥਾਨਕ ਐਸਡੀਐਮ ਵੱਲੋਂ ਬਿਨਾਂ ਪੜਤਾਲ ਕੀਤੇ ਫੈਕਟਰੀ ਮਾਲਕ ਦੇ ਹੱਕ 'ਚ ਪਾਈ ਵੀਡੀਓ ਨੇ ਅੰਦੋਲਨਕਾਰੀ ਪਿੰਡ ਵਾਸੀਆਂ ਦੇ ਜ਼ਖ਼ਮਾਂ 'ਤੇ ਲੂਣ ਛਿੜਕ ਦਿੱਤਾ। ਪੂਰੇ ਪਿੰਡ ਦੀ ਗੈਸ ਫੈਕਟਰੀ ਵਿਰੋਧੀ 19 ਮੈਂਬਰੀ ਸੰਘਰਸ਼ ਕਮੇਟੀ, ਪਿੰਡ ਪੰਚਾਇਤ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਇਲਾਕੇ ਦੇ ਦਸ ਪਿੰਡਾਂ ਚ ਤਪਦੀ ਗਰਮੀ 'ਚ ਔਰਤਾਂ 'ਤੇ ਮਰਦਾਂ ਨੇ ਟਰੈਕਟਰ ਟਰਾਲੀ ਮਾਰਚ ਕਰਕੇ ਇਲਾਕੇ ਦੇ ਲੋਕਾਂ ਨੂੰ ਨਾਲ ਜੋੜਿਆ। ਬੀਤੀ ਸ਼ਾਮ ਪਿੰਡ 'ਚ ਲਾਮਿਸਾਲ ਜਾਗਰੂਕਤਾ ਮਾਰਚ ਕਰਕੇ ਸਮੁੱਚੇ ਪਿੰਡ ਨੂੰ ਇੱਕਜੁੱਟ ਕਰਕੇ ਧੜੇਬੰਦੀ ਲਈ ਮਸ਼ਹੂਰ ਪਿੰਡ ਨੇ ਇੱਕ ਨਵਾਂ ਤੇ ਸੱਜਰਾ ਇਤਿਹਾਸ ਸਿਰਜਿਆ ਹੈ। ਭੂੰਦੜੀ, ਘੁੰਗਰਾਲੀ ਰਾਜਪੂਤਾਂ ਅਤੇ ਨਾਲ ਲਗਦੇ ਚਾਰ ਪਿੰਡਾਂ ਕਿਸ਼ਨਗੜ੍ਹ, ਗਾਜੀਪੁਰ, ਨਵਾਂ ਪਿੰਡ (ਖੰਨਾ ਤਹਿਸੀਲ) ਅਤੇ ਮੁਸ਼ਕਾਬਾਦ (ਸਮਰਾਲਾ ਤਹਿਸੀਲ) 'ਚ ਵੋਟਾਂ ਦੇ ਪੂਰਨ ਬਾਈਕਾਟ ਨੇ ਜ਼ਿਲ੍ਹਾ ਪ੍ਰਸ਼ਾਸ਼ਨ ਲਈ ਸਿਰਦਰਦੀ ਤਾਂ ਖੜੀ ਕੀਤੀ ਪਰ ਦਵਾਦਾਰੂ ਕਰਕੇ ਮਸਲਾ ਹੱਲ ਕਰਨ ਦੀ ਇੱਛਾ ਸ਼ਕਤੀ ਤੋ ਪ੍ਰਸਾਸ਼ਨ ਸੱਖਣਾ ਜਾਪਿਆ। ਅਖੇ ਤੁਸੀਂ ਵੋਟ ਬਾਈਕਾਟ ਨਾ ਕਰੋ, ਵੋਟਾਂ ਤੋਂ ਬਾਅਦ ਤੁਹਾਡਾ ਮਸਲਾ ਹੱਲ ਕਰ ਦਿਆਂਗੇ। ਪਰ ਇਸ ਸਮੇਂ ਮੌਜੂਦ ਲੋਕਾਂ ਨੂੰ ਨੇ ਕਿਹਾ, 'ਸਾਨੂੰ ਪਤਾ ਹੈ ਕਿ ਬਗਲੇ ਪੰਜੀ ਸਾਲੀਂ ਹੀ ਪਰਤਦੇ ਹਨ। ਇਨ੍ਹਾਂ ਨੂੰ ਪਹਿਲਾਂ ਲੀਹ ਤੇ ਲਿਆਉਣ ਲਈ ਤੇਰਾਂ ਤੇਰਾਂ ਮਹੀਨੇ ਵੀ ਸੰਘਰਸ਼ ਕਰਨਾ ਪੈ ਸਕਦਾ ਹੈ। ਇਹੀ ਗੱਲ ਮਿੱਥ ਕੇ ਅਸੀਂ ਅੰਦੋਲਨਕਾਰੀ ਲੰਮੇ ਤੋਂ ਵਿਸ਼ਾਲ ਸੰਘਰਸ਼ ਦੇ ਰਾਹ ਤੁਰੇ ਹੋਏ ਹਾਂ'। 'ਵਿਹੜੇ ਆਈ ਜੰਨ ਵਿੰਨੋ ਕੁੜੀ ਦੇ ਕੰਨ' ਦੇ ਅਖਾਣ ਵਾਂਗ ਕੱਲ ਏ ਡੀ ਸੀ ਲੁਧਿਆਣਾ ਮੇਜਰ ਅਮਿਤ ਸਰੀਨ ਨੇ ਭੂੰਦੜੀ ਸੰਘਰਸ਼ ਕਮੇਟੀ ਨੂੰ ਤੇ ਅੱਜ ਅਖਾੜਾ ਪਿੰਡ ਦੇ ਦਰਵਾਜ਼ੇ ਤੇ ਮੁੱਖ ਚੌਂਕ 'ਚ ਬੈਠੇ ਅੰਦੋਲਨਕਾਰੀਆਂ ਨੂੰ ਪਤਿਆਉਣ ਦੀ ਕੋਸ਼ਿਸ਼ ਕੀਤੀ "ਕਿ ਤੁਸੀਂ ਵੋਟਾਂ ਪਾ ਦਿਓ ਭਾਵੇ ਨੋਟਾਂ ਦਾ ਬਟਨ ਦਬਾ ਦਿਓ।" ਪਰ ਸੰਘਰਸ਼ ਦੇ ਆਗੂਆਂ ਨੇ ਠੋਕ ਵਜਾ ਕੇ ਕਿਹਾ ਕਿ ਫੈਕਟਰੀ ਮਾਲਕ ਤੋਂ ਅਸ਼ਟਾਮ ਪੇਪਰ ਤੇ ਲਿਖਾ ਕੇ ਦੇ ਦਿਓ ਕਿ ਉਹ ਫੈਕਟਰੀ ਦੀ ਉਸਾਰੀ ਨਹੀਂ ਕਰੇਗਾ ਅਤੇ ਇੱਥੋਂ ਸਾਰਾ ਕੁੱਝ ਸਮੇਟ ਲਵੇਗਾ ਤਾਂ ਵਿਰੋਧ ਹੁਣੇ ਹੀ ਖ਼ਤਮ ਕਰ ਦਿਆਂਗੇ। ਪਰ ਜ਼ਿਲਾ ਅਧਿਕਾਰੀ ਨੇ ਇਸ ਮੰਗ ਨੂੰ ਨਾ ਮੰਨਿਆ। ਇਸ ਸਮੇਂ ਹਾਜ਼ਰ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਆਗੂਆਂ ਜਗਤਰ ਸਿੰਘ ਦੇਹੜਕਾ, ਇੰਦਰਜੀਤ ਸਿੰਘ ਧਾਲੀਵਾਲ, ਤਰਸੇਮ ਸਿੰਘ ਬੱਸੂਵਾਲ ਨੇ ਅਖਾੜਾ ਵਾਸੀਆਂ ਨੂੰ ਇਸ ਸ਼ਾਨਦਾਰ ਤੇ ਕਾਮਯਾਬ ਪੂਰਨ ਬਾਈਕਾਟ ਲਈ ਮੁਬਾਰਬਾਦ ਦਿੱਤੀ। ਇਸ ਸਮੇਂ ਸਮੁੱਚੀ ਸੰਘਰਸ਼ ਕਮੇਟੀ, ਗ੍ਰਾਮ ਪੰਚਾਇਤ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਇਕਾਈ ਹਾਜ਼ਰ ਸੀ। ਸੰਘਰਸ਼ ਦੇ ਮੁੱਖ ਆਗੂਆਂ 'ਚ ਸ਼ਾਮਲ ਗੁਰਤੇਜ ਸਿੰਘ ਤੇਜ, ਨੰਨੂ ਗਿੱਲ, ਤਾਰਾ ਸਿੰਘ, ਬਲਜੀਤ ਕੌਰ, ਨਸੀਬ ਕੌਰ, ਸਵਰਨਜੀਤ ਕੌਰ, ਸਰਪੰਚ ਜਸਵਿੰਦਰ ਕੌਰ, ਰਛਪਿੰਦਰ ਕੌਰ, ਹਰਦੇਵ ਸਿੰਘ, ਸੁਖਦੇਵ ਸਿੰਘ, ਜਗਦੇਵ ਸਿੰਘ, ਪਾਲਾ ਸਿੰਘ, ਡਾ ਇਕਬਾਲ ਸਿੰਘ, ਬਲਜਿੰਦਰ ਬਰਿਆਰ, ਜਸਪਾਲ ਸਿੰਘ ਸਮਰਾ, ਜੀਤਾ ਸਮਰਾ, ਜਸਵੀਰ ਸਿੰਘ ਖ਼ਾਲਸਾ, ਹਰਪ੍ਰੀਤ ਸਿੰਘ, ਪ੍ਰਿਤਪਾਲ ਸਿੰਘ, ਅੰਮ੍ਰਿਤਪਾਲ ਸਿੰਘ ਲੋਹਟ, ਬਲਵਿੰਦਰ ਸਿੰਘ, ਭਗਵੰਤ ਸਿੰਘ, ਸੁੱਖ ਸਮਰਾ, ਮਨਿੰਦਰ ਸਿੰਘ, ਦਰਸ਼ਨ ਸਿੰਘ ਆਦਿ ਪੂਰਾ ਸਮਾਂ ਬਾਈਕਾਟ ਲਾਗੂ ਕਰਾਉਣ ਲਈ ਇੱਕ ਪੈਰ 'ਤੇ ਖੜ੍ਹੇ ਰਹੇ। ਇਸ ਸਮੇਂ ਪਿੰਡ ਵਾਸੀਆਂ ਨੇ ਅਤੁੱਟ ਲੰਗਰ ਵਰਤਾਇਆ ਤੇ ਠੰਡੇ ਮਿੱਠੇ ਪਾਣੀ ਦੀ ਛਬੀਲ ਸੁੱਖ ਤੇ ਪਿਆਰ ਸਮੇਤ ਠੰਡ ਵੰਡਦੀ ਰਹੀ।












## Galaxy Kitchen Cabinets Ltd.
Residential & Commercial



• Custom Cabinets • Countertops
• Vanities Bars • Entertainment Units

Call for Free Estimate :
Sarbjit S. Mangat
778-549-4740

# 12-13325 - 76 Ave. Surrey BC V2W 2V8 | F: 604-503-0058

## Hans
Demolition & Excavating





* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract

Free Estimates

Ph : 604-240-8002
or : 604-250-3834


3822 Marine Way
Burnaby, B.C. V5J 3H4



## THE HARP GREWAL REAL ESTATE TEAM
ਹਰਪ ਗਰੇਵਾਲ

416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca

HOMELIFE SILVERCITY
REALTY INC., BROKERAGE
HIGHER STANDARDS



## Baljinder Singh
Graphic Designer

All types of Newspaper Advts. Newspaper Planning, Designing of Catalogues, Brochures etc.

ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

+91-92167-29598

E-mail : akashdeep.1064@gmail.com | baljinderpta1@gmail.com

Trust Your Memories to the Professionals

## Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals

Customer satisfaction is our pride!

| Video | Photography | Music |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM (37326)
Special Packages Available For All Occasions in Calgary



## Punjabi Rang Radio

CHLO AM530
(TORONTO)
11PM-12AM
(SATURDAY)



Producer/Host
Chamkaur Singh Phulewala
Email punjabirang13@hotmail.com
Cell : 416 662 1313

## ZOLO
Mandeep Dhaliwal
Sales Representative



416-648-9053
416-898-8932
dhaliwal.mandeep137@gmail.com

202-895 Lawrence Ave E, North York, ON M3C 3L2

## Hiring Drivers/Owners/Operators

GALAXY Frightline inc.

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA

SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com

www.galaxyfreightline.com
*1580 Britannia Road East *Mississauga *ON *L4W 1J2

# ਨਾਟਕ : 'ਸੰਦੂਕੜੀ ਖੋਲ ਨਰੈਣਿਆ' ਦੀ ਸ਼ਾਨਦਾਰ ਪੇਸ਼ਕਸ਼









ਮੰਡੀ ਮੁੱਲਾਂਪੁਰ, (ਬਲਜਿੰਦਰ ਸਿੰਘ ਪਟਿਆਲਾ) : ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਗੁਰਸ਼ਰਨ ਕਲਾ ਭਵਨ ਵਿਖੇ ਮਹੀਨੇ ਦੇ ਅਖੀਰਲੇ ਸ਼ਨੀਵਾਰ ਦੇ ਸਮਾਗਮ ਨੂੰ ਵਿੱਲਖਣ ਢੰਗ ਨਾਲ ਕਰਵਾਇਆ ਗਿਆ। ਇਸ ਵਾਰ ਦੇ ਸਮਾਗਮ ਨੂੰ ਮਹਾਨ ਕਵੀ ਡਾਕਟਰ ਸੁਰਜੀਤ ਪਾਤਰ ਅਤੇ ਗ਼ਦਰ ਲਹਿਰ ਦੇ ਬਾਲੇ ਜਰਨੈਲ ਸ਼ਹੀਦ ਕਰਤਾਰ ਸਿੰਘ ਸਰਾਭੇ ਨੂੰ ਸਮੱਰਪਿਤ ਕੀਤਾ ਗਿਆ। ਸਮਾਗਮ ਦਾ ਅਗਾਜ਼ ਸੁਰਜੀਤ ਪਾਤਰ ਜੀ ਦੀ ਕਵਿਤਾ 'ਜਗਾ ਦੇ ਮੋਮਬੱਤੀਆਂ, ਹਨੇਰ ਨਾ ਸਮਝੇ ਕਿ ਚਾਨਣ ਡਰ ਗਿਆ ਹੈ' ਨਾਲ ਕੀਤਾ ਗਿਆ। ਰਸਮੀ ਉਦਘਾਟਨ ਪ੍ਰੋ. ਮਨਜੀਤ ਸਿੰਘ ਛਾਬੜਾ, ਕੁਲਦੀਪ ਸਿੰਘ ਰਾਜੂ ਜਿਊਲਰ ਵਾਲੇ, ਜੋਗਿੰਦਰ ਅਜਾਦ, ਉੱਘੇ ਲੇਖਕ ਅਮਰੀਕ ਤਲਵੰਡੀ, ਵਿਜੇ ਮਿੱਤਲ, ਸੰਤੋਖ ਗਿੱਲ, ਹਰਕੇਸ਼ ਚੌਧਰੀ, ਜਸਵੰਤ ਜੀਰਖ, ਐਚ.ਐਸ.ਡਿੰਪਲ, ਕਮਲਜੀਤ ਮੋਹੀ, ਜੁਝਾਰ ਸਿੰਘ, ਅਨਿਲ ਸੇਠੀ, ਭਾਗ ਸਿੰਘ ਜੀ ਨੇ ਚਾਨਣ ਦਾ ਪ੍ਰਤੀਕ ਮੋਮਬਤੀਆਂ ਬਾਲ ਕੇ ਹਨੇਰ ਨੂੰ ਹਰਾਉਣ ਦਾ ਸੱਦਾ ਦਿੱਤਾ। ਲੋਕ ਕਲਾ ਮੰਚ ਦੇ ਪ੍ਰਧਾਨ ਹਰਕੇਸ਼ ਚੌਧਰੀ ਨੇ ਗੁਰਸ਼ਰਨ ਕਲਾ ਭਵਨ ਦੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਜਿਨ੍ਹਾਂ ਨੇ ਹਾਲ ਵਿੱਚ ਕੁਰਸੀਆਂ ਲਗਵਾਉਣ ਲਈ ਮਾਇਕ ਸਹਾਇਤਾ ਕੀਤੀ ਸੀ। ਜਿਨ੍ਹਾਂ ਵਿੱਚ ਤਖਤ ਬ੍ਰਾਦਰਜ਼, ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ। ਰਾਜੂ ਜਿਊਲਰ, ਸ਼ੇਰਜੰਗ ਜਾਂਗਲੀ ਫਾਉਂਡੇਸ਼ਨ, ਮਾਸਟਰ ਗੁਰਜੀਤ ਸਿੰਘ, ਸੁਖਦੀਪ ਚਾਨਾ ਜੀ ਆਦਿ ਨੇ ਵਿਸੇਸ਼ ਯੋਗਦਾਨ ਪਾਇਆ ਹੈ। ਇਸ ਉਪਰੰਤ ਡਾਕਟਰ ਸਾਹਿਬ ਸਿੰਘ ਉੱਘੇ ਤੇ ਵਿਲੱਖਣ ਨਾਟਕਕਾਰ ਨੇ ਆਪਣਾ ਪ੍ਰਸਿੱਧ ਨਾਟਕ 'ਸੰਦੂਕੜੀ ਖੋਲ ਨਰੈਣਿਆ' ਪੇਸ਼ ਕੀਤਾ। ਦਰਸ਼ਕਾਂ ਨੇ ਸਾਹ ਰੋਕ ਕੇ ਨਾਟਕ ਨੂੰ ਵੇਖਿਆ, ਵਿਦੇਸਾਂ ਵਿੱਚ ਜ਼ਿੰਦਗੀ ਦੇ ਬਾਜੀ ਹਾਰ ਗਏ ਹਰਨੇਕ ਨੇਕੇ ਦੀ ਦਰਦ ਕਥਾ ਅਤੇ ਕ੍ਰਿਸ਼ਨ ਕ੍ਰਿਸੀ ਜੋ ਧਾਰਮਿਕ ਕੱਟੜਤਾ ਕਾਰਨ ਆਪਣੇ ਭਰਾ ਨੂੰ ਗਵਾ ਕੇ ਵੀ ਇਨਸਾਨੀਅਤ ਦਾ ਪੱਲਾ ਨਹੀਂ ਛੱਡਦਾ, ਜੋਬਨਪ੍ਰੀਤ ਜੋ ਚੰਗੀ ਜ਼ਿੰਦਗੀ ਤਲਾਸ਼ਦਾ ਸਮੁੰਦਰਾਂ ਦੇ ਡੂੰਘੇ ਖਾਰੇ ਪਾਣੀਆਂ ਜ਼ਿੰਦਗੀ ਗਵਾ ਬਹਿੰਦਾ ਹੈ। ਨਾਟਕਕਾਰ ਨੇ ਬਾਖੂਬੀ ਨਾਟਕ ਪੇਸ਼ ਕੀਤਾ। ਦਰਸ਼ਕਾਂ ਨੇ ਖੜੇ ਹੋਕੇ ਨਾਟਕ ਦਾ ਅਭਿਨੰਦਨ ਕੀਤਾ। ਅੰਤ ਵਿੱਚ ਨਾਟਕ ਟੀਮ ਦਾ ਸਨਮਾਨ ਕੀਤਾ ਗਿਆ। ਜਸਕਰਨ ਸਿੱਧੂ ਹਰਸਿਮਰਤ ਸਿੱਧੂ ਯੂਵਰਾਜ ਦਾ ਸਨਮਾਨ ਕੀਤਾ ਗਿਆ। ਜਸਕਰਨ ਛਾਬੜਾ ਕੈਲਗਰੀ ਨੂੰ ਵੀ ਇਸ ਮੌਕੇ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਗੁਨਜੀਤ ਸੇਖੋਂ, ਮਾਸਟਰ ਮਨਦੀਪ ਸੇਖੋਂ, ਐਡਵੋਕੇਟ ਜਸਵੀਰ ਸਿੰਘ, ਐਡਵੋਕੇਟ ਹਰਪ੍ਰੀਤ ਜੀਰਖ, ਗੁਰਮੀਤ ਧਨੋਆ, ਪ੍ਰਗਟ ਸਿੰਘ, ਪ੍ਰਿੰਸੀਪਲ ਰਾਜਿੰਦਰ ਸਿੰਘ ਆਦਿ ਹਾਜਰ ਸਨ। ਮਾਸਟਰ ਦੀਪਕ ਰਾਏ ਨੇ ਸਟੇਜ਼ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ।ਨਾਟਕ ਸਮਾਗਮ ਹਰ ਪੱਖੋਂ ਸਫ਼ਲ ਰਿਹਾ।

# ਉੜੀਆ ਕਲੋਨੀ ਬਠਿੰਡਾ 'ਚ ਵਾਪਰੇ ਅਗਨੀਕਾਂਡ ਲਈ ਪ੍ਰਸ਼ਾਸਨ ਜ਼ਿੰਮੇਵਾਰ : ਜਮਹੂਰੀ ਅਧਿਕਾਰ ਸਭਾ

*• ਪੀੜਤ ਪਰਿਵਾਰਾਂ ਨੂੰ ਤੁਰੰਤ ਬਣਦਾ ਮੁਆਵਜ਼ਾ ਦਿੱਤਾ ਜਾਵੇ*

*• ਉੜੀਆਂ ਕਲੋਨੀ ਨੂੰ ਜਾਂਦਾ ਨਹਿਰੀ ਪੁਲ ਤੁਰੰਤ ਚੌੜਾ ਕਰਕੇ ਬਣਾਇਆ ਜਾਵੇ ਤਾਂ ਕਿ ਅਗਨੀਕਾਂਡ ਫਿਰ ਨਾ ਵਾਪਰੇ*

ਬਠਿੰਡਾ, (ਬਲਜਿੰਦਰ ਸਿੰਘ ਪਟਿਆਲਾ) : 23 ਅਪ੍ਰੈਲ ਨੂੰ ਉੜੀਆ ਕਲੋਨੀ 'ਚ ਅੱਗ ਲੱਗਣ ਦਾ ਵੱਡਾ ਕਾਰਨ ਕਲੋਨੀ ਨੂੰ ਜਾਂਦਾ ਨਹਿਰੀ ਪੁਲ ਤੰਗ ਹੋਣ ਕਰਕੇ ਫਾਇਰ ਬਿਰਗੇਡ ਦਾ ਜਲਦੀ ਉਥੇ ਨਾ ਪਹੁੰਚ ਸਕਣਾ ਤੇ ਬਹੁਤ ਕੀਮਤੀ ਸਮਾਂ ਬਰਬਾਦ ਹੋਣਾ ਬਣਿਆ ਹੈ। ਜੇ ਤੁਰੰਤ ਪੁਲ ਦੀ ਉਸਾਰੀ ਨਹੀਂ ਹੁੰਦੀ ਤਾਂ ਦੁਬਾਰਾ ਅੱਗ ਲੱਗਣ ਦਾ ਖਤਰਾ ਬਣਿਆ ਰਹੇਗਾ,ਜਿਸ ਲਈ ਪ੍ਰਸ਼ਾਸਨ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗਾ। ਇਹ ਕਲੋਨੀ ਕੋਈ ਨਜਾਇਜ਼ ਕਬਜ਼ੇ ਵਾਲੀ ਕਲੋਨੀ ਨਹੀਂ ਹੈ ਬਲਕਿ ਸਲਮ ਏਰੀਆ ਐਕਟ ਤਹਿਤ ਅਲਾਟਡ ਕਲੋਨੀ ਹੈ ਜੋ ਸ਼ਹਿਰ ਦੇ ਵਾਰਡ ਨੰਬਰ 47 ਦਾ ਹਿੱਸਾ ਹੈ। ਇੱਥੋਂ ਦੇ ਵਸਨੀਕਾਂ ਦੇ ਆਧਾਰ ਕਾਰਡ, ਰਾਸ਼ਨ ਕਾਰਡ ਤੇ ਵੋਟਰ ਕਾਰਡ ਵੀ ਬਣੇ ਹੋਏ ਹਨ। ਅਗਨੀ ਕਾਂਡ ਵਿੱਚ 9 ਝੁੱਗੀਆਂ ਸੜਣ ਤੋਂ ਇਲਾਵਾ ਦੋ ਮਾਸੂਮ ਬੱਚੀਆਂ ਵੀ ਸੜਕੇ ਮਰ ਗਈਆਂ ਹਨ ਤੇ ਬਹੁਤ ਸਾਰੇ ਘਰਾਂ ਦਾ ਕੀਮਤੀ ਸਮਾਨ ਸੁਆਹ ਹੋ ਗਿਆ ਹੈ। ਅੱਗ ਲੱਗਣ ਨਾਲ ਹੋਇਆ ਭਾਰੀ ਨੁਕਸਾਨ ਤੇ ਉਥੇ ਦੇ ਲੋਕਾਂ ਦੀਆਂ ਅਸੁਰਖਿਅਤ ਤੇ ਅਣਮਨੁੱਖੀ ਜੀਵਨ ਹਾਲਤਾਂ ਲਈ ਸਰਕਾਰ ਤੇ ਪ੍ਰਸ਼ਾਸਨ ਜਿੰਮੇਵਾਰ ਹੈ। ਕਲੌਨੀ ਨੂੰ ਜਾਣ ਲਈ ਨਹਿਰੀ ਤੰਗ ਪੁਲ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ। ਕਲੋਨੀ ਚ ਪੀਣ ਵਾਲੇ ਪਾਣੀ ਦੀ ਕੋਈ ਪਾਈਪ ਲਾਈਨ ਨਹੀਂ ਹੈ ਸਿਰਫ ਦੋ ਨਲਕੇ ਹਨ ਜੋ ਨਾ-ਪੀਣ ਯੋਗ ਪਾਣੀ ਕੱਢਦੇ ਹਨ। ਇਹ ਵਿਚਾਰ ਜਮਹੂਰੀ ਅਧਿਕਾਰ ਸਭਾ ਜਿਲ੍ਹਾ ਇਕਾਈ ਬਠਿੰਡਾ ਵੱਲੋਂ ਗਠਿਤ 10 ਮੈਂਬਰੀ ਤੱਥਖੋਜ ਕਮੇਟੀ ਦੀ ਰਿਪੋਰਟ ਰਿਲੀਜ਼ ਕਰਦਿਆਂ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ, ਸਕੱਤਰ ਸੁਦੀਪ ਸਿੰਘ ਅਤੇ ਪ੍ਰੈਸ ਸਕੱਤਰ ਡਾ. ਅਜੀਤਪਾਲ ਸਿੰਘ ਨੇ ਰੱਖੇ। ਜਾਂਚ ਟੀਮ ਦੇ ਮੈਂਬਰ ਪ੍ਰਿੰਸੀਪਲ ਰਣਜੀਤ ਸਿੰਘ, ਮਨੋਹਰ ਦਾਸ, ਸੰਤੋਖ ਸਿੰਘ ਮੱਲਣ, ਗੁਲਾਬ ਸਿੰਘ, ਮੋਹਨ ਲਾਲ, ਕਰਤਾਰ ਸਿੰਘ, ਤਰਸੇਮ ਸਿੰਘ, ਕੁਲਵੰਤ ਕੌਰ, ਰਣਬੀਰ ਰਾਣਾ ਤੇ ਬਹਾਦਰ ਸਿੰਘ ਦਿਉਣ ਦਾ ਕਹਿਣਾ ਹੈ ਕਿ ਉਹਨਾਂ ਨੇ ਕਲੌਨੀ ਦੀਆਂ ਸਮੁੱਚੀਆਂ ਰਹਿਣ ਹਾਲਤਾਂ, ਅਗਨੀ ਕਾਂਡ ਦੇ ਕਾਰਨਾਂ ਤੇ ਨੁਕਸਾਨ ਦਾ ਪਤਾ ਲਾਉਣ ਲਈ ਵੇਰਵੇ ਇਕੱਠੇ ਕੀਤੇ ਤੇ ਸਬੰਧਤ ਅਧਿਕਾਰੀਆਂ ਨੂੰ ਵੀ ਮਿਲੇ। ਉੜੀਆ ਕਲੌਨੀ ਚ ਰਹਿੰਦੇ



ਮਿਹਨਤਕਸ਼ ਲੋਕਾਂ ਨੂੰ ਮਾਨਮਤੀ ਅਤੇ ਸਿਹਤਮੰਦ ਜ਼ਿੰਦਗੀ ਲਈ ਬੁਨਿਆਦੀ ਮਿਊਂਸੀਪਲ ਸਹੂਲਤਾਂ ਮੁਹਈਆ ਕਰਾਉਣਾ ਸਰਕਾਰ ਦੀ ਸੰਵਿਧਾਨਿਕ ਜਿੰਮੇਵਾਰੀ ਹੈ। ਦਿਹਾੜੀਦਾਰਾਂ ਲਈ ਸੁਰੱਖਿਅਤ ਰਿਹਾਇਸ਼ ਦਾ ਟੀਚਾ ਉਦੋਂ ਤੱਕ ਪੂਰਾ ਨਹੀਂ ਹੋ ਸਕਦਾ ਜਦ ਤੱਕ ਰਾਜ ਪ੍ਰਸਾਸ਼ਨ ਆਪਣੀ ਜਿੰਮੇਵਾਰੀ ਨਹੀਂ ਨਿਭਾਉਂਦਾ। ਉਹਨਾਂ ਮੰਗ ਕੀਤੀ ਹੈ ਕਿ ਇਸ ਅਗਨੀਕਾਂਡ ਦੀ ਜਿਲ੍ਹਾ ਪ੍ਰਸ਼ਾਸਨ ਪਾਰਦਰਸ਼ੀ ਪੜਤਾਲ ਕਰੇ ਅਤੇ ਅੱਗੇ ਤੋਂ ਅਜਿਹੀ ਘਟਨਾ ਵਾਪਰੇ ਨਾ ਇਸ ਲਈ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਜਾਣ। ਕਲੋਨੀ ਨੂੰ ਸ਼ਹਿਰ ਨਾਲ ਜੋੜਦਾ ਤੰਗ ਨਹਿਰੀ ਪੁਲ ਤੁਰੰਤ ਚੌੜਾ ਕੀਤਾ ਜਾਵੇ। ਪੀਣ ਯੋਗ ਪਾਣੀ ਦੇ ਕਨੈਕਸ਼ਨ ਦਿੱਤੇ ਜਾਣ ਤੋਂ ਇਲਾਵਾ ਪਖਾਨਿਆਂ ਦਾ ਪੁਖਤਾ ਪ੍ਰਬੰਧ ਕੀਤਾ ਜਾਵੇ। ਉੱਥੇ ਮੁਢਲਾ ਸਿਹਤ ਕੇਂਦਰ, ਆਂਗਣਵਾੜੀ ਸੈਂਟਰ ਤੇ ਸਰਕਾਰੀ ਸਕੂਲ ਖੋਲਿਆ ਜਾਵੇ। ਕਲੋਨੀ ਚ ਸੀਵਰੇਜ ਓਵਰਫਲੋ ਦੀ ਸਮੱਸਿਆ ਨੂੰ ਹੱਲ ਕਰਨ ਲਈ ਸੀਵਰੇਜ ਦੀ ਸਮਰੱਥਾ ਵਧਾਈ ਜਾਵੇ ⇩ ਸੀਵਰੇਜ ਦੇ ਓਵਰਫਲੋ ਕਾਰਨ ਜਿਨਾਂ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ,ਉਸ ਦੀ ਭਰਪਾਈ ਕੀਤੀ ਜਾਵੇ। ਇਸ ਭਿਅੰਕਰ ਅਗਨੀਕਾਂਡ ਵਿੱਚ ਸੜ ਕੇ ਮਰ ਗਈਆਂ ਦੋ ਧੀਆਂ ਦੇ ਮਾਪਿਆਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਤੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਮਜ਼ਦੂਰਾਂ ਦੇ ਹੋਏ ਮਾਲੀ ਨੁਕਸਾਨ ਦਾ ਵੀ ਬਣਦਾ ਮੁਆਵਜ਼ਾ ਦਿੱਤਾ ਜਾਵੇ। ਕਲੋਨੀ ਦੇ ਦੁਆਲੇ ਸਰਕੜੇ ਦੀਆਂ ਕੀਤੀਆਂ ਵਾੜਾਂ ਹਟਾ ਕੇ ਪੱਕੀਆਂ ਕੰਧਾਂ ਉਸਾਰੀਆਂ ਜਾਣ। ਕਲੌਨੀ ਚ ਬਚਦੀਆਂ ਝੁੱਗੀਆਂ ਤੇ ਮਕਾਨ ਨੰਬਰ ਲਾਏ ਜਾਣ ਤੇ 142 ਝੁੱਗੀਆਂ ਦੀ ਥਾਂ ਤੇ ਵੀ ਕੁਆਟਰ ਬਣਾਏ ਜਾਣ ⇩ ਸ਼ਹਿਰ ਦੇ ਬਾਕੀ ਸਲਾਮ ਏਰੀਆਜ਼ ਵਿੱਚ ਵੀ ਅੱਗ ਬੁਝਾਉਣ ਦੇ ਯੋਗ ਪ੍ਰਬੰਧ ਕੀਤਾ ਜਾਣ। ਪੰਜਾਬ ਸਲਮ ਡਿਵੈਲਪਰਜ (ਪ੍ਰੋ.ਰਾਇਟਸ) ਐਕਟ 2020 ਤਹਿਤ ਸਲਮ ਇਲਾਕਿਆਂ ਚ ਰਹਿੰਦੀ ਗਰੀਬ ਆਬਾਦੀ ਦਾ ਸਰਵੇਖਣ ਕਰਵਾ ਕੇ ਪਾਰਦਰਸ਼ੀ ਢੰਗ ਨਾਲ ਉਹਨਾਂ ਨੂੰ ਸਕੀਮਾਂ ਦਾ ਲਾਭ ਪਹੁੰਚਾਇਆ ਜਾਵੇ। ਸ਼ਹਿਰ ਦੀਆਂ ਸਰਕਾਰੀ ਜਮੀਨਾਂ ਤੇ ਸ਼ਾਮਲਾਟਾਂ ਨੂੰ ਨਿੱਜੀ ਮੁਨਾਫਾਖੋਰਾਂ ਕੋਲ ਕੌਡੀਆਂ ਦੇ ਭਾਅ ਵੇਚਣ ਦੀ ਬਜਾਏ ਮਕਾਨ ਉਸਾਰੀ ਮਿਹਨਤਕਸ਼ ਲੋਕਾਂ ਦੀ ਪਹੁੰਚ ਵਿੱਚ ਕਰਨ ਦੀ ਨੀਤੀ ਅਪਣਾਈ ਜਾਵੇ।

**ਜਾਰੀ ਕਰਤਾ:**
**ਜਮਹੂਰੀ ਅਧਿਕਾਰ ਸਭਾ ਸਭਾ ਇਕਾਈ ਬਠਿੰਡਾ**
**ਬੱਗਾ ਸਿੰਘ ਪ੍ਰਧਾਨ 9888986469,**
**ਦੀਪ ਸਿੰਘ ਸਕੱਤਰ 9463195301**



# ਲੋਕ ਜਥੇਬੰਦੀਆਂ : ਬਰਨਾਲਾ ’ਚ ਲੋਕ ਸੰਗਰਾਮ ਰੈਲੀ

## ਵੋਟਾਂ ਦੀ ਥਾਂ ਸੰਘਰਸ਼ਾਂ ’ਤੇ ਟੇਕ ਰੱਖਣ ਦਾ ਦਿੱਤਾ ਹੋਕਾ







ਬਰਨਾਲਾ, (ਬਲਜਿੰਦਰ ਸਿੰਘ ਪਟਿਆਲਾ) ਪਾਰਲੀਮੈਂਟ ਚੋਣ ਮੁਹਿੰਮਾਂ ਦੇ ਮਾਹੌਲ ਦਰਮਿਆਨ ਪੰਜਾਬ ਦੀਆਂ ਦੋ ਦਰਜਨ ਦੇ ਲਗਭਗ ਸੰਘਰਸ਼ਸ਼ੀਲ ਲੋਕ ਜਥੇਬੰਦੀਆਂ ਨੇ ਅੱਜ ਬਰਨਾਲਾ ਦੀ ਦਾਣਾ ਮੰਡੀ ਵਿੱਚ ਵਿਸ਼ਾਲ ਲੋਕ ਸੰਗਰਾਮ ਰੈਲੀ ਕੀਤੀ। ਇਸ ਰੈਲੀ ਰਾਹੀਂ ਲੋਕਾਂ ਦੇ ਅਸਲ ਮਸਲੇ ਉਭਾਰੇ ਗਏ ਅਤੇ ਇਹਨਾਂ ਦੇ ਹੱਲ ਲਈ ਸੰਘਰਸ਼ਾਂ ਦਾ ਰਾਹ ਬੁਲੰਦ ਕੀਤਾ ਗਿਆ। ਰੈਲੀ ਵਿੱਚ ਕਿਸਾਨਾਂ ਖੇਤ ਮਜ਼ਦੂਰਾਂ ਸਮੇਤ ਸਨਅਤੀ ਕਾਮਿਆਂ, ਠੇਕਾ ਮੁਲਾਜ਼ਮਾਂ, ਅਧਿਆਪਕਾਂ, ਵਿਦਿਆਰਥੀਆਂ ਤੇ ਔਰਤਾਂ ਨੇ ਭਰਵੀਂ ਸ਼ਮੂਲੀਅਤ ਕੀਤੀ।

ਰੈਲੀ ਦੀ ਸ਼ੁਰੂਆਤ ਪਿਛਲੇ ਦਿਨੀਂ ਵਿਛੜੇ ਉੱਘੇ ਕਵੀ ਸੁਰਜੀਤ ਪਾਤਰ ਨੂੰ ਸ਼ਰਧਾਂਜਲੀ ਲਈ ਮਤਾ ਪੜ੍ਹਨ ਨਾਲ ਹੋਈ। ਜਿਸ ਮਗਰੋਂ ਉਹਨਾਂ ਦੀ ਮਕਬੂਲ ਨਜ਼ਮ ‘ਜਗਾ ਦੇ ਮੋਮਬੱਤੀਆਂ’ ਉਹਨਾਂ ਦੀ ਆਵਾਜ਼ ਵਿੱਚ ਗੂੰਜੀ ਅਤੇ ਲੋਕਾਂ ਨੇ ਉਹਨਾਂ ਨੂੰ ਖੜ੍ਹੇ ਹੋ ਕੇ ਸ਼ਰਧਾਂਜਲੀ ਦਿੱਤੀ।

ਕਾਨਫਰੰਸ ਨੂੰ ਸੰਬੋਧਨ ਹੁੰਦਿਆਂ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਇਹ ਵੋਟਾਂ ਹਾਕਮ ਧੜਿਆਂ ਦੀ ਖੇਡ ਹੈ, ਲੋਕਾਂ ਨੂੰ ਵੰਡਣ ਤੇ ਭਰਮਾਉਣ ਲਈ ਹੈ। ਉਹਨਾਂ ਕਿਹਾ ਕਿ ਪਾਰਲੀਮੈਂਟ ਅੰਦਰ ਲੋਕਾਂ ਦੀ ਸੁਣਵਾਈ ਵੋਟਾਂ ਰਾਹੀਂ ਨਹੀਂ, ਲੋਕਾਂ ਦੇ ਘੋਲਾਂ ਰਾਹੀਂ ਹੋ ਸਕਦੀ ਹੈ ਇਸ ਲਈ ਉਹਨਾਂ ਲੋਕਾਂ ਨੂੰ ਵੋਟਾਂ ਰਾਹੀਂ ਜ਼ਿੰਦਗੀ ਸੰਵਰਨ ਦੇ ਇਸ ਭਰਮ ਤੋਂ ਮੁਕਤ ਹੋ ਕੇ ਆਪਣੀ ਏਕਤਾ ਤੇ ਜਥੇਬੰਦੀ ਨੂੰ ਮਜਬੂਤ ਕਰਨ ’ਤੇ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ। ਵੋਟਾਂ ਦੇ ਇਸ ਪਾਟਕ-ਪਾਊ ਹੱਲੇ ਤੋਂ ਆਪਣੀ ਏਕਤਾ ਤੇ ਜਥੇਬੰਦੀ ਦੀ ਰਾਖੀ ਕਰਨੀ ਚਾਹੀਦੀ ਹੈ।

ਇਸ ਮੌਕੇ ਰੈਲੀ ਨੂੰ ਲਛਮਣ ਸਿੰਘ ਸੇਵੇਵਾਲਾ, ਹਰਜਿੰਦਰ ਸਿੰਘ, ਝੰਡਾ ਸਿੰਘ ਜੇਠੂਕੇ, ਹਰਿੰਦਰ ਬਿੰਦੂ, ਹਾਕਮ ਸਿੰਘ ਧਨੇਠਾ, ਬਲਿਹਾਰ ਸਿੰਘ ਕਟਾਰੀਆ, ਜਗਰੂਪ ਸਿੰਘ, ਗੁਰਵਿੰਦਰ ਸਿੰਘ ਪੰਨੂ ਹੁਸ਼ਿਆਰ ਸਿੰਘ ਸਲੇਮਗੜ੍ਹ, ਕਿਰਸ਼ਨ ਸਿੰਘ ਔਲਖ, ਜਸਵੀਰ ਸਿੰਘ, ਬਲਵੀਰ ਸਿੰਘ ਲੌਂਗੋਵਾਲ, ਪ੍ਰਗਟ ਸਿੰਘ ਸਿਵਗੜ੍ਹ, ਸਿੰਗਰਾ ਸਿੰਘ ਮਾਨ ਤੇ ਜੋਰਾ ਸਿੰਘ ਨਸਰਾਲੀ ਨੇ ਸੰਬੋਧਨ ਕੀਤਾ। ਉਹਨਾਂ ਨੇ ਲੋਕ ਜਥੇਬੰਦੀਆਂ ਦੇ ਸਾਂਝੇ ਮੰਗ ਪੱਤਰ ‘30-ਨੁਕਾਤੀ ਲੋਕ ਏਜੰਡੇ’ ’ਚ ਸ਼ਾਮਲ ਮੁੱਦਿਆਂ ਜਿਵੇਂ ਨਿੱਜੀਕਰਨ-ਵਪਾਰੀਕਰਨ ਵਾਲੀਆਂ ਨੀਤੀਆਂ ਰੱਦ ਕਰੋ, ਸੰਸਾਰ ਵਪਾਰ ਸੰਸਥਾ ਚੋਂ ਬਾਹਰ ਆਓ, ਕਿਸਾਨ-ਮਜ਼ਦੂਰ ਵਾਤਾਵਰਨ ਪੱਖੀ ਤੇ ਕਾਰਪੋਰੇਟ-ਜਗੀਰਦਾਰ ਵਿਰੋਧੀ ਖੇਤੀ ਨੀਤੀ ਲਿਆਓ, ਜ਼ਮੀਨੀ ਸੁਧਾਰ ਕਰੋ ਤੇ ਸ਼ਾਹੂਕਾਰਾ ਧੰਦੇ ਨੂੰ ਨੱਥ ਪਾਓ, ਠੇਕਾ ਭਰਤੀ ਦੀ ਨੀਤੀ ਰੱਦ ਕਰੋ, ਪੁਰਾਣੀ ਪੈਨਸ਼ਨ ਬਹਾਲ ਕਰੋ ਤੇ ਕਾਲੇ ਕਾਨੂੰਨ ਰੱਦ ਕਰੋ ਆਦਿ ਦੀ ਭਰਵੀਂ ਚਰਚਾ ਕੀਤੀ। ਸਭਨਾਂ ਨੇ ਸਾਂਝੇ ਤੌਰ ’ਤੇ ਜੋਕਾਂ ਦੀਆਂ ਪਾਰਟੀਆਂ ਵੱਲੋਂ ਪ੍ਰਚਾਰੇ ਜਾਂਦੇ ਅਖੌਤੀ ਵਿਕਾਸ ਮਾਡਲ ਨੂੰ ਰੱਦ ਕੀਤਾ ਅਤੇ ਇਹਨਾਂ ਮੁੱਦਿਆਂ ਦੇ ਹੱਲ ਨਾਲ ਹੀ ਪੰਜਾਬ ਦੇ ਲੋਕਾਂ ਦੇ ਅਸਲ ਵਿਕਾਸ ਤੇ ਬਿਹਤਰ ਜ਼ਿੰਦਗੀ ਦਾ ਰਾਹ ਖੁੱਲ੍ਹਣ ਦਾ ਦਾਅਵਾ ਕੀਤਾ। ਆਗੂਆਂ ਨੇ ਕਿਹਾ ਕਿ ਸਾਮਰਾਜੀਆਂ ਵੱਡੇ ਸਰਮਾਏਦਾਰਾਂ ਤੇ ਜਗੀਰਦਾਰਾਂ ਦੇ ਇਸ ਅਖੌਤੀ ਵਿਕਾਸ ਮਾਡਲ ਨੂੰ ਲਾਗੂ ਕਰਨ ਲਈ ਭਾਜਪਾਈ ਕੇਂਦਰੀ ਹਕੂਮਤ ਨੇ ਚਾਹੇ ਫਿਰਕੂ ਫਾਸ਼ੀ ਹੱਥਕੰਡਿਆਂ ਦਾ ਸਹਾਰਾ ਲਿਆ ਹੈ ਤੇ ਇਸ ਨੂੰ ਆਰਥਿਕ ਸੁਧਾਰਾਂ ਦੇ ਜੁੜਤ ਹੱਲੇ ਵਜੋਂ ਲਾਗੂ ਕੀਤਾ ਹੈ ਪਰ ਦੂਸਰੀਆਂ ਹਾਕਮ ਪਾਰਟੀਆਂ ਵੀ ਘੱਟ ਨਹੀਂ ਹਨ। ਪੰਜਾਬ ਦੀ ਆਪ ਸਰਕਾਰ ਨੇ ਵੀ ਪਹਿਲੀਆਂ ਸਰਕਾਰਾਂ ਵਾਲੇ ਲੋਕ ਦੋਖੀ ਮਾਡਲ ਨੂੰ ਹੀ ਅੱਗੇ ਵਧਾਇਆ ਹੈ।

ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਦੇ ਫਿਰਕੂ ਫਾਸ਼ੀ ਹੱਲੇ ਦਾ ਅਸਲ ਟਾਕਰਾ ਲੋਕਾਂ ਦੇ ਘੋਲਾ ਰਾਹੀਂ ਹੋ ਸਕਦਾ ਹੈ ਨਾ ਕਿ ਹਾਕਮ ਧੜਿਆਂ ਦੀ ਵੋਟ ਖੇਡ ਰਾਹੀਂ। ਇਸ ਲਈ ਲੋਕਾਂ ਨੂੰ ਅਸਲ ਲੋਕ ਮੁੱਦਿਆਂ ਦੁਆਲੇ ਸਾਂਝੇ ਘੋਲ ਉਸਾਰਨ ਦੇ ਰਾਹ ਪੈਣਾ ਚਾਹੀਦਾ ਹੈ ਅਤੇ ਇਹਨਾਂ ਘੋਲਾਂ ਦੇ ਰਾਹੀਂ ਹਾਕਮ ਜਮਾਤਾਂ ਦੀ ਪੁਗਤ ਦੇ ਮੁਕਾਬਲੇ ਆਪਣੀ ਪੁੱਗਤ ਤੇ ਵੁੱਕਤ ਸਥਾਪਿਤ ਕਰਨ ਵੱਲ ਵਧਣਾ ਚਾਹੀਦਾ ਹੈ। ਇਸ ਰੈਲੀ ਦੌਰਾਨ ਪਲਸ ਮੰਚ ਨਾਲ ਜੁੜੇ ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ), ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ (ਸਵਰਨ ਧਾਲੀਵਾਲ) ਧਰਮਿੰਦਰ ਸਿੰਘ ਮਸਾਣੀ, ਕੁਲਦੀਪ ਸਿੰਘ ਜਲੂਰ ਤੇ ਸਤਪਾਲ ਬੰਗਾ ਪਟਿਆਲਾ ਦੁਆਰਾ ਇਨਕਲਾਬੀ ਗੀਤ ਪੇਸ਼ ਕੀਤੇ ਗਏ।

## ਇਕ ਸ਼ਰਧਾਂਜਲੀ

# ਜਗਰੂਪ ਤੇ ਨਾਇਬ ਦੀ ਜੋੜੀ ਨੂੰ ਯਾਦ ਕਰਦਿਆਂ

ਪੰਜਾਬ ਵਿਚ ਸਤਵੇਂ ਦਹਾਕੇ ਤੋਂ ਬਾਅਦ ਵਿਦਿਆਰਥੀ ਨੌਜਵਾਨਾਂ ਨੇ ਪੰਜਾਬ ਸਟੂਡੈਂਟ ਯੂਨੀਅਨ ਦੇ ਝੰਡੇ ਹੇਠ ਪ੍ਰਿਥੀਪਾਲ ਰੰਧਾਵਾ ਦੀ ਅਗਵਾਈ ਵਿਚ ਵੱਖ ਵੱਖ ਕਾਲਜ ਵਿਚ ਵੱਡੇ ਸੰਘਰਸ਼ ਲੜੇ। ਇਨ੍ਹਾਂ ਸੰਘਰਸ਼ਾਂ ਵਿਚ ਨਵੇਂ ਵਿਦਿਆਰਥੀਆਂ ਅੰਦਰ ਇਨਕਲਾਬੀ ਚਿਣਗ ਉਤਪੰਨ ਹੋ ਗਈ ਜਿਹੜੀ ਤਾਉਮਰ ਉਨ੍ਹਾਂ ਦਾ ਸਾਥ ਦਿੰਦੀ ਰਹੀ। ਹੌਲੀ ਹੌਲੀ ਉਮਰ ਦੇ ਵਹਾਅ ਨਾਲ ਕਈ ਸਾਥੀ ਵਿਛੜੇ ਜਾ ਰਹੇ ਹਨ। ਉਨ੍ਹਾਂ ਵਿਚੋਂ ਨੈਬ ਸਿੰਘ ਰਸੂਲਪੁਰ ਪਹਿਲਾਂ ਵਿਛੜ ਗਏ ਸਨ। ਹੁਣ ਉਨ੍ਹਾਂ ਦੇ ਛੋਟੇ ਭਰਾ ਜਗਰੂਪ ਸਿੰਘ ਰਸੂਲਪੁਰ ਵੀ ਅਲਵਿਦਾ ਹੋ ਗਏ ਹਨ। ਇਨ੍ਹਾਂ ਦੇ ਵਿਛੜੇ ਜਾਣ ’ਤੇ ਜਿਥੇ ਇਨ੍ਹਾਂ ਦੇ ਸੰਗੀ ਸਾਥੀ ਸ਼ਰਧਾ ਭੇਟ ਕਰਦੇ ਹਨ, ਉਥੇ ‘ਸਰੋਕਾਰਾਂ ਦੀ ਆਵਾਜ਼’ ਵੀ ਇਸ ਵਿਚ ਸ਼ਾਮਲ ਹੈ।

**ਕਸ਼ਮ ਜਵਾਨੀਆਂ ਦੀ, ਤੇਰੀ ਸੋਚ ਤੇ,**
**ਪੈਰੇ ਦਿੰਦੇ ਰਹਾਂਗੇ ਸ਼ਹੀਦਾਂ ਠੋਕ ਕੇ।**
**ਤੇਰੀ ਪਾਈ ਬਾਤ ਦਾ ਹੁੰਗਾਰਾ ਭਰਾਂਗਾ,**
**ਕਾਜ਼ ਜੋ ਅਧੂਰਾ ਤੇਰਾ ਪੂਰਾ ਕਰਾਂਗੇ।**

ਇਹ ਸਤਰਾਂ ਕ੍ਰਿਸ਼ਨ ਕੌਰਪਾਲ ਅਤੇ ਮੇਜਰ ਦੂਲੋਵਾਲ ਨੇ 18 ਜੁਲਾਈ 1979 ਨੂੰ ਪੰਜਾਬ ਦੇ ਸਭ ਤੋਂ ਮਕਬੂਲ ਵਿਦਿਆਰਥੀ ਆਗੂ ਪ੍ਰਿਥੀਪਾਲ ਰੰਧਾਵਾ ਦੀ ਸ਼ਹਾਦਤ ਤੋਂ ਬਾਅਦ ਲਿਖੀਆਂ ਜਿਹੜੀਆਂ ਹਰੇਕ ਕਾਲਜ ਦੇ ਵਿਦਿਆਰਥੀ ਦੀ ਜ਼ੁਬਾਨ ਦਾ ਹਿਸਾ ਬਣ ਗਈਆਂ। ਪੰਜਾਬ ਦਾ ਕੋਈ ਵੀ ਅਜਿਹਾ ਕੋਨਾ ਨਹੀਂ ਸੀ ਜਿਥੇ ਹਜ਼ਾਰਾਂ ਵਿਦਿਆਰਥੀਆਂ ਵਲੋਂ ਸੜਕਾਂ ’ਤੇ ਉਤਰਕੇ ਰੋਸ ਪ੍ਰਦਰਸ਼ਨ ਨਾ ਕੀਤੇ ਗਏ ਹੋਣ ਜਿਸ ਤਰ੍ਹਾਂ ਪੈਰਿਸ ਤੋਂ ਲੰਡਨ ਤੱਕ 1968 ਦੀ ਵਿਦਿਆਰਥੀ ਬਗਾਵਤ ਹਰੇਕ ਯੂਨੀਵਰਸਿਟੀ ਦਾ ਹਿਸਾ ਬਣ ਗਈ ਸੀ। ਹੁਣ ਜਿਵੇਂ ਅਮਰੀਕਾ ਦੀਆਂ ਸਾਰੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਫਲਸਤੀਨੀ ਲੋਕਾਂ ਦੇ ਪੱਖ ਵਿਚ ਖੜ੍ਹੇ ਹੋ ਗਏ ਹਨ। ਇਹ ਕਿਸੇ ਦਿਨ ਇਤਿਹਾਸ ਦੇ ਪੰਨਿਆਂ ’ਤੇ ਲਿਖੇ ਜਾਣਗੇ ਜਿਸ ਤਰ੍ਹਾਂ ਪੰਜਾਬ ਵਿਦਿਆਰਥੀ ਯੂਨੀਅਨ ਦਾ ਇਤਿਹਾਸ ਪ੍ਰਿਥੀਪਾਲ ਰੰਧਾਵਾ ਦੀ ਸ਼ਹਾਦਤ ਤੋਂ ਲਿਖਿਆ ਗਿਆ। ਪੰਜਾਬ ਦੇ ਵੱਖ-ਵੱਖ ਕਾਲਜਾਂ ਵਿਚ ਉੱਠੀ ਹੋਈ ਵਿਦਿਆਰਥੀ ਲਹਿਰ ਨੇ ਪੰਜਾਬ ਦੇ ਇਕੋ-ਇਕ ਸਾਇੰਸ ਕਾਲਜ ਨੂੰ ਆਪਣੀ ਲਹਿਰ ਦਾ ਪੁਰਜ਼ੋਰ ਹਿਸਾ ਬਣਾ ਲਿਆ। ਸਾਇੰਸ ਕਾਲਜ ਪੰਜਾਬ ਸਟੂਡੈਂਟ ਯੂਨੀਅਨ ਦਾ ਵੱਡਾ ਕੇਂਦਰ ਬਣ ਗਿਆ। ਸਭ ਤੋਂ ਵੱਡੀ ਵਿਦਿਆਰਥੀ ਲਹਿਰ ਨੇ ਇਸ ਕਾਲਜ ਵਿਚ



ਆਪਣੀ ਲਗਾਤਾਰਤਾ ਬਣਾਈ ਰੱਖੀ। ਭਲਾਂ ਕਿ ਇਸ ਕਾਲਜ ਵਿਚ ਸੱਤਵੇਂ ਦਹਾਕੇ ਵਿਚ ਵਿਦਿਆਰਥੀਆਂ ਅਤੇ ਇਲਾਕੇ ਦੇ ਲੋਕਾਂ ਨੇ ਇਸ ਨੂੰ ਬਚਾਉਣ ਵਾਸਤੇ ਲੰਬਾ ਸੰਘਰਸ਼ ਲੜਿਆ ਸੀ ਪ੍ਰੰਤੂ ਜਿਸ ਕਿਸਮ ਨਾਲ ਵਿਦਿਆਰਥੀ ਪ੍ਰਿਥੀਪਾਲ ਰੰਧਾਵਾ ਦੀ ਸ਼ਹਾਦਤ ਤੋਂ ਬਾਅਦ ਇਸ ਲਹਿਰ ਵਿਚ ਜੁੜ ਗਏ ਉਸ ਦੀ ਅਗਵਾਈ ਹਰਬੰਸ ਸਿੰਘ ਨੇ ਸਾਂਭੀ ਅਤੇ ਮੁੜ ਇਲਾਕੇ ਦੇ ਕਿੰਨੇ ਹੀ ਨਵੇਂ ਆਗੂ ਨਾਇਬ ਸਿੰਘ ਰਸੂਲਪੁਰ ਅਤੇ ਉਸਦਾ ਛੋਟਾ ਭਰਾ ਜਗਰੂਪ ਸਿੰਘ ਰਸੂਲਪੁਰ ਮੂਹਰਲੀਆਂ ਕਤਾਰਾਂ ਵਿਚ ਆ ਗਏ। ਜਦੋਂ ਪ੍ਰਿਥੀਪਾਲ ਰੰਧਾਵਾ ਦੀ ਯਾਦ ਵਿਚ ਮੋਗਾ ਵਿਖੇ ਮੁਜ਼ਾਹਰਾ ਕੀਤਾ ਜਾ ਰਿਹਾ ਸੀ ਤਾਂ ਪੁਲਿਸ ਨੇ ਹੋਰ ਦਰਜਨਾਂ ਵਿਦਿਆਰਥੀਆਂ ਖਿਲਾਫ਼ ਕੇਸ ਦਰਜ ਕਰ ਲਏ। ਉਨ੍ਹਾਂ ਵਿਚ ਜਗਰੂਪ ਸਿੰਘ ਰਸੂਲਪੁਰ, ਨੈਬ ਸਿੰਘ ਰਸੂਲਪੁਰ ਅਤੇ ਪਿਆਰਾ ਰੋਮੀ, ਕਮਲਜੀਤ ਸਿੰਘ ਮਾਛੀਕੇ ਅਤੇ ਜਗਜੀਤ ਸਿੰਘ ਅਖਾੜਾ ਸ਼ਾਮਲ ਸਨ। ਮੁੜ ਰਸੂਲਪੁਰ ਪਿੰਡ ਦਾ ਵੱਡਾ ਹਿਸਾ ਲਹਿਰ ਨਾਲ ਜੁੜ ਗਿਆ। ਨਾਇਬ ਅਤੇ ਜਗਰੂਪ ਭਰਾਵਾਂ ਦੀ ਜੋੜੀ ਨੂੰ ਹਰ ਕੋਈ ਜਾਣਨ ਲੱਗਿਆ। ਇਹ ਦੋਵੇਂ ਭਰਾ ਵਿਦਿਆਰਥੀ ਲਹਿਰ ਤੋਂ ਬਾਅਦ ਅਧਿਆਪਕ ਲਹਿਰ ਅਤੇ ਕਿਸਾਨ ਲਹਿਰ ਅਤੇ ਮਜ਼ਦੂਰ ਜਥੇਬੰਦੀਆਂ ਦ ਅਟੁੱਟ ਅੰਗ ਬਣਿਆ। ਦੂਰ-ਦੁਰੇਡੇ ਤੱਕ ਹਰ ਕੋਈ ਇਨ੍ਹਾਂ ਦੋਵੇਂ ਭਰਾਵਾਂ ਦੀ ਜੋੜੀ ਨੂੰ ਜਾਣਦਾ ਸੀ ਪ੍ਰੰਤੂ ਕੁਝ ਸਮਾਂ ਪਹਿਲਾਂ ਨਾਇਬ ਸਿੰਘ ਦੀ ਅਚਨਚੇਤ ਮੌਤ ਹੋ ਗਈ ਅਤੇ ਹੁਣ ਜਗਰੂਪ ਸਿੰਘ ਵੀ ਇਸ ਧਰਤੀ ਤੋਂ ਇਕ ਛੋਟੀ ਜਿਹੀ ਬਿਮਾਰੀ ਨਾਲ ਰੁਖਸਤ ਹੋ ਗਿਆ। ਲਹਿਰਾਂ ਵਿਚ ਉਤਰਾਅ ਚੜ੍ਹਾਆ ਆਉਂਦੇ ਰਹੇ ਪੰਤੂ ਇਹ ਲਹਿਰਾਂ ਦਾ ਅਟੁੱਟ ਅੰਗ ਬਣੇ ਰਹੇ। ਜਿਸ ਕਿਸਮ ਨਾਲ ਪੰਜਾਬ ਦੀ ਵਿਦਿਆਰਥੀ ਲਹਿਰ ਨੇ ਆਗੂ ਪੈਦਾ ਕੀਤੇ ਉਹ ਲਗਾਤਾਰ ਸਮਾਜਿਕ ਤਬਦੀਲੀਆਂ ਦੇ ਬਾਵਜੂਦ ਸੰਘਰਸ਼ਾਂ ਦਾ ਅਟੁੱਟ ਹਿੱਸਾ ਬਣੇ ਰਹੇ। ਜਿਸ ਕਿਸਮ ਦੇ ਪੰਜਾਬ ਵਿਚ ਉਤਰਾਅ ਚੜ੍ਹਾਅ ਵੀ ਆਉਂਦੇ ਰਹੇ ਪ੍ਰੰਤੂ ਇਨ੍ਹਾਂ ਦੋਵੇਂ ਭਰਾਵਾਂ ਨੇ ਖੱਬੇ ਪੱਖੀ ਵਿਚਾਰਾਂ ਦਾ ਲਗਾਓ ਨਹੀਂ ਘਟਾਇਆ। ਜਦੋਂ ਪਿਛਲੇ ਸਮੇਂ ’ਚ ਕਿਸਾਨ ਲਹਿਰ ਵੀ ਚਲ ਰਹੀ ਸੀ ਉਸ ਸਮੇਂ ਵੀ ਇਨ੍ਹਾਂ ਦੋਵਾਂ ਭਰਾਵਾਂ ਨੇ ਉਚੇਚਾ ਯੋਗਦਾਨ ਪਾਇਆ। ਇਸ ਤੋਂ ਪਹਿਲਾਂ ਜਗਰਾਓਂ ਇਲਾਕੇ ’ਚ ਜਿੰਨੇ ਵੀ ਸੰਘਰਸ਼ ਲੜੇ ਜਾਂਦੇ ਰਹੇ ਉਨ੍ਹਾਂ ਵਿਚ ਅਗਵਾਊਂ ਰੋਲ ਨਿਭਾਉਂਦੇ ਰਹੇ। ਪੰਜਾਬ ਦੀ ਵਿਦਿਆਰਥੀ ਲਹਿਰ ਨੇ ਜਿਸ ਪੱਧਰ ’ਤੇ ਪੰਜਾਬ ਦੇ ਇਤਿਹਾਸ ਵਿਚ ਆਪਣਾ ਨਾਮ ਦਰਜ ਕਰਵਾਇਆ ਹੈ ਉਸ ਨੇ ਕਿੰਨੇ ਹੀ ਸਾਥੀ ਵਿਛੜ ਕੇ ਜਾ ਰਹੇ ਹਨ। ਪਰ ਜਿਸ ਕਿਸਮ ਦੀ ਜੰਗ ਉਸ ਵਿਦਿਆਰਥੀ ਲਹਿਰ ਨੇ ਲਾਈ ਸੀ ਉਹ ਅਚੇਤ ਜਾਂ ਸੁਚੇਤ ਰੂਪ ਵਿਚ ਵੱਡੀ ਗਿਣਤੀ ਵਿਚ ਸਾਬਕਾ ਵਿਦਿਆਰਥੀਆਂ ਦੀ ਯਾਦ ਦਾ ਅਟੁੱਟ ਅੰਗ ਬਣੀ ਪਈ ਹੈ। ਨਾਇਬ ਅਤੇ ਜਗਰੂਪ ਭਰਾਵਾਂ ਦੀ ਜੋੜੀ ਨੂੰ ਹਰ ਕੋਈ ਯਾਦ ਰੱਖੇਗਾ ਕਿਉਂਕਿ ਕਿੰਨੇ ਹੀ ਨਵੇਂ ਆਗੂ ਲਹਿਰ ਵਿਚ ਸ਼ਾਮਲ ਕਰਨ ਵਿਚ ਇਨ੍ਹਾਂ ਦਾ ਯੋਗਦਾਨ ਰਿਹਾ ਹੈ।


DM TRANSPORT

ace ACI US&Canada Bonded

**Bob Dhaliwal**
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

**Hiring AZ drivers and owner operator**







**Description**
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
**What we are offering:**
• Great Pay • Great work environment • Consistent work & and miles! • Scale bypass
**Requirements for our AZ Truck Driver positions:**
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at **BOB@DMTRANSPORT.CA or call me Bob 416-318-5032**

**ਚੀ ਗਵੇਰਾ ਦੇ ਜਨਮ (14 ਜੂਨ 1928) 'ਤੇ ਵਿਸ਼ੇਸ਼**

# ਚੀ ਗਵੇਰਾ ਦੀਆਂ ਇਤਿਹਾਸਕ ਪੈੜਾਂ ਦੇ ਸੰਦਰਭ 'ਚ





ਮੂਲ ਲੇਖਕ : ਫੀਡਲ ਕਾਸਟਰੋ
ਅਨੁ. ਡਾ. ਕੁਲਦੀਪ ਸਿੰਘ 98151-15429

ਇਹ ਜੁਲਾਈ ਜਾਂ ਅਗਸਤ 1955 ਦਾ ਇੱਕ ਦਿਨ ਸੀ ਜਦੋਂ ਅਸੀਂ ਚੇ ਨੂੰ ਮਿਲੇ ਸੀ। ਅਤੇ ਇੱਕ ਰਾਤ ਵਿੱਚ – ਜਿਵੇਂ ਕਿ ਉਹ ਆਪਣੇ ਖਾਤਿਆਂ ਵਿੱਚ ਦੱਸਦਾ ਹੈ – ਉਹ 'ਦਾਦੀ ਦਾ' ਭਵਿੱਖ ਦੀ ਮੁਹਿੰਮ ਸਾਥੀ ਬਣ ਗਿਆ। ਪਰ ਉਸ ਸਮੇਂ ਉਸ ਮੁਹਿੰਮ ਵਿਚ ਨਾ ਕੋਈ ਜਹਾਜ਼ ਸੀ, ਨਾ ਕੋਈ ਹਥਿਆਰ, ਨਾ ਕੋਈ ਫ਼ੌਜ। ਅਤੇ ਇਸ ਤਰ੍ਹਾਂ ਹੋਇਆ, ਰਾਉਲ ਦੇ ਨਾਲ, ਚੇ 'ਗ੍ਰੈਨਮਾ' ਦੀ ਸੂਚੀ ਵਿੱਚ ਪਹਿਲੇ ਦੋ ਦੇ ਸਮੂਹ ਵਿੱਚ ਸ਼ਾਮਲ ਹੋ ਗਿਆ। ਉਦੋਂ ਤੋਂ 12 ਸਾਲ ਬੀਤ ਚੁੱਕੇ ਹਨ; ਉਨ੍ਹਾਂ ਦੇ 12 ਸਾਲ ਸੰਘਰਸ਼ ਅਤੇ ਇਤਿਹਾਸ ਨਾਲ ਭਰੇ ਹੋਏ ਸਨ। ਉਨ੍ਹਾਂ ਸਾਰੇ ਸਾਲਾਂ ਵਿੱਚ, ਮੌਤ ਨੇ ਬਹੁਤ ਸਾਰੀਆਂ ਕੀਮਤੀ ਅਤੇ ਅਟੱਲ ਜ਼ਿੰਦਗੀਆਂ ਖੋਹ ਲਈਆਂ; ਪਰ, ਉਸੇ ਸਮੇਂ, ਉਹਨਾਂ ਸਾਲਾਂ ਦੌਰਾਨ, ਸਾਡੇ ਇਨਕਲਾਬ ਵਿੱਚੋਂ ਅਸਾਧਾਰਨ ਲੋਕ ਉੱਭਰ ਕੇ ਸਾਹਮਣੇ ਆਏ, ਜੋ ਇਨਕਲਾਬ ਦੇ ਲੋਕਾਂ ਵਿੱਚ ਅਤੇ ਲੋਕਾਂ ਅਤੇ ਲੋਕਾਂ ਵਿਚਕਾਰ, ਪਿਆਰ ਅਤੇ ਦੋਸਤੀ ਦੇ ਬੰਧਨ ਜੋ ਹਰ ਸੰਭਵ ਪ੍ਰਗਟਾਵੇ ਤੋਂ ਪਰੇ ਸਨ ਅਤੇ ਅੱਜ ਰਾਤ ਅਸੀਂ, ਤੁਸੀਂ ਅਤੇ ਮੈਂ, ਉਹਨਾਂ ਭਾਵਨਾਵਾਂ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਕਰਨ ਲਈ ਇਕੱਠੇ ਹੋਏ ਹਾਂ ਜੋ ਸਾਡੇ ਸਭ ਤੋਂ ਨਜ਼ਦੀਕੀਆਂ ਵਿੱਚੋਂ ਇੱਕ, ਸਭ ਤੋਂ ਵੱਧ ਪ੍ਰਸ਼ੰਸਾਯੋਗ, ਸਭ ਤੋਂ ਪਿਆਰਿਆਂ ਵਿੱਚੋਂ ਇੱਕ ਅਤੇ ਬਿਨਾਂ ਸ਼ੱਕ, ਸਾਡੇ ਸਭ ਤੋਂ ਅਸਾਧਾਰਨ ਸਾਥੀ ਇਨਕਲਾਬੀਆਂ ਵਿੱਚੋਂ ਇੱਕ; ਉਸ ਦੇ ਪ੍ਰਤੀ ਅਤੇ ਉਸ ਨਾਲ ਲੜਨ ਵਾਲੇ ਨਾਇਕਾਂ ਪ੍ਰਤੀ ਅਤੇ ਉਸ ਦੇ ਨਾਲ ਸ਼ਹੀਦ ਹੋਏ ਨਾਇਕਾਂ ਪ੍ਰਤੀ, ਉਸ ਦੀ ਅੰਤਰਰਾਸ਼ਟਰੀ ਫੌਜ, ਜੋ ਇਤਿਹਾਸ ਦਾ ਇੱਕ ਸ਼ਾਨਦਾਰ ਅਤੇ ਅਮਿੱਟ ਪੰਨਾ ਲਿਖ ਰਹੀ ਹੈ, ਉਹਨਾਂ ਪ੍ਰਤੀ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ। ਚੀ ਉਹਨਾਂ ਆਦਮੀਆਂ ਵਿੱਚੋਂ ਇੱਕ ਸੀ ਜਿਸਨੂੰ ਹਰ ਕੋਈ ਤੁਰੰਤ ਪਿਆਰ ਕਰਦਾ ਸੀ, ਉਸਦੀ ਸਾਦਗੀ ਲਈ, ਉਸਦੇ ਚਰਿੱਤਰ ਲਈ, ਉਸਦੀ ਇਮਾਨਦਾਰੀ ਲਈ, ਉਸਦੀ ਦੋਸਤੀ ਲਈ, ਉਸਦੀ ਸ਼ਖਸੀਅਤ ਲਈ, ਉਸਦੀ ਮੌਲਿਕਤਾ ਲਈ, ਭਾਵੇਂ ਅਸੀਂ ਅਜੇ ਵੀ ਦੂਜਿਆਂ ਨੂੰ ਉਸ ਦੇ ਗੁਣਾਂ ਦੇ ਗੁਣਾਂ ਬਾਰੇ ਪਤਾ ਨਹੀਂ ਸੀ। ਉਸ ਨੂੰ. ਉਨ੍ਹਾਂ ਪਹਿਲੇ ਪਲਾਂ ਦੌਰਾਨ ਉਹ ਸਾਡੇ ਫੌਜੀ ਡਾਕਟਰ ਸਨ ਅਤੇ ਇਸ ਤਰ੍ਹਾਂ ਬੰਧਨ ਬਣ ਗਏ ਅਤੇ ਕਾਮਰੇਡਸ਼ਿਪ ਦੀਆਂ ਭਾਵਨਾਵਾਂ ਨੇ ਜਨਮ ਲਿਆ। ਉਹ ਸਾਮਰਾਜਵਾਦ ਪ੍ਰਤੀ ਨਫ਼ਰਤ ਅਤੇ ਨਫ਼ਰਤ ਦੀ ਡੂੰਘੀ ਭਾਵਨਾ ਨਾਲ ਰੰਗਿਆ ਹੋਇਆ ਸੀ, ਨਾ ਸਿਰਫ ਇਸ ਲਈ ਕਿ ਉਸਦਾ ਰਾਜਨੀਤਿਕ ਪਿਛੋਕੜ ਪਹਿਲਾਂ ਹੀ ਕਾਫ਼ੀ ਵਿਕਸਤ ਸੀ, ਬਲਕਿ ਇਸ ਲਈ ਕਿ ਉਸਨੂੰ ਹਾਲ ਹੀ ਵਿੱਚ ਗੁਆਟੇਮਾਲਾ ਵਿੱਚ ਕਿਰਾਏਦਾਰਾਂ ਦੁਆਰਾ ਅਪਰਾਧਿਕ ਸਾਮਰਾਜਵਾਦੀ ਦਖਲਅੰਦਾਜ਼ੀ ਨੂੰ ਵੇਖਣ ਦਾ ਮੌਕਾ ਮਿਲਿਆ ਸੀ। ਜਿਸ ਨੇ ਉਸ ਦੇਸ਼ ਵਿੱਚ ਇਨਕਲਾਬ ਨੂੰ ਬਰਬਾਦ ਕਰ ਦਿੱਤਾ। ਉਸ ਵਰਗੇ ਬੰਦੇ ਲਈ ਇੰਨੀਆਂ ਦਲੀਲਾਂ ਦੀ ਲੋੜ ਨਹੀਂ ਸੀ। ਉਸ ਲਈ ਇਹ ਜਾਣਨਾ ਕਾਫ਼ੀ ਸੀ ਕਿ ਕਿਊਬਾ ਵੀ ਇਸੇ ਤਰ੍ਹਾਂ ਦੇ ਹਾਲਾਤਾਂ ਵਿੱਚ ਰਹਿੰਦਾ ਸੀ, ਉਸ ਲਈ ਇਹ ਜਾਣਨਾ ਕਾਫ਼ੀ ਸੀ ਕਿ ਉੱਥੇ ਅਜਿਹੇ ਲੋਕ ਸਨ ਜੋ ਉਸ ਸਥਿਤੀ ਨੂੰ ਬਦਲਣ ਲਈ ਹਥਿਆਰਾਂ ਨਾਲ ਲੜਨ ਲਈ ਦ੍ਰਿੜ ਸਨ, ਉਸ ਲਈ ਇਹ ਜਾਣਨਾ ਕਾਫ਼ੀ ਸੀ ਕਿ ਉਹ ਲੋਕ ਸਨ। ਕ੍ਰਾਂਤੀਕਾਰੀ ਅਤੇ ਦੇਸ਼ ਭਗਤੀ ਦੀਆਂ ਭਾਵਨਾਵਾਂ ਤੋਂ ਸੱਚਮੁੱਚ ਪ੍ਰੇਰਿਤ। ਅਤੇ ਇਹ ਕਾਫ਼ੀ ਵੱਧ ਸੀ. ਇਸ ਲਈ, ਇੱਕ ਦਿਨ, ਨਵੰਬਰ 1956 ਦੇ ਅੰਤ ਵਿੱਚ, ਉਸਨੇ ਸਾਡੇ ਨਾਲ ਕਿਊਬਾ ਵੱਲ ਮਾਰਚ ਕਰਨਾ ਸ਼ੁਰੂ ਕਰ ਦਿੱਤਾ। ਮੈਨੂੰ ਯਾਦ ਹੈ ਕਿ ਉਹ ਸਫ਼ਰ ਉਸ ਲਈ ਬਹੁਤ ਔਖਾ ਸੀ ਕਿਉਂਕਿ ਜਿਨ੍ਹਾਂ ਹਾਲਾਤਾਂ ਵਿਚ ਰਵਾਨਗੀ ਦਾ ਪ੍ਰਬੰਧ ਕੀਤਾ ਗਿਆ ਸੀ, ਉਹ ਆਪਣੇ ਆਪ ਨੂੰ ਲੋੜੀਂਦੀਆਂ ਦਵਾਈਆਂ ਵੀ ਮੁਹੱਈਆ ਨਹੀਂ ਕਰਵਾ ਸਕਿਆ ਸੀ ਅਤੇ ਉਸ ਨੇ ਦਮੇ ਦੇ ਗੰਭੀਰ ਦੌਰੇ ਤੋਂ ਪੀੜਤ ਹੋਣ ਦਾ ਕੋਈ ਮੌਕਾ ਨਾ ਹੋਣ ਕਰਕੇ ਸਾਰਾ ਸਫ਼ਰ ਬਿਤਾਇਆ। ਰਾਹਤ ਮਿਲੀ, ਪਰ ਬਿਨਾਂ ਕਿਸੇ ਸ਼ਿਕਾਇਤ ਦੇ। ਅਸੀਂ ਪਹੁੰਚੇ, ਅਸੀਂ ਪਹਿਲੀ ਸੈਰ ਸ਼ੁਰੂ ਕੀਤੀ, ਸਾਨੂੰ ਪਹਿਲਾ ਝਟਕਾ ਲੱਗਾ ਅਤੇ ਕੁਝ ਹਫ਼ਤਿਆਂ ਬਾਅਦ ਅਸੀਂ ਦੁਬਾਰਾ ਮਿਲੇ – ਜਿਵੇਂ ਕਿ ਤੁਸੀਂ ਜਾਣਦੇ ਹੋ – ਲੋਕਾਂ ਦਾ ਇੱਕ ਸਮੂਹ ਜੋ 'ਗ੍ਰੈਨਮਾ' ਮੁਹਿੰਮ ਤੋਂ ਬਚ ਗਿਆ ਸੀ। ਚੀ ਸਾਡੇ ਫੌਜੀ ਡਾਕਟਰ ਰਹੇ। ਪਹਿਲੀ ਜੇਤੂ ਲੜਾਈ ਹੋਈ ਅਤੇ ਚੇ ਪਹਿਲਾਂ ਹੀ ਸਾਡੀ ਫੌਜ ਦਾ ਸਿਪਾਹੀ ਸੀ ਅਤੇ, ਉਸੇ ਸਮੇਂ, ਉਹ ਅਜੇ ਵੀ ਡਾਕਟਰ ਸੀ; ਇਸ ਤੋਂ ਬਾਅਦ ਇੱਕ ਦੂਜੀ ਜਿੱਤੀ ਲੜਾਈ ਹੋਈ ਅਤੇ ਚੀ ਨਾ ਸਿਰਫ਼ ਇੱਕ ਸਿਪਾਹੀ ਸੀ, ਸਗੋਂ ਉਸ ਕਾਰਵਾਈ ਵਿੱਚ ਸਭ ਤੋਂ ਉੱਘੇ ਸਿਪਾਹੀਆਂ ਵਿੱਚੋਂ ਇੱਕ ਸੀ, ਜਿਸ ਨੇ ਪਹਿਲੀ ਵਾਰ ਉਹਨਾਂ ਵਿਲੱਖਣ ਕਾਰਨਾਮਿਆਂ ਵਿੱਚੋਂ ਇੱਕ ਦਾ ਪ੍ਰਦਰਸ਼ਨ ਕੀਤਾ ਜੋ ਉਸਨੂੰ ਸਾਰੀਆਂ ਕਾਰਵਾਈਆਂ ਵਿੱਚ ਵਿਸ਼ੇਸ਼ਤਾ ਦਿੰਦਾ ਹੈ; ਸਾਡੀ ਤਾਕਤ ਵਧਦੀ ਰਹੀ ਅਤੇ ਉਸ ਸਮੇਂ ਅਸਧਾਰਨ ਮਹੱਤਵ ਵਾਲੀਆਂ ਲੜਾਈਆਂ ਲੜੀਆਂ ਗਈਆਂ। ਸਥਿਤੀ ਮੁਸ਼ਕਲ ਸੀ. ਜਾਣਕਾਰੀ ਕਈ ਤਰੀਕਿਆਂ ਨਾਲ ਗਲਤ ਸੀ। ਅਸੀਂ ਦਿਨ ਦੇ ਅੱਧ ਵਿਚ, ਤੜਕੇ, ਸਮੁੰਦਰੀ ਕਿਨਾਰੇ, ਇਕ ਮਜ਼ਬੂਤ ਰੱਖਿਆ ਵਾਲੀ ਸਥਿਤੀ, ਚੰਗੀ ਤਰ੍ਹਾਂ ਹਥਿਆਰਬੰਦ ਅਤੇ ਸਾਡੇ ਪਿੱਛੇ ਦੁਸ਼ਮਣ ਫੌਜਾਂ ਨਾਲ ਹਮਲਾ ਕਰਨ ਜਾ ਰਹੇ ਸੀ। ਬਹੁਤ ਦੂਰ ਨਹੀਂ ਅਤੇ ਉਲਝਣ ਦੀ ਉਸ ਸਥਿਤੀ ਦੇ ਵਿਚਕਾਰ ਜਿਸ ਵਿੱਚ ਲੋਕਾਂ ਤੋਂ ਸਰਵਉੱਚ ਕੋਸ਼ਿਸ਼ ਮੰਗਣੀ ਜ਼ਰੂਰੀ ਸੀ, ਕਾਮਰੇਡ ਜੁਆਨ ਆਲਮੇਡਾ ਨੇ ਇੱਕ ਵਾਰ ਸਭ ਤੋਂ ਮੁਸ਼ਕਲ ਮਿਸ਼ਨਾਂ ਵਿੱਚੋਂ ਇੱਕ ਕੀਤਾ। ਹਾਲਾਂਕਿ ਇੱਕ ਫਲੈਂਕ ਪੂਰੀ ਤਰ੍ਹਾਂ ਬਲਾਂ ਤੋਂ ਰਹਿਤ ਸੀ। ਇਸਲਈ, ਇੱਕ ਫਲੈਂਕ ਬਿਨਾਂ ਕਿਸੇ ਹਮਲਾਵਰ ਬਲ ਦੇ ਰਹਿ ਗਿਆ ਸੀ, ਜਿਸ ਨਾਲ ਸਾਰੀ ਕਾਰਵਾਈ ਨੂੰ ਖਤਰੇ ਵਿੱਚ ਪੈ ਸਕਦਾ ਸੀ। ਅਤੇ ਉਸੇ ਪਲ ਚੇ, ਜੋ ਅਜੇ ਵੀ ਡਾਕਟਰ ਸੀ, ਨੇ ਤਿੰਨ ਜਾਂ ਚਾਰ ਆਦਮੀਆਂ ਨੂੰ ਬੁਲਾਇਆ, ਉਨ੍ਹਾਂ ਵਿੱਚੋਂ ਇੱਕ ਮਸ਼ੀਨ-ਗਨ ਰਾਈਫਲ ਵਾਲਾ ਆਦਮੀ ਸੀ, ਅਤੇ ਕੁਝ ਸਕਿੰਟਾਂ ਵਿੱਚ ਉਹ ਤੇਜ਼ੀ ਨਾਲ ਉਸ ਦਿਸ਼ਾ ਤੋਂ ਹਮਲੇ ਦੇ ਮਿਸ਼ਨ ਨੂੰ ਲੈ ਗਿਆ। ਅਤੇ ਉਸ ਮੌਕੇ 'ਤੇ ਉਹ ਨਾ ਸਿਰਫ ਇਕ ਉੱਘੇ ਲੜਾਕੇ ਸਨ, ਉਹ ਇਕ ਉੱਘੇ ਡਾਕਟਰ ਵੀ ਸਨ, ਜੋ ਆਪਣੇ ਜ਼ਖਮੀ ਸਾਥੀਆਂ ਦੀ ਦੇਖਭਾਲ ਕਰਦੇ ਹੋਏ ਦੁਸ਼ਮਣ ਦੇ ਜ਼ਖਮੀ ਸਿਪਾਹੀਆਂ ਦੀ ਦੇਖਭਾਲ ਕਰਦੇ ਸਨ। ਅਤੇ ਜਦੋਂ ਇਸ ਜਗ੍ਹਾ ਨੂੰ ਛੱਡਣਾ ਜ਼ਰੂਰੀ ਸੀ, ਇੱਕ ਵਾਰ ਜਦੋਂ ਸਾਰੇ ਹਥਿਆਰ ਜ਼ਬਤ ਕੀਤੇ ਗਏ ਸਨ ਅਤੇ ਇੱਕ ਲੰਮਾ ਮਾਰਚ ਸ਼ੁਰੂ ਹੋ ਗਿਆ ਸੀ, ਵੱਖ-ਵੱਖ ਦੁਸ਼ਮਣ ਤਾਕਤਾਂ ਦੁਆਰਾ ਤੰਗ ਕੀਤਾ ਗਿਆ ਸੀ, ਕਿਸੇ ਨੂੰ ਜ਼ਖਮੀਆਂ ਦੇ ਨਾਲ ਰਹਿਣ ਲਈ ਛੱਡਣਾ ਜ਼ਰੂਰੀ ਸੀ, ਅਤੇ ਚੀ ਨਾਲ ਇਕੱਠੇ ਰਹੋ. ਸਾਡੇ ਸੈਨਿਕਾਂ ਦੇ ਇੱਕ ਛੋਟੇ ਸਮੂਹ ਦੀ ਮਦਦ ਨਾਲ, ਉਸਨੇ ਉਨ੍ਹਾਂ ਦੀ ਦੇਖਭਾਲ ਕੀਤੀ, ਉਨ੍ਹਾਂ ਦੀ ਜਾਨ ਬਚਾਈ ਅਤੇ ਬਾਅਦ ਵਿੱਚ ਕਾਲਮ ਵਿੱਚ ਸ਼ਾਮਲ ਹੋ ਗਏ। ਉਸ ਪਲ ਤੋਂ ਉਹ ਇੱਕ ਕਾਬਲ ਅਤੇ ਬਹਾਦਰ ਨੇਤਾ ਵਜੋਂ ਉਭਰਿਆ, ਇੱਕ ਅਜਿਹਾ ਵਿਅਕਤੀ ਜਿਸ ਨੇ ਇੱਕ ਮੁਸ਼ਕਲ ਮਿਸ਼ਨ ਨੂੰ ਪੂਰਾ ਕਰਨ ਲਈ ਕਿਹਾ ਜਾਣ ਦੀ ਉਡੀਕ ਨਹੀਂ ਕੀਤੀ।

ਕਿਸੇ ਵਿਅਕਤੀ ਵਿੱਚ ਉਹ ਸਾਰੇ ਗੁਣ ਸ਼ਾਮਲ ਕਰਨਾ ਆਸਾਨ ਨਹੀਂ ਹੈ ਜੋ ਉਸ ਕੋਲ ਹਨ। ਉਸ ਵਰਗੀ ਸ਼ਖ਼ਸੀਅਤ ਦਾ ਆਪ-ਮੁਹਾਰੇ ਵਿਕਾਸ ਕਰਨਾ ਕੋਈ ਸੌਖਾ ਕੰਮ ਨਹੀਂ। ਮੈਂ ਕਹਾਂਗਾ ਕਿ ਉਹ ਉਨ੍ਹਾਂ ਮੁੰਡਿਆਂ ਵਿੱਚੋਂ ਇੱਕ ਹੈ ਜਿਨ੍ਹਾਂ ਨੂੰ ਮੇਲਣਾ ਮੁਸ਼ਕਲ ਹੈ ਅਤੇ ਹਰਾਉਣਾ ਅਸੰਭਵ ਹੈ। ਪਰ ਅਸੀਂ ਇਹ ਵੀ ਕਹਾਂਗੇ ਕਿ ਉਸ ਵਰਗੇ ਮਰਦ, ਆਪਣੀ ਮਿਸਾਲ ਨਾਲ, ਉਨ੍ਹਾਂ ਵਰਗੇ ਮਰਦਾਂ ਨੂੰ ਉਭਰਨ ਵਿਚ ਮਦਦ ਕਰਨ ਦੇ ਯੋਗ ਹਨ. ਨੁਕਤਾ ਇਹ ਹੈ ਕਿ ਅਸੀਂ ਚੀ ਵਿੱਚ ਸਿਰਫ਼ ਯੋਧੇ ਜਾਂ ਮਹਾਨ ਕਾਰਨਾਮੇ ਕਰਨ ਦੇ ਸਮਰੱਥ ਵਿਅਕਤੀ ਦੀ ਪ੍ਰਸ਼ੰਸਾ ਨਹੀਂ ਕਰਦੇ ਹਾਂ। ਅਤੇ ਉਸਨੇ ਜੋ ਕੀਤਾ ਅਤੇ ਜੋ ਉਹ ਕਰ ਰਿਹਾ ਸੀ, ਉਹ ਆਪਣੇ ਆਪ ਵਿੱਚ ਮੁੱਠੀ ਭਰ ਲੋਕਾਂ ਦੇ ਨਾਲ ਇੱਕ ਪੂਰੀ ਕੁਲੀਨ ਫੌਜ ਦਾ ਸਾਹਮਣਾ ਕਰਨ ਦਾ ਤੱਥ ਹੈ, ਜਿਨ੍ਹਾਂ ਨੂੰ ਯੈਂਕੀ ਸਾਮਰਾਜਵਾਦ ਦੁਆਰਾ ਸਪਲਾਈ ਕੀਤੇ ਗਏ ਯੈਂਕੀ ਸਲਾਹਕਾਰਾਂ ਦੁਆਰਾ ਨਿਰਦੇਸ਼ ਦਿੱਤੇ ਗਏ ਸਨ, ਸਾਰੇ ਗੁਆਂਢੀ ਇਸ ਤੱਥ ਤੋਂ ਕਿ ਉਸ ਦਾ ਸਮਰਥਨ ਕੀਤਾ ਗਿਆ ਸੀ। ਦੇਸ਼ਾਂ ਦੇ ਕੁਲੀਨ ਵਰਗ ਦੁਆਰਾ ਆਪਣੇ ਆਪ ਵਿੱਚ ਇੱਕ ਅਸਾਧਾਰਨ ਪ੍ਰਾਪਤੀ ਹੈ। ਅਤੇ ਜੇਕਰ ਤੁਸੀਂ ਇਤਿਹਾਸ ਦੇ ਪੰਨੇ ਪਲਟਦੇ ਹੋ, ਤਾਂ ਤੁਹਾਨੂੰ ਸ਼ਾਇਦ ਕੋਈ ਅਜਿਹਾ ਕੇਸ ਨਹੀਂ ਮਿਲੇਗਾ ਜਿਸ ਵਿੱਚ ਇੰਨੀ ਘੱਟ ਗਿਣਤੀ ਵਿੱਚ ਲੋਕਾਂ ਨੇ ਇਸ ਤੋਂ ਵੱਧ ਮਹੱਤਵ ਵਾਲਾ ਕੁਝ ਕੀਤਾ ਹੋਵੇ, ਜਿਸ ਵਿੱਚ ਇੰਨੀ ਘੱਟ ਗਿਣਤੀ ਵਿੱਚ ਲੋਕ ਕਿਸੇ ਹੋਰ ਦੇ ਵਿਰੁੱਧ ਲੜੇ ਹੋਣ। ਅਜਿਹੀਆਂ ਮਹਾਨ ਸ਼ਕਤੀਆਂ। ਆਤਮ-ਵਿਸ਼ਵਾਸ ਦਾ ਇਹ ਸਬੂਤ, ਲੋਕਾਂ ਵਿੱਚ ਵਿਸ਼ਵਾਸ ਦਾ ਸਬੂਤ, ਮਨੁੱਖਾਂ ਦੀ ਲੜਨ ਦੀ ਸਮਰੱਥਾ ਵਿੱਚ ਵਿਸ਼ਵਾਸ ਦਾ ਸਬੂਤ, ਇਤਿਹਾਸ ਦੇ ਪੰਨਿਆਂ ਵਿੱਚ ਖੋਜਿਆ ਜਾ ਸਕਦਾ ਹੈ, ਪਰ ਅਜੇ ਤੱਕ ਅਜਿਹਾ ਕੁਝ ਨਹੀਂ ਮਿਲਦਾ। ਅਤੇ ਉਹ ਡਿੱਗ ਗਿਆ. ਦੁਸ਼ਮਣਾਂ ਦਾ ਮੰਨਣਾ ਹੈ ਕਿ ਉਹਨਾਂ ਨੇ ਉਹਨਾਂ ਦੇ ਵਿਚਾਰਾਂ ਨੂੰ ਹਰਾਇਆ ਹੈ, ਉਹਨਾਂ ਦੇ ਗੁਰੀਲਾ ਸੰਕਲਪ ਨੂੰ ਹਰਾਇਆ ਹੈ, ਉਹਨਾਂ ਦੇ ਵਿਚਾਰਾਂ ਨੂੰ ਹਥਿਆਰਬੰਦ ਇਨਕਲਾਬੀ ਸੰਘਰਸ਼ 'ਤੇ ਹਰਾ ਦਿੱਤਾ ਹੈ। ਅਤੇ ਉਨ੍ਹਾਂ ਨੇ ਜੋ ਪ੍ਰਾਪਤ ਕੀਤਾ, ਉਹ ਸੀ, ਕਿਸਮਤ ਦੇ ਇੱਕ ਝਟਕੇ ਨਾਲ, ਉਸਦੇ ਸਰੀਰਕ ਜੀਵਨ ਨੂੰ ਖਤਮ ਕਰਨਾ; ਉਨ੍ਹਾਂ ਨੇ ਜੋ ਕੁਝ ਕੀਤਾ ਉਹ ਇਤਫਾਕਨ ਫਾਇਦੇ ਪ੍ਰਾਪਤ ਕਰਨ ਲਈ ਸੀ ਜੋ ਕਿਸੇ ਦੁਸ਼ਮਣ ਨੂੰ ਯੁੱਧ ਵਿੱਚ ਪ੍ਰਾਪਤ ਹੋ ਸਕਦਾ ਸੀ। ਅਤੇ ਕਿਸਮਤ ਦਾ ਉਹ ਸਟਰੋਕ, ਕਿਸਮਤ ਦਾ ਉਹ ਝਟਕਾ ਸਾਨੂੰ ਨਹੀਂ ਪਤਾ ਕਿ ਉਸ ਵਿਸ਼ੇਸ਼ਤਾ ਦੁਆਰਾ ਕਿਸ ਹੱਦ ਤੱਕ ਮਦਦ ਕੀਤੀ ਗਈ ਸੀ ਜਿਸਦਾ ਅਸੀਂ ਪਹਿਲਾਂ ਬਹੁਤ ਜ਼ਿਆਦਾ ਹਮਲਾਵਰਤਾ, ਖ਼ਤਰੇ ਲਈ ਪੂਰੀ ਨਫ਼ਰਤ ਦਾ ਜ਼ਿਕਰ ਕੀਤਾ ਸੀ, ਜੋ ਕਈ ਲੜਾਈਆਂ ਵਾਂਗ ਯੁੱਧ ਵਿੱਚ ਦਿਖਾਇਆ ਗਿਆ ਸੀ। ਜਿਵੇਂ ਕਿ ਸਾਡੇ ਆਜ਼ਾਦੀ ਸੰਗਰਾਮ ਵਿੱਚ ਵੀ ਹੋਇਆ ਸੀ। ਡੌਸ ਰੀਓਸ ਵਿਖੇ ਇੱਕ ਲੜਾਈ ਵਿੱਚ ਉਨ੍ਹਾਂ ਨੇ ਸਾਡੀ ਆਜ਼ਾਦੀ ਦੇ ਦੂਤ ਨੂੰ ਮਾਰ ਦਿੱਤਾ। ਪੁੰਟਾ ਬ੍ਰਾਵਾ ਵਿਖੇ ਇੱਕ ਲੜਾਈ ਵਿੱਚ ਉਸਨੇ ਸੈਂਕੜੇ ਯੁੱਧਾਂ ਦੇ ਇੱਕ ਅਨੁਭਵੀ ਐਂਟੋਨੀਓ ਮੈਸੀਓ ਨੂੰ ਮਾਰ ਦਿੱਤਾ। ਸਾਡੇ ਆਜ਼ਾਦੀ ਸੰਗਰਾਮ ਦੇ ਅਣਗਿਣਤ ਆਗੂ, ਅਣਗਿਣਤ ਦੇਸ਼ ਭਗਤ ਇਸੇ ਤਰ੍ਹਾਂ ਦੀਆਂ ਲੜਾਈਆਂ ਵਿੱਚ ਸ਼ਹੀਦ ਹੋਏ। ਅਤੇ ਫਿਰ ਵੀ, ਇਹ ਕਿਊਬਾ ਦੇ ਕਾਰਨ ਦੀ ਹਾਰ ਨਹੀਂ ਸੀ। ਚੀ ਦੀ ਮੌਤ – ਜਿਵੇਂ ਕਿ ਅਸੀਂ ਕੁਝ ਦਿਨ ਪਹਿਲਾਂ ਕਿਹਾ ਸੀ – ਇੱਕ ਸਖ਼ਤ ਝਟਕਾ ਹੈ, ਇਹ ਇਨਕਲਾਬੀ ਲਹਿਰ ਲਈ ਇੱਕ ਜ਼ਬਰਦਸਤ ਝਟਕਾ ਹੈ, ਕਿਉਂਕਿ ਇਹ ਇਸਨੂੰ ਬਿਨਾਂ ਕਿਸੇ ਸ਼ੱਕ ਦੇ ਆਪਣੇ ਸਭ ਤੋਂ ਤਜਰਬੇਕਾਰ ਅਤੇ ਸਮਰੱਥ ਨੇਤਾ ਤੋਂ ਵਾਂਝਾ ਕਰ ਦਿੰਦਾ ਹੈ। ਪਰ ਜਿੱਤ ਦੇ ਗੀਤ ਗਾਉਣ ਵਾਲੇ ਗਲਤ ਹਨ। ਜੋ ਲੋਕ ਮੰਨਦੇ ਹਨ ਕਿ ਉਸਦੀ ਮੌਤ ਉਸਦੇ ਵਿਚਾਰਾਂ ਦੀ ਹਾਰ ਹੈ, ਉਸਦੀ ਰਣਨੀਤੀ ਦੀ ਹਾਰ ਹੈ, ਉਸਦੇ ਗੁਰੀਲਾ ਸੰਕਲਪਾਂ ਦੀ ਹਾਰ ਹੈ, ਅਤੇ ਉਸਦੇ ਥੀਸਿਸ ਦੀ ਹਾਰ ਹੈ, ਉਹ ਗਲਤ ਹਨ। ਕਿਉਂਕਿ ਜੋ ਮਨੁੱਖ ਇੱਕ ਮਰਨਹਾਰ ਆਦਮੀ ਦੇ ਰੂਪ ਵਿੱਚ ਡਿੱਗਿਆ, ਇੱਕ ਆਦਮੀ ਵਜੋਂ, ਜੋ ਕਈ ਵਾਰ ਗੋਲੀਆਂ ਦੇ ਸੰਪਰਕ ਵਿੱਚ ਆਇਆ, ਇੱਕ ਸਿਪਾਹੀ ਵਜੋਂ, ਇੱਕ ਨੇਤਾ ਵਜੋਂ, ਉਨ੍ਹਾਂ ਲੋਕਾਂ ਨਾਲੋਂ ਹਜ਼ਾਰਾਂ ਗੁਣਾ ਵੱਧ ਕਾਬਲ ਹੈ ਜਿਨ੍ਹਾਂ ਨੇ ਉਸਨੂੰ ਕਿਸਮਤ ਦੇ ਇੱਕ ਝਟਕੇ ਨਾਲ ਮਾਰਿਆ। ਪਰ, ਇਨਕਲਾਬੀਆਂ ਨੂੰ ਇਸ ਪ੍ਰਤੀਕੂਲ ਝਟਕੇ ਦਾ ਕਿਵੇਂ ਜਵਾਬ ਦੇਣਾ ਚਾਹੀਦਾ ਹੈ? ਸਾਨੂੰ ਉਸ ਨੁਕਸਾਨ ਦਾ ਸਾਹਮਣਾ ਕਿਵੇਂ ਕਰਨਾ ਚਾਹੀਦਾ ਹੈ? ਜੇਕਰ ਚੀ ਨੇ ਇਸ ਮਾਮਲੇ 'ਤੇ ਫੈਸਲਾ ਦੇਣਾ ਸੀ, ਤਾਂ ਉਸਦੀ ਰਾਏ ਕੀ ਹੋਵੇਗੀ? ਇਹ ਰਾਏ ਉਹ ਪਹਿਲਾਂ ਹੀ ਦੇ ਚੁੱਕਾ ਸੀ, ਇਹ ਰਾਏ ਸਪੱਸ਼ਟ ਤੌਰ 'ਤੇ ਪ੍ਰਗਟ ਕੀਤੀ ਗਈ ਸੀ, ਜਦੋਂ ਉਸਨੇ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਲੋਕਾਂ ਦੀ ਏਕਤਾ ਦੀ ਕਾਨਫਰੰਸ ਨੂੰ ਆਪਣੇ ਸੰਦੇਸ਼ ਵਿੱਚ ਲਿਖਿਆ ਸੀ ਕਿ ਜੇ ਉਹ ਕਿਤੇ ਵੀ ਮੌਤ ਤੋਂ ਹੈਰਾਨ ਹਨ, ਤਾਂ ਉਨ੍ਹਾਂ ਦੀ ਲੜਾਈ ਦੀ ਪੁਕਾਰ ਦਾ ਹਮੇਸ਼ਾ ਸਵਾਗਤ ਹੈ। , ਇੱਕ ਨੂੰ ਗ੍ਰਹਿਣ ਕਰਨ ਵਾਲੇ ਕੰਨ ਤੱਕ ਪਹੁੰਚਾਇਆ ਜਾਂਦਾ ਹੈ, ਅਤੇ ਦੂਜਾ ਹੱਥ ਹਥਿਆਰ ਚੁੱਕਣ ਲਈ ਵਧਾਇਆ ਜਾਂਦਾ ਹੈ। ਅਤੇ ਇਹ, ਉਨ੍ਹਾਂ ਦੀ ਜੰਗੀ ਦੁਹਾਈ, ਸਿਰਫ਼ ਇੱਕ ਸਵੀਕਾਰ ਕਰਨ ਵਾਲੇ ਕੰਨਾਂ ਤੱਕ ਨਹੀਂ, ਸਗੋਂ ਲੱਖਾਂ ਸਵੀਕਾਰ ਕਰਨ ਵਾਲੇ ਕੰਨਾਂ ਤੱਕ ਪਹੁੰਚੇਗੀ! ਅਤੇ ਉਸਦੀ ਮਿਸਾਲ ਤੋਂ ਪ੍ਰੇਰਿਤ ਹੋ ਕੇ ਇੱਕ ਹੱਥ ਨਹੀਂ ਬਲਕਿ ਲੱਖਾਂ ਹੱਥ ਹਥਿਆਰ ਚੁੱਕਣ ਲਈ ਅੱਗੇ ਆਉਣਗੇ! ਨਵੇਂ ਨੇਤਾ ਸਾਹਮਣੇ ਆਉਣਗੇ ਅਤੇ ਲੋਕਾਂ ਨੂੰ, ਸਵੀਕਾਰ ਕਰਨ ਵਾਲੇ ਕੰਨਾਂ ਅਤੇ ਵਧੇ ਹੋਏ ਹੱਥਾਂ ਨੂੰ, ਅਜਿਹੇ ਨੇਤਾਵਾਂ ਦੀ ਜ਼ਰੂਰਤ ਹੋਏਗੀ ਜੋ ਲੋਕਾਂ ਵਿੱਚੋਂ ਉੱਭਰਨਗੇ, ਜਿਵੇਂ ਕਿ ਸਾਰੇ ਇਨਕਲਾਬਾਂ ਵਿੱਚ ਮਾਸਟਰ ਉਭਰੇ ਹਨ। ਚੀ ਵਰਗੇ ਅਸਾਧਾਰਨ ਤਜ਼ਰਬੇ ਅਤੇ ਬੇਅੰਤ ਸਮਰੱਥਾ ਵਾਲੇ ਨੇਤਾ ਦੇ ਨਾਲ ਇਹ ਹੱਥ ਬਹੁਤ ਜ਼ਿਆਦਾ ਨਹੀਂ ਗਿਣਨਗੇ। ਸੰਘਰਸ਼ ਦੀ ਪ੍ਰਕਿਰਿਆ ਵਿੱਚ ਜਿਹੜੇ ਆਗੂ ਪੈਦਾ ਹੋਣਗੇ ਅਤੇ ਸਿੱਖਿਅਤ ਹੋਣਗੇ, ਉਹ ਆਗੂ ਲੱਖਾਂ ਮੰਨਣ ਵਾਲੇ ਕੰਨਾਂ ਦੀ ਬੁੱਕਲ ਵਿੱਚੋਂ, ਲੱਖਾਂ ਹੱਥਾਂ ਵਿੱਚੋਂ ਨਿਕਲਣਗੇ ਜੋ ਜਲਦੀ ਜਾਂ ਬਾਅਦ ਵਿੱਚ ਹਥਿਆਰ ਚੁੱਕਣ ਲਈ ਅੱਗੇ ਵਧਣਗੇ। ਇਹ ਨਹੀਂ ਕਿ ਅਸੀਂ ਇਹ ਮੰਨਦੇ ਹਾਂ ਕਿ ਉਸਦੀ ਮੌਤ ਦਾ ਇਨਕਲਾਬੀ ਸੰਘਰਸ਼ 'ਤੇ ਕੋਈ ਅਮਲੀ ਤੁਰੰਤ ਪ੍ਰਭਾਵ ਪਵੇਗਾ। ਵਿਹਾਰਕ ਦ੍ਰਿਸ਼ਟੀਕੋਣ ਤੋਂ ਉਸਦੀ ਮੌਤ ਦਾ ਸੰਘਰਸ਼ ਦੇ ਵਿਕਾਸ 'ਤੇ ਤੁਰੰਤ ਪ੍ਰਭਾਵ ਪੈ ਸਕਦਾ ਹੈ। ਪਰ ਇਹ ਹੈ ਕਿ ਜਦੋਂ ਚੇ ਨੇ ਦੁਬਾਰਾ ਹਥਿਆਰ ਚੁੱਕੇ, ਤਾਂ ਉਹ ਫੌਰੀ ਜਿੱਤ ਬਾਰੇ ਨਹੀਂ ਸੋਚ ਰਿਹਾ ਸੀ, ਨਾ ਕਿ ਅਲੀਗਾਰਚਾਂ ਅਤੇ ਸਾਮਰਾਜਵਾਦ ਦੀਆਂ ਤਾਕਤਾਂ ਵਿਰੁੱਧ ਜਲਦੀ ਜਿੱਤ ਬਾਰੇ। ਲੋੜ ਪੈਣ 'ਤੇ ਉਸ ਦਾ ਤਜਰਬੇਕਾਰ ਲੜਾਕੂ ਦਿਮਾਗ 5, 10, 15, 20 ਦਿਨਾਂ ਦੀ ਲੰਬੀ ਲੜਾਈ ਲਈ ਤਿਆਰ ਸੀ। ਲੋੜ ਪੈਣ 'ਤੇ ਉਹ ਪੰਜ, ਦਸ, ਪੰਦਰਾਂ, ਵੀਹ ਸਾਲ ਜਾਂ ਸਾਰੀ ਉਮਰ ਲੜਨ ਲਈ ਤਿਆਰ ਸੀ! ਅਤੇ ਇਹ ਸਮੇਂ ਦੇ ਉਸ ਦ੍ਰਿਸ਼ਟੀਕੋਣ ਦੇ ਨਾਲ ਹੈ, ਕਿ ਉਸਦੀ ਮੌਤ, ਉਸਦੀ ਉਦਾਹਰਣ – ਸਾਨੂੰ ਕਹਿਣਾ ਚਾਹੀਦਾ ਹੈ – ਇੱਕ ਬਹੁਤ ਵੱਡਾ ਪ੍ਰਭਾਵ, ਇੱਕ ਅਟੁੱਟ ਤਾਕਤ ਹੋਵੇਗੀ। ਜੋ ਲੋਕ ਕਿਸਮਤ ਨਾਲ ਚਿੰਬੜੇ ਹੋਏ ਹਨ, ਉਹ ਇੱਕ ਨੇਤਾ ਵਜੋਂ ਆਪਣੀ ਯੋਗਤਾ ਦੇ ਨਾਲ-ਨਾਲ ਉਨ੍ਹਾਂ ਦੇ ਤਜ਼ਰਬੇ ਤੋਂ ਇਨਕਾਰ ਕਰਨ ਦੀ ਵਿਅਰਥ ਕੋਸ਼ਿਸ਼ ਕਰਦੇ ਹਨ। ਚੇ ਇੱਕ ਬੇਮਿਸਾਲ ਕਾਬਲ ਫੌਜੀ ਨੇਤਾ ਸੀ। ਪਰ ਜਦੋਂ ਅਸੀਂ ਚੇ ਨੂੰ ਯਾਦ ਕਰਦੇ ਹਾਂ, ਮਨੁੱਖੀ ਸਮਾਜ ਵਿੱਚ ਕਮਿਊਨਿਜ਼ਮ ਦੀ ਸਿਰਜਣਾ ਲਈ ਨੈਤਿਕ ਪ੍ਰੇਰਣਾ ਮੁੱਖ ਪ੍ਰੇਰਕ ਸਨ। ਉਸਨੇ ਬਹੁਤ ਕੁਝ ਸੋਚਿਆ, ਵਿਕਸਿਤ ਕੀਤਾ ਅਤੇ ਲਿਖਿਆ ਅਤੇ ਕੁਝ ਅਜਿਹਾ ਹੈ ਜੋ ਅੱਜ ਵਰਗੇ ਦਿਨ ਜ਼ਰੂਰ ਕਿਹਾ ਜਾਣਾ ਚਾਹੀਦਾ ਹੈ, ਅਤੇ ਉਹ ਇਹ ਹੈ ਕਿ ਚੀ ਦੀਆਂ ਲਿਖਤਾਂ, ਚੀ ਦੀ ਰਾਜਨੀਤਿਕ ਅਤੇ ਇਨਕਲਾਬੀ ਸੋਚ, ਕਿਊਬਾ ਦੀ ਇਨਕਲਾਬੀ ਪ੍ਰਕਿਰਿਆ ਅਤੇ ਲਾਤੀਨੀ ਅਮਰੀਕਾ ਦੀ ਇਨਕਲਾਬੀ ਪ੍ਰਕਿਰਿਆ ਵਿੱਚ ਇੱਕ ਸਥਾਈ ਮੁੱਲ ਰੱਖਣਗੀਆਂ। ਅਤੇ ਸਾਨੂੰ ਕੋਈ ਸ਼ੱਕ ਨਹੀਂ ਹੈ ਕਿ ਇੱਕ ਕਰਮਸ਼ੀਲ ਮਨੁੱਖ ਵਜੋਂ, ਇੱਕ ਪ੍ਰਤੀਬਿੰਬਤ ਮਨੁੱਖ ਵਜੋਂ, ਇੱਕ ਨੈਤਿਕ ਗੁਣਾਂ ਦੇ ਮਨੁੱਖ ਵਜੋਂ, ਇੱਕ ਵਿਲੱਖਣ ਮਨੁੱਖੀ ਸੰਵੇਦਨਾਵਾਂ ਦੇ ਮਨੁੱਖ ਵਜੋਂ, ਇੱਕ ਨਿਰਦੋਸ਼ ਆਚਰਣ ਵਾਲੇ ਮਨੁੱਖ ਵਜੋਂ, ਉਸਦੇ ਵਿਚਾਰ ਮਹੱਤਵਪੂਰਨ ਹਨ। ਅਤੇ ਇਸਦਾ ਸਰਵ ਵਿਆਪਕ ਮੁੱਲ ਹੋਵੇਗਾ। ਸਾਮਰਾਜਵਾਦੀ ਇਸ ਤੱਥ ਦੇ ਮੱਦੇਨਜ਼ਰ ਜਿੱਤ ਦੇ ਨਾਅਰੇ ਬੁਲੰਦ ਕਰ ਰਹੇ ਹਨ ਕਿ ਗੁਰੀਲੇ ਜੰਗ ਵਿੱਚ ਮਾਰੇ ਜਾ ਰਹੇ ਹਨ; ਸਾਮਰਾਜਵਾਦੀ ਕਿਸਮਤ ਦੀਆਂ ਸੱਟਾਂ ਦੇ ਸਾਹਮਣੇ ਜਿੱਤ ਦੇ ਗੀਤ ਗਾਉਂਦੇ ਹਨ ਜਿਸ ਕਾਰਨ ਉਨ੍ਹਾਂ ਨੇ ਅਜਿਹੇ ਕਰਮਸ਼ੀਲ ਮਨੁੱਖ









ਨੂੰ ਤਬਾਹ ਕਰ ਦਿੱਤਾ। ਪਰ ਸਾਮਰਾਜਵਾਦੀ ਇਸ ਤੱਥ ਨੂੰ ਨਜ਼ਰਅੰਦਾਜ਼ ਕਰ ਸਕਦੇ ਹਨ, ਜਾਂ ਨਜ਼ਰਅੰਦਾਜ਼ ਕਰਨ ਦਾ ਦਿਖਾਵਾ ਕਰ ਸਕਦੇ ਹਨ, ਇਹ ਤੱਥ ਕਿ ਇੱਕ ਕਰਮਸ਼ੀਲ ਆਦਮੀ ਦਾ ਚਰਿੱਤਰ ਲੜਾਕੂ ਵਿਅਕਤੀ ਦੀ ਸ਼ਖਸੀਅਤ ਦੇ ਕਈ ਪਹਿਲੂਆਂ ਵਿੱਚੋਂ ਇੱਕ ਸੀ। ਅਤੇ ਜੇ ਇਹ ਦਰਦ ਦੀ ਗੱਲ ਹੈ, ਤਾਂ ਅਸੀਂ ਨਾ ਸਿਰਫ ਇਸ ਗੱਲੋਂ ਦੁਖੀ ਹਾਂ ਕਿ ਇੱਕ ਕਰਮਸ਼ੀਲ ਵਿਅਕਤੀ ਗੁਆਚ ਗਿਆ ਹੈ, ਪਰ ਅਸੀਂ ਉਦਾਸ ਹਾਂ ਕਿ ਇੱਕ ਨੇਕ ਇਨਸਾਨ ਗੁਆਚ ਗਿਆ ਹੈ, ਅਸੀਂ ਉਦਾਸ ਹਾਂ ਕਿ ਇੱਕ ਸ਼ਾਨਦਾਰ ਇਨਸਾਨ ਗੁਆਚ ਗਿਆ ਹੈ ਅਤੇ ਬੁੱਧੀ ਖਤਮ ਹੋ ਜਾਂਦੀ ਹੈ। ਅਸੀਂ ਇਹ ਸੋਚ ਕੇ ਦੁਖੀ ਹਾਂ ਕਿ ਉਸਦੀ ਮੌਤ ਦੇ ਸਮੇਂ ਉਸਦੀ ਉਮਰ ਸਿਰਫ 39 ਸਾਲ ਸੀ; ਅਸੀਂ ਇਹ ਸੋਚ ਕੇ ਦੁਖੀ ਹਾਂ ਕਿ ਵਿਕਾਸ ਵਿੱਚ ਉਸ ਬੁੱਧੀ ਅਤੇ ਅਨੁਭਵ ਦੇ ਕਿੰਨੇ ਫਲ ਅਸੀਂ ਉਸਨੂੰ ਉਸਦੀ ਪੂਰੀ ਸਮਰੱਥਾ ਤੱਕ ਪਹੁੰਚਣ ਦਾ ਮੌਕਾ ਗੁਆ ਦਿੱਤਾ। ਅਸੀਂ ਇਨਕਲਾਬੀ ਲਹਿਰ ਦੇ ਨੁਕਸਾਨ ਦੇ ਮਾਪ ਨੂੰ ਸਮਝ ਸਕਦੇ ਹਾਂ। ਪਰ, ਫਿਰ ਵੀ, ਇਹ ਸਾਮਰਾਜੀ ਦੁਸ਼ਮਣ ਦਾ ਕਮਜ਼ੋਰ ਨੁਕਤਾ ਹੈ: ਇਹ ਮੰਨਣਾ ਕਿ ਉਨ੍ਹਾਂ ਨੇ ਜਿਸ ਸਰੀਰਕ ਆਦਮੀ ਨੂੰ ਮਾਰਿਆ ਹੈ, ਉਨ੍ਹਾਂ ਨੇ ਉਸ ਦੀ ਸੋਚ ਨੂੰ ਮਾਰਿਆ ਹੈ, ਇਹ ਮੰਨਣਾ ਕਿ ਸਰੀਰਕ ਮਨੁੱਖ ਨਾਲ ਉਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਖਤਮ ਕਰ ਦਿੱਤਾ ਹੈ ਸਰੀਰਕ ਆਦਮੀ ਦੇ ਨਾਲ. ਇਹ ਮੰਨਣਾ ਕਿ ਸਥੂਲ ਮਨੁੱਖ ਨੇ ਉਸਦੇ ਗੁਣਾਂ ਨੂੰ ਮਾਰਿਆ ਹੈ, ਇਹ ਹੈ ਕਿ ਸਰੀਰਕ ਮਨੁੱਖ ਨਾਲ ਉਹਨਾਂ ਨੇ ਉਸਦੀ ਮਿਸਾਲ ਨੂੰ ਮਾਰਿਆ ਹੈ ਅਤੇ ਉਹ ਇਸ ਨੂੰ ਇੰਨੇ ਸਪੱਸ਼ਟ ਤੌਰ 'ਤੇ ਮੰਨਦੇ ਹਨ ਕਿ ਉਹ ਦੁਨੀਆ ਦੀ ਸਭ ਤੋਂ ਕੁਦਰਤੀ ਚੀਜ਼ ਵਜੋਂ ਪ੍ਰਕਾਸ਼ਤ ਕਰਨ ਤੋਂ ਸੰਕੋਚ ਨਹੀਂ ਕਰਦੇ, ਉਨ੍ਹਾਂ ਹਾਲਾਤਾਂ ਨੂੰ, ਜੋ ਕਿ ਲਗਭਗ ਵਿਆਪਕ ਤੌਰ 'ਤੇ ਸਵੀਕਾਰ ਕੀਤਾ ਗਿਆ ਹੈ, ਜਿਸ ਵਿੱਚ, ਲੜਾਈ ਵਿੱਚ ਗੰਭੀਰ ਰੂਪ ਵਿੱਚ ਜ਼ਖਮੀ ਹੋਣ ਤੋਂ ਬਾਅਦ ਉਨ੍ਹਾਂ ਨੇ ਉਸਨੂੰ ਮਾਰ ਦਿੱਤਾ ਸੀ। ਉਨ੍ਹਾਂ ਨੇ ਪ੍ਰਕਿਰਿਆ ਦੀ ਕੋਝਾਤਾ ਨੂੰ ਧਿਆਨ ਵਿਚ ਨਹੀਂ ਰੱਖਿਆ ਹੈ, ਉਨ੍ਹਾਂ ਨੇ ਮਾਨਤਾ ਦੀ ਬੇਸ਼ਰਮੀ ਨੂੰ ਧਿਆਨ ਵਿਚ ਨਹੀਂ ਰੱਖਿਆ ਹੈ. ਅਤੇ ਉਹਨਾਂ ਨੇ ਇਸਨੂੰ ਇੱਕ ਗੰਭੀਰ ਜਖਮੀ ਇਨਕਲਾਬੀ ਘੁਲਾਟੀਏ ਉੱਤੇ ਗੋਲੀ ਚਲਾਉਣ ਦੇ ਅਧਿਕਾਰ ਵਜੋਂ ਪੇਸ਼ ਕੀਤਾ ਹੈ, ਉਹਨਾਂ ਨੇ ਇਸਨੂੰ ਕੁਲੀਨ ਅਤੇ ਕਿਰਾਏਦਾਰਾਂ ਦੇ ਅਧਿਕਾਰ ਵਜੋਂ ਪੇਸ਼ ਕੀਤਾ ਹੈ ਅਤੇ ਸਭ ਤੋਂ ਮਾੜੀ ਗੱਲ ਇਹ ਹੈ ਕਿ ਉਹ ਇਹ ਵੀ ਦੱਸਦੇ ਹਨ ਕਿ ਉਨ੍ਹਾਂ ਨੇ ਅਜਿਹਾ ਕਿਉਂ ਕੀਤਾ, ਇਹ ਦੋਸ਼ ਲਗਾਉਂਦੇ ਹੋਏ ਕਿ ਜਿਸ ਮੁਕੱਦਮੇ ਵਿੱਚ ਉਨ੍ਹਾਂ ਨੂੰ ਚੀ ਦਾ ਨਿਰਣਾ ਕਰਨਾ ਪਏਗਾ ਉਹ ਭਾਰੀ ਹੋਵੇਗਾ, ਇਹ ਦਲੀਲ ਦਿੰਦੇ ਹੋਏ ਕਿ ਅਜਿਹੇ ਕ੍ਰਾਂਤੀਕਾਰੀ ਨੂੰ ਬੈਂਚ 'ਤੇ ਬਿਠਾਉਣਾ ਅਸੰਭਵ ਹੋਵੇਗਾ। ਅਤੇ ਸਿਰਫ ਇਹ ਹੀ ਨਹੀਂ, ਬਲਕਿ ਉਨ੍ਹਾਂ ਨੂੰ ਉਸ ਦੀਆਂ ਅਵਸ਼ੇਸ਼ਾਂ ਨੂੰ ਗਾਇਬ ਕਰਨ ਵਿੱਚ ਵੀ ਕੋਈ ਝਿਜਕ ਨਹੀਂ ਸੀ। ਅਤੇ ਕੀ ਇਹ ਸੱਚ ਹੈ ਜਾਂ ਝੂਠ, ਇਹ ਤੱਥ ਕਿ ਉਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੇ ਉਸ ਦੇ ਸਰੀਰ ਨੂੰ ਸਾੜ ਦਿੱਤਾ ਹੈ, ਜਿਸ ਨਾਲ ਉਹ ਆਪਣਾ ਡਰ ਦਿਖਾਉਣਾ ਸ਼ੁਰੂ ਕਰ ਦਿੰਦੇ ਹਨ, ਜਿਸ ਨਾਲ ਉਹ ਇਹ ਦਿਖਾਉਣਾ ਸ਼ੁਰੂ ਕਰ ਦਿੰਦੇ ਹਨ ਕਿ ਉਨ੍ਹਾਂ ਨੂੰ ਇੰਨਾ ਯਕੀਨ ਨਹੀਂ ਹੈ ਕਿ ਲੜਾਕੂ ਦੀ ਸਰੀਰਕ ਜ਼ਿੰਦਗੀ ਨੂੰ ਮਾਰ ਕੇ। ਉਨ੍ਹਾਂ ਨੇ ਉਸਨੂੰ ਮਾਰ ਦਿੱਤਾ। ਵਿਚਾਰਾਂ ਅਤੇ ਇਸਦੀ ਮਿਸਾਲ ਨੂੰ ਮਾਰ ਦਿੱਤਾ। ਚੀ ਕਿਸੇ ਹੋਰ ਹਿੱਤਾਂ, ਕਿਸੇ ਹੋਰ ਕਾਰਨ ਦੀ ਰਾਖੀ ਕਰਦੇ ਹੋਏ ਨਹੀਂ, ਸਗੋਂ ਇਸ ਮਹਾਂਦੀਪ ਵਿੱਚ ਸ਼ੋਸ਼ਿਤ ਅਤੇ ਮਜ਼ਲੂਮਾਂ ਦੇ ਹਿੱਤਾਂ ਦੀ ਰਾਖੀ ਕਰਦੇ ਹੋਏ ਸ਼ਹੀਦ ਹੋਇਆ ਸੀ; ਚੀ ਕਿਸੇ ਹੋਰ ਕਾਰਨ ਦੀ ਰਾਖੀ ਕਰਦੇ ਹੋਏ ਨਹੀਂ ਬਲਕਿ ਇਸ ਧਰਤੀ ਦੇ ਗਰੀਬ ਅਤੇ ਬੇਸਹਾਰਾ ਲੋਕਾਂ ਦੀ ਭਲਾਈ ਦੀ ਰਾਖੀ ਕਰਦੇ ਹੋਏ ਸ਼ਹੀਦ ਹੋਏ ਸਨ। ਅਤੇ ਮਿਸਾਲੀ ਅਤੇ ਨਿਰਸਵਾਰਥ ਤਰੀਕੇ ਨਾਲ ਜਿਸ ਵਿਚ ਉਸਨੇ ਇਸ ਕਾਰਨ ਦਾ ਬਚਾਅ ਕੀਤਾ ਉਹ ਕੁਝ ਅਜਿਹਾ ਹੈ ਕਿ ਉਸਦੇ ਕੱਟੜ ਦੁਸ਼ਮਣ ਵੀ ਵਿਵਾਦ ਕਰਨ ਦੀ ਹਿੰਮਤ ਨਹੀਂ ਕਰ ਸਕਦੇ। ਅਤੇ ਇਤਿਹਾਸ ਤੋਂ ਪਹਿਲਾਂ, ਉਹਨਾਂ ਵਾਂਗ ਕੰਮ ਕਰਨ ਵਾਲੇ, ਨਿਮਰ ਲੋਕਾਂ ਲਈ ਸਭ ਕੁਝ ਕਰਨ ਵਾਲੇ ਅਤੇ ਸਭ ਕੁਝ ਦੇਣ ਵਾਲੇ, ਹਰ ਦਿਨ ਵੱਡੇ ਤੋਂ ਵੱਡੇ ਹੁੰਦੇ ਜਾਂਦੇ ਹਨ ਅਤੇ ਲੋਕਾਂ ਦੇ ਦਿਲਾਂ ਵਿੱਚ ਡੂੰਘੇ ਅਤੇ ਡੂੰਘੇ ਡੁੱਬ ਜਾਂਦੇ ਹਨ। ਅਤੇ ਸਾਮਰਾਜੀ ਦੁਸ਼ਮਣਾਂ ਨੂੰ ਪਹਿਲਾਂ ਹੀ ਇਸ ਗੱਲ ਦਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਹੈ, ਅਤੇ ਉਹਨਾਂ ਨੂੰ ਇਹ ਸਾਬਤ ਕਰਨ ਵਿੱਚ ਬਹੁਤ ਸਮਾਂ ਨਹੀਂ ਲੱਗੇਗਾ ਕਿ ਉਸਦੀ ਮੌਤ ਆਖਰਕਾਰ ਇੱਕ ਬੀਜ ਵਾਂਗ ਹੋਵੇਗੀ ਜਿਸ ਵਿੱਚੋਂ ਬਹੁਤ ਸਾਰੇ ਲੁਕਵੇਂ ਕੰਮਾਂ ਦੀ ਨਕਲ ਕਰਨ ਲਈ ਦ੍ਰਿੜ ਇਰਾਦੇ ਪੈਦਾ ਕਰਨਗੇ, ਬਹੁਤ ਸਾਰੇ ਲੋਕ ਉਸ ਦੀ ਪਾਲਣਾ ਕਰਨ ਲਈ ਦ੍ਰਿੜ ਹਨ। ਉਸ ਦੀ ਮਿਸਾਲ. ਅਤੇ ਸਾਨੂੰ ਪੂਰਾ ਭਰੋਸਾ ਹੈ ਕਿ ਇਸ ਮਹਾਂਦੀਪ ਵਿੱਚ ਇਨਕਲਾਬੀ ਕਾਰਨ ਉਸ ਝਟਕੇ ਤੋਂ ਉਭਰਨਗੇ ਕਿ ਇਸ ਮਹਾਂਦੀਪ ਵਿੱਚ ਇਨਕਲਾਬੀ ਕਾਰਨ ਉਸ ਝਟਕੇ ਨਾਲ ਨਹੀਂ ਹਾਰੇਗਾ। ਕ੍ਰਾਂਤੀਕਾਰੀ ਦ੍ਰਿਸ਼ਟੀਕੋਣ ਤੋਂ, ਸਾਡੇ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ, ਸਾਨੂੰ ਚੀ ਦੀ ਮਿਸਾਲ ਨੂੰ ਕਿਵੇਂ ਵੇਖਣਾ ਚਾਹੀਦਾ ਹੈ? ਕੀ ਅਸੀਂ ਸੋਚਦੇ ਹਾਂ ਕਿ ਅਸੀਂ ਉਸਨੂੰ ਗੁਆ ਦਿੱਤਾ ਹੈ? ਇਹ ਸੱਚ ਹੈ ਕਿ ਅਸੀਂ ਦੁਬਾਰਾ ਕਦੇ ਵੀ ਨਵੀਂ ਲਿਖਤ ਨਹੀਂ ਦੇਖਾਂਗੇ, ਇਹ ਬਿਲਕੁਲ ਨਿਸ਼ਚਿਤ ਹੈ ਕਿ ਅਸੀਂ ਉਨ੍ਹਾਂ ਦੀਆਂ ਆਵਾਜ਼ਾਂ ਨੂੰ ਦੁਬਾਰਾ ਨਹੀਂ ਸੁਣਾਂਗੇ। ਪਰ ਚੀ ਇੱਕ ਵਿਰਾਸਤ, ਇੱਕ ਮਹਾਨ ਵਿਰਾਸਤ ਲੈ ਕੇ ਸੰਸਾਰ ਛੱਡ ਗਿਆ ਹੈ, ਅਤੇ ਅਸੀਂ, ਜੋ ਉਸਨੂੰ ਇੰਨੇ ਨੇੜਿਓਂ ਜਾਣਦੇ ਸੀ, ਉਸਦੀ ਵਿਰਾਸਤ ਦੇ ਵਾਰਸ ਹੋ ਸਕਦੇ ਹਾਂ। ਉਸਨੇ ਸਾਡੇ ਲਈ ਆਪਣੀ ਇਨਕਲਾਬੀ ਸੋਚ ਛੱਡੀ, ਉਸਨੇ ਸਾਡੇ ਲਈ ਆਪਣੇ ਇਨਕਲਾਬੀ ਗੁਣ ਛੱਡੇ, ਉਸਨੇ ਸਾਡੇ ਲਈ ਆਪਣਾ ਕਿਰਦਾਰ, ਆਪਣੀ ਇੱਛਾ ਸ਼ਕਤੀ, ਆਪਣਾ ਦ੍ਰਿੜ ਇਰਾਦਾ, ਆਪਣੀ ਕਾਰਜ ਭਾਵਨਾ ਛੱਡੀ। ਇੱਕ ਸ਼ਬਦ ਵਿੱਚ, ਉਸਨੇ ਸਾਡੇ ਲਈ ਆਪਣੀ ਮਿਸਾਲ ਛੱਡ ਦਿੱਤੀ! ਅਤੇ ਚੀ ਦੀ ਉਦਾਹਰਣ ਸਾਡੇ ਲੋਕਾਂ ਲਈ ਇੱਕ ਰੋਲ ਮਾਡਲ ਹੋਣੀ ਚਾਹੀਦੀ ਹੈ, ਚੀ ਦੀ ਉਦਾਹਰਣ ਸਾਡੇ ਲੋਕਾਂ ਲਈ ਇੱਕ ਰੋਲ ਮਾਡਲ ਹੋਣੀ ਚਾਹੀਦੀ ਹੈ!

ਸਾਨੂੰ ਕਹਿਣਾ ਹੈ: ਉਨ੍ਹਾਂ ਨੂੰ ਚੇ ਵਾਂਗ ਰਹਿਣ ਦਿਓ! ਜੇ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਅਸੀਂ ਆਪਣੇ ਬੱਚਿਆਂ ਨੂੰ ਕਿਵੇਂ ਸਿੱਖਿਅਤ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਬਿਨਾਂ ਝਿਜਕ ਕਹਿਣਾ ਚਾਹੀਦਾ ਹੈ: ਅਸੀਂ ਚਾਹੁੰਦੇ ਹਾਂ ਕਿ ਉਹ ਚੀ ਦੀ ਭਾਵਨਾ ਨਾਲ ਸਿੱਖਿਅਤ ਹੋਣ! ਜੇ ਅਸੀਂ ਮਨੁੱਖ ਦਾ ਆਦਰਸ਼ ਚਾਹੁੰਦੇ ਹਾਂ, ਮਨੁੱਖ ਦਾ ਅਜਿਹਾ ਆਦਰਸ਼ ਜੋ ਇਸ ਸਮੇਂ ਦਾ ਨਹੀਂ ਹੈ, ਮਨੁੱਖ ਦਾ ਆਦਰਸ਼ ਜੋ ਭਵਿੱਖ ਦਾ ਹੈ, ਤਾਂ ਮੈਂ ਆਪਣੇ ਮਨ ਤੋਂ ਆਖਦਾ ਹਾਂ ਕਿ ਅਜਿਹੇ ਆਦਰਸ਼ ਦਾ ਉਸ ਦੇ ਆਚਰਣ ਵਿੱਚ ਇੱਕ ਵੀ ਨੁਕਸ ਨਹੀਂ ਹੋਵੇਗਾ , ਉਸਦੇ ਰਵੱਈਏ 'ਤੇ ਇੱਕ ਵੀ ਦਾਗ ਨਹੀਂ, ਉਸਦੀ ਕਾਰਗੁਜ਼ਾਰੀ 'ਤੇ ਇੱਕ ਵੀ ਦਾਗ ਨਹੀਂ, ਉਹ ਮਾਡਲ ਚੀ ਹੈ! ਜੇ ਅਸੀਂ ਇਹ ਪ੍ਰਗਟ ਕਰਨਾ ਚਾਹੁੰਦੇ ਹਾਂ ਕਿ ਅਸੀਂ ਆਪਣੇ ਬੱਚਿਆਂ ਨੂੰ ਕਿਸ ਤਰ੍ਹਾਂ ਦਾ ਬਣਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਉਤਸ਼ਾਹੀ ਕ੍ਰਾਂਤੀਕਾਰੀਆਂ ਨੂੰ ਪੂਰੇ ਦਿਲ ਨਾਲ ਕਹਿਣਾ ਹੋਵੇਗਾ: ਅਸੀਂ ਚਾਹੁੰਦੇ ਹਾਂ ਕਿ ਉਹ ਚੇ ਵਰਗੇ ਬਣਨ! ਚੇ ਨਾ ਸਿਰਫ਼ ਸਾਡੇ ਲੋਕਾਂ ਲਈ, ਸਗੋਂ ਸਾਰੇ ਲਾਤੀਨੀ ਅਮਰੀਕਾ ਲਈ ਰੋਲ ਮਾਡਲ ਬਣ ਗਿਆ ਹੈ। ਚੇ ਨੇ ਇਨਕਲਾਬੀ ਕੱਟੜਤਾ, ਇਨਕਲਾਬੀ ਕੁਰਬਾਨੀ ਦੀ ਭਾਵਨਾ, ਇਨਕਲਾਬੀ ਦੀ ਖਾੜਕੂਵਾਦ, ਇਨਕਲਾਬੀ ਦੀ ਕਾਰਜ ਭਾਵਨਾ ਨੂੰ ਇਸ ਦੇ ਉੱਚਤਮ ਪ੍ਰਗਟਾਵੇ ਵਿੱਚ ਲਿਆਂਦਾ, ਅਤੇ ਚੀ ਨੇ ਮਾਰਕਸਵਾਦ-ਲੈਨਿਨਵਾਦ ਦੇ ਵਿਚਾਰਾਂ ਨੂੰ ਆਪਣੇ ਸਭ ਤੋਂ ਨਵੇਂ, ਸ਼ੁੱਧ, ਸਭ ਤੋਂ ਵੱਧ ਇਨਕਲਾਬੀ ਪ੍ਰਗਟਾਵੇ ਵਿੱਚ ਲਿਆਂਦਾ। ਇਸ ਸਮੇਂ ਉਸ ਵਰਗਾ ਕੋਈ ਵੀ ਪ੍ਰੋਲੇਤਾਰੀ ਅੰਤਰਰਾਸ਼ਟਰੀਵਾਦ ਦੀ ਭਾਵਨਾ ਨੂੰ ਉੱਚੇ ਪੱਧਰ 'ਤੇ ਨਹੀਂ ਲੈ ਗਿਆ! ਅਤੇ ਜਦੋਂ ਕੋਈ ਇੱਕ ਪ੍ਰੋਲੇਤਾਰੀ ਅੰਤਰਰਾਸ਼ਟਰੀਵਾਦੀ ਦੀ ਗੱਲ ਕਰਦਾ ਹੈ, ਅਤੇ ਜਦੋਂ ਕੋਈ ਇੱਕ ਪ੍ਰੋਲੇਤਾਰੀ ਅੰਤਰਰਾਸ਼ਟਰੀਵਾਦੀ ਦੀ ਇੱਕ ਉਦਾਹਰਣ ਦੀ ਖੋਜ ਕਰਦਾ ਹੈ, ਤਾਂ ਉਹ ਉਦਾਹਰਣ, ਕਿਸੇ ਹੋਰ ਉਦਾਹਰਣ ਤੋਂ ਉੱਪਰ, ਚੇ ਦੀ ਉਦਾਹਰਣ ਹੈ! ਉਸ ਦੇ ਦਿਮਾਗ਼ ਅਤੇ ਦਿਲ ਵਿੱਚੋਂ ਝਗੜੇ, ਭੇਦ-ਭਾਵ, ਊਚ-ਨੀਚ, ਸੁਆਰਥ ਗਾਇਬ ਹੋ ਗਿਆ ਸੀ, ਅਤੇ ਉਸ ਦਾ ਖੁੱਲ੍ਹੇ ਦਿਲ ਵਾਲਾ ਖ਼ੂਨ ਉਹ ਕਿਸੇ ਵੀ ਲੋਕਾਂ ਦੀ ਕਿਸਮਤ ਲਈ, ਕਿਸੇ ਵੀ ਲੋਕਾਂ ਦੇ ਹਿੱਤ ਲਈ ਵਹਾਉਣ ਲਈ ਤਿਆਰ ਸੀ ਅਤੇ ਇਸਨੂੰ ਤੁਰੰਤ ਪਾਉਣ ਲਈ ਤਿਆਰ! ਅਤੇ ਇਸ ਲਈ, ਜਦੋਂ ਉਹ ਵੱਖ-ਵੱਖ ਯੁੱਧਾਂ ਵਿੱਚ ਜ਼ਖਮੀ ਹੋਇਆ ਸੀ ਤਾਂ ਇਸ ਧਰਤੀ ਉੱਤੇ ਉਸਦਾ ਖ਼ੂਨ ਵਹਾਇਆ ਗਿਆ ਸੀ; ਉਸਦਾ ਖ਼ੂਨ ਬੋਲੀਵੀਆ ਵਿੱਚ ਸ਼ੋਸ਼ਿਤ ਅਤੇ ਮਜ਼ਲੂਮਾਂ, ਮਜ਼ਲੂਮਾਂ ਅਤੇ ਗਰੀਬਾਂ ਦੀ ਮੁਕਤੀ ਲਈ ਵਹਾਇਆ ਗਿਆ ਸੀ। ਉਹ ਲਹੂ ਸਾਰੇ ਸ਼ੋਸ਼ਿਤਾਂ ਲਈ, ਸਾਰੇ ਦੱਬੇ-ਕੁਚਲੇ ਲੋਕਾਂ ਲਈ ਵਹਾਇਆ ਗਿਆ ਸੀ; ਉਹ ਲਹੂ ਅਮਰੀਕਾ ਦੇ ਸਾਰੇ ਲੋਕਾਂ ਲਈ ਵਹਾਇਆ ਗਿਆ ਸੀ ਅਤੇ ਵੀਅਤਨਾਮ 'ਤੇ ਵਹਾਇਆ ਗਿਆ ਸੀ, ਕਿਉਂਕਿ ਉਥੇ, ਕੁਲੀਨਾਂ ਦੇ ਵਿਰੁੱਧ ਲੜਦੇ ਹੋਏ, ਸਾਮਰਾਜਵਾਦ ਦੇ ਵਿਰੁੱਧ ਲੜਦੇ ਹੋਏ, ਉਹ ਜਾਣਦਾ ਸੀ ਕਿ ਉਹ ਵੀਅਤਨਾਮ ਨੂੰ ਆਪਣੀ ਏਕਤਾ ਦਾ ਸਭ ਤੋਂ ਉੱਚਾ ਪ੍ਰਗਟਾਵਾ ਦੇ ਰਿਹਾ ਸੀ! ਇਸ ਲਈ, ਇਨਕਲਾਬ ਦੇ ਸਾਥੀਓ, ਸਾਨੂੰ ਮਜ਼ਬੂਤੀ ਅਤੇ ਦ੍ਰਿੜਤਾ ਨਾਲ ਭਵਿੱਖ ਵੱਲ ਦੇਖਣਾ ਚਾਹੀਦਾ ਹੈ; ਇਸ ਲਈ ਸਾਨੂੰ ਭਵਿੱਖ ਨੂੰ ਆਸ਼ਾਵਾਦੀ ਨਜ਼ਰੀਏ ਨਾਲ ਦੇਖਣਾ ਚਾਹੀਦਾ ਹੈ। ਅਤੇ ਅਸੀਂ ਹਮੇਸ਼ਾਂ ਪ੍ਰੇਰਨਾ, ਸੰਘਰਸ਼ ਵਿੱਚ ਪ੍ਰੇਰਨਾ, ਦ੍ਰਿੜਤਾ ਵਿੱਚ ਪ੍ਰੇਰਨਾ, ਦੁਸ਼ਮਣ ਦੇ ਵਿਰੁੱਧ ਅਸਹਿਣਸ਼ੀਲਤਾ ਵਿੱਚ ਪ੍ਰੇਰਨਾ ਅਤੇ ਅੰਤਰਰਾਸ਼ਟਰੀ ਭਾਵਨਾ ਵਿੱਚ ਪ੍ਰੇਰਨਾ ਲਈ ਚੀ ਦੀ ਮਿਸਾਲ ਨੂੰ ਵੇਖਾਂਗੇ! ਇਸ ਲਈ ਅਸੀਂ ਅੱਜ ਰਾਤ ਇੱਥੇ ਹਾਂ, ਇਸ ਪ੍ਰਭਾਵਸ਼ਾਲੀ ਪ੍ਰਦਰਸ਼ਨ ਤੋਂ ਬਾਅਦ, ਇਸ ਸ਼ਾਨਦਾਰ ਪ੍ਰਦਰਸ਼ਨ ਤੋਂ ਬਾਅਦ - ਇਸਦੀ ਵਿਸ਼ਾਲਤਾ ਲਈ, ਇਸਦੇ ਅਨੁਸ਼ਾਸਨ ਲਈ ਅਤੇ ਇਸਦੀ ਸ਼ਰਧਾ ਲਈ - ਸਵੀਕ੍ਰਿਤੀ ਦਾ ਇਹ ਵਿਸ਼ਾਲ ਪ੍ਰਦਰਸ਼ਨ, ਜੋ ਦਰਸਾਉਂਦਾ ਹੈ ਕਿ ਇਹ ਕਿੰਨੇ ਸੰਵੇਦਨਸ਼ੀਲ ਲੋਕ ਹਨ, ਜੋ ਇਹ ਦਰਸਾਉਂਦਾ ਹੈ ਕਿ ਇਹ ਇੱਕ ਧੰਨਵਾਦੀ ਹੈ। ਲੋਕ, ਇਹ ਦਰਸਾਉਂਦਾ ਹੈ ਕਿ ਇਹ ਲੋਕ ਜੰਗ ਵਿੱਚ ਸ਼ਹੀਦ ਹੋਏ ਬਹਾਦਰਾਂ ਦੀ ਯਾਦ ਨੂੰ ਕਿਵੇਂ ਸਤਿਕਾਰਨਾ ਜਾਣਦੇ ਹਨ, ਇਹ ਦਰਸਾਉਂਦਾ ਹੈ ਕਿ ਇਹ ਲੋਕ ਕਿਵੇਂ ਜਾਣਦੇ ਹਨ ਕਿ ਉਹਨਾਂ ਦੀ ਸੇਵਾ ਕਰਨ ਵਾਲਿਆਂ ਨੂੰ ਕਿਵੇਂ ਪਛਾਣਨਾ ਹੈ, ਜੋ ਇਹ ਦਰਸਾਉਂਦਾ ਹੈ ਕਿ ਇਹ ਲੋਕ ਕਿਵੇਂ ਇਨਕਲਾਬੀ ਸੰਘਰਸ਼ ਨਾਲ ਇੱਕਮੁੱਠ ਹਨ, ਕਿਵੇਂ। ਇਹ ਲੋਕ ਹਮੇਸ਼ਾ ਬੁਲੰਦ ਰਹਿਣਗੇ ਅਤੇ ਇਨਕਲਾਬੀ ਝੰਡੇ ਅਤੇ ਇਨਕਲਾਬੀ ਸਿਧਾਂਤਾਂ ਨੂੰ ਬਰਕਰਾਰ ਰੱਖਣਗੇ। ਅੱਜ, ਯਾਦਾਂ ਦੇ ਇਹਨਾਂ ਪਲਾਂ ਵਿੱਚ, ਅਸੀਂ ਆਪਣੇ ਵਿਚਾਰਾਂ ਨੂੰ ਉਭਾਰਦੇ ਹਾਂ ਅਤੇ, ਭਵਿੱਖ ਵਿੱਚ, ਲੋਕਾਂ ਦੀ ਨਿਸ਼ਚਤ ਜਿੱਤ ਵਿੱਚ ਪੂਰੀ ਉਮੀਦ ਦੇ ਨਾਲ, ਆਓ ਅਸੀਂ ਚੇ ਅਤੇ ਉਹਨਾਂ ਨਾਇਕਾਂ ਨੂੰ ਕਹੀਏ ਜੋ ਉਸਦੇ ਨਾਲ ਲੜੇ ਅਤੇ ਮਰੇ: ਸਦਾ ਦੀ ਜਿੱਤ! ਮਾਤ ਭੂਮੀ ਜਾਂ ਮੌਤ! ਅਸੀਂ ਜਿੱਤਾਂਗੇ!

# ਵਧਦੇ ਫੌਜੀ ਖਰਚੇ ਦਾ ਲੋਕਾਈ 'ਤੇ ਅਸਰ

**ਪੁਸ਼ਪਿੰਦਰ**

ਅੱਜ ਸੰਸਾਰ ਸਰਮਾਏਦਾਰਾ ਸਾਮਰਾਜੀ ਪ੍ਰਬੰਧ ਲਗਾਤਾਰ ਵਧੇਰੇ ਖ਼ੂੰਖਾਰ ਹੁੰਦਾ ਜਾ ਰਿਹਾ ਹੈ ਜਿਸ ਦੀ ਗਵਾਹੀ ਯੂਕਰੇਨ ਤੇ ਫਲਸਤੀਨ ਦੀਆਂ ਤਾਜਾ ਜੰਗਾਂ ਭਰਦੀਆਂ ਹਨ ਜਿੱਥੇ ਸਾਮਰਾਜੀ ਟਕਰਾਅ ਦਾ ਨਤੀਜਾ ਅੱਜ ਲੱਖਾਂ ਬੇਕਸੂਰ ਲੋਕ ਭੁਗਤ ਰਹੇ ਹਨ। ਅੱਜ ਸੰਸਾਰ ਪੱਧਰ 'ਤੇ ਦੋ ਸਾਮਰਾਜੀ ਗੁੱਟ ਬਣੇ ਹੋਏ ਹਨ ਜਿਸ ਵਿੱਚ ਇੱਕ ਦੀ ਚੌਧਰ ਸੰਯੁਕਤ ਰਾਜ ਅਮਰੀਕਾ (ਅੱਗੇ ਸਿਰਫ ਅਮਰੀਕਾ) ਕੋਲ਼ ਅਤੇ ਦੂਸਰੇ ਪਾਸੇ ਚੀਨ-ਰੂਸ ਦਾ ਗੱਠਜੋੜ ਹੈ। ਸਾਮਰਾਜੀ ਯੁੱਗ ਵਿੱਚ ਸਾਮਰਾਜੀ ਮੁਲਕ ਦੁਨੀਆਂ ਦੀ ਵੰਡ ਅਤੇ ਮੁੜ ਵੰਡ ਲਈ ਲਗਾਤਾਰ ਆਪਸ ਵਿੱਚ ਟਕਰਾਉਂਦੇ ਹਨ। ਇਹ ਲੜਾਈ ਇਹਨਾਂ ਵਿੱਚ ਲਗਾਤਾਰ ਚੱਲਦੀ ਰਹਿੰਦੀ ਹੈ ਕਦੇ ਘੱਟ ਕਦੇ ਵੱਧ ਪਰ ਖਤਮ ਕਦੇ ਵੀ ਨਹੀਂ ਹੁੰਦੀ। ਬਿਨਾਂ ਸ਼ੱਕ ਇਸੇ ਟਕਰਾਅ ਕਰਕੇ ਤੇ ਸਾਮਰਾਜੀ ਧੌਂਸ ਲਈ ਜੰਗਾਂ ਤੇ ਹਥਿਆਰਾਂ 'ਤੇ ਅੰਨ੍ਹਾ ਪੈਸਾ ਝੋਕਿਆ ਜਾਂਦਾ ਹੈ।

ਪਿਛਲੇ ਦਸ ਸਾਲਾਂ ਵਿੱਚ ਦੁਨੀਆਂ ਦੇ ਪੰਜ ਵੱਡੇ ਸਰਮਾਏਦਾਰਾ ਮੁਲਕਾਂ ਨੇ ਫੌਜੀ ਸਾਜ਼ੋ ਸਮਾਨ ਉੱਪਰ ਖਰਚਾ ਤੇਜੀ ਨਾਲ਼ ਵਧਾਇਆ ਹੈ। ਸਾਲ 2022 ਵਿੱਚ ਪੂਰੀ ਦੁਨੀਆਂ ਦਾ ਫੌਜੀ ਖਰਚਾ 2240 ਅਰਬ ਡਾਲਰ ਸੀ ਜੋ 2023 ਵਿੱਚ ਵਧਕੇ 2443 ਅਰਬ ਡਾਲਰ ਹੋ ਗਿਆ। ਇਸਦਾ 70 ਫੀਸਦੀ ਹਿੱਸਾ ਦੁਨੀਆਂ ਦੇ ਸਿਰਫ ਪੰਜ ਮੁਲਕਾਂ - ਅਮਰੀਕਾ, ਰੂਸ, ਜਰਮਨੀ, ਜਪਾਨ ਅਤੇ ਚੀਨ ਦਾ ਹੈ। ਉੱਥੇ ਹੀ ਦੂਜੇ ਪਾਸੇ ਇਹਨਾਂ ਦੇਸ਼ਾਂ ਦੀ ਲੋਕਾਈ ਉੱਪਰ ਟੈਕਸ ਦਾ ਬੋਝ ਵਧਾਇਆ ਜਾ ਰਿਹਾ ਹੈ ਅਤੇ ਉਹਨਾਂ ਦੀਆਂ ਜੀਵਨ ਹਾਲਤਾਂ ਮੁਸ਼ਕਿਲ ਹੁੰਦੀਆਂ ਜਾ ਰਹੀਆਂ ਹਨ।


ਅਮਰੀਕਾ ਨੇ ਸਾਲ 2023 ਵਿੱਚ ਫੌਜੀ ਸਾਜ਼ੋ ਸਮਾਨ ਉੱਪਰ ਦੁਨੀਆਂ ਵਿੱਚ ਸਭ ਤੋਂ ਵੱਧ 916 ਅਰਬ ਡਾਲਰ ਫੂਕੇ। ਇਹ ਦੁਨੀਆਂ ਦੇ ਕੁੱਲ ਫੌਜੀ ਬਜਟ ਉੱਪਰ ਹੋਏ ਖਰਚੇ ਦਾ 37 ਫੀਸਦੀ ਹੈ। ਸਾਲ 2014 ਵਿੱਚ ਇਹ ਖਰਚਾ 229 ਅਰਬ ਡਾਲਰ ਸੀ। ਇੱਕ ਰਿਪੋਰਟ ਮੁਤਾਬਕ 1947 ਤੋਂ ਹੁਣ ਤੱਕ ਦੁਨੀਆਂ ਵਿੱਚ ਲੱਗਭੱਗ 247 ਨਿਹੱਕੀ ਜੰਗਾਂ ਲੱਗੀਆਂ ਹਨ ਜਿਨ੍ਹਾਂ ਵਿੱਚੋਂ 202 ਵਿੱਚ ਸਾਮਰਾਜੀ ਅਮਰੀਕਾ ਸਿੱਧੇ ਤੌਰ 'ਤੇ ਜਿੰਮੇਵਾਰ ਹੈ। ਭਾਵੇਂ ਦੁਨੀਆਂ-ਭਰ ਵਿੱਚ ਸਾਮਰਾਜੀ ਅਮਰੀਕਾ ਖੁਦ ਨੂੰ ਜਮਹੂਰੀਅਤ ਤੇ ਮਨੁੱਖੀ ਹੱਕਾਂ ਦੇ ਅਲੰਬਰਦਾਰ ਵਜੋਂ ਪ੍ਰਚਾਰਦਾ ਹੈ ਪਰ ਇਸਦਾ ਅਸਲ ਖ਼ੂੰਖਾਰ ਸਾਮਰਾਜੀ ਚਿਹਰਾ ਅੱਜ ਫਲਸਤੀਨ ਉੱਪਰ ਥੋਪੀ ਇਜਰਾਈਲ ਦੀ ਨਿਹੱਕੀ ਜੰਗ ਰਾਹੀਂ ਵੀ ਨੰਗਾ ਹੋ ਰਿਹਾ ਹੈ ਜਿੱਥੇ ਇਹ ਜਾਬਰ ਇਜਰਾਈਲ ਨੂੰ ਫਲਸਤੀਨੀਆਂ ਦੇ ਕਤਲੇਆਮ ਲਈ ਲਗਾਤਾਰ ਆਧੁਨਿਕ ਹਥਿਆਰ ਤੇ ਹੋਰ ਫੌਜੀ ਸਾਜ਼ੋ-ਸਮਾਨ ਦੇ ਰਿਹਾ ਹੈ। ਅਜੇ ਪੰਦਰਾਂ ਦਿਨ ਪਹਿਲਾਂ ਹੀ ਇਸ ਨੇ ਇਜਰਾਈਲ ਨੂੰ 13 ਅਰਬ ਡਾਲਰ ਦੀ ਹੋਰ ਫੌਜੀ-ਵਿੱਤੀ ਸਹਾਇਤਾ ਦੇਣ ਦੀ ਮਨਜ਼ੂਰੀ ਦਿੱਤੀ ਹੈ। ਪਰ ਦੂਜੇ ਪਾਸੇ ਅਮਰੀਕਾ ਅੰਦਰ ਮਜਦੂਰਾਂ ਤੇ ਕਿਰਤੀ ਲੋਕਾਂ ਦੇ ਰੋਸ ਮੁਜਾਹਰੇ ਲਗਾਤਾਰ ਤਿੱਖੇ ਹੋ ਰਹੇ ਹਨ। ਅਮਰੀਕਾ ਵਿੱਚ ਪਿਛਲੇ 45 ਸਾਲਾਂ ਦੀ ਮਹਿੰਗਾਈ ਰਿਕਾਰਡ ਪੱਧਰ 'ਤੇ ਪਹੁੰਚ ਚੁੱਕੀ ਹੈ ਜਿਸ ਕਾਰਨ ਮਜਦੂਰਾਂ ਦੀਆਂ ਅਸਲ ਉਜਰਤਾਂ ਖੜ੍ਹੋਤ ਦਾ ਸ਼ਿਕਾਰ ਹਨ। ਉੱਪਰੋਂ ਅਮਰੀਕੀ ਹਕੂਮਤ ਵੱਲੋਂ ਵਧਾਈਆਂ ਵਿਆਜ ਦਰਾਂ ਦਾ ਅਸਰ ਘਰ-ਪਰਿਵਾਰਾਂ 'ਤੇ ਵੀ ਦਿਸ ਰਿਹਾ ਹੈ ਜਿਹਨਾਂ ਲਈ ਹੁਣ ਲਏ ਕਰਜੇ ਦੀਆਂ ਕਿਸ਼ਤਾਂ ਮੋੜਨੀਆਂ ਵੀ ਔਖੀਆਂ ਹੋ ਰਹੀਆਂ ਹਨ। ਇਸੇ ਕਰਕੇ ਅੱਜ ਅਮਰੀਕਾ ਵਿੱਚ ਹਕੂਮਤ ਖਿਲਾਫ ਭਾਰੀ ਰੋਸ ਹੈ ਤੇ ਲਗਾਤਾਰ ਹੜ੍ਹਤਾਲਾਂ ਦਾ ਗਰਾਫ ਉੱਚਾ ਉੱਠ ਰਿਹਾ ਹੈ।

ਸੰਸਾਰ ਭਰ ਵਿੱਚ ਫੌਜੀ ਖਰਚੇ ਦੇ ਮਾਮਲੇ ਵਿੱਚ ਅਗਲਾ ਨੰਬਰ ਰੂਸ ਤੇ ਚੀਨ ਦਾ ਆਉਂਦਾ ਹੈ। 2023 ਵਿੱਚ ਰੂਸ ਨੇ ਲੱਗਭੱਗ 109 ਅਰਬ ਡਾਲਰ ਦਾ ਫੌਜੀ ਖਰਚਾ ਕੀਤਾ। ਰੂਸ-ਯੂਕਰੇਨ ਜੰਗ ਨੂੰ ਚੱਲਦਿਆਂ ਦੋ ਸਾਲ ਹੋ ਚੱਲੇ ਹਨ। 2014 ਵਿੱਚ ਕਰੀਮੀਆ 'ਤੇ ਹਮਲੇ ਤੋਂ ਲੈ ਕੇ ਹੁਣ ਤੱਕ ਰੂਸ ਦੇ ਫੌਜੀ ਖਰਚੇ ਵਿੱਚ 57% ਵਾਧਾ ਹੋ ਚੁੱਕਾ ਹੈ। ਚੀਨ ਤੇਜੀ ਨਾਲ਼ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਵਜੋਂ ਖੁਦ ਨੂੰ ਸਥਾਪਤ ਕਰਨ ਲਈ ਅੱਗੇ ਵਧ ਰਿਹਾ ਹੈ। ਚੀਨ ਦਾ ਵੀ ਫੌਜੀ ਖਰਚਾ ਪਿਛਲੇ ਸਮਿਆਂ ਵਿੱਚ ਤੇਜੀ ਨਾਲ਼ ਵਧਿਆ ਹੈ। ਸਾਲ 2023 ਵਿੱਚ ਇਸਦਾ ਖਰਚਾ 296 ਅਰਬ ਡਾਲਰ ਰਿਹਾ। ਫੌਜੀ ਸਾਜ਼ੋ ਸਮਾਨ ਉੱਪਰ ਖਰਚ ਕਰਨ ਦੇ ਮਾਮਲੇ ਵਿੱਚ ਚੀਨ ਦੁਨੀਆਂ ਦਾ ਦੂਸਰਾ ਸਭ ਤੋਂ ਵੱਡਾ ਸਾਮਰਾਜੀ ਮੁਲਕ ਹੈ। ਇੱਕ ਪਾਸੇ ਤਾਂ ਚੀਨ ਦੇ ਅਰਥਚਾਰੇ ਵਿੱਚ ਕਰਜੇ ਦਾ ਬੁਲਬੁਲਾ ਲਗਾਤਾਰ ਵਧ ਰਿਹਾ ਹੈ ਤੇ ਇਸਦੇ ਅਰਥਚਾਰੇ ਵਿੱਚ ਸੁਸਤੀ ਦੀਆਂ ਰਿਪੋਰਟਾਂ ਆ ਰਹੀਆਂ ਹਨ ਤੇ ਦੂਜੇ ਪਾਸੇ ਫੌਜੀ ਖਰਚੇ ਨੂੰ ਦੇਖਦਿਆਂ ਕਿਹਾ ਜਾ ਸਕਦਾ ਹੈ ਕਿ ਸਰਮਾਏਦਾਰਾ ਚੀਨ ਦਾ ਖਾਸਾ ਵੀ ਵੱਧੋ-ਵੱਧ ਪਰਜੀਵੀ ਹੁੰਦਾ ਜਾ ਰਿਹਾ ਹੈ। ਚੀਨ ਦੇ ਇਸ ਖਰਚੇ ਵਿੱਚ ਕਟੌਤੀ ਦੀ ਸੰਭਾਵਨਾ ਤਾਂ ਦੂਰ ਸਗੋਂ ਇਸਦੇ ਵਧਣ ਦੀ ਪੂਰੀ ਸੰਭਾਵਨਾ ਹੈ ਕਿਉਂਕਿ ਪਿਛਲੇ ਸਮੇਂ ਤੋਂ ਸਾਮਰਾਜੀ ਅਮਰੀਕਾ ਨਾਲ਼ ਇਸਦੀ ਤਾਈਵਾਨ ਦੇ ਮਸਲੇ 'ਤੇ ਤੇ ਦੱਖਣੀ ਚੀਨ ਸਾਗਰ ਦੇ ਮਸਲੇ 'ਤੇ ਖੜਕ ਰਹੀ ਹੈ। ਜਾਣੀ ਇਹ ਖਿੱਤਾ ਵੀ ਅੰਤਰ-ਸਾਮਰਾਜੀ ਟਕਰਾਅ ਲਈ ਜਰਖੇਜ ਭੂਮੀ ਬਣਦਾ ਜਾ ਰਿਹਾ ਹੈ।

ਅੱਗੇ ਗੱਲ ਕਰਦੇ ਹਾਂ ਯੂਰਪੀ ਤਾਕਤ ਜਰਮਨੀ ਦੀ ਜਿਸ ਨੇ ਆਪਣੇ ਫੌਜੀ ਬਜਟ ਵਿੱਚ ਵਾਧਾ ਕਰ ਕੇ 56 ਅਰਬ ਡਾਲਰ ਦਾ ਬਜਟ ਰੱਖਿਆ ਹੈ। ਦੂਜੇ ਪਾਸੇ ਜਰਮਨੀ ਦਾ ਅਰਥਚਾਰਾ ਅਧਿਕਾਰਿਕ ਤੌਰ 'ਤੇ ਆਰਥਿਕ ਮੰਦੀ ਦਾ ਸ਼ਿਕਾਰ ਹੋ ਚੁੱਕਾ ਹੈ ਤੇ ਪਿਛਲੇ ਦੋ ਕੁ ਸਾਲਾਂ ਵਿੱਚ ਹੀ ਜਰਮਨੀ ਅੰਦਰ ਮਜਦੂਰਾਂ ਦੇ ਲੱਖਾਂ-ਲੱਖਾਂ ਦੇ ਮੁਜਾਹਰੇ ਜਥੇਬੰਦ ਹੋ ਰਹੇ ਹਨ ਜਿਹਨਾਂ ਨੇ ਵਧਦੀ ਮਹਿੰਗਾਈ, ਸਰਕਾਰੀ ਸਹੂਲਤਾਂ ਵਿੱਚ ਲਾਏ ਜਾ ਰਹੇ ਕੱਟ, ਹਕੂਮਤ ਦੇ ਵਧ ਰਹੇ ਜੰਗੀ ਖਰਚਿਆਂ ਖਿਲਾਫ ਵੱਡੇ ਮੁਜਾਹਰੇ ਜਥੇਬੰਦ ਕੀਤੇ ਹਨ। ਇਸ ਵੇਲ਼ੇ ਜਰਮਨੀ ਅਮਰੀਕੀ ਅਗਵਾਈ ਵਾਲ਼ੇ ਸਾਮਰਾਜੀ ਧੜੇ ਦਾ ਵੱਡਾ ਮੈਂਬਰ ਹੈ। ਅੱਗੇ ਯੂਕੇ ਨੇ ਆਪਣਾ ਫੌਜੀ ਖਰਚਾ ਇਸ ਸਾਲ 42 ਅਰਬ ਡਾਲਰ ਰੱਖਿਆ ਹੈ ਜਦਕਿ ਰਿਪੋਰਟਾਂ ਆ ਰਹੀਆਂ ਹਨ ਕਿ ਸਾਲ ਦੇ ਅੰਤ ਤੱਕ ਇਹ ਆਰਥਿਕ ਮੰਦੀ ਦਾ ਸ਼ਿਕਾਰ ਹੋ ਜਾਵੇਗਾ। ਪਿਛਲੇ ਦੋ ਸਾਲਾਂ ਵਿੱਚ ਹੀ ਯੂਕੇ ਅੰਦਰ ਰੇਲ ਮਜਦੂਰਾਂ ਦੀਆਂ, ਕਾਰਖਾਨਾ ਮਜਦੂਰਾਂ ਦੀਆਂ, ਨਰਸਾਂ ਤੇ ਹੋਰ ਮੈਡੀਕਲ ਅਮਲੇ ਦੀਆਂ ਵੱਡੀਆਂ-ਵੱਡੀਆਂ ਹੜ੍ਹਤਾਲਾਂ ਹੋਈਆਂ ਹਨ ਜਿਹਨਾਂ ਨੇ ਇਸ ਸਾਮਰਾਜੀ ਮੁਲਕ ਦੇ ਪਰਜੀਵੀਪੁਣੇ ਨੂੰ ਹੋਰ ਨਸ਼ਰ ਕੀਤਾ ਹੈ।

ਇਹਨਾਂ ਸਾਮਰਾਜੀ ਮੁਲਕਾਂ ਤੋਂ ਬਿਨਾਂ ਦੁਨੀਆਂ ਦੇ ਹੋਰ ਕਈ ਦੇਸ਼ ਜਿਵੇਂ ਭਾਰਤ, ਪਾਕਿਸਤਾਨ, ਬੰਗਲਾਦੇਸ਼, ਬੋਲੀਵੀਆ, ਫਿਨਲੈਂਡ, ਜਾਰਜੀਆ, ਸਾਊਦੀ ਅਰਬ, ਕੁਵੈਤ, ਇਰਾਨ ਆਦਿ ਨੇ ਵੀ ਪਿਛਲੇ ਸਮਿਆਂ ਵਿੱਚ ਆਪਣੇ ਫੌਜੀ ਬਜਟ ਨੂੰ ਵਧਾਇਆ ਹੈ। ਫੌਜੀ ਬਜਟ ਵਿੱਚ ਇਹ ਵਾਧਾ ਇਸ ਗੱਲ ਦਾ ਸੰਕੇਤ ਹੈ ਕਿ ਦੁਨੀਆਂ ਵੱਧੋ-ਵੱਧ ਵੱਡੇ ਅੰਤਰ-ਸਾਮਰਾਜੀ ਟਕਰਾਅ ਵੱਲ ਵਧ ਰਹੀ ਹੈ ਜਿੱਥੇ ਨਾ ਸਿਰਫ ਵੱਡੇ ਸਾਮਰਾਜੀ ਮੁਲਕ ਆਪਣਾ ਫੌਜੀ ਖਰਚਾ ਵਧਾ ਰਹੇ ਹਨ ਸਗੋਂ ਇੱਕ ਜਾਂ ਦੂਜੇ ਧੜੇ ਨਾਲ਼ ਜੁੜੇ ਪਛੜੇ ਸਰਮਾਏਦਾਰਾ ਮੁਲਕ ਵੀ ਖੇਤਰੀ ਦਬਦਬੇ ਲਈ ਫੌਜੀ ਖਰਚਿਆਂ ਵਿੱਚ ਵੱਡਾ ਵਾਧਾ ਕਰ ਰਹੇ ਹਨ। ਲਾਜਮੀ ਇਹ ਮਨੁੱਖਤਾ ਲਈ ਗੰਭੀਰ ਚਿੰਤਾ ਦਾ ਸਬੱਬ ਹੈ ਕਿ ਸਾਮਰਾਜੀ ਧੜਿਆਂ ਦੀ ਆਪਸੀ ਚੌਧਰ ਅੱਜ ਮਨੁੱਖਤਾ ਨੂੰ ਨਵੀਆਂ ਭਿਆਨਕ ਜੰਗਾਂ ਦੇ ਮੁਹਾਣ 'ਤੇ ਸੁੱਟ ਰਹੀ ਹੈ। ਅੱਜ ਦਾ ਦੌਰ ਇਹ ਸਪੱਸ਼ਟ ਸਾਬਤ ਕਰਦਾ ਹੈ ਕਿ ਮਨੁੱਖਤਾ ਨੂੰ ਜੇ ਤਬਾਹੀ-ਬਰਬਾਦੀ ਤੋਂ ਬਚਾਉਣਾ ਹੈ ਤਾਂ ਇਸ ਮੁਨਾਫਾਖੋਰ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਨੂੰ ਖਤਮ ਕਰਨਾ ਪਵੇਗਾ ਜਿਹੜਾ ਆਪਣੇ ਮੁਨਾਫੇ ਖਾਤਰ ਲੋਕਾਈ ਨੂੰ ਨਵੀਆਂ ਜੰਗਾਂ ਵੱਲ ਝੋਕ ਰਿਹਾ ਹੈ।

**ਲਲਕਾਰ 'ਚੋਂ ਧੰਨਵਾਦ ਸਹਿਤ**


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com


Insta Realty
BUY SELL INSTANTLY
We provide following Services:
• Residential
• Commercial
• Business • Land
• Investment
• Property
• Management Services
We are Hiring New & Experienced Realtors.
We can also help you to get Realtor License.
Book Your New Dream Home with our team in Savanna, City Scape, Red Stone, Corner Stone, Home Stead, Cochrane
Harcharan Parhar
REAL ESTATE BROKER
www.instarlt.com
403.681.8689
400, 3115-12th St NE Calgary AB T2E 7J2
Email: info@instarlt.com
Ramandeep Gill
REALTOR®
403-852-2852
yograman9@yahoo.com
Amandeep Gill
REALTOR®
403-919-6962
amangill@instarlt.com
Amarjit Pangly
REALTOR®
403-891-2424
amarpangly@instarlt.com
Navi Tiwana
REALTOR®
403-383-9496
navitiwana@instarlt.com
Amandeep Gill
REALTOR®
825-733-7551
gillhomes18@gmail.com
Mousam Mann
REALTOR®
403-923-3620
mousammann@instarlt.com
Harsimran Bawa
REALTOR®
403-689-4506
simrkakra@gmail.com
Karan Nanda
REALTOR®
778-681-0480
karannanda@instarlt.com
400, 3115-12th St NE Calgary AB T2E 7J2 www.instarlt.com


Thinking of Buying or Selling
Your Home?
ਕਿਸੇ ਤਰ੍ਹਾਂ ਦਾ ਵੀ ਘਰ ਖਰੀਦਣਾ ਜਾਂ
ਵੇਚਣਾ ਹੋਵੇ ਤਾਂ ਅੱਜ ਹੀ ਸੰਪਰਕ ਕਰੋ
GS MANN
587-777-7000
www.myfirsthomeincalgary.ca
RE/MAX
IREALTY INNOVATIONS


Taralake Dental
Taralake Dental offers Full Range of General and Cosmetic Dental Services
TARALAKE DENTAL
We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction
Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6


ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ.) ਵਲੋਂ
ਸਿੱਖ ਵਿਰਸਾ ਇੰਟਰਨੈਸ਼ਨਲ, ਮੀਡੀਆ ਅਤੇ ਸਪਾਂਸਰਜ਼ ਵੀਰਾਂ ਦੇ ਸਹਿਯੋਗ ਦੇ ਨਾਲ
ਸਵ. ਸੋਹਣ ਮਾਨ ਯਾਦਗਾਰੀ 13ਵਾਂ ਸਲਾਨਾ ਅਗਾਂਹਵਧੂ ਸਭਿਆਚਾਰਕ
ਨਾਟਕ ਸਮਾਗਮ
ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਲੇਖਕ ਅਤੇ ਡਾਇਰੈਕਟਰ ਹਰਕੇਸ਼ ਚੌਧਰੀ ਟੀਮ ਸਮੇਤ ਵਿਸ਼ੇਸ਼ ਤੌਰ 'ਤੇ ਪੁੱਜ ਰਹੇ ਹਨ।
23 ਜੂਨ 2024 ਦਿਨ ਐਤਵਾਰ ਨੂੰ ਸ਼ਾਮ 4.30 ਤੋਂ 8.00 ਵਜੇ ਤੱਕ
Red Stone Theatre, 5 Red Stone Heights NE Calgary AB T3N 0T6 ਵਿਖੇ ਕਰਵਾਇਆ ਜਾ ਰਿਹਾ ਹੈ
ਹੋਰ ਜਾਣਕਾਰੀ ਲਈ ਮਾ. ਭਜਨ ਸਿੰਘ 403-455-4220 ਅਤੇ ਹਰਚਰਨ ਪਰਹਾਰ 403-681-8689 'ਤੇ ਸੰਪਰਕ ਕਰੋ
ਨਾਟਕ ਤੇ ਕੋਰੀਓਗ੍ਰਾਫੀ ਵਿਚ ਭਾਗ ਲੈਣ ਲਈ ਕਮਲਪ੍ਰੀਤ ਪੰਧੇਰ ਨਾਲ 403-479-4220 'ਤੇ ਸੰਪਰਕ

BE RATIONALIST

PROGRESSIVE CULTURAL ASSOCIATION CALGARY (REGD.)

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ:)

ਸਵ. ਸੋਹਣ ਮਾਨ ਯਾਦਗਾਰੀ 13ਵਾਂ ਸਾਲਾਨਾ ਅਗਾਂਹ-ਵਧੂ ਸੱਭਿਆਚਾਰਕ

# ਨਾਟਕ ਸਮਾਗਮ

## June 23, 2024 (Sunday)

**TIMING: GATE OPEN 4:30PM**
**HOP EVENTS CENTRE, 5 RED STONE HEIGHTS NE**
**CALGARY AB T3N 0T6**



**TICKET $10**

ਮੁੱਖ ਨਾਟਕ

## ਅੱਲ੍ਹੜ ਉਮਰਾਂ ਘੁੱਪ ਹਨ੍ਹੇਰੇ

(ਨਸ਼ਿਆਂ ਦੀ ਦਲਦਲ 'ਚ ਫਸੀ ਨੌਜਵਾਨੀ ਦੀ ਕਹਾਣੀ)

ਲੇਖਕ ਤੇ ਨਿਰਦੇਸ਼ਕ: ਹਰਕੇਸ਼ ਚੌਧਰੀ, ਲੋਕ ਕਲਾ ਮੰਚ ਮੰਡੀ ਮੁੱਲਾਂਪੁਰ

ਦੂਜਾ ਨਾਟਕ

**BUS ROUTE 128 & 145**

## ਕੈਨੇਡਾ ਦੀਆਂ ਸਮੱਸਿਆਵਾਂ ਬਾਰੇ

ਬੱਚਿਆਂ ਦੀਆਂ ਟੀਮਾਂ ਵਲੋਂ ਦੋ ਕੋਰੀਓਗਰਾਫੀਆਂ ਦੀ ਪੇਸ਼ਕਾਰੀ

ਜਸਵੰਤ ਸਿੰਘ ਜਗੈਤ ਦੀ ਕਿਤਾਬ 'ਕਾਲ਼ੇ ਲਿਖੋ ਨਾ ਲੇਖ' ਅਤੇ ਬਲਵੀਰ ਚੰਦ ਲੌਂਗੋਵਾਲ ਦੁਆਰਾ ਸੰਪਾਦਿਤ 'ਗਦਰੀ ਬਾਬਾ ਭਾਨ ਸਿੰਘ ਸੁਨੇਤ (ਲੁਧਿ.)' ਬਾਰੇ ਕਿਤਾਬਾਂ ਰਿਲੀਜ਼ ਕੀਤੀਆਂ ਜਾਣਗੀਆਂ।

13ਵਾਂ ਸੋਹਣ ਮਾਨ ਯਾਦਗਾਰੀ ਨਾਟਕ ਸਮਾਗਮ ਮਰਹੂਮ ਲੇਖਕ ਸੁਰਜੀਤ ਪਾਤਰ ਨੂੰ ਸਮਰਪਿਤ ਹੋਵੇਗਾ !

### ਵਿਸ਼ੇਸ਼ ਸਹਿਯੋਗੀ

- **Harcharan Parhar** Insta Realty
- **Harpinder Sidhu** Punjab Insurance
- **Baljinder Sangha** Realtor
- **Paramjit Plaha** Desjardins Insurance
- **Sanjha Punjab** Grocery Stores
- **Sandhu Construction** Lovely Dhudhike

### ਮੁੱਖ ਸਹਿਯੋਗੀ

- Reliance Legal Group
- Jaswinder Mann
- Ok Food
- Sidhu Accounting
- Moulding Store
- Romi Sidhu
- HMP Kitchen Cabinet
- AIM Insurance
- Link Canada Immigration
- John Dhillon Law Office
- Rajneesh Aery
- Mahi Printing
- JFS Immigration
- Harbans Butter Punjabi Akhbaar
- G Dhillon Prof. Crop.
- Saddleridge Bottle Depot
- Zoom Immigration
- Calgary Gidha & Dance Academy
- Karamveer Kamboj Realtor

### ਸਹਿਯੋਗੀ

- Kohinoor Jewellers
- Bhatia Cloth House
- Bains Vision Centre
- India Palace
- Asia Pacific Immigration
- Harpreet Parmar CGA
- Desi Bazar
- 3C Car Care Centre
- Fastrac Auto Service
- Coast to Coast Mortgage
- Highway Carpet Cleaning
- Advance Auto Repair
- Samosa House Calgary

**ਜਸਵਿੰਦਰ ਮਾਨ (ਪ੍ਰਧਾਨ)**

ਮਾਸਟਰ ਭਜਨ (ਸਕੱਤਰ) : 403-455-4220 | ਕਮਲਪ੍ਰੀਤ ਪੰਧੇਰ (ਵਿੱਤ ਸਕੱਤਰ) : 403-479-4220

ਵਿਸ਼ੇਸ਼ ਸਹਿਯੋਗ: ਹਰਚਰਨ ਸਿੰਘ ਸਿੱਖ ਵਿਰਸਾ : 403-681-8689 | ਸੁਖਵੀਰ ਗਰੇਵਾਲ : 403-402-0770